
ਬਲਵੰਤ ਫ਼ਰਵਾਲ਼ੀ



ਬਲਵੰਤ ਫ਼ਰਵਾਲੀ ਲੰਮੇ ਸਮੇਂ ਤੋਂ ਪੰਜਾਬੀ ਸਾਹਿਤਕ ਪਿੜ ਅੰਦਰ ਸਰਗਰਮ ਹੈ। ਸਮਕਾਲ ਦੀਆਂ ਅਮਾਨਵੀ ਪ੍ਰਸਥਿਤੀਆਂ ਨੇ ਉਸਦੇ ਸੰਵੇਦਨਸ਼ੀਲ ਹਿਰਦੇ ਨੂੰ ਹਮੇਸ਼ਾ ਹੀ ਝੰਜੋੜਿਆ ਹੈ। ਉਹ ਆਪਣੇ ਆਲੇ-ਦੁਆਲੇ ਪਸਰੀ ਹੁੰਮਸ ਦੇ ਜਮੂਦ ਨੂੰ ਤੋੜਨ ਲਈ ਸਮੇਂ ਸਮੇਂ ਤੇ ਲੋਕਹਿੱਤੂ ਖ਼ਮੀਰ ਵਾਲੀ ਸ਼ਾਇਰੀ ਕਰਦਾ ਰਿਹਾ ਹੈ। ਕਾਵਿ ਖੇਤਰ ਤੋਂ ਉਸ ਨੇ ਗਲਪਨਿਕ ਖੇਤਰ ਅੰਦਰ ਆਪਣੇ ਪਲੇਠੇ ਨਾਵਲ 'ਸ਼ਿਵਚਰਨ' ਰਾਹੀਂ ਮਜ਼ਬੂਤ ਕਦਮ ਅੱਗੇ ਵਧਾਏ ਹਨ। ਸਮਕਾਲ ਦੀਆਂ ਵਿਸ਼ਵੀਕਰਨ, ਉਦਾਰੀਕਰਨ, ਬਜ਼ਾਰੀਕਰਨ, ਫ਼ਿਰਕੂਵਾਦ ਵਰਗੀਆਂ ਨੀਤੀਆਂ ਨੇ ਬੰਦੇ ਅੰਦਰਲੀ ਚੰਗਿਆਈ ਨੂੰ ਵੱਡੀ ਢਾਅ ਲਾਈ ਹੈ। ਅਜੋਕੇ ਸਮੇਂ ਅੰਦਰ ਸਭ ਤੋਂ ਗੰਭੀਰ ਅਤੇ ਚਿੰਤਨ ਦਾ ਵਿਸ਼ਾ ਇਹੋ ਹੀ ਬਣ ਚੁੱਕਿਆ ਹੈ ਕਿ ਇਨਸਾਨਿਅਤ ਨੂੰ ਬਚਾਉਣ ਲਈ ਕਿਹੜੇ ਹੀਲੇ ਵਸੀਲੇ ਕੀਤੇ ਜਾਣ? 'ਬੰਦਾ ਹੀ ਬੰਦੇ ਦੀ ਦਾਰੂ' ਵਰਗੀਆਂ ਸਿਆਣਪਾਂ ਕਿਵੇਂ ਬਰਕਰਾਰ ਰੱਖੀਆਂ ਜਾਣ 'ਮਾਨਸ ਕੀ ਏਕ ਜਾਤ' ਵਰਗੇ ਪਵਿੱਤਰ ਸ਼ਬਦ ਕਿਵੇਂ ਅਮਲਮਈ ਬਣੇ ਰਹਿਣ? ਆਦਿ ਅਜਿਹੇ ਅਨੇਕਾਂ ਹੀ ਸਵਾਲਾਂ ਨੂੰ ਸਨਮੁਖ ਬਲਵੰਤ ਫ਼ਰਵਾਲੀ ਦਾ ਇਹ ਨਾਵਲ ਸਾਰਥਿਕ ਭੂਮਿਕਾ ਨਿਭਾਏਗਾ। 'ਸ਼ਿਵਚਰਨ' ਨਾਇਕ ਪ੍ਰਧਾਨ ਨਾਵਲ ਹੈ ਜਿਸ ਦਾ ਨਾਇਕ ਸ਼ਿਵਚਰਨ ਧਰਮਾਂ ਤੇ ਜਾਤਾਂ ਦੀਆਂ ਰੂੜ੍ਹੀਵਾਦੀ ਰੀਤਾਂ ਨੂੰ ਲਿਤਾੜ ਇਨਸਾਨਿਅਤ ਦਾ ਪਰਚਮ ਲਹਿਰਾ ਕੇ ਇਹ ਸਾਬਿਤ ਕਰ ਜਾਂਦਾ ਹੈ ਕਿ ਸਭ ਧਰਮਾਂ ਤੇ ਜਾਤਾਂ ਤੋਂ ਉੱਪਰ ਇਨਸਾਨਿਅਤ ਦੀ ਜਾਤ ਹੈ। ਬਲਵੰਤ ਫ਼ਰਵਾਲੀ ਵਧਾਈ ਦਾ ਹੱਕਦਾਰ ਹੈ, ਜਿਸਨੇ ਸਮੇਂ ਦੇ ਹਾਣ ਦਾ ਨਾਵਲ ਪਾਠਕਾਂ ਦੇ ਸਨਮੁੱਖ ਕੀਤਾ। ਕੈਲੀਬਰ ਪਬਲੀਕੇਸ਼ਨ ਇਸ ਨੂੰ ਛਾਪਕੇ ਖ਼ੁਸ਼ੀ ਤੇ ਮਾਣ ਮਹਿਸੂਸ ਕਰ ਰਿਹਾ ਹੈ।

ਸੁਖਵਿੰਦਰ
(ਪ੍ਰਕਾਸ਼ਕ)

Caliber Publication
Patiala (Punjab) 148002
Mob. 98154-48958, 80548-69313
E-mail. caliberpublication@gmail.com

9788193769324
Price ₹ 170

# ਸ਼ਿਵਚਰਨ

(ਨਾਵਲ)

## ਬਲਵੰਤ ਫ਼ਰਵਾਲ਼ੀ

**ਪਤਾ**

**ਪਿੰਡ ਤੇ ਡਾਕ-ਸੰਦੌੜ**

**ਤਹਿ-ਮਲੇਰਕੋਟਲਾ,ਜ਼ਿਲ੍ਹਾ-ਸੰਗਰੂਰ**

**ਪੰਜਾਬ (ਭਾਰਤ)**

**ਪਿਨ ਕੋਡ-148020**

**ਸੰਪਰਕ ਨੰਬਰ:-09888117389**

**email-balwantpharwali@yahoo.com,balwant singh7719@gmail.com**

## ਪਾਤਰ ਪ੍ਰਧਾਨ ਨਾਵਲ ਦਾ ਖ਼ੂਬਸੂਰਤ ਨਮੂਨਾ-ਸ਼ਿਵਚਰਨ

ਬਲਵੰਤ ਫ਼ਰਵਾਲ਼ੀ ਪੰਜਾਬੀ ਦਾ ਸੰਜ਼ੀਦਾ ਲੇਖਕ ਹੈ। ਉਸ ਦਾ ਸਾਹਿਤ-ਸਫ਼ਰ ਸ਼ਾਇਰੀ ਤੋਂ ਗਲਪੀ ਵਿਧਾ ਤੱਕ ਵਿਕਾਸ ਕਰਦਾ ਨਜ਼ਰ ਆਉਂਦਾ ਹੈ। ਇਸ ਨੁਕਤਾ ਨਿਗਾਹ ਤੋਂ 'ਸ਼ਿਵਚਰਨ' ਉਸ ਦੀ ਪਹਿਲੀ ਲੰਬੀ ਗਲਪੀ ਰਚਨਾ ਹੈ। ਇਹ ਰਚਨਾ ਇੱਕ ਪਾਤਰ ਪ੍ਰਧਾਨ ਨਾਵਲ ਹੈ। ਪੰਜਾਬੀ ਨਾਵਲ ਯਾਤਰਾ ਵਿੱਚ ਪਾਤਰ ਪ੍ਰਧਾਨ ਨਾਵਲਾਂ ਦੀ ਵੀ ਵੱਖਰੀ ਥਾਂ ਔਰ ਪਛਾਣ ਰਹੀ ਹੈ। ਬਹੁਤੀ ਵਾਰ ਇਹ ਪਛਾਣ ਸਮਾਜ ਵਿੱਚ ਖ਼ੂਬਸੂਰਤ ਜ਼ਿੰਦਗੀ ਦਾ ਮਾਡਲ ਸਿਰਜਣ ਦਾ ਸੁਪਨਾ ਲੈ ਕੇ ਤੁਰੇ ਆਦਰਸ਼ਕ ਲੋਕਾਂ ਦੀ ਜ਼ਿੰਦਗੀ ਦੇ ਸੰਘਰਸ਼ੀ ਪ੍ਰਸੰਗਾਂ ਨਾਲ ਜੁੜੀ ਹੁੰਦੀ ਹੈ। ਇਸ ਪੈਂਤਰੇ ਤੋਂ ਵੇਖਿਆਂ ਪਾਤਰ ਪ੍ਰਧਾਨ ਨਾਵਲ ਵਿੱਚ ਬਦੀ ਔਰ ਬਦਮਾਸ਼ੀ ਨਾਲ਼ ਟੱਕਰ ਲੈ ਕੇ ਉਸਨੂੰ ਹਰਾਉਣ ਦਾ ਸੰਘਰਸ਼ ਕਰਨ ਵਾਲਾ ਵਿਅਕਤੀ ਇੱਕ ਆਦਰਸ਼ਬਾਦੀ ਰੋਲ ਮਾਡਲ ਸਿਰਜਦਾ ਹੋਇਆ ਆਪਣੇ ਤੇ ਹੋਰਾਂ ਦੇ ਸਾਂਝੇ ਸੁਪਨਿਆ ਦੀ ਪੂਰਤੀ ਤੱਕ ਦੀ ਗਾਥਾ ਦਾ ਛੋਟਾ ਜਾਂ ਵੱਡਾ ਇਤਿਹਾਸ ਸਿਰਜਦਾ ਹੈ। ਇਸ ਕਿਸਮ ਦੀ ਨਾਵਲੀ ਕਥਾ ਕਿਉਂਕਿ ਲੰਬੇ ਤੇ ਗਹਿਰੇ ਰੁਖ ਚੱਲਦੀ ਹੋਈ ਬਹੁਤ ਸਾਰੀਆਂ ਉਪ-ਕਥਾਵਾਂ ਦਾ ਕੋਲਾਜ਼ ਸਿਰਜਦੀ ਹੈ,ਇਸ ਲਈ ਆਦਿ ਤੋਂ ਅੰਤ ਤੱਕ ਪਹੁੰਚਦਿਆਂ ਕਹਾਣੀ ਦੇ ਖਿੱਲਰ ਜਾਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਐਪਰ ਮੈਨੂੰ ਖ਼ੁਸ਼ੀ ਹੈ ਕਿ ਬਲਵੰਤ ਫ਼ਰਵਾਲ਼ੀ ਦਾ ਇਹ ਨਾਵਲ ਸ਼ੁਰੂ ਤੋਂ ਅਖੀਰ ਤੱਕ ਸੰਘਣਾ ਬਿਰਤਾਂਤ ਸਿਰਜਦਾ ਹੋਇਆ ਪਾਤਰ ਪ੍ਰਧਾਨ ਨਾਵਲ ਦੀ ਸਿਧਾਂਤਕਾਰੀ ਉੱਪਰ ਖ਼ਰਾ ਉੱਤਰਦਾ ਹੈ।

ਇਸ ਨਾਵਲ ਦਾ ਮੁੱਖ ਪਾਤਰ ਸ਼ਿਵਚਰਨ ਬਹੁਤ ਸਾਰੀਆਂ ਗੱਲਾਂ ਦੀ ਪ੍ਰਤੀਨਿੱਧਤਾ ਕਰਦਾ ਹੈ। ਸਭ ਤੋਂ ਵੱਡੀ ਤੇ ਪਹਿਲੀ ਗੱਲ ਉਹ ਜਾਤਾਂ-ਗੋਤਾਂ,ਧਰਮਾਂ,ਫਿਰਕਿਆਂ ਤੇ ਅਮੀਰੀ-ਗ਼ਰੀਬੀ ਦੇ ਪਾੜੇ ਉੱਪਰ ਕਾਟੀ ਮਾਰ ਕੇ ਪੂਰਾ ਮਨੁੱਖ ਹੋਣ ਦਾ ਪ੍ਰਮਾਣ ਪੇਸ਼ ਕਰਦਾ ਹੈ। ਇੱਕ ਗ਼ਰੀਬ ਘਰ ਵਿੱਚ ਜਨਮ ਲੈ ਕੇ ਸਿੱਖਿਆ,ਸਾਹਿਤ ਤੇ ਸੰਘਰਸ਼ੀ ਰਾਹਾਂ ਨੂੰ ਹਮਸਫਰ ਬਣਾ ਕੇ ਆਪਣੇ ਕਿਰਦਾਰ ਨੂੰ ਵਿਸਥਾਰ ਦਿੰਦਾ ਹੈ। ਇਹ ਵਿਸਥਾਰ ਉਸ ਦੇ ਕਿਰਦਾਰ ਨੂੰ ਕਿਸ ਤਰ੍ਹਾਂ ਬੁਲੰਦੀ ਬਖਸ਼ਦਾ ਹੈ ਤੇ ਕਿਸ ਤਰ੍ਹਾਂ ਉਹ ਇਸ ਨਾਵਲ ਦਾ ਮੁੱਖ ਪਾਤਰ ਬਣਨ ਦੀ ਤਾਕਤ ਪ੍ਰਾਪਤ ਕਰਦਾ ਹੈ,ਇਸ ਨਾਵਲ ਦੀ ਬਿਰਤਾਂਤਕਾਰੀ ਇਸ ਸੂਤਰ ਉਪਰ ਟਿਕੀ ਹੋਈ ਹੈ। ਬਲਵੰਤ ਫ਼ਰਵਾਲ਼ੀ ਗਗਨ,ਸਿਕੰਦਰ,ਤੇ ਗੋਖਾ ਦੀ ਕਥਨੀ ਕਰਨੀ ਨਾਲ ਉਨ੍ਹਾਂ ਦੀ ਪਾਤਰ ਉਸਾਰੀ ਇਸ ਤਰ੍ਹਾਂ ਡਿਜ਼ਾਇਨ ਕਰਦਾ ਹੈ,ਕਿ ਇਹ ਪਾਤਰ ਸ਼ਿਵਚਰਨ ਦੇ ਪਾਤਰ ਨੂੰ ਹੋਰ ਵਿਸਥਾਰ ਦਿੰਦੇ ਨਜ਼ਰ ਆਉਂਦੇ ਹਨ ਤੇ ਉਹ ਸਮੂਹ ਪਾਤਰਾਂ ਦਾ ਜੋੜ ਹੋ ਨਿੱਬੜਦਾ ਹੈ। ਕਈ ਪਾਤਰਾਂ ਨੂੰ ਜੋੜ ਕੇ ਇੱਕ ਸ਼ਕਤੀਸ਼ਾਲੀ ਪੂਰਾ ਪਾਤਰ ਸਿਰਜਣਾ ਬਲਵੰਤ ਫ਼ਰਵਾਲ਼ੀ ਦੀ ਗਲਪੀ ਚੇਤਨਾ ਦਾ ਖ਼ੂਬਸੂਰਤ ਪ੍ਰਮਾਣ ਹੈ।

ਸ਼ਿਵਚਰਨ ਦਾ ਲਫਜ਼ੀ ਅਰਥ 'ਸ਼ਿਵਾ ਦੇ ਪੈਰ' ਹੈ। ਉਹ ਪੈਰ ਜਿਨ੍ਹਾਂ ਵਿੱਚ ਧਰਤੀ ਤੋਂ ਅਸਮਾਨ ਤੱਕ ਹਰ ਸ਼ੈਅ ਨੂੰ ਸਿਰਜਣਾ,ਜਿੱਤਣ ਤੇ ਸਹੀ ਦਿਸ਼ਾ ਦੇਣ ਦੀ ਸ਼ਕਤੀ ਹੈ। ਆਪਣੇ ਨਾਮ ਦੀ ਤਾਸੀਰ ਦੇ ਅੰਤਰ-ਪ੍ਰਭਾਵ ਨਾਲ ਸ਼ਿਵਚਰਨ ਜਿੱਥੇ ਆਪਣੇ ਮੋਏ ਬਾਪ ਦੀਆਂ ਆਸਾਂ ਉਪਰ ਖਰਾ ਉਤਰਦਾ ਹੈ,ਉੱਥੇ ਉਹ ਆਪਣੇ ਪਾਲਕ ਬਾਪ ਵਕੀਲਾ ਦੇ ਮਿੱਟੀ ਦੇ ਭਾਂਡੇ ਬਣਾਉਣ-ਵੇਚਣ ਦੇ ਪੁਸ਼ਤੈਨੀ ਕੰਮ ਨੂੰ ਆਪਣੀ ਸੂਝ-ਬੂਝ,ਪੜ੍ਹਾਈ ਤੇ ਨਵੀਂ ਜੀਵਨ-ਦ੍ਰਿਸ਼ਟੀ ਨਾਲ਼ ਇੱਕ ਨਵਾਂ ਰੂਪ ਪ੍ਰਦਾਨ ਕਰ ਆਪਣੇ ਨਾਂ ਨੂੰ ਸਹੀ ਅਰਥ ਦਿੰਦਾ ਹੈ। ਉਹ ਜ਼ਿੰਦਗੀ ਦੇ ਆਵੇ 'ਤੇ ਖ਼ੂਬਸੂਰਤ ਰਿਸ਼ਤਿਆਂ,ਕੰਮਾਂ ਤੇ ਪ੍ਰਾਪਤੀਆਂ ਦੇ ਭਾਂਡੇ ਬਣਾਉਂਦਾ ਹੈ। ਉਸ ਦਾ ਇਹ ਕਰਮ ਅਸਲਮ ਐਂਡ ਪਾਰਟੀ ਦੀ ਰਾਜਨੀਤੀ,ਭ੍ਰਿਸ਼ਟਾਚਾਰ,ਬੇ-ਵਫ਼ਾਈ,ਨਸ਼ਾਖੋਰੀ,ਸਿੱਖਿਆ ਵਿਰੋਧੀ ਸੋਚ,ਵਰਤੋ ਤੇ ਸਿੱਟੋ ਵਾਲੀ ਰਿਸ਼ਤਗੀ ਔਰ ਮਾਨਵ ਵਿਰੋਧੀ ਕਾਰਜ-ਸ਼ੈਲੀ ਦਾ ਪਰਦਾਫਾਸ਼ ਕਰਕੇ ਅਖੀਰ ਵਿੱਚ ਅਸਲਮ ਨੂੰ ਪਛਤਾਵੇ ਦੀ ਅੱਗ ਵਿੱਚ ਸਿੱਟਦਾ ਹੈ,ਉਹ ਨਾਵਲ ਦਾ ਸਿਖਰ ਹੋ ਨਿੱਬੜਦਾ ਹੈ। ਇਹ ਸਿਖਰ ਸਾਹਿਤ,ਸਿਰਜਣਾ,ਸੰਘਰਸ਼ ਤੇ ਕਿਤਾਬਾਂ ਨੂੰ ਮੁਹੱਬਤ ਕਰਨ ਵਾਲੀ ਮੈਡਮ ਕੁਲਵੀਰ ਦੇ ਕਿਰਦਾਰ ਨਾਲ ਹੋਰ ਵੀ ਬਲੰਦੀ ਪ੍ਰਾਪਤ ਕਰਦਾ ਹੈ।

ਮੁੱਖ ਪਾਤਰ ਸ਼ਿਵਚਰਨ ਦੇ ਨਾਂ ਉਪਰ ਰੱਖਿਆ ਇਸ ਨਾਵਲ ਦਾ ਨਾਂ ਬਲਵੰਤ ਫ਼ਰਵਾਲ਼ੀ ਦੇ ਸਿਰਲੇਖ ਸਿਰਜਣ ਦੀ ਯੋਗਤਾ ਦੀ ਸ਼ਾਹਦੀ ਭਰਦਾ ਹੈ।ਬਲਵੰਤ ਨੂੰ ਪਤਾ ਹੈ ਕਿ ਕੀ ਨਹੀਂ ਲਿਖਣਾ।ਇਸ ਲਈ ਉਹ ਪਾਤਰ-ਉਸਾਰੀ,ਘਟਨਾ-ਕ੍ਰਮ,ਸੰਵਾਦ,ਅੰਤਰ-ਸਬੰਧ ਤੇ ਮਨੋਵਿਸ਼ਲੇਸ਼ਣ ਤੇ ਬਿਰਤਾਂਤਕਾਰੀ ਦੀ ਪੱਧਰ ਉਪਰ ਜੋ ਲਿਖਦਾ ਹੈ,ਉਹ ਉਸਦੀ ਭਾਸ਼ਾ ਉਪਰ ਪਕੜ ਨੂੰ ਫਲੈਸ਼ ਕਰਦਾ ਹੈ।ਮੈਂ ਸਾਰਾ ਨਾਵਲ ਇੱਕ ਹੀ ਬੈਠਕ ਵਿੱਚ ਪੜ੍ਹਿਆ ਹੈ।ਇਸ ਤੋਂ ਪਤਾ ਚੱਲਦਾ ਹੈ ਕਿ ਨਾਵਲ ਵਿੱਚ ਪੜ੍ਹਨਯੋਗਤਾ ਅਤੇ ਦਿਲਚਸ਼ਪੀ ਦਾ ਤੱਤ ਵਿਦਮਾਨ ਹੈ।ਆਉਣ ਵਾਲੇ ਸਮੇਂ ਵਿੱਚ ਬਲਵੰਤ ਫ਼ਰਵਾਲ਼ੀ ਪੰਜਾਬੀ ਨਾਵਲ ਦੇ ਖੇਤਰ ਵੱਚ ਆਪਣੀ ਨਾਵਲ ਕਲਾ ਨੂੰ ਹੋਰ ਵੀ ਪੱਕੇ ਪੈਰੀਂ ਕਰੇਗਾ।ਇਸ ਆਸਥਾ ਨਾਲ ਮੈਂ ਨਾਵਲ-ਨਿਗਾਰੀ ਦੇ ਵਿਰਾਟ ਪੰਧ ’ਤੇ ਉਸਦਾ ਸਵਾਗਤ ਕਰਦਾ ਹਾਂ।

**ਜਸਵੀਰ ਰਾਣਾ**

**# ਸਵਰਨ ਵਿਲਾ**

**ਪਿੰਡ ਤੇ ਡਾਕਖਾਨਾ ਅਮਰਗੜ੍ਹ (ਸੰਗਰੂਰ)**

**ਮੋ: 98156-59220**

# ਸਵੈ-ਕਥਨ

ਵਰਤਮਾਨ ਵਿੱਚ ਹਰੇਕ ਮਨੁੱਖ ਭਟਕਣਾ ਦੀ ਸਰਦਲ ’ਤੇ ਖੜ੍ਹਾ ਆਪਣੇ ਆਪ ਨੂੰ ਦਵੈਤ,ਦਵੰਦ ਤੇ ਦੁਬਿਧਾ ਦੇ ਚੱਕਰਵਿਊ ਵਿੱਚ ਫਸਿਆ ਹੋਇਆ ਮਹਿਸੂਸਦਾ ਹੈ।ਅਸੀਂ ਸਾਰੇ ਹੀ ਸੱਭਿਅਤਾ,ਸੱਭਿਆਚਾਰ,ਮਾਂ-ਬੋਲੀ ਪ੍ਰਤੀ ਮੁਹੱਬਤੀ ਵਿਰਾਸਤ,ਰਿਸ਼ਤਿਆਂ ਵਿਚਲਾ ਅਤੀਤੀ ਨਿੱਘ,ਆਪਸੀ ਸਾਂਝ,ਸਹਿਯੋਗ,ਸੁਚੱਜਤਾ,ਧਰਮ ਤੇ ਰਾਜਨੀਤੀ ਦੀ ਸਾਰਥਕਤਾ,ਵਾਤਾਵਰਨ ਪ੍ਰਤੀ ਪਿਆਰ,ਇਖ਼ਲਾਕੀ ਕੀਮਤਾਂ ਅਤੇ ਸਮਾਜ ਦੇ ਸ਼ਬਦੋਂ ਵਾਂਝੇ ਲੋਕਾਂ ਲਈ ਚਮਤਕਾਰ ਹੋਣ ਦੀ ਉਡੀਕ ਵਿੱਚ ਪਿੱਠ ਕਰੀ ਖਲੋਤੇ ਹਾਂ।ਸਾਡੀ ਇਸ ਤਰ੍ਹਾਂ ਦੀ ਬੇਰੁਖੀ ਸਾਨੂੰ ਭਵਿੱਖ ਦੇ ਖੰਡਰਾਤ ਹੋਣ ਦਾ ਅਹਿਸਾਸ ਕਰਵਾ ਰਹੀ ਹੈ।ਉਪਰੋਕਤ ਸਭ ਕੁਛ ਪ੍ਰਤੀ ਜੋ ਲੋਕ ਸੰਵੇਦਨਸ਼ੀਲ ਹਨ,ਉਹ ਵੀ ਭਟਕਣਾ ਦੀ ਹੋਂਦ ਨੂੰ ਸਵਿਕਾਰਦੇ ਭਵਿੱਖ ਵੱਲ ਸਵਾਲੀਆ ਨਜ਼ਰਾਂ ਨਾਲ਼ ਦੇਖ ਰਹੇ ਹਨ।ਪਰ ਕੇਵਲ ਭਟਕਣਾ ਹੀ ਮਨੁੱਖ ਲਈ ਸਾਰਥਕ ਨਹੀਂ ਹੋ ਸਕਦੀ।ਸੋਚ ਦੇ ਦੀਵਿਆਂ ਵਿੱਚ ਇਖ਼ਲਾਕੀ ਤੇਲ ਪਾ ਕੇ ਸਾਨੂੰ ਕੁਛ ਅਜਿਹਾ ਕਰਨਾ ਹੋਵੇਗਾ ਜੋ ਉਪਰੋਕਤ ਸਭ ਕਾਸੇ ਦੀ ਤੁੱਛ ਹੋਂਦ ਸਾਡੀਆਂ ਆਉਣ ਵਾਲ਼ੀ ਪੀੜੀਆਂ ਲਈ ਬਚਾਈ ਜਾ ਸਕੇ।

ਭੂਤ ਦੀ ਸਾਰਥਕਤਾ ਵਿੱਚ ਆਈ ਗਿਰਾਵਟ ਵਰਤਮਾਨ ਨੂੰ ਅਤੇ ਮਨੁੱਖ ਨੂੰ ਘੁਣ ਵਾਂਗ ਖਾ ਰਹੀ ਰਹੀ ਹੈ।ਮੁਹੱਬਤ ਭਰੋਸਗੀ ਤੋਂ ਪ੍ਰੋਸਗੀ ਤੱਕ ਦਾ ਸਫ਼ਰ ਤੈਅ ਕਰ ਚੁੱਕੀ ਹੈ।ਇਹ ਜਿਸਮਾਂ ਦੀ ਖੇਡ ਬਣ ਕੇ ਤਰਾਸਦੀ ਦੀ ਕਗਾਰ ’ਤੇ ਖੜ੍ਹੀ ਹੈ।ਇਸ ਭ੍ਰਿਸ਼ਟਤਾ ਦੇ ਵਾਤਾਵਰਨ ਵਿੱਚ ਜਿਨ੍ਹਾਂ ਮਨੁੱਖਾਂ ਦੇ ਮਨ ਅੰਦਰ ਇਖ਼ਲਾਕੀ ਦੀਵਾ ਜਗਦਾ ਹੈ,ਉਹ ਮਨੁੱਖ ਪੂਰਨ,ਸੰਪੂਰਨ ਤੇ ਮਹਾਨ ਹੋ ਨਿੱਬੜਦੇ ਹਨ।ਅਜਿਹੇ ਮਨੁੱਖ ਇਸ ਲਈ ਹੀ ਮਹਾਨ ਹੁੰਦੇ ਹਨ ਕਿਉਂਕਿ ਉਹ ਇਸ ਦੀਵੇ ਦੀ ਰੌਸ਼ਨੀ ਨੂੰ ਸਵੈ ਦੀ ਮਲਕੀਅਤ ਬਣਾ ਕੇ ਨਹੀਂ ਰੱਖਦੇ ਸਗੋਂ ਇਸਦੀ ਰੌਸ਼ਨੀ ਨੂੰ ਚੌਗਿਰਦੇ ਨਾਲ਼ ਸਾਂਝੀ ਕਰਕੇ ਸਮਾਜ ਨੂੰ ਰੁਸ਼ਨਾਉਣ ਦਾ ਵੀ ਯਤਨ ਕਰਦੇ ਹਨ।ਇਸ ਇਖ਼ਲਾਕੀ ਸੰਪੂਰਨਤਾ ਸੰਪੰਨ ਹੀ ਹੈ ਮੇਰਾ ‘ਸ਼ਿਵਚਰਨ’।

‘ਸ਼ਿਵਚਰਨ’ ਮੇਰਾ ਪਲੇਠਾ ਨਾਵਲ ਹੈ।ਇਸ ਤੋਂ ਪਹਿਲਾਂ ਕਵਿਤਾ ਦੀ ਸਰਦਲ ’ਤੇ ਕਾਵਿ-ਸੰਗ੍ਰਹਿ ‘ਅਣਗੌਲ਼ੇ-ਰਾਹ’ ਅਤੇ ‘ਚਹੁ-ਮੁਖੀਏ ਦੀਵੇ’ ਅਰਪਣ ਕਰ ਚੁੱਕਿਆ ਹਾਂ।ਇਨ੍ਹਾਂ ਵਿੱਚਲੀਆਂ ਕਵਿਤਾਵਾਂ ‘ਮਾਏ-ਮੇਰੀਏ’, ‘ਮੇਰੀ-ਧੀਏ’, ‘ਮਾਂ ਤੇ ਮਾਂ-ਬੋਲੀ’, ‘ਸੁਪਨਿਆਂ ਦਾ ਭਾਰਤ’ ਆਦਿ ਵਿਦਿਅਕ ਮੁਕਾਬਲਿਆਂ ਵਿੱਚ ਆਪਣੀ ਹੋਂਦ ਦਾ ਸਾਰਥਕ ਪ੍ਰਗਟਾਵਾ ਕਰ ਚੁੱਕੀਆਂ ਹਨ।

ਮੇਰਾ ਅਤੀਤ ਜਿੱਥੇ ਕਵਿਤਾ ਨਾਲ਼ ਮੁਹੱਬਤੀ ਰੰਗ ਵਿੱਚ ਰੰਗਿਆ ਹੋਇਆ ਹੈ,ਉੱਥੇ ਕਹਾਣੀ ਪ੍ਰਤੀ ਵੀ ਮੁਹੱਬਤੀ ਪ੍ਰਗਟਾਵੇ ਨਾਲ਼ ਲਬਰੇਜ਼ ਹੈ।ਕਾਲਜ਼ ਪੜ੍ਹਦਿਆਂ ‘ਕੁੜੱਤਣ’, ‘ਮੈਂ ਇੰਝ ਕਿਉਂ ਕੀਤਾ..’, ‘ਕਾਮਰੇਡ’,‘ਆਲਮਜੋਤ’ ਆਦਿ ਮੇਰੀਆਂ ਕਈ ਕਹਾਣੀਆਂ ਕਈ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪੀਆਂ।ਇਹ ਨਾਵਲ ਵੀ ਮੇਰੀ ਕਹਾਣੀ ਪ੍ਰਤੀ ਅਥਾਹ ਮੁਹੱਬਤ ਦਾ ਹੀ ਪ੍ਰਗਟਾਵਾ ਹੈ।ਮੇਰੇ ਮਨ ਦੀ ਬਗੀਚੀ ਵਿੱਚ ਨਾਵਲ ਦਾ ਪੌਦ ਕਈ ਵਾਰ ਉੱਗਿਆ ਪਰ ਉਹ ਮੌਸਮੀ ਬੂਟਿਆਂ ਦੀ ਤਰ੍ਹਾਂ ਆਪਣੀ ਹੋਂਦ ਨੂੰ ਸਵੈ ਦੀ ਬੁੱਕਲ਼ ਵਿੱਚ ਹੀ ਸਮਾ ਲੈਂਦਾ ਰਿਹਾ।ਹੁਣ ‘ਸ਼ਿਵਚਰਨ’ ਉਹ ਪੌਦ ਹੈ ਜੋ ਮੇਰੇ ਮਨ ਦੀ ਬਗੀਚੀ ਵਿੱਚ ਬੋਹੜ ਦਾ ਰੂਪ ਲੈ ਚੁੱਕਿਆ ਹੈ।ਉਮੀਦ ਹੈ ਇਹ ਬੋਹੜ ਹਰੇਕ ਪਾਠਕ ਦੇ ਮਨ ਵਿੱਚ ਆਪਣੀ ਹੋਂਦ ਦੇ ਪ੍ਰਭਾਵ ਦੀ ਅਲਖ਼ ਜਰੂਰ ਜਗਾਵੇਗਾ।

ਸ਼ਿਵਚਰਨ ਦੀ ਸਿਰਜਣ ਪ੍ਰਕਿਰਿਆ ਦੇ ਮੁਢਲੇ ਦੌਰ ਵਿੱਚ ਮੈਂ ਕਈ ਵਾਰ ਇਸ ਦੇ ਸਫ਼ਰ ਤੋਂ ਵਾਪਸ ਪਰਤਣ ਦਾ ਮਨ ਬਣਾਇਆ ਪਰ ਮੇਰੇ ਵੀਰ ਰਣਜੀਤ ਫ਼ਰਵਾਲ਼ੀ ਨੇ ਮੈਨੂੰ ਲਗਾਤਾਰ ਪ੍ਰੇਰਤ ਕਰੀ ਰੱਖਿਆ।ਮੇਰੇ ਪਿਆਰੇ ਦੋਸਤ ਵਰਿੰਦਰ ਤੇ ਨਿਰਮਲ ਦੀ ਸੁਹਿਰਦਤਾ ਮੇਰੇ ਲਈ ਬਹੁਤ ਸਹਾਈ ਹੁੰਦੀ ਰਹੀ।ਸਾਹਿਤ ਨਾਲ਼ ਬੇਪਨਾਹ ਮੁਹੱਬਤ ਕਰਨ ਵਾਲੇ ਮਿੱਤਰਾਂ ਦੀ ਮੁਲਾਂਕਣ ਪ੍ਰਕਿਰਿਆ ਨੇ ਮੇਰੇ ਇਸ ਪੰਧ ਦਾ ਰਸ਼ਤਾ ਸੁਖਾਲਾ ਤੇ ਸੁਹਜਮਈ ਬਣਾਇਆ। ਕਵਿਤਾ ਤੋਂ ਨਾਵਲ ਵੱਲ ਮੁੜਨ ਦੇ ਸਫ਼ਰ ਵਿੱਚ ਮੈਨੂੰ ਬਹੁਤ ਕੁਛ ਸਿੱਖਣ ਨੂੰ ਮਿਲ਼ਿਆ ਕਿਉਂਕਿ ਲਿਖਣ ਤੋਂ ਪਹਿਲਾਂ ਮੈਂ

ਨਾਵਲ ਵਿਧਾ ਤੇ ਨਾਵਲਾਂ ਦਾ ਲਗਾਤਾਰ ਅਧਿਐਨ ਕੀਤਾ।ਇਸ ਪੜਨ ਲਿਖਣ ਲਈ ਬਹੁਤ ਸਮੇਂ ਦੀ ਜ਼ਰੂਰਤ ਸੀ।ਮੈਂ ਆਪਣਾ ਕੀਮਤੀ ਸਮਾਂ ਦੇਣ ਅਤੇ ਸਿਰਜਣਾ ਦੇ ਮਹੌਲ ਨੂੰ ਸਿਰਜਣ ਲਈ ਹਮਸਫ਼ਰ ਕੁਲਵਿੰਦਰ,ਬੇਟਾ ਆਲਮ ਤੇ ਬੇਟੀ ਨਵਰੀਤ ਦਾ ਹਮੇਸ਼ਾ ਰਿਣੀ ਰਹਾਂਗਾ।

ਪਾਠਕ ਹੀ ਸਾਹਤਿਕਾਰ ਲਈ ਵਾਸਤਵਿਕ ਦਰਪਣ ਹੁੰਦੇ ਹਨ।ਮੈਂ 'ਸ਼ਿਵਚਰਨ' ਰਾਹੀਂ ਪਾਠਕਾਂ ਦੀ ਕਚਹਿਰੀ ਵਿੱਚ ਹਾਜ਼ਰ ਹੋ ਰਿਹਾ ਹਾਂ।ਉਮੀਦ ਹੈ ਮੇਰੀ ਹਾਜ਼ਰੀ ਪ੍ਰਵਾਨ ਕਰੋਗੇ।

ਤੁਹਾਡਾ ਆਪਣਾ

**ਬਲਵੰਤ ਫ਼ਰਵਾਲ਼ੀ**

## ਕਾਂਡ-1

ਪਿੰਡ ਦੇ ਬਾਹਰਵਾਰ ਸੂਏ ਵਾਲ਼ੇ ਰੋਡ 'ਤੇ ਵਕੀਲਾਂ ਦੇ ਘਰ ਸਨ।ਜਾਗੋਵਾਲ਼ ਨੂੰ ਵਕੀਲਾਂ ਦਾ ਪਿੰਡ ਵੀ ਕਿਹਾ ਜਾਂਦਾ ਸੀ ਪਰ ਇਹ ਕਿੱਤੇ ਵਾਲ਼ੇ ਵਕੀਲ ਨਹੀਂ ਸਨ ਸਗੋਂ ਵਕੀਲਾਂ ਇੱਕ ਔਰਤ ਸੀ।ਉਸਦੇ ਨਾਂ 'ਤੇ ਹੀ ਇਹ ਘਰ ਮਸ਼ਹੂਰ ਹੋਏ ਸਨ।ਇਨ੍ਹਾਂ ਘਰਾਂ ਦੀ ਬਜ਼ੁਰਗ ਔਰਤ ਦਾ ਨਾਂ ਹੀ 'ਵਕੀਲਾਂ' ਸੀ।ਉਹ ਭਾਵੇਂ ਹੁਣ ਇਸ ਫ਼ਾਨੀ ਸੰਸਾਰ ਵਿੱਚ ਨਹੀਂ ਸੀ ਰਹੀ ਪਰ ਉਨ੍ਹਾਂ ਦਾ ਸਾਰਾ ਲਾਣਾ ਤੇ ਵੀਹ ਦੇ ਲਗਭਗ ਘਰ-ਪਰਿਵਾਰ 'ਵਕੀਲਾਂ' ਦੇ ਨਾਂ ਨਾਲ਼ ਹੀ ਜਾਣੇ ਜਾਂਦੇ ਸਨ।ਵਕੀਲਾਂ ਨਾਂ ਦੀ ਇਹ ਔਰਤ ਆਪਣੀ ਜਵਾਨੀ ਵੇਲ਼ੇ ਪਿੰਡ ਦੀ ਕਹਿੰਦੀ ਕਹਾਉਂਦੀ ਔਰਤ ਸੀ। ਉਸਦਾ ਲੰਬਾ ਨੱਕ,ਭਰਵਾਂ,ਸੁਡੌਲ ਸਰੀਰ ਸੁਹੱਪਣ ਦੀ ਮੂੰਹ ਬੋਲਦੀ ਤਸਵੀਰ ਸੀ।ਉਹ ਅੱਖਾਂ 'ਚ ਸੁਰਮਾ ਪਾ ਕੇ ਝਾਂਜਰਾਂ ਛਣਕਾਉਂਦੀ ਰਹਿੰਦੀ ਸੀ।ਜਦੋਂ ਦੀ ਉਹ ਇਸ ਪਿੰਡ ਵਿੱਚ ਆਈ ਸੀ,ਪਿੰਡ ਦੇ ਚੋਬਰ ਆਨੀਂ-ਬਹਾਨੀਂ ਸੂਏ ਵੱਲ ਗੇੜੇ ਮਾਰਨ ਲੱਗ ਪਏ ਸਨ ਮਤਾਂ ਵਕੀਲਾਂ ਦੇ ਦਰਸ਼ਨ ਹੀ ਹੋ ਜਾਣ।

ਪਿੰਡ ਦੀਆਂ ਤੀਵੀਆਂ ਨੂੰ ਵੀ ਵਕੀਲਾਂ ਦੇ ਨਾਂ ਤੋਂ ਈਰਖਾ ਹੋਣ ਲੱਗ ਪਈ ਸੀ।ਜੇ ਕੋਈ ਤੀਵੀਂ ਆਪਣੇ ਹੁਸਨ ਦੀ ਤਾਰੀਫ਼ ਕਰਦੀ ਜਾਂ ਬਣ-ਠਣ ਕੇ ਰਹਿੰਦੀ ਤਾਂ ਲੋਕ ਉਸਨੂੰ ਬੋਲੀ ਮਾਰ ਕੇ ਕਹਿੰਦੇ,"ਦੇਖ ਖਾਂ ਵੱਡੀ ਵਕੀਲ਼ਾਂ,ਨਖ਼ਰਾ ਨੀ ਲਿਆ ਜਾਂਦਾ ਇਹਦਾ।"

ਉਸਦੇ ਹੁਸਨ ਦੇ ਚਰਚੇ ਘਰ-ਘਰ ਹੋ ਰਹੇ ਸਨ।ਹੱਟੀ-ਭੱਠੀ,ਸੱਥਾਂ 'ਤੇ,ਮੋੜਾਂ 'ਤੇ ਵਕੀਲਾਂ ਦੇ ਹੁਸਨ ਦੇ ਹੀ ਪੁਲ਼ ਬੰਨ੍ਹੇ ਜਾਂਦੇ।ਜੇ ਤੀਵੀਆਂ ਸੱਥਾਂ ਮੋੜਾਂ ਤੋਂ ਲੰਘਦੀਆਂ ਵੜਦੀਆਂ ਉਸਦੇ ਹੁਸਨ ਦੇ ਚਰਚੇ ਸੁਣਦੀਆਂ ਤਾਂ ਥੁੱਕ ਕੇ ਸੌ ਗਾਲ਼ ਕੱਢਦੀਆਂ,

"ਕਿੱਥੋਂ ਕੱਢੀ-ਵੱਢੀ ਆ ਗਈ ਜੈ-ਖਣਿਆਂ ਦੀ...ਛੁੱਟੜ,ਰੰਡੜ...ਹੂੰਅ.. ਵਕੀਲੇ ਦੇ ਪਤਾ ਨੀ ਕਿੱਥੋਂ ਬਟੇਰਾ ਹੱਥ ਲੱਗ ਗਿਆ।"

ਭਾਵੇਂ ਉਸਨੂੰ ਤੀਵੀਆਂ ਲੱਖ ਗਾਲ਼੍ਹਾਂ ਕੱਢਦੀਆਂ ਪਰ ਫੇਰ ਵੀ ਉਹ ਉਸ ਵਾਂਗ ਸੋਹਣਾ ਬਣਨ ਦੀ ਰੀਸ ਵੀ ਕਰਦੀਆਂ ਰਹਿੰਦੀਆਂ।ਅਸਲ ਵਿੱਚ 'ਵਕੀਲੇ' ਕਰਕੇ ਹੀ ਉਸਦਾ ਨਾਂ 'ਵਕੀਲਣ' ਪੈ ਗਿਆ ਸੀ।ਜੋ ਹੁਣ ਸਮੇਂ ਨਾਲ਼ ਬਦਲ ਕੇ ਵਕੀਲਾਂ ਹੋ ਗਿਆ ਸੀ।ਉਸਦਾ ਅਸਲੀ ਨਾਂ ਤਾਂ 'ਆਸ਼ਾ' ਸੀ।'ਆਸ਼ਾ ਦੇਵੀ' ਰਾਮਪੁਰੇ ਦੇ ਪੰਡਿਤਾਂ ਦੀ ਨੂੰਹ ਸੀ। ਜਿਸਦੇ ਪੇਕੇ ਕੁਤਬਾ-ਬਾਹਮਣੀਆਂ ਨਾਲ਼ ਲੱਗਦੇ ਪਿੰਡ ਚੰਗੇਰ ਸਨ।ਆਸ਼ਾ ਦੇ ਘਰਵਾਲ਼ੇ ਦੀ ਮੌਤ ਇੱਕ ਹਾਦਸੇ ਵਿੱਚ ਹੋ ਗਈ ਸੀ।ਉਸਦੀ ਮੌਤ ਦਾ ਜ਼ਿੰਮੇਵਾਰ ਆਸ਼ਾ ਦੇ ਸਹੁਰਿਆਂ ਵੱਲੋਂ ਆਸ਼ਾ ਨੂੰ ਹੀ ਮੰਨਿਆ ਜਾਂਦਾ ਸੀ ਕਿਉਂਕਿ ਉਹਨਾਂ ਨੇ ਪੁੱਛ-ਪੜਤਾਲ਼ ਕੀਤੀ ਤਾਂ ਹਰੇਕ ਥਾਂ ਆਸ਼ਾ ਦਾ ਮੰਗਲੀਕ ਹੋਣਾ ਹੀ 'ਚਿਰੰਜੀ ਲਾਲ' ਦੀ ਮੌਤ ਦਾ ਕਾਰਨ ਦੱਸਿਆ ਜਾਂਦਾ ਸੀ।ਇਸ ਕਾਰਨ ਹੀ ਉਸਨੇ ਸਹੁਰੇ ਘਰ ਬਹੁਤ ਦੁੱਖ ਹੰਢਾਏ।ਇਨ੍ਹਾਂ ਦੁੱਖਾਂ ਤਕਲੀਫ਼ਾਂ ਵਿੱਚ ਉਸਦਾ ਚਹੁੰ ਵਰ੍ਹਿਆਂ ਦਾ ਪੁੱਤਰ 'ਸ਼ਿਵਚਰਨ' ਵੀ ਉਸਦੇ ਨਾਲ਼ ਸੀ।ਚਿਰੰਜੀ ਲਾਲ ਦਾ ਪਰਿਵਾਰ ਆਸ਼ਾ ਨੂੰ ਤਿਆਗ ਦੇਣਾ ਚਾਹੁੰਦਾ ਸੀ ਪਰ ਵੇਲ ਦੇ ਵਾਧੇ ਲਈ ਸ਼ਿਵਚਰਨ ਨੂੰ ਆਪਣੇ ਤੋਂ ਨਿਖੇੜਨਾ ਵੀ ਨਹੀਂ ਸੀ ਚਾਹੁੰਦਾ।

ਭਾਵੇਂ ਸ਼ਿਵਚਰਨ ਘਰ ਦਾ ਵਾਰਿਸ ਸੀ ਪਰ ਮਮਤਾ ਮੋਹ ਇਨ੍ਹਾਂ ਸਭ ਪ੍ਰਗਟਾਵਿਆਂ ਤੋਂ ਉੱਪਰ ਹੋਣ ਕਾਰਨ ਚਿਰੰਜੀ ਦਾ ਪਰਿਵਾਰ ਸ਼ਿਵਚਰਨ ਨੂੰ,ਉਸਦੀ ਮਾਂ ਆਸ਼ਾ ਤੋਂ ਵੱਖ ਨਾ ਕਰ ਸਕਿਆ।ਆਸ਼ਾ ਦਾ ਸਹੁਰਾ ਵੀ ਉਸਨੂੰ ਟੇਢੀ ਅੱਖ ਨਾਲ਼ ਦੇਖਣ ਲੱਗ ਗਿਆ ਸੀ।ਇਸ ਸੰਤਾਪ ਨੂੰ ਨਾ ਝੱਲਦੀ ਹੋਈ ਉਹ ਸ਼ਿਵਚਰਨ ਦੀ ਉਂਗਲ਼ ਫੜ ਕੇ ਆਪਣੇ ਪੇਕੇ ਘਰ ਚੰਗੇਰ ਆ ਗਈ।ਹੁਣ ਉਹ ਆਪਣੀ ਮਾਂ ਨਾਲ਼ ਚੰਗੇਰ ਹੀ ਰਹਿਣ ਲੱਗ ਗਈ ਸੀ।ਉਸਦੀ ਮਾਂ ਦਮੇ ਦੀ ਮਰੀਜ ਸੀ।ਉਹ ਆਪਣੀ ਮਾਂ ਦੀ ਦੇਖਭਾਲ਼ ਕਰਦੀ ਆਪਣਾ ਫ਼ਰਜ਼ ਨਿਭਾ ਰਹੀ ਸੀ ਪਰ ਉਸਦੀ ਮਾਂ ਥੋੜ੍ਹੇ ਸਮੇਂ ਬਾਅਦ ਹੀ ਬਿਮਾਰੀ ਕਾਰਨ ਅਤੇ ਧੀ ਦੇ ਘਰ ਬੈਠ ਜਾਣ ਦੇ ਹਉਕੇ ਨਾਲ਼ ਮਰ ਚੁੱਕੀ ਸੀ।ਉਸਦੇ ਪਿਤਾ ਦੀ ਮੌਤ ਟੀ.ਬੀ ਦੀ ਬਿਮਾਰੀ ਕਾਰਨ ਉਸਦੀ ਮਾਂ ਤੋਂ ਵੀ ਪਹਿਲਾਂ ਹੀ ਹੋ ਚੁੱਕੀ ਸੀ।

ਹੁਣ ਘਰ ਵਿੱਚ ਸ਼ਿਵਚਰਨ ਤੇ ਉਸਦੀ ਮਾਂ ਆਸ਼ਾ ਹੀ ਰਹਿ ਗਏ ਸਨ।ਸ਼ਿਵਚਰਨ ਪਿੰਡ ਦੇ ਸਰਕਾਰੀ ਸਕੂਲ ਵਿੱਚ ਪਹਿਲੀ ਕੱਚੀ ਵਿੱਚ ਪੜ੍ਹਨ ਲੱਗ ਗਿਆ ਸੀ।ਉਹ ਆਸ਼ਾ ਦੀ ਜ਼ਿੰਦਗੀ ਸੀ।ਉਹ ਉਸਨੂੰ ਬਹੁਤ ਪਿਆਰ ਕਰਦੀ ਅਤੇ ਪਿੰਡ ਵਾਲ਼ੇ ਵੀ ਆਸ਼ਾ ਦਾ ਬਹੁਤ ਸਤਿਕਾਰ ਕਰਦੇ ਸਨ।ਉਹ ਹੁਣ ਕਈ ਘਰਾਂ ਦੇ ਕੰਮ ਕਰਨ ਜਾਂਦੀ ਪਰ ਕੰਮ ਨੂੰ ਕਦੇ ਪੁੱਤਰ ਪਿਆਰ 'ਤੇ ਹਾਵੀ ਨਹੀਂ ਸੀ ਹੋਣ ਦਿੰਦੀ।ਪਿੰਡ ਦੇ ਕਈ ਪੱਤਲ਼ ਚੱਟ ਚੌਧਰੀ ਉਸਨੂੰ ਰਮਦਾਸੀਆਂ ਦੇ ਘਰਾਂ 'ਚ ਕੰਮ ਕਰਨ ਤੋਂ ਰੋਕਦੇ ਹੋਏ ਕਹਿੰਦੇ,"ਸੁਦੈਣੇ! ਤੂੰ ਤਾਂ ਲਾਗੀਆਂ ਦੇ ਘਰ ਵੀ ਨੀ ਛੱਡਦੀ,ਲੋਕ 'ਤਾਂਹ ਨੂੰ ਜਾਂਦੇ ਆ ਤੂੰ ਜੁੱਤੀਆਂ ਵਿੱਚੋਂ ਆਨੇ ਲੱਭਦੀ ਫਿਰਦੀ ਐਂ।"

ਉਹ ਲੋਕਾਂ ਦੀਆ ਅਜਿਹੀਆਂ ਗੱਲਾਂ ਸੁਣ ਕੇ ਘਬਰਾਉਂਦੀ ਨਾ ਸਗੋਂ ਮੂੰਹ 'ਤੇ ਮੁਸਕਾਨ ਲਿਆ ਕੇ ਆਖ ਛੱਡਦੀ,"ਮਨੁੱਖ ਪੈਦਾ ਤਾਂ ਲੀਰਾਂ 'ਚ ਹੀ ਹੁੰਦਾ,ਫਿਰ ਪੋਤੜਿਆਂ 'ਚ ਹੀ ਪਲ਼ਦਾ,ਇਹ ਚੰਗੀਆਂ ਮਾੜੀਆਂ ਲਕੀਰਾਂ ਤਾਂ ਅਸੀਂ ਲਾਲਚ ਵਸ ਹੀ ਸਿਰਜਦੇ ਹਾਂ......ਨਾਲ਼ੇ ਜੁੱਤੀਆਂ 'ਚੋਂ ਲੱਭੇ ਆਨਿਆਂ ਦੀ ਬਰਕਤ ਚਗਲ਼ ਜੇਬਾਂ 'ਚੋਂ ਨਿੱਕਲੇ ਨੋਟਾਂ ਤੋਂ ਕਿਤੇ ਵਧੇਰੇ ਹੁੰਦੀ ਆ।"

ਉਹ ਭਾਵੇਂ ਤਿੰਨ-ਚਾਰ ਜਮਾਤਾਂ ਹੀ ਪੜ੍ਹੀ ਸੀ ਪਰ ਉਸਦੀ ਸੋਚ ਤੇ ਸੁਹੱਪਣ ਸੰਪੂਰਨ ਸ਼ਖਸੀਅਤ ਦਾ ਅਹਿਸਾਸ ਕਰਵਾਉਂਦੇ ਸਨ।

*

ਵਕੀਲਾ ਤਰਕਸ਼ੀਲ ਵਿਚਾਰਧਾਰਾ ਦਾ ਧਾਰਨੀ ਸੀ।ਵਿਚਾਰਾਂ ਨੂੰ ਤਰਕ ਦੀ ਸਾਣ ਤੇ ਲਾਉਣਾ ਉਸਦੀ ਸ਼ਖਸੀਅਤ ਦਾ ਮੁੱਖ ਪਹਿਲੂ ਸੀ।ਉਹ ਤਿੰਨ ਭਰਾਵਾਂ ਦਾ ਵਿਚਕਾਰਲਾ ਭਰਾ ਸੀ।ਉਸਦਾ ਪਿਤਾ ਮੇਹਰਦੀਨ ਤੇ ਸਾਰਾ ਪਰਿਵਾਰ ਪਿੰਡ ਵਿੱਚ ਚੱਕ 'ਤੇ ਭਾਂਡੇ ਬਣਾਉਣ ਦਾ ਕੰਮ ਕਰਦੇ ਸਨ।ਵਕੀਲੇ ਦੀ ਮਾਂ ਨਸੀਬਾਂ ਭਾਂਡਿਆਂ ਨੂੰ ਸ਼ਿੰਗਾਰ-ਸ਼ਿੰਗਾਰ ਰੱਖਦੀ।ਵਕੀਲੇ ਦੇ ਹਿੱਸੇ ਭਾਂਡਿਆਂ ਨੂੰ ਪਿੰਡ-ਪਿੰਡ ਜਾ ਕੇ ਵੇਚਣ ਦਾ ਕੰਮ ਆਉਂਦਾ ਸੀ।ਉਹ ਪੰਜ ਕੁ ਜਮਾਤਾਂ ਹੀ ਪੜ੍ਹਿਆ ਸੀ।ਪਰ ਗੱਲਾਂ ਬਹੁਤੀਆਂ ਕਰਦਾ ਸੀ।ਪੜ੍ਹਾਈ ਵੱਲ ਘੱਟ ਧਿਆਨ ਦੇਣ ਕਰਕੇ ਘਰਦਿਆਂ ਨੇ ਉਸਨੂੰ ਪੜ੍ਹਾਈ ਤੋਂ ਹਟਾ ਕੇ ਘਰ ਦੇ ਕੰਮ ਵਿੱਚ ਹੀ ਲਗਾ ਲਿਆ ਸੀ।ਉਹ ਭਾਵੇਂ ਘਰ ਦੇ ਕੰਮ ਵਿੱਚ ਲੱਗ ਗਿਆ ਸੀ ਪਰ ਫਿਰ ਵੀ ਉਹ ਤਰਕ ਭਰਪੂਰ ਕਿਤਾਬਾਂ ਨੂੰ ਪੜ੍ਹਨ ਦਾ ਪੂਰਾ ਸ਼ੌਕੀਨ ਸੀ।

ਉਹ ਬਦਲਦੀ ਰਾਜਨੀਤੀ ਤੇ ਬਦਲਦੇ ਹਾਲਾਤਾਂ ਤੋਂ ਪੂਰਨ ਜਾਗਰੂਕ ਰਹਿੰਦਾ ਸੀ।ਉਹ ਭਾਵੇਂ ਕਿਸੇ ਵੀ ਪਾਰਟੀ ਦਾ ਮੁਦੱਈ ਨਹੀਂ ਸੀ,ਵੋਟਾਂ ਤੋਂ ਦੂਰ ਰਹਿੰਦਾ ਸੀ ਪਰ ਹਰੇਕ ਗੱਲ ਭਾਵੇਂ ਸੱਥ 'ਚ ਹੋਵੇ ਜਾਂ ਪਿੰਡ ਤੋਂ ਬਾਹਰ ਕਿਸੇ ਹੋਰ ਪਿੰਡ,ਉਹ ਆਪਣਾ ਵਿਚਾਰ ਪ੍ਰਵਾਹ ਝੱਟ ਤੋਰ ਲੈਂਦਾ ਸੀ।ਉਹਦੇ ਪਰਿਵਾਰ ਵਾਲ਼ੇ ਵੀ ਕਈ ਵਾਰ ਉਸਨੂੰ ਕੋਸਦੇ ਹੋਏ ਕਹਿੰਦੇ,"ਵਕੀਲਿਆ! ਤੂੰ ਸਾਡੇ ਮਿੱਟੀ ਨਾਲ਼ ਮਿੱਟੀ ਤੇ ਅੱਗ ਨਾਲ਼ ਅੱਗ ਹੋਇਆਂ ਦਾ ਕਈ ਵਾਰੀ ਤਾਂ ਕੌਡੀ ਵੀ ਮੁੱਲ ਨਹੀਂ ਪਾਉਂਦਾ।ਤੇਰੀ ਕਾਮਰੇਡੀ ਤੈਨੂੰ ਤਾਂ ਡੋਬੂਗੀ ਹੀ,ਨਾਲ਼ ਆਹ ਸਾਰੇ ਲਾਣੇ ਨੂੰ ਵੀ ਭੁੱਖਾ ਮਾਰੂ।"

ਉਸਦਾ ਪਿਤਾ ਮੇਹਰਦੀਨ ਪਰਿਵਾਰ ਵੱਲ ਹੱਥ ਕਰਕੇ ਉਸਨੂੰ ਕਹਿੰਦਾ ਤਾਂ ਉਹ ਅੱਗੋਂ ਜਵਾਬ ਦਿੰਦਾ ਆਖਦਾ,"ਅੱਬੂ!....ਇਨ੍ਹਾਂ ਲੋਕਾਂ ਦੀ ਸੋਚ ਚੱਪਣਾ ਵਰਗੀ ਨਹੀਂ ਕਿ ਅੱਗ 'ਚ ਦਿੱਤਿਆਂ ਇੱਕ ਵਾਰ ਹੀ ਪੱਕ ਜਾਊ,ਇਨ੍ਹਾਂ ਨੂੰ ਤਾਂ ਵਿਚਾਰਾਂ ਦੀ ਅਗਨ-ਲਾਟ ਰੋਜ਼ ਹੀ ਦੇਣੀ ਪੈਂਦੀ ਏ।"

ਇਸ ਤਰ੍ਹਾਂ ਉਹ ਆਪਣਾ ਕੰਮ ਵੀ ਕਰੀ ਜਾਂਦਾ ਅਤੇ ਆਪਣੀ ਸੋਚ ਅਤੇ ਸਾਰਥਕ ਵਿਚਾਰਾਂ ਦਾ ਕਾਡਰ ਵੀ ਲਾਈ ਰੱਖਦਾ।ਲੋਕ ਵੀ ਉਸ 'ਤੇ ਵਿਸ਼ਵਾਸ ਕਰਦੇ ਸਨ।ਉਸਦੀ ਇੱਜ਼ਤ ਕਰਦੇ ਸਨ।ਕਈ ਔਰਤਾਂ ਤਾਂ ਘੜਾ ਬਿਨਾ ਦੇਖਿਆਂ ਹੀ ਲੈ ਜਾਂਦੀਆਂ ਤੇ ਭਾਅ ਵੀ ਘੱਟ ਹੀ ਕਰਦੀਆਂ ਸਗੋਂ ਆਖਦੀਆਂ,"ਵਕੀਲੇ ਦੇ ਘੜੇ ਤਾਂ ਵਕੀਲੇ ਦੀ

ਸੋਚ ਵਰਗੇ ਹੀ ਹੋਣਗੇ...'ਪੱਕੇ'...ਜਿਹੜਾ ਲੋਕਾਂ ਦੀ ਪਰਵਾਹ ਨੀ ਕਰਦਾ,ਉਹ ਅੱਗ ਦੇਣ 'ਚ ਕੀ ਪਰਵਾਹ ਕਰਦਾ ਹੋਵੇਗਾ।"

ਆਲ਼ੇ-ਦੁਆਲ਼ੇ ਦੇ ਪਿੰਡਾਂ ਛਾਪਾ,ਮਿੱਠੇਵਾਲ਼,ਮਨਾਲ਼,ਪੰਜਗਰਾਈਆਂ,ਚੰਗੇਰ,ਪੰਡੋਰੀ,ਹਰਦਾਸਪੁਰਾ ਆਦਿ ਵਿੱਚ ਤਾਂ ਉਸਦਾ ਨਾਂ ਚੱਲਦਾ ਸੀ।ਵਕੀਲਾ ਛੈਲ-ਛਬੀਲਾ ਗੱਭਰੂ ਜਵਾਨ ਸੀ।ਉਸਦੀ ਉਮਰ ਪੈਂਤੀਆਂ ਨੂੰ ਢੁੱਕਦੀ ਸੀ ਪਰ ਅਜੇ ਤੱਕ ਉਸਦਾ ਵਿਆਹ ਨਹੀਂ ਸੀ ਹੋਇਆ।ਉਸਦਾ ਛੋਟਾ ਤੇ ਵੱਡਾ ਭਰਾ ਦੋਵੇਂ ਹੀ ਵਿਆਹੇ ਜਾ ਚੁੱਕੇ ਸਨ।ਉਨ੍ਹਾਂ ਦੀਆਂ ਘਰਵਾਲ਼ੀਆਂ ਮਾਮੇ-ਭੂਆ ਦੀਆਂ ਹੀ ਕੁੜੀਆਂ ਸਨ ਪਰ ਵਕੀਲਾ ਰਿਸ਼ਤੇਦਾਰੀ 'ਚ ਹੀ ਵਿਆਹ ਕਰਵਾਉਣ ਲਈ ਰਾਜੀ ਨਹੀਂ ਸੀ ਹੋਇਆ।ਉਹ ਇਹ ਆਖ ਦਿੰਦਾ ਸੀ ਕਿ ਵਿਆਹ ਲਈ ਰਿਸ਼ਤੇਦਾਰੀ ਦਾ ਨਹੀਂ ਸਗੋਂ ਰਿਸ਼ਤਿਆਂ ਦਾ ਸਹੀ ਸੰਯੋਗ ਹੋਣਾ ਜ਼ਰੂਰੀ ਹੁੰਦਾ ਹੈ।ਉਹ ਤਰਕ ਬਿਨਾ ਕਿਸੇ ਤਰ੍ਹਾਂ ਦੀਆਂ ਵੀ ਖਿੱਚੀਆਂ ਹੋਈਆਂ ਪਿਛਲੱਗੂ ਲੀਕਾਂ 'ਤੇ ਵਿਸ਼ਵਾਸ ਨਹੀਂ ਸੀ ਕਰਦਾ।ਉਸਦੇ ਇਸ ਤਰ੍ਹਾਂ ਦੇ ਸੁਭਾਅ ਕਾਰਨ ਹੀ ਉਸਦੇ ਰਿਸ਼ਤੇਦਾਰਾਂ ਦੀਆਂ ਕੁੜੀਆਂ ਉਸ ਨਾਲ਼ ਵਿਆਹ ਕਰਵਾਉਣਾ ਤਾਂ ਦੂਰ ਸਗੋਂ ਉਸਨੂੰ ਦੇਖ ਕੇ ਲੁਕ ਜਾਂਦੀਆਂ ਸਨ।

ਪਿੰਡ ਜਾਗੋਵਾਲ਼ ਵਿੱਚ ਉਸਦੇ ਮਹਾਨ ਵਿਚਾਰਾਂ ਦੀ ਚਰਚਾ ਚੱਲਦੀ ਰਹਿੰਦੀ ਸੀ।ਉਸਦੇ ਵਿਚਾਰਾਂ ਨੇ ਉਸਨੂੰ ਉਮਰ ਤੋਂ ਵੱਡਾ ਬਣਾ ਦਿੱਤਾ ਸੀ।ਉਹ ਆਮ ਪਿੰਡਾਂ ਵਾਂਗ ਗੇੜਾ ਲਾਉਂਦਾ ਹੋਇਆ 'ਚੰਗੇਰ' ਵੀ ਭਾਂਡੇ ਵੇਚਣ ਜਾਂਦਾ ਹੁੰਦਾ ਸੀ।ਆਸ਼ਾ ਨੇ ਵੀ ਕਈ ਵਾਰੀ ਘਰ ਲਈ ਲੋੜੀਂਦੇ ਭਾਂਡੇ ਖਰੀਦੇ ਸਨ।ਉਸਦੀ ਸਾਦਗੀ ਤੇ ਭੋਲ਼ਾ-ਭਾਲ਼ਾ ਚਿਹਰਾ ਵਕੀਲੇ ਨੂੰ ਬਹੁਤ ਚੰਗਾ-ਚੰਗਾ ਲੱਗਦਾ ਸੀ।ਉਹ ਜਦ ਵੀ ਕੁਛ ਖਰੀਦਦੀ ਤਾਂ ਚੁੱਪ-ਚਾਪ ਦਾਣੇ ਦੇ ਕੇ ਤੁਰਦੀ ਬਣਦੀ।ਉਸਦੀ ਚੁੱਪ ਨੇ ਵਕੀਲੇ ਅੰਦਰ ਉਸ ਬਾਰੇ ਜਾਣਨ ਦੀ ਚਿਣਗ ਪੈਦਾ ਕਰ ਦਿੱਤੀ ਸੀ।ਉਹ ਉਸਦੇ ਨਾਲ਼ ਆਉਂਦੇ ਸ਼ਿਵਚਰਨ ਨੂੰ ਦੇਖਦਾ।ਉਸਨੂੰ ਉਹ ਬਹੁਤ ਪਿਆਰਾ ਲੱਗਦਾ।ਦੋਵਾਂ ਦਾ ਰੰਗ ਰੂਪ ਭਾਵੇਂ ਇੱਕੋ ਜਿਹਾ ਸੀ ਪਰ ਨਕਸ਼ਾਂ 'ਚੋਂ ਕੇਵਲ ਦੋਵਾਂ ਦਾ ਥੋੜ੍ਹਾ ਜਿਹਾ ਨੱਕ ਹੀ ਮਿਲ਼ਦਾ ਸੀ।ਉਹ ਦੇਖਦਾ ਤਾਂ ਉਸ ਬਾਰੇ ਸੋਚਦਾ,"ਇਹ ਆਪਣੇ ਬਾਪ 'ਤੇ ਹੀ ਗਿਆ ਹੋਣਾ।"

ਹੁਣ ਵਕੀਲਾ ਲਾਗਲੇ ਪਿੰਡਾਂ ਨੂੰ ਜਾਂਦਾ ਹੋਇਆ ਵੀ ਚੰਗੇਰ ਵਿੱਚੋਂ ਹੋ ਕੇ ਜਾਣ ਲੱਗ ਗਿਆ ਸੀ।ਉਸਨੇ ਆਸ਼ਾ ਨਾਲ਼ ਭਾਵੇਂ ਕਦੇ ਕੋਈ ਗੱਲ ਨਹੀਂ ਸੀ ਕੀਤੀ ਪਰ ਉਹ ਇਹ ਜ਼ਰੂਰ ਮਹਿਸੂਸਦਾ ਸੀ ਕਿ ਜਿਵੇਂ ਉਹ ਆਸ਼ਾ ਦੀ ਪੀੜ ਨੂੰ ਗਹਿਰਾਈ ਤੱਕ ਸਮਝਦਾ ਹੋਵੇ।ਹੁਣ ਉਹ ਲੰਘਦਾ-ਵੜਦਾ ਚੰਗੇਰ ਦੀ ਸੱਥ ਵਿੱਚ ਵੀ ਬਿੰਦ-ਝੱਟ ਬੈਠ ਜਾਂਦਾ ਤਾਂ ਕਿ ਆਸ਼ਾ ਨੂੰ ਦੇਖਣ ਦੀ ਉਸਦੀ ਇੱਛਾ ਪੂਰੀ ਹੋ ਸਕੇ।ਉਸਨੂੰ ਹਮੇਸ਼ਾ ਇੰਝ ਹੀ ਮਹਿਸੂਸ ਹੁੰਦਾ ਰਹਿੰਦਾ ਸੀ ਕਿ ਉਸਦੀ ਗੱਲ ਦਾ ਜਾਂ ਉਸਦੀ ਸੋਚ ਦਾ ਕਿਸੇ ਨੂੰ ਕੋਈ ਪਤਾ ਨਹੀਂ ਜਦਕਿ ਪਿੰਡ ਦੀ ਸੱਥ ਤਾਂ 'ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਹੀ ਸਮਝੇ' ਵਾਂਗ ਵਕੀਲੇ ਦੀਆਂ ਧੜਕਣਾਂ ਤੱਕ ਵੀ ਗਿਣ ਲੈਂਦੀ ਸੀ।ਉਹ ਸ਼ਿਵਚਰਨ ਨੂੰ ਹਮੇਸ਼ਾ ਹੀ ਬੁਲਾ ਕੇ ਲੰਘਦਾ ਤੇ ਕਦੇ-ਕਦੇ ਤਾਂ ਰੇੜ੍ਹੇ 'ਤੇ ਬਿਠਾ ਕੇ ਝੂਟਾ ਵੀ ਦੇ ਦਿੰਦਾ ਸੀ।ਉਸਦਾ ਹੱਸਦਾ ਚਿਹਰਾ ਵਕੀਲੇ ਦੀ ਰੂਹ ਨੂੰ ਹੌਲ਼ਾ ਫੁੱਲ ਕਰ ਦਿੰਦਾ ਸੀ।

ਵਕੀਲੇ ਦਾ ਅੱਬਾ ਵੀ ਹੁਣ ਹੈਰਾਨ ਸੀ ਕਿ ਬਹਤੀਆਂ ਗੱਲਾਂ ਕਰਨ ਵਾਲ਼ਾ ਵਕੀਲਾ ਅੱਜਕੱਲ੍ਹ ਕੋਈ ਦਲੀਲ ਹੀ ਨਹੀਂ ਦਿੰਦਾ।ਚਿਹਰੇ 'ਤੇ ਰੌਣਕ ਵੱਧ ਗਈ ਸੀ ਪਰ ਬੁੱਲ੍ਹਾਂ 'ਤੇ ਜਿਵੇਂ ਜਿੰਦਰਾ ਹੀ ਵੱਜ ਗਿਆ ਹੋਵੇ।ਜਿਸ ਦਿਨ ਦਾ ਉਸਦਾ ਚੰਗੇਰ ਪਿੰਡ ਨਾਲ਼ ਰੂਹ ਦਾ ਰਿਸ਼ਤਾ ਜੁੜਿਆ ਸੀ ਉਸ ਦਿਨ ਦੇ ਮਨਾਲ਼,ਪੰਜਗਰਾਈਆਂ ਵਾਲ਼ੇ ਰਾਹ ਵੀ ਉਸ ਲਈ ਗਵਾਚ ਗਏ ਸਨ।ਹੁਣ ਵਕੀਲਾ ਖ਼ੁਦ ਨੂੰ ਹੀ ਦਲੀਲ ਦੇ ਰਿਹਾ ਸੀ ਕਿ ਉਹ ਆਸ਼ਾ ਨੂੰ ਦਿਲ ਦੀ ਮਸੀਤ ਵਿੱਚ ਦੇਵੀ ਬਣਾ ਕੇ ਰੱਖਣਾ ਚਹੁੰਦਾ ਹੈ।ਭਾਵੇਂ ਉਹ ਇਸ ਗੱਲ ਤੋਂ ਵਾਕਿਫ਼ ਸੀ ਕਿ ਮਸੀਤ ਵਿੱਚ ਦੇਵੀ ਦੀ ਸਥਾਪਨਾ ਨਹੀਂ ਹੋ ਸਕਦੀ ਪਰ ਇਹ ਉਸਦੀ ਬੇਪਨਾਹ ਮੁਹੱਬਤ ਦਾ ਪ੍ਰਗਟਾਵਾ ਸੀ।

ਸਮਾਂ ਪੈ ਕੇ ਵਕੀਲੇ ਤੇ ਆਸ਼ਾ ਦੀ ਰੂਹ ਹੁਣ ਇੱਕ ਹੋ ਗਈ ਸੀ।ਸਮਾਜਿਕ ਤੇ ਪਰਿਵਾਰਿਕ ਵਿਰੋਧ ਦੇ ਬਾਵਜੂਦ ਵਕੀਲਾ ਇੱਕ ਦਿਨ ਆਸ਼ਾ ਨੂੰ ਸ਼ਿਵਚਰਨ ਸਮੇਤ ਘੜਿਆਂ ਵਾਲ਼ੇ ਰੇੜ੍ਹੇ 'ਤੇ ਹੀ ਬਿਠਾ ਲਿਆਇਆ।ਆਸ਼ਾ

ਨੇ ਵੀ ਵਕੀਲੇ ਨੂੰ ਪਾਉਣ ਖ਼ਾਤਰ ਰਾਮਪੁਰੇ ਤੋਂ ਉਸਨੂੰ ਲੈਣ ਆਈ ਪੰਚਾਇਤ ਨੂੰ ਵੀ ਠੋਕ ਵਜਾ ਕੇ ਕਹਿ ਦਿੱਤਾ ਸੀ,"ਮੈਂ ਰੂਹ ਦੀ ਪੁਜਾਰਨ ਹਾਂ,ਪੱਥਰਾਂ ਦੇ ਘਰਾਂ 'ਚੋਂ ਜਿਸਮਾਂ ਦੀਆਂ ਬੋਟੀਆਂ ਨੋਚਣ ਵਾਲ਼ੀ ਨਹੀਂ,ਹੁਣ ਦੇਖਦੇ ਹਾਂ ਇਨ੍ਹਾਂ ਦੀਆਂ ਕੁੰਡਲ਼ੀਆਂ ਇਨ੍ਹਾਂ ਲਈ ਕੀ ਸਵਰਗ ਸਿਰਜਦੀਆਂ ਨੇ...ਮੈਂ ਤੇ ਸ਼ਿਵਚਰਨ ਇਨ੍ਹਾਂ ਲਈ ਮਰ ਚੁੱਕੇ ਹਾਂ।"

ਉਸਦੀ ਗੱਲ ਸੁਣ ਕੇ ਰਾਮਪੁਰੇ ਦਾ ਮੋਹਤਬਰ ਆਦਮੀ ਆਸ਼ਾ ਨੂੰ ਜਵਾਬ ਦਿੰਦਾ ਹੋਇਆ ਆਖਦਾ,"ਸੋਚ ਲਾ ਬੀਬਾ,ਫੇਰ ਸ਼ਿਵਚਰਨ ਜਾਇਦਾਦ ਦਾ ਵਾਰਿਸ ਨਹੀਂ ਬਣ ਪਾਊਗਾ।"

"ਮੈਂ ਸ਼ਿਵਚਰਨ ਨੂੰ ਵਾਰਿਸ ਬਣਨ ਵੀ ਨਾ ਦੇਵਾਂਗੀ।"

ਉਸਦੀ ਗੱਲ ਸੁਣਕੇ ਸਾਰੇ ਚੁੱਪ ਛਾ ਗਈ ਪਰ ਸਵਰਗੀ ਚਿਰੰਜੀ ਲਾਲ ਦੇ ਤਾਏ ਗਿਰਧਾਰੀ ਲਾਲ ਦੇ ਬੁੱਲ੍ਹਾਂ ਉੱਤੇ ਮੁਸਕਾਨ ਤਾਰੀਆਂ ਲਾਉਣ ਦਾ ਯਤਨ ਕਰ ਰਹੀ ਸੀ ਤਾਂ ਉਸਨੇ ਆਪਣੀ ਮੁਸਕਾਨ ਨੂੰ ਕਾਬੂ ਕਰਨ ਲਈ ਨੀਵੀਂ ਪਾ ਲਈ।

ਸਾਰਾ ਪਿੰਡ ਆਸ਼ਾ ਦੀ ਦਲੇਰੀ 'ਤੇ ਹੈਰਾਨ ਸੀ ਪਰ ਵਕੀਲੇ ਨਾਲ਼ ਉੱਧਲ਼ ਜਾਣ ਵਾਲ਼ੀ ਘਟਨਾ ਨੇ ਸਾਰੇ ਪਿੰਡ ਨੂੰ ਸੁੰਨ ਕਰਕੇ ਰੱਖ ਦਿੱਤਾ ਸੀ।ਹੁਣ ਵਕੀਲਾ ਤੇ ਆਸ਼ਾ ਦੀਆਂ ਦਲੀਲਾਂ ਨੇ ਪਰਿਵਾਰਿਕ ਤੇ ਸਮਾਜਿਕ ਵਿਹੜੇ ਵਿੱਚ ਆਪਣੀ ਰੂਹ ਨੂੰ ਮੁਹੱਬਤ ਦਾ ਅਮਲੀ ਜਾਮਾ ਪਹਿਨਾ ਦਿੱਤਾ ਸੀ।ਭਾਵੇਂ ਇਸ ਮੁਹੱਬਤੀ ਜਾਮੇ ਦਾ ਖਮਿਆਜ਼ਾ ਨਾ ਸਹਿਣਯੋਗ ਤੇ ਨਾ ਭੁੱਲਣਯੋਗ ਸੀ ਕਿਉਂਕਿ ਚੰਗੇਰ ਪਿੰਡ ਨੇ ਜਾਗੋਵਾਲ਼ ਨਾਲ ਹਰ ਤਰ੍ਹਾਂ ਦਾ ਆਪਣਾ ਰਿਸ਼ਤਾ ਖਤਮ ਕਰ ਦਿੱਤਾ ਸੀ।ਚੰਗੇਰ ਦੀ ਪੰਚਾਇਤ ਨੇ ਜਾਗੋਵਾਲ਼ ਨਾਲ਼ ਕੋਈ ਵੀ ਸੰਬੰਧ ਨਾ ਰੱਖਣ ਦੀ ਮੁਨਾਦੀ ਕਰਵਾ ਦਿੱਤੀ ਸੀ।

ਓਧਰ ਜਦੋਂ ਵਕੀਲ਼ਾ ਆਸ਼ਾ ਨੂੰ ਲੈ ਕੇ ਜਾਗੋਵਾਲ਼ ਵੜਿਆ ਤਾਂ ਸਾਰਾ ਪਿੰਡ ਹਿੰਦੂ ਤੇ ਮੁਸਲਿਮ ਦੋ ਧੜਿਆਂ ਵਿੱਚ ਵੰਡਿਆ ਗਿਆ ਤੇ ਪਿੰਡ ਦਾ ਮਾਹੌਲ ਹਿੰਦ-ਪਾਕਿ ਦੀ ਸਰਹੱਦ ਵਰਗਾ ਹੋ ਗਿਆ ਸੀ।

ਸਮੇਂ ਦੀ ਪੈੜਚਾਲ ਨੇ ਜ਼ਖਮਾਂ 'ਤੇ ਖਰੀਂਡ੍ਹ ਲਿਆ ਦਿੱਤਾ।ਹੁਣ ਆਸ਼ਾ ਪਿੰਡ ਵਿੱਚ ਵਕੀਲੇ ਦੀ ਵਕੀਲਣ ਹੋ ਗਈ ਸੀ।ਪਰਿਵਾਰ ਵਿੱਚ ਭਾਵੇਂ ਉਹ ਰਚ-ਮਿਚ ਗਈ ਸੀ ਪਰ ਵਕੀਲੇ ਦੀ ਅੰਮੀ ਦਾ ਦਿਲ ਉਸ ਨਾਲ਼ ਸਾਂਝਾ ਨਾ ਹੋ ਸਕਿਆ।ਵਕੀਲਣ ਉਸਨੂੰ ਇੱਕ ਸਦਮਾ ਜਿਹਾ ਹੀ ਲੱਗਦੀ ਸੀ।ਉਹ ਬਹੁਤਾ ਚਿਰ ਇਸ ਸਦਮੇ ਨੂੰ ਨਾ ਸਹਾਰ ਸਕੀ ਤੇ ਅੱਲਾਹ ਨੂੰ ਪਿਆਰੀ ਹੋ ਗਈ।

ਸ਼ਿਵਚਰਨ ਵੀ ਹੁਣ ਜਾਗੋਵਾਲ਼ ਵਕੀਲੇ ਕੋਲ਼ ਆ ਕੇ 'ਗੁਲਜ਼ਾਰੀ' ਹੋ ਗਿਆ ਸੀ।ਕਾਗ਼ਜ਼ਾਂ ਵਿੱਚ ਭਾਵੇਂ ਉਸਦਾ ਨਾਂ 'ਸ਼ਿਵਚਰਨ' ਹੀ ਸੀ ਪਰ ਉਹ ਹੁਣ ਗੁਲਜ਼ਾਰੀ ਬਣ ਕੇ ਵਕੀਲੇ ਦੇ ਘਰ ਦੀ ਗੁਲਜ਼ਾਰ ਬਣ ਗਿਆ ਸੀ।ਵਕੀਲਣ ਵੀ ਹੁਣ ਵਕੀਲਾਂ ਦੇ ਨਾਂ ਨਾਲ਼ ਹੀ ਜਾਣੀ ਜਾਣ ਲੱਗ ਪਈ ਸੀ।ਹੁਣ ਉਹ ਪਿੰਡ ਦੀ ਰੂਹ ਸੀ।ਜਵਾਨੀ ਦੀਆ ਬਰੂਹਾਂ 'ਤੇ ਜੇ ਉਹ ਪੁੰਗਰਦੇ ਪੱਤ ਵਰਗੀ ਸੀ ਤਾਂ ਹੁਣ ਢਲ਼ਦੀ ਉਮਰ ਵਿੱਚ ਸੁਰਖ ਗੇਰੂ ਵਰਗੀ ਲੱਗਦੀ ਸੀ।ਪਿੰਡ ਦੀਆਂ ਤੀਵੀਆਂ ਜਿਹੜੀਆਂ ਉਸਨੂੰ ਕਦੇ ਭਾਵੇਂ ਕੱਢੀ-ਵੱਢੀ ਦੱਸਦੀਆਂ ਸੀ ਹੁਣ ਉਸਦੀ ਗੱਲ ਨੂੰ ਮੰਨਣਾ ਆਪਣਾ ਧਰਮ ਸਮਝਦੀਆਂ ਸਨ।ਉਹ ਹੁਣ ਮੰਦਿਰ ਤੇ ਗੁਰਦੁਆਰੇ ਭਾਵ ਹਰ ਸਾਂਝੇ ਕੰਮ ਵਿੱਚ ਸ਼ਾਮਿਲ ਹੁੰਦੀ ਸੀ।ਉਸਦਾ ਸਫ਼ਰ ਹੁਣ ਜ਼ਿੰਦਗੀ ਦੇ ਪੈਂਡੇ 'ਤੇ ਪੱਕੇ ਪੈਰੀਂ ਹੋ ਗਿਆ ਸੀ।

ਵਕੀਲਾ ਤੇ ਵਕੀਲਾਂ ਆਪਣੀ ਸੋਚ ਦੇ ਤਰਾਜ਼ੂ ਹਮੇਸ਼ਾ ਬਰਾਬਰ ਰੱਖਣ ਦੀ ਕੋਸ਼ਿਸ਼ ਕਰਦੇ।ਕਦੇ ਵੀ ਸੋਚ ਪੱਖੋਂ ਇੱਕ ਦੂਜੇ 'ਤੇ ਹਾਵੀ ਨਹੀਂ ਸੀ ਹੁੰਦੇ ਸਗੋਂ ਰੂਹ ਦੇ ਹਾਣੀ ਬਣ ਕੇ ਮੁਹੱਬਤ ਭਰਿਆ ਜੀਵਨ ਜਿਉਂਦੇ ਸਨ।ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਨ੍ਹਾਂ ਨੇ ਜ਼ਿੰਦਗੀ ਦੇ ਗੁੱਝੇ ਭੇਦ ਨੂੰ ਅਸਾਨੀ ਨਾਲ਼ ਸਮਝ ਲਿਆ ਹੋਵੇ।ਉਨ੍ਹਾਂ ਦਾ ਸੁਚੱਜਾ ਜੀਵਨ ਮੂਹੋਂ ਬੋਲਦਾ ਸੀ ਕਿ ਇਨਸਾਨਾਂ ਵਿੱਚ ਮੁਹੱਬਤੀ ਸਾਂਝ ਕਿਸੇ ਧਰਮ,ਜਾਤ ਜਾਂ ਨਸਲ ਦੀ ਮੋਹਤਾਜ ਨਹੀਂ ਹੋ ਸਕਦੀ ।ਪ੍ਰੇਮ ਜ਼ਿੰਦਗੀ ਦਾ ਬੀਜ ਹੁੰਦਾ ਬਸ਼ਰਤੇ ਉਹ ਦੁਨਿਆਵੀ ਲਾਲਚ ਤੋਂ ਸੁਰਖ਼ਰੂ ਹੋਵੇ।

ਹੁਣ ਵਕੀਲਾ ਘੜਿਆਂ,ਚੱਪਣਾਂ ਤੱਕ ਸੀਮਤ ਨਾ ਹੋ ਕੇ ਮੂਰਤੀਆਂ ਦਾ ਵਪਾਰੀ ਤੇ ਕਲਾ ਦਾ ਉਪਾਸ਼ਕ ਹੋ ਗਿਆ ਸੀ।ਉਸਦੀਆਂ ਮੂਰਤੀਆਂ ਅਨੇਕਾਂ ਧਾਰਮਿਕ,ਸਮਾਜਿਕ ਸਥਾਨਾਂ ਦਾ ਸ਼ਿੰਗਾਰ ਬਣ ਚੁੱਕੀਆਂ ਸਨ।ਉਹ ਮੂਰਤੀ ਪੂਜਾ ਦਾ ਕੱਟੜ ਵਿਰੋਧੀ ਹੋਣ ਦੇ ਬਾਵਜੂਦ ਵੀ ਵਕੀਲਾਂ ਦੀ ਸੰਗਤ ਤੇ ਰੰਗਤ ਵਿੱਚ ਕਲਾਕਾਰ ਬਣ ਚੁੱਕਿਆ ਸੀ।

'ਮੁਹੱਬਤੀ ਸਾਂਝ ਜੇ ਸਿੱਖਣ ਦਾ ਵੱਡਾ ਜ਼ਰੀਆ ਹੋਵੇ ਤਾਂ ਸਫ਼ਲਤਾ ਅਸਾਨੀ ਨਾਲ਼ ਤੇ ਵਕਤੋਂ ਪਹਿਲਾਂ ਪ੍ਰਾਪਤ ਕੀਤੀ ਜਾ ਸਕਦੀ ਹੈ' ਨੂੰ ਵਕੀਲੇ ਨੇ ਸੱਚ ਸਾਬਤ ਕਰਕੇ ਦਿਖਾਇਆ ਸੀ।ਉਹ ਹੁਣ ਭਾਵੇਂ ਆਪਣੇ ਪਰਿਵਾਰ ਤੋਂ ਵੱਖਰੇ ਸਨ ਪਰ ਰਿਸ਼ਤਿਆਂ ਦੀ ਮੁਹੱਬਤ 'ਚ ਹੋਰ ਵੀ ਪ੍ਰੌੜਤਾ ਆ ਗਈ ਸੀ।ਸ਼ਿਵਚਰਨ ਹੁਣ ਵਕੀਲੇ ਦਾ ਗੁਲਜ਼ਾਰੀ ਸੀ।ਉਹ ਵੀ ਆਪਣੇ ਆਪ ਨੂੰ ਲੰਬਾ ਅਰਸ਼ਾ ਰਫ਼ਿਊਜ਼ੀ ਜਿਹਾ ਮਹਿਸੂਸ ਕਰਦਾ ਰਿਹਾ ਪਰ ਵਕੀਲੇ ਦੇ ਪਿਤਾ ਮੋਹ ਨੇ ਉਸਨੂੰ ਗੁਲਜ਼ਾਰੀ ਬਣਨ 'ਚ ਕੋਈ ਔਕੜ ਨਾ ਆਉਣ ਦਿੱਤੀ।

ਉਹ ਦੋ ਮਜ਼੍ਹਬਾਂ ਦਾ ਮੁਜੱਸਮਾ ਸੀ।ਉਹ ਦੋ ਧਰਮਾਂ ਦਾ ਸਾਕਾਰਾਤਮਕ ਸੰਯੋਗ ਸੀ।ਅਖੌਤੀ ਧਾਰਮਿਕ ਕਰਮ ਜੋ ਇਨਸਾਨਾਂ ਨੂੰ ਵੰਡਦੇ ਤੇ ਭੰਡਦੇ ਨੇ,ਉਨ੍ਹਾਂ ਦੀ ਹੋਂਦ ਨੇ ਉਸਦੀ ਅੰਦਰਲੀ ਧਰਤ ਨੂੰ ਖੋਖ਼ਲਾ ਕਰ ਦਿੱਤਾ ਸੀ।ਸ਼ਿਵਚਰਨ ਵੀ ਧਾਰਮਿਕ ਹੋਂਦ ਨਾਲ਼ੋਂ ਇਨਸਾਨੀ ਮੋਹ-ਮੁਹੱਬਤ ਨੂੰ ਵਧੇਰੇ ਤਰਜੀਹ ਦਿੰਦਾ ਸੀ।ਉਸਦੀਆਂ ਆਪ ਮੁਹਾਰੀਆਂ ਗੱਲਾਂ ਲੋਕਾਂ ਨੂੰ ਵਕੀਲੇ ਦਾ ਭੁਲੇਖਾ ਪਾ ਦਿੰਦੀਆਂ ਸਨ।ਉਹ ਵੀ ਵਕੀਲੇ ਵਾਂਗ ਸ਼ਬਦ ਮੋਹ ਦਾ ਸ਼ੁਦਾਈ ਸੀ।ਕਿਤਾਬਾਂ ਉਸਦੇ ਮਨ ਦੀ ਖੁਰਾਕ ਸਨ।ਉਹ ਢਿੱਡ ਦੀ ਭੁੱਖ ਨੂੰ ਬਰਦਾਸਤ ਕਰ ਸਕਦਾ ਸੀ ਪਰ ਮਨ ਦੀ ਅਤ੍ਰਿਪਤੀ ਭੋਰਾ ਵੀ ਬਰਦਾਸਤ ਨਹੀਂ ਸੀ ਕਰ ਸਕਦਾ।ਉਹ ਧਰਮਾਂ ,ਨਸਲਾਂ,ਜਾਤਾਂ-ਪਾਤਾਂ ਦੀਆਂ ਗ਼ਲੀਆਂ ਸੜੀਆਂ ਰੀਤੀ ਰਿਵਾਜ਼ਾਂ ਦੀਆਂ ਰੱਸੀਆਂ ਨੂੰ ਵੱਢਣਾ ਚਾਹੁੰਦਾ ਸੀ।ਉਹ ਆਪਣੇ ਮਾਂ-ਬਾਪ ਦੇ ਕਾਰਜਾਂ ਨੂੰ ਅੰਜਾਮ ਦੇਣਾ ਲੋਚਦਾ ਸੀ।

ਉਸਨੇ ਹੁਣ ਸਕੂਲੀ ਪੜ੍ਹਾਈ ਖਤਮ ਕਰਕੇ ਬਰਨਾਲ਼ੇ ਦੇ ਪ੍ਰਾਈਵੇਟ ਕਾਲਜ ਵਿੱਚ ਦਾਖਲਾ ਲੈ ਲਿਆ ਸੀ।ਉਸਦਾ ਅੱਬਾ ਭਾਵੇਂ ਉਸਨੂੰ ਜਲੰਧਰ ਜਾਂ ਲੁਧਿਆਣੇ ਕਾਲਜ ਵਿੱਚ ਭੇਜਣਾ ਚਾਹੁੰਦਾ ਸੀ ਪਰ ਉਹ ਇਹ ਜਾਣਦਾ ਸੀ ਕਿ ਉਸਦੀ ਕਰਮ ਭੂਮੀ ਅਜੇ ਮਾਲਵੇ ਦੇ ਅੱਧ-ਪੜ੍ਹ ਲੋਕ ਹਨ।ਉਹ ਭੜਕਦੇ ਦੀਵਿਆਂ ਨੂੰ ਵਿਸ਼ਵਾਸ ਦੀ ਲੋਅ ਵੰਡਣਾ ਚਾਹੁੰਦਾ ਸੀ।ਜਦੋਂ ਦੇ ਵਕੀਲਾਂ ਨੇ ਆਖਰੀ ਸਾਹ ਭਰੇ ਸਨ ਤਾਂ ਉਸ ਦਿਨ ਤੋਂ ਬਾਅਦ ਉਹ ਵਕੀਲ਼ੇ ਨੂੰ ਆਪਣੀ ਮਮਤਾ ਦੀ ਅਮਾਨਤ ਸਮਝਦਾ ਸੀ।ਉਹ ਹੁਣ ਚਮਨ ਦੇ ਰਾਖਿਆਂ ਕੋਲ਼ੋਂ ਮਾਚਿਸ ਦੀਆਂ ਤੀਲ੍ਹੀਆਂ ਖੋਹਣ ਦੀ ਤਮੰਨਾ ਰੱਖਦਾ ਸਮਾਜਿਕ ਕਾਰਜਾਂ ਵਿੱਚ ਹੋਰ ਵੀ ਤੀਬਰ ਹੋ ਗਿਆ ਸੀ।

---

*

## ਕਾਂਡ-2

ਸ਼ਿਵਚਰਨ ਸਵੇਰੇ ਸਵੱਖਤੇ ਉੱਠਦਾ ਅਤੇ ਸੈਰ ਕਰਨ ਲਈ ਸੂਏ ਤੋਂ ਪਾਰ,ਕੁਰੜ ਵਾਲ਼ੇ ਪਾਸੇ,ਸੂਏ ਦੇ ਕਿਨਾਰੇ-ਕਿਨਾਰੇ ਰੁਮਕਦੀ ਪੌਣ 'ਚ ਲੰਮੀਆਂ ਵਾਟਾਂ ਕਰਨ ਮਗਰੋਂ ਸੂਰਜ ਦੀ ਪਹਿਲੀ ਕਿਰਨ ਨਾਲ਼ ਘਰ ਨੂੰ ਪਰਤਦਾ।ਘਰ ਉਸਨੂੰ ਕਲਾ-ਪ੍ਰਦਰਸ਼ਨੀ ਵਰਗਾ ਲੱਗਦਾ।ਵਕੀਲਾਂ ਨੇ ਵਕੀਲੇ ਨੂੰ ਮੂਰਤੀਆਂ ਬਣਾਉਣ ਦੀ ਅਜਿਹੀ ਕਲਾ

ਸਿਖਾਈ ਕਿ ਵਕੀਲਾ ਹੁਣ ਕਲਾ ਦਾ ਉਪਾਸ਼ਕ ਹੋ ਗਿਆ ਸੀ।ਉਹ ਕੇਵਲ ਧਾਰਮਿਕ ਮੂਰਤੀਆ ਹੀ ਨਹੀਂ ਬਣਾਉਂਦਾ ਸੀ ਸਗੋਂ ਉਹ ਯੋਧਿਆਂ,ਦੇਸ਼-ਭਗਤਾਂ ਤੇ ਮਹਾਨ ਵਿਅਕਤੀਆਂ ਦੀਆਂ ਸ਼ਖਸੀਅਤਾਂ ਨੂੰ ਵੀ ਮੂਰਤੀਕ੍ਰਿਤ ਕਰਦਾ ਸੀ।ਮਾਰਕਸ ਤੇ ਸੁਕਰਾਤ ਦੀਆਂ ਮੂਰਤੀਆਂ ਵੀ ਉਸਦੇ ਵਿਹੜੇ ਦਾ ਸ਼ਿੰਗਾਰ ਸਨ।ਪੁੱਛਣ ਵਾਲ਼ੇ ਲੋਕ ਉਸਤੋਂ ਪੁੱਛਦੇ ਰਹਿੰਦੇ ਸਨ,“ ਇਹ ਕਿਹੜੇ ਬਾਬਾ ਜੀ ਹਨ।”

ਕਲਾ ਦੀ ਇਸ ਸਿਰਜਣਾ ਨੇ ਘਰ ਨੂੰ ਘਰ ਨਹੀਂ ਸਗੋਂ ਅਜਾਇਬ-ਘਰ ਬਣਾ ਦਿੱਤਾ ਸੀ।ਇਸ ਅਜਾਇਬ-ਘਰ ’ਚੋਂ ਹਮੇਸ਼ਾ ਸਮਾਜ ਲਈ ਪ੍ਰੇਰਣਾਮਈ ਖੁਸ਼ਬੂ ਆਉਂਦੀ ਸੀ।

ਸ਼ਿਵਚਰਨ ਜਦੋਂ ਸੈਰ ਤੋਂ ਘਰ ਪਰਤਦਾ ਤਾਂ ਵਕੀਲਾ ਮੂਰਤੀਆਂ ਨਾਲ਼ ਮੁਹੱਬਤੀ ਸਾਂਝ ਪਾ ਰਿਹਾ ਹੁੰਦਾ ਤੇ ਉਹ ਉਸਨੂੰ ਨੂੰ ਦੇਖ ਕੇ ਆਖਦਾ,“ਪੁੱਤਰਾ!...ਚਾਹ ਤਿਆਰ ਆ,ਪਹਿਲਾਂ ਕੁਰਲਾ ਕਰਕੇ ਚਾਹ ਪੀ ਲੈ,ਬਾਕੀ ਕੰਮ ਬਾਅਦ ’ਚ ਕਰੀਂ।”

ਉਹ ਉਸ ਭਰੇ ਪੂਰਨ ਮਨੁੱਖ ਵੱਲ ਦੇਖ ਕੇ ਹੀ ਸੰਤੁਸ਼ਟ ਹੋ ਜਾਂਦਾ ਤੇ ਮਨ ਵਿੱਚ ਹੀ ਆਖਦਾ, “ਲੋਕੀ ਜਾਣ ਮੱਕੇ ਨੂੰ ਸਾਡਾ ਤਾਂ ਤੂੰ ਹੀ ਹੱਜ ਵੇ,ਤੈਨੂੰ ਵੇਖ ਲਵਾਂ ਇੱਕ ਵਾਰੀ ਤਾਂ ਰੂਹ ਨੂੰ ਆ ਜਾਏ ਰੱਜ ਵੇ।”

ਉਹ ਚਾਹ ਦਾ ਗਲਾਸ ਫੜ ਕੇ ਵਕੀਲੇ ਦੀਆਂ ਮੂਰਤੀਆਂ ਕੋਲ਼ ਆ ਬੈਠਦਾ।ਉਹ ਇਹੀ ਸੋਚਦਾ,“ਜੇ ਇਸ ਬੋਹੜ ਦੀ ਛਾਂ ਉਸਦੇ ਸਿਰ ’ਤੇ ਨਾ ਹੁੰਦੀ ਤਾਂ ਮਾਂ ਰੂਪੀ ਦਰਖਤ ਦੇ ਡਿੱਗਣ ਨਾਲ਼ ਉਸਨੇ ਕਦੋਂ ਦਾ ਖਤਮ ਹੋ ਜਾਣਾ ਸੀ।”

ਵਕੀਲੇ ਬੋਹੜ ਨੇ ਗੁਲਜ਼ਾਰੀ ਦੀ ਗੁਲਜ਼ਾਰ ਨੂੰ ਕਦੇ ਫਿੱਕਾ ਨਹੀਂ ਸੀ ਪੈਣ ਦਿੱਤਾ।ਵਕੀਲਾ ਉਸ ਨੂੰ ਸੋਚਾਂ ’ਚ ਡੁੱਬੇ ਨੂੰ ਵੇਖ ਕੇ ਆਖਦਾ,“ਕੀ ਸੋਚ ਰਿਹਾ ਏਂ ? ਤੈਨੂੰ ਵੇਖ ਕੇ ਤਾਂ ਤੇਰੀ ਮਾਂ ਆਸ਼ਾ ਯਾਦ ਆ ਗਈ...ਉਹ ਵੀ ਤੇਰੇ ਵਾਂਗ ਅੱਖਾਂ ਦੀਆਂ ਪੁਤਲੀਆਂ ਘੁਮਾ-ਘੁਮਾ ਕੇ ਸੋਚਿਆ ਕਰਦੀ ਸੀ।”

“ਅੱਬੂ! ਤੂੰ ਅੰਮੀ ਨੂੰ ਆਸ਼ਾ ਨਾ ਕਿਹਾ ਕਰ,ਆਪਣੇ ਨਾਂ ਨਾਲ਼ ਜੁੜਿਆ ਨਾਂ ਵਕੀਲ਼ਾਂ ਹੀ ਲਿਆ ਕਰ,ਆਸ਼ਾ ਦੀਆਂ ਆਸਾਂ ਨੂੰ ਕਦੇ ਬੂਰ ਨਹੀਂ ਸੀ ਪੈਣਾ ਜੇ ਵਕੀਲੇ ਨੇ ਮੁਹੱਬਤੀ ਦਲੀਲ ਨਾ ਦਿੱਤੀ ਹੁੰਦੀ।”

“ਨਹੀਂ ਪੁੱਤਰ,ਇਸ ਵਕੀਲੇ ਨੂੰ ਤੇ ਵਕੀਲੇ ਦੀ ਦਲੀਲ ਨੂੰ ਤੇਰੇ ਭੋਲ਼ੇ ਚਿਹਰੇ ਨੇ ਵੀ ਮੋਹ ਲਿਆ ਸੀ।”

ਗੱਲਾਂ ਕਰਦਿਆਂ-ਕਰਦਿਆਂ ਪਿਓ-ਪੁੱਤਾਂ ਨੇ ਪੂਰੀਆਂ ਅਧੂਰੀਆਂ ਮੂਰਤੀਆਂ ਨੂੰ ਵਿਹੜੇ ਵਿੱਚ ਲੈ ਆਂਦਾ ਸੀ।ਉਹ ਖ਼ੁਦ ਨੂੰ ਦੁਨੀਆਂ ਦਾ ਸਭ ਤੋਂ ਖੁਸ਼ਕਿਸਮਤ ਪੁੱਤ ਸਮਝ ਰਿਹਾ ਸੀ ਕਿਉਂਕਿ ਉਸਨੂੰ ਵਕੀਲੇ ਵਰਗਾ ਬਾਪ ਜੋ ਮਿਲ਼ਿਆ ਸੀ।

ਹੁਣ ਵਕੀਲਾ ਰਸੋਈ ਵੱਲ ਹੋ ਗਿਆ ਤੇ ਸ਼ਿਵਚਰਨ ਕਾਲਜ ਜਾਣ ਦੀ ਤਿਆਰੀ ਕਰਨ ਲੱਗ ਗਿਆ ਸੀ।ਵਕੀਲਾ ਰੋਟੀ ਤਿਆਰ ਕਰਕੇ ਉਸਨੂੰ ਹਾਕ ਮਾਰਦਾ,“ਸ਼ਿਵਚਰਨ ਪੁੱਤ! ਰੋਟੀ ਤਿਆਰ ਆ।”

“ਹਾਂ ਬਾਪੂ ਆਇਆ।”

ਜਦੋਂ ਵਕੀਲਾ ਉਸਨੂੰ ਸ਼ਿਵਚਰਨ ਕਹਿ ਕੇ ਬੁਲਾਉਂਦਾ ਤਾਂ ਉਹ ਅੱਬੂ ਦੀ ਥਾਂ ਉਸਨੂੰ ਬਾਪੂ ਆਖ ਦਿੰਦਾ ਸੀ।

ਉਹ ਹੁਣ ਵੱਡਾ ਹੋ ਗਿਆ ਸੀ।ਵਕੀਲੇ ਨੇ ਹੁਣ ਆਪਣੀ ਜ਼ਿੰਦਗੀ ਦੀ ਸਾਰੀ ਪੂੰਜੀ ਜਿਸਨੂੰ ਉਹ ਹਮੇਸ਼ਾ ਸਾਂਭ-ਸਾਂਭ ਰੱਖਦਾ ਹੁੰਦਾ ਸੀ।ਉਹ ਉਸਦੇ ਹਵਾਲੇ ਕਰ ਦਿੱਤੀ ਸੀ।ਭਾਵ ਕਿਤਾਬਾਂ ਵਾਲ਼ਾ ਲੱਕੜ ਦਾ ਬਣਿਆ ਰੈਕ ਹੁਣ ਸ਼ਿਵਚਰਨ ਦੇ ਮੰਜੇ ਕੋਲ਼ ਆ ਗਿਆ ਸੀ।ਪਹਿਲਾਂ ਉਹ ਕਿਤਾਬਾਂ ਲੁਕ-ਲੁਕ ਕੇ ਪੜ੍ਹਦਾ ਹੁੰਦਾ ਸੀ ਹੁਣ ਉਹ ਇਸ ਵਡਮੁੱਲੀ ਜਾਇਦਾਦ ਦਾ ਮਾਲਕ ਬਣ ਕੇ ਬਹੁਤ ਖੁਸ਼ ਸੀ।ਕਾਲਜ ਜਾਂਦੇ ਸਮੇਂ ਉਸਦੇ ਹੱਥ ਵਿਚ ਫੜੀ ਕਿਤਾਬ ਉਸਦੀ ਦਿੱਖ ਨੂੰ ਉਸਦੇ ਮੇਚ ਦਾ ਕਰ ਦਿੰਦੀ ਸੀ।

ਰੋਜ਼ਾਨਾ ਵਾਂਗ ਸਾਇਕਲ ਚੁੱਕ ਕੇ ਉਹ ਛਾਪੇ ਵੱਲ ਨੂੰ ਤੁਰ ਪਿਆ ਸੀ ਕਿਉਂਕਿ ਉਸਨੇ ਸਿਕੰਦਰ ਨਾਲ਼ ਛਾਪੇ ਤੋਂ ਵਾਇਆ ਮਹਿਲ ਕਲਾਂ ਹੋ ਕੇ ਬਰਨਾਲ਼ੇ ਜਾਣਾ ਹੁੰਦਾ ਸੀ।ਉਹ ਸਿਕੰਦਰ ਦੇ ਘਰ ਪਹੁੰਚਿਆ।ਸਇਕਲ ਉਸਦੇ ਘਰ ਹੀ ਖੜ੍ਹਾ ਦਿੱਤਾ ਤੇ ਉਸ ਨਾਲ਼ ਛਾਪੇ ਤੋਂ ਮਿੰਨੀ ਬੱਸ ਚੜ੍ਹ ਗਿਆ।

ਸਿਕੰਦਰ ਤੇ ਸ਼ਿਵਚਰਨ ਛਾਪੇ ਦੇ ਸੀਨੀਅਰ ਸੈਕੰਡਰੀ ਸਕੂਲ ਵਿੱਚੋਂ ਇਕੱਠੇ ਪੜ੍ਹੇ ਸਨ।ਹੁਣ ਇੱਕੱਠੇ ਹੀ ਬਰਨਾਲ਼ੇ ਕਾਲਜ ਵਿੱਚ ਦਾਖ਼ਲ ਹੋ ਗਏ ਸਨ।ਭਾਵੇਂ ਉਨ੍ਹਾਂ ਦੇ ਕਈ ਸਾਥੀਆਂ ਨੇ ਲੁਧਿਆਣੇ ਕਾਲਜ ’ਚ ਦਾਖਲਾ ਲਿਆ ਸੀ ਪਰ ਇਨ੍ਹਾਂ ਦੋਹਾਂ ਨੇ ਬਰਨਾਲ਼ੇ ਨੂੰ ਹੀ ਤਰਜੀਹ ਦਿੱਤੀ ਸੀ।ਇੱਕ ਹੋਰ ਮੁੰਡਾ ਗੋਖਾ ਛੋਟੇ ਮਹਿਲਾਂ ਤੋਂ ਵੀ ਇਨ੍ਹਾਂ ਨਾਲ਼ ਰਲ਼ ਗਿਆ ਸੀ।ਹੁਣ ਤਿੰਨੋ ਇਕੱਠੇ ਹੀ ਜਾਂਦੇ ਹੁੰਦੇ ਸਨ।

ਸਿਕੰਦਰ ਸਿੰਘ ਰਮਦਾਸੀਆਂ ਦਾ ਮੁੰਡਾ ਸੀ।ਉਸਦਾ ਬਾਪੂ ਲੈਟਰੀਨ ਵਾਲ਼ੀਆਂ ਖੂਹੀਆਂ ਪੁੱਟਦਾ ਹੁੰਦਾ ਸੀ ਤੇ ਉਹ ਅਣਹੋਣੀ ਵਸ ਖੂਹੀ ਵਿੱਚ ਹੀ ਦਬ ਕੇ ਮਰ ਗਿਆ ਸੀ।ਕਹਿੰਦੇ ਨੇ ਟਿੱਬੇ ਖੂਹੀ ਪੁਟਾਉਣ ਵਾਲ਼ੇ ਮਾਲਕ ਨੇ ਰੇਤਾ ਆਉਣ ਤੋਂ ਬਾਅਦ ਵੀ ਖੂਹੀ ਨੂੰ ਹੋਰ ਡੂੰਘੀ ਕਰਨ ਦੀ ਜ਼ਿੱਦ ਫੜੀ ਰੱਖੀ।ਬਸ ਉਸਦੀ ਜ਼ਿੱਦ ਉਸਦੇ ਬਾਪੂ ਨੂੰ ਜ਼ਿੰਦਗੀ ਤੋਂ ਦੂਰ ਲੈ ਗਈ।

ਸਿਕੰਦਰ ਦੀਆਂ ਦੋ ਵੱਡੀਆਂ ਭੈਣਾਂ ਸਨ।ਮਾਂਵਾਂ ਧੀਆਂ ਡੰਗਰ ਪਾਲ਼ ਕੇ ਘਰ ਦਾ ਗੁਜ਼ਾਰਾ ਤੋਰਦੀਆਂ ਸਨ।ਉਸਦੀਆਂ ਭੈਣਾਂ ਛਾਪੇ ਸਕੂਲ਼ ਤੋਂ ਬਾਰ੍ਹਵੀਂ ਕਰਕੇ ਹੁਣ ਘਰ ਦਾ ਕੰਮ ਕਰਦੀਆਂ ਸਨ ਪਰ ਉਹ ਸਿਕੰਦਰ ਨੂੰ ਬਹੁਤ ਪੜ੍ਹਾਉਣਾ ਚਾਹੁੰਦੀਆਂ ਸਨ।ਸਿਕੰਦਰ ਤੇ ਸ਼ਿਵਚਰਨ ਦੀ ਦੋਸਤੀ ਕਈ ਸਾਲਾਂ ਤੋਂ ਪੱਕੀ ਸੀ।ਸਿਕੰਦਰ ਦਾ ਪਰਿਵਾਰ ਵੀ ਉਸਨੂੰ ਬਹੁਤ ਪਿਆਰ ਕਰਦਾ ਸੀ।

ਹੁਣ ਇਨ੍ਹਾਂ ਦੀ ਦੋਸਤੀ ਵਿੱਚ ਗੁਰਮੁਖ ਸਿੰਘ ਗੋਖਾ ਵੀ ਆ ਗਿਆ ਸੀ।ਤਿੰਨੋਂ ਇਕੱਠੇ ਹੀ ਕਾਲਜ ਜਾਂਦੇ ਸਨ।ਕਾਲਜ ਵਿੱਚ ਅਜੇ ਦਾਖ਼ਲੇ ਹੀ ਚੱਲ ਰਹੇ ਸਨ।ਇਸ ਲਈ ਕਲਾਸਾਂ ਤਾਂ ਘੱਟ ਹੀ ਲੱਗਦੀਆਂ ਸਨ ਪਰ ਕਾਲਜ ’ਚ ਨਵੀਂ ਜਵਾਨੀ ਦੀ ਚਹਿਲ-ਪਹਿਲ ਹੋਣ ਕਾਰਨ ਰੌਣਕ ਬਹੁਤ ਹੁੰਦੀ ਸੀ।ਨਿੱਤ ਨਵੇਂ ਮੁੰਡੇ ਕੁੜੀਆਂ ਮਿਲ਼ਦੇ,ਦੋਸਤ ਬਣਦੇ ਤੇ ਵਿੱਛੜ ਜਾਂਦੇ।ਦੋਸਤਾਂ ਦੇ ਨਵੇਂ ਗਰੁੱਪ ਬਣਦੇ ਤੇ ਟੁੱਟ ਜਾਂਦੇ ਪਰ ਸਿਕੰਦਰ,ਸ਼ਿਵਚਰਨ ਤੇ ਗੋਖੇ ਦੀ ਦੋਸਤੀ ਦਾ ਇਹ ਨਿੱਕਾ ਜਿਹਾ ਗਰੁੱਪ ਜਿਓਂ ਦਾ ਤਿਓਂ ਬਣਿਆ ਹੋਇਆ ਸੀ।ਗੋਖਾ ਕਦੀ ਕਦਾਈਂ ਹੋਰ ਮੁੰਡਿਆਂ ਨਾਲ਼ ਵੀ ਗੇੜਾ ਮਾਰ ਆਉਂਦਾ ਸੀ ਪਰ ਸ਼ਿਵਚਰਨ ਤੇ ਸਿਕੰਦਰ ਹਮੇਸ਼ਾ ਹੀ ਇਕੱਠੇ ਰਹਿੰਦੇ ਸਨ।

ਨਵੇਂ ਮੁੰਡੇ ਕੁੜੀਆਂ ਹਾਹਾ-ਹੀਹੀ ਕਰਦੇ ਰਹਿੰਦੇ।ਇਹ ਦੋਵੇਂ ਕਿਤਾਬਾਂ ਦੇ ਸ਼ੁਦਾਈ ਲਾਇਬ੍ਰੇਰੀ ਦੀ ਨਾਲ਼ ਲੱਗਦੀ ਪਾਰਕ ਵਿੱਚ ਬੈਠ ਕੇ ਕਿਤਾਬ ਪੜ੍ਹਦੇ ਰਹਿੰਦੇ ਸਨ।ਇਨ੍ਹਾਂ ਦਿਨਾਂ ਵਿੱਚ ਉਨ੍ਹਾਂ ਨੇ ਲਾਇਬ੍ਰੇਰੀ ਵਾਲੇ ਮੈਡਮ ਕੁਲਵੀਰ ਕੌਰ ਨਾਲ਼ ਗੁਰੂ ਚੇਲੇ ਵਾਲ਼ੀ ਸਾਂਝ ਪਾ ਲਈ ਸੀ।ਉਹ ਸੋਚਦੀ,“ਨਵੀਂ ਪਨੀਰੀ ਕਾਲਜ ’ਚ ਪੈਰ ਧਰਦੇ ਹੀ ਹਵਾ ’ਚ ਉੱਡਣ ਲੱਗਦੀ ਏ,ਇਨ੍ਹਾਂ ’ਚ ਇਹ ਸ਼ਬਦ ਮੋਹ ਦੇ ਵਣਜ਼ਾਰੇ ਕਿੱਥੋਂ ਆ ਗਏ ਨੇ।”

ਉਸਨੂੰ ਇਹ ਦੋਵੇਂ ਦੀਵੇ ਵਰਗੇ ਲੱਗਦੇ।ਸ਼ਿਵਚਰਨ ਤਾਂ ਉਸਨੂੰ ਮਤਾਬੀ ਲਾਟ ਵਰਗਾ ਲੱਗਦਾ ਸੀ ਜੋ ਗਿਆਨ ਦੀ ਲੋਅ ਹੀ ਨਹੀਂ ਵੰਡਦਾ ਸੀ ਸਗੋਂ ਜੁਗਨੂੰਆਂ ਨੂੰ ਆਪਣੇ ਵੱਲ ਆਕਰਸ਼ਤ ਕਰਨ ਦੀ ਸਮਰੱਥਾ ਵੀ ਰੱਖਦਾ ਸੀ।ਉਸਦੀ ਮਿਲਣੀ ਕੁਲਵੀਰ ਮੈਡਮ ਨੂੰ ਹੌਲ਼ਾ ਫੁੱਲ ਵਰਗਾ ਕਰ ਦਿੰਦੀ ਸੀ।

ਹੁਣ ਕਲਾਸਾਂ ਸ਼ੁਰੂ ਹੋ ਗਈਆਂ ਸਨ।ਸ਼ਿਵਚਰਨ ਤੇ ਸਿਕੰਦਰ ਵੀ ਹੁਣ ਲਾਇਬ੍ਰੇਰੀ ਵਿੱਚ ਘੱਟ ਜਾਣ ਲੱਗ ਪਏ ਸਨ।ਗੋਖਾ ਵੀ ਹੁਣ ਗੇੜੀਆਂ-ਛੇੜੀਆਂ ਘਟਾ ਕੇ ਇਨ੍ਹਾਂ ਨਾਲ਼ ਕਲਾਸਾਂ ਵਿੱਚ ਆ ਰਲ਼ਿਆ ਸੀ।ਸ਼ਿਵਚਰਨ ਨੇ ਸਮਾਜ-ਸ਼ਾਸ਼ਤਰ ਰੱਖੀ ਹੋਈ ਸੀ।ਸਿਕੰਦਰ ਤੇ ਗੋਖੇ ਨੇ ਮਨੋਵਿਗਿਆਨ।ਇਹ ਇਨ੍ਹਾਂ ਦੇ ਪਸੰਦੀਦੇ ਵਿਸ਼ੇ ਸਨ।ਸਮਾਜ ਸ਼ਾਸ਼ਤਰ ਦੇ ਪ੍ਰੋਫ਼ੈਸਰ ਪ੍ਰੇਮ ਸ਼ਰਮਾ ਸ਼ਿਵਚਰਨ ਨੂੰ ਆਪਣੇ ਮਾਰਗ ਦਰਸ਼ਕ ਲੱਗਦੇ ਸਨ।ਉਨ੍ਹਾਂ ਦੀ ਸਮਾਜ ਪ੍ਰਤੀ ਚੇਸ਼ਟਾ ਸ਼ਿਵਚਰਨ ਨੂੰ ਬਹੁਤ ਪ੍ਰਭਾਵਿਤ ਕਰਦੀ ਸੀ।ਉਨ੍ਹਾਂ ਨੇ ਕਈ ਦੇਸ਼ਾਂ ਦੇ ਸਮਾਜ ਦਾ ਆਲੋਚਨਾਤਮਕ ਅਧਿਐਨ ਕੀਤਾ ਹੋਇਆ ਸੀ।ਉਹ ਸਮਾਜ ਦੀ ਇੱਕ ਚੱਲਦੀ ਫਿਰਦੀ ਸੰਸਥਾ ਸਨ।ਉਹ ਹਮੇਸ਼ਾ ਹੀ ਵਿਦਿਆਰਥੀਆਂ ਨੂੰ ਆਖਦੇ ਸਨ ਕਿ,"ਸਮਾਜ-ਸ਼ਾਸ਼ਤਰ ਕੇਵਲ ਪ੍ਰੀਖਿਆ ਦਾ ਵਿਸ਼ਾ ਨਹੀਂ ਹੈ,ਇਹ ਜ਼ਿੰਦਗੀ ਨੂੰ ਜਿਉਣਾ ਸਿਖਾਉਂਦਾ ਹੈ ਕਿ ਕਿਵੇਂ ਤੁਸੀਂ ਜੀਵੋ ਕਿ ਸਮਾਜ ਨੂੰ ਜੀਣ ਦਾ,ਵਧਣ-ਫੁੱਲਣ ਦਾ ਬਲ ਮਿਲ਼ ਸਕੇ। "

ਸ਼ਰਮਾ ਜੀ ਦੀਆਂ ਗੱਲਾਂ ਬਹੁਤੇ ਵਿਦਿਆਰਥੀਆਂ ਦੇ ਪੱਲੇ ਨਾ ਪੈਂਦੀਆਂ।ਇਸ ਕਰਕੇ ਹੀ ਬਹਤੇ ਵਿਦਿਆਰਥੀਆਂ ਨੇ ਵਿਸ਼ਾ ਤਬਦੀਲ ਕਰ ਲਿਆ ਸੀ।ਸ਼ਿਵਚਰਨ ਤੇ ਗਗਨ ਸ਼ਰਮਾ ਤਾਂ ਪ੍ਰੇਮ ਸ਼ਰਮਾ ਜੀ ਦੇ ਵਿਚਾਰਾਂ ਦੇ ਸ਼ੁਦਾਈ ਹੋ ਗਏ ਸਨ।ਵਿਚਾਰਾਂ ਦਾ ਸੰਯੋਗ ਉਨ੍ਹਾਂ ਨੂੰ ਸ਼ਰਮਾ ਜੀ ਦੇ ਬਹੁਤ ਨੇੜੇ ਲੈ ਆਇਆ ਸੀ।ਗੋਖਾ ਤੇ ਸਿਕੰਦਰ ਮਨੋਵਿਗਿਆਨ ਪੜ੍ਹਦੇ ਇੱਕ ਦੂਜੇ ਦੇ ਬਹਤ ਗੂੜ੍ਹੇ ਮਿੱਤਰ ਬਣ ਗਏ ਸਨ।

ਹੁਣ ਉਹ ਤਿੰਨੇ ਹੀ ਰੋਜ਼ਾਨਾ ਕਾਲਜ ਆਉਂਦੇ ਸਨ।ਸ਼ਿਵਚਰਨ ਹੁਣ ਘਰ ਤੋਂ ਰੋਟੀ ਨਹੀਂ ਸੀ ਲੈ ਕੇ ਆਉਂਦਾ ਸਗੋਂ ਸਿਕੰਦਰ ਦੀ ਭੈਣ ਹੀ ਦੋਹਾਂ ਦੀ ਰੋਟੀ ਤਿਆਰ ਕਰ ਦਿੰਦੀ ਸੀ।ਉਸਦਾ ਇਸ ਘਰ ਨਾਲ਼ ਮੋਹ ਹੋਰ ਵੀ ਗੂੜ੍ਹਾ ਹੋ ਗਿਆ ਸੀ।ਹੁਣ ਉਹ ਕਦੇ-ਕਦੇ ਕਾਲਜ ਤੋਂ ਬਾਅਦ ਵੀ ਇਕੱਠੇ ਹੋ ਜਾਂਦੇ ਸਨ।ਉਨ੍ਹਾਂ ਦੀ ਮਿਲਣੀ ਮੰਡੀਹਰ ਮੁੰਡਿਆਂ ਵਰਗੀ ਨਾ ਹੁੰਦੀ ਸਗੋਂ ਕੋਈ ਨਾ ਕੋਈ ਗੰਭੀਰ ਮੁੱਦਾ ਉਨ੍ਹਾਂ ਦੀ ਵਾਰਤਾਲਾਪ ਦਾ ਅਧਾਰ ਹੁੰਦਾ।ਉਹ ਤਰਕਸ਼ੀਲ ਵਿਚਾਰਾਂ ਦੀ ਹੋਂਦ ਕਾਰਨ ਚਿੱਕੜ-ਨੁਮਾ ਸਮਾਜ ਨੂੰ ਜਾਤਾਂ-ਪਾਤਾਂ,ਨਸਲਾਂ ਆਦਿ 'ਚੋਂ ਬਾਹਰ ਕੱਢਣਾ ਚਾਹੁੰਦੇ ਸਨ।ਗੋਖਾ ਹੈ ਤਾਂ ਤਰਕਸ਼ੀਲ ਸੀ ਪਰ ਕਦੇ-ਕਦੇ ਪਿੱਛ-ਲੱਗੂ ਵਿਚਾਰ ਉਸ 'ਤੇ ਹਾਵੀ ਹੋ ਜਾਇਆ ਕਰਦੇ ਸਨ।ਉਹ ਥੋੜ੍ਹਾ ਅੰਧ-ਵਿਸ਼ਵਾਸੀ ਵੀ ਸੀ।ਉਸਦੀ ਸ਼ਖਸੀਅਤ ਕਾਗ਼ਜ਼ ਦੀ ਬੇੜੀ ਵਰਗੀ ਸੀ ਜੋ ਦੋ ਕਣੀਆਂ ਨਾਲ਼ ਡੁੱਬ ਵੀ ਸਕਦੀ ਸੀ ਤੇ ਕਦੀ-ਕਦੀ ਪੁੱਠੀ ਸਿੱਧੀ ਜਿਹੀ ਹੋ ਕੇ ਪਾਰ ਵੀ ਲੰਘ ਸਕਦੀ ਸੀ।ਦੁਚਿੱਤੀ ਦਾ ਉਹ ਬਹੁਤ ਵੱਡਾ ਸਬੂਤ ਸੀ।ਉਹ ਮਾਪਿਆਂ ਦਾ ਇਕਲੌਤਾ ਪੁੱਤਰ ਸੀ ਅਤੇ ਜ਼ਮੀਨ ਜਾਇਦਾਦ ਦਾ ਮਾਲਕ ਸੀ।ਮਿੱਟੀ ਨਾਲ਼ ਮੋਹ ਰੱਖਦਾ ਸੀ।ਸਿਆਣਾਂ ਵਾਂਗ ਵੰਡੀਆਂ ਪਾਉਣ ਵਾਲ਼ਾ ਨਹੀਂ ਸੀ।ਗੋਖਾ ਆਪਣੇ ਨਾਂ ਨਾਲ਼ 'ਸੋਢਾ' ਲਗਾਉਂਦਾ ਹੁੰਦਾ ਸੀ।'ਸੋਢੇ' ਗੋਤ ਵਾਲ਼ਿਆਂ ਦਾ ਇਸ ਇਲਾਕੇ ਵਿੱਚ ਬਹੁਤ ਸਤਿਕਾਰ ਸੀ।ਉਹ ਵੀ ਹੁੱਬ ਕੇ ਆਖਦਾ ਹੁੰਦਾ ਸੀ ਕਿ,"ਮੈਂ ਸੋਢਿਆਂ ਦਾ ਸ਼ੌਕੀਨ ਪੁੱਤ ਹਾਂ। "

ਤਿੰਨਾਂ ਦੀ ਦੋਸਤੀ ਨੂੰ ਕਾਲਜ ਤੇ ਉਨ੍ਹਾਂ ਦੇ ਆਪਣੇ-ਆਪਣੇ ਪਿੰਡਾਂ ਵਿੱਚ ਮੋਹ ਤੇ ਸਤਿਕਾਰ ਦੀ ਨਿਗ੍ਹਾ ਨਾਲ਼ ਦੇਖਿਆ ਜਾਂਦਾ ਸੀ।ਇਨ੍ਹਾਂ ਤਿੰਨਾਂ ਦੀ ਦੋਸਤੀ ਦੀਆਂ ਤਾਰੀਫ਼ਾਂ ਨੇ ਕੁਲਵੀਰ ਮੈਡਮ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ। ਮੈਡਮ ਨੇ ਉਨ੍ਹਾਂ ਦੀ ਹਮ-ਜਮਾਤੀ ਗਗਨ ਕੋਲ਼ ਵੀ ਇਨ੍ਹਾਂ ਦੀ ਦੋਸਤੀ ਤੇ ਇਨ੍ਹਾਂ ਦਾ ਸ਼ਬਦ ਨਾਲ਼ ਅਥਾਹ ਮੋਹ ਹੋਣ ਦੀ ਤਾਰੀਫ਼ ਕੀਤੀ ਤਾਂ ਉਹ ਵੀ ਇਨ੍ਹਾਂ ਦੇ ਬਹੁਤ ਨੇੜੇ ਹੋ ਗਈ ਸੀ।

ਗਗਨ ਖੁਰਮਾਣੀ ਤੋਂ ਪੰਡਿਤਾਂ ਦੀ ਕੁੜੀ ਸੀ ।ਇਹ ਪਿੰਡ ਹਮੀਦੀ ਤੇ ਅਮਲਾ ਸਿੰਘ ਵਾਲ਼ਾ ਦੇ ਨੇੜੇ ਜਿਹੇ ਹੀ ਪੈ ਜਾਂਦਾ ਸੀ।ਇਹ ਹਮੀਦੀ ਵਾਲ਼ੇ ਰੋਡ ਤੋਂ ਮੀਲ ਕੁ ਦੀ ਵਿੱਥ 'ਤੇ ਪਿਛਾਂਹ ਹਟਵਾਂ ਸੀ।ਇਸ ਮੇਨ ਰੋਡ 'ਤੇ ਹੀ ਖੁਰਮਾਣੀ ਦਾ ਬੱਸ ਸਟਾਪ ਸੀ।ਗਗਨ ਉੱਥੋਂ ਆ ਕੇ ਹੀ ਬਰਨਾਲ਼ੇ ਵਾਲ਼ੀ ਬੱਸ ਫੜਦੀ ਹੁੰਦੀ ਸੀ।ਉਹ ਪੜ੍ਹਾਈ ਵਿੱਚ

ਬਹੁਤ ਹੁਸ਼ਿਆਰ ਸੀ।ਸਮਾਜ ਸੇਵਾ ਕਰਨ ਵਿੱਚ ਮਾਣ ਮਹਿਸੂਸ ਕਰਦੀ ਸੀ।ਉਸਦੀ ਸਮਾਜ ਸੇਵਾ ਤੋਂ ਉਸਦਾ ਪਰਿਵਾਰ ਕਈ ਵਾਰ ਪਰੇਸ਼ਾਨ ਹੋ ਜਾਂਦਾ ਸੀ।ਉਸਦੇ ਪਰਿਵਾਰ ਵਿੱਚ ਮਾਤਾ-ਪਿਤਾ ਤੇ ਇੱਕ ਨਿੱਕੀ ਭੈਣ ਸੀ।ਉਸਦਾ ਪਿਤਾ ਪਿੰਡ ਦੇ ਹੀ ਮੰਦਿਰ ਦਾ ਪੁਜਾਰੀ ਸੀ।ਉਹ ਧਾਰਮਿਕ ਰਹੁ-ਰੀਤਾਂ ਤੋਂ ਵਾਕਿਫ਼ ਸੀ ਪਰ ਕੱਟੜ ਧਾਰਮਿਕ ਨਹੀਂ ਸੀ।ਉਹ ਤਾਂ ਹਮੇਸ਼ਾ ਇਹੀ ਆਖਦੀ ਹੁੰਦੀ ਸੀ ਕਿ,"ਧਾਰਮਿਕ ਗ੍ਰੰਥ ਮਨ ਦੀ ਸ਼ੁੱਧੀ ਲਈ ਹੁੰਦੇ ਹਨ,ਇਨਸਾਨਾਂ ਅੰਦਰ ਸੁਹਜ਼ ਦੀ ਸਿਰਜਣਾ ਲਈ ਨਾ ਕਿ ਵੰਡੀਆਂ ਪਾਉਣ ਲਈ। "

ਗਗਨ, ਸ਼ਿਵਚਰਨ ਦੀ ਸ਼ਖਸੀਅਤ ਦਾ ਪੂਰਕ ਸੀ।ਇਸ ਲਈ ਕਿਤਾਬਾਂ ਦੇ ਮੋਹ ਤੇ ਵਿਚਾਰਾਂ ਦੀ ਸਾਂਝ ਨੇ ਦੋਹਾਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਂਦਾ ਸੀ।ਦੋਸਤੀ ਹੁਣ ਪੀਡ਼੍ਹੀ ਹੋ ਗਈ ਸੀ।ਉਨ੍ਹਾਂ ਦੀ ਆਪਸੀ ਤੇ ਵਿਚਾਰਾਂ ਦੀ ਨੇੜਤਾ ਦੂਜੇ ਵਿਦਿਆਰਥੀਆਂ ਲਈ ਚੇਤਨਾ ਦਾ ਕੰਮ ਕਰ ਰਹੀ ਸੀ।ਇਹ ਚਾਰੇ ਮਿਲ਼ ਕੇ ਅਜਿਹੀ ਸੰਸਥਾ ਬਣ ਜਾਂਦੇ ਸਨ ਜੋ ਕਾਲਜ ਲਈ ਹਮੇਸ਼ਾ ਚੰਗਾ ਸਿਰਜਣ ਲਈ ਤਤਪਰ ਰਹਿੰਦੇ ਸਨ।ਤੰਗ ਸੋਚ ਵਾਲ਼ੇ ਵਿਦਿਆਰਥੀਆਂ ਤੇ ਅਧਿਆਪਕਾਂ ਲਈ ਉਹ ਚਿੰਤਾ ਦਾ ਵਿਸ਼ਾ ਵੀ ਸਨ ਕਿਉਂਕਿ ਇਹ ਲੋਕ ਧਰਮ ਦੇ ਠੇਕੇਦਾਰ ਤੇ ਜਾਤਾਂ-ਪਾਤਾਂ ਦੇ ਜ਼ੁਕਾਮ ਨਾਲ਼ ਬਿਮਾਰ ਤੇ ਪੜ੍ਹੀਆਂ ਲਿਖੀਆਂ ਸ਼ਖਸੀਅਤਾਂ ਸਨ।ਜਿਵੇਂ ਕਿ ਪ੍ਰੋਫ਼ੈਸਰ ਅਸਲਮ।ਫੇਰ ਵੀ ਇਨ੍ਹਾਂ ਸਾਰਿਆਂ ਦੀ ਦੋਸਤੀ ਦਾ ਬੋਹੜ ਇੰਝ ਹੀ ਪਲ਼ਦਾ ਤੇ ਮੌਲਦਾ ਰਿਹਾ।

---

*

## ਕਾਂਡ-3

ਹੁਣ ਕਾਲਜ ਦੀਆਂ ਕਲਾਸਾਂ ਲੱਗਦੀਆਂ ਨੂੰ ਕਈ ਮਹੀਨੇ ਹੋ ਗਏ ਸਨ। ਸ਼ਿਵਚਰਨ,ਗਗਨ,ਗੋਖਾ ਤੇ ਸਿਕੰਦਰ ਦੀ ਦੋਸਤੀ ਹੋਰ ਵੀ ਗੂੜ੍ਹੀ ਹੋ ਗਈ ਸੀ।ਉਹ ਪ੍ਰੇਮ ਸ਼ਰਮਾ ਤੇ ਕੁਲਵੀਰ ਮੈਡਮ ਦਾ ਵੀ ਹਰਮਨ-ਪਿਆਰਾ ਗਰੁੱਪ ਬਣ ਗਿਆ ਸੀ।ਪ੍ਰੋਫ਼ੈਸਰ ਇਨ੍ਹਾਂ ਨਾਲ਼ ਇਸ ਤਰ੍ਹਾਂ ਘੁਲ਼-ਮਿਲ਼ ਗਏ ਸਨ ਜਿਵੇਂ ਇਨ੍ਹਾਂ ਨਾਲ਼ ਚਿਰਾਂ ਦੀ ਸਾਂਝ ਹੋਵੇ। ਸ਼ਿਵਚਰਨ ਤਾਂ ਉਨ੍ਹਾ ਲਈ ਇੱਕ ਚਾਨਣ-ਮੁਨਾਰਾ ਵਿਦਿਆਰਥੀ ਹੋ ਗਿਆ ਸੀ।

ਪ੍ਰੇਮ ਸ਼ਰਮਾ ਜੀ ਲਾਅਨ 'ਚ ਝੌਂਪੜੀ-ਨੁਮਾ ਬਣੀ ਛਤਰੀ ਹੇਠ ਬੈਠੇ ਕਿਤਾਬ ਪੜ੍ਹ ਰਹੇ ਸਨ। ਗਗਨ ਤੇ ਸ਼ਿਵਚਰਨ ਨੇ ਉਨ੍ਹਾਂ ਦੇ ਸਾਹਮਣੇ ਪੱਥਰ ਦੀਆਂ ਬਣੀਆਂ ਕੁਰਸੀਆਂ ਕੋਲ਼ ਆ ਕੇ ਰਾਮ-ਰਾਮ ਬੁਲਾਈ ਤਾਂ ਉਹ ਦੋਹਾਂ ਨੂੰ ਦੇਖ ਕੇ ਬਹੁਤ ਖ਼ੁਸ਼ ਹੋਏ।ਉਨ੍ਹਾਂ ਨੇ ਸ਼ਿਵਚਰਨ ਤੋਂ ਕਈ ਦਿਨਾਂ ਤੋਂ ਨਜ਼ਰ ਨਾ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਜਵਾਬ ਦਿੰਦੇ ਹੋਏ ਆਖਿਆ,

"ਸਰ!..ਅੱਬੂ ਬਿਮਾਰ ਸਨ।"

"ਅੱਬੂ!" ਸ਼ਰਮਾ ਜੀ ਨੇ ਹੈਰਾਨੀ ਨਾਲ਼ ਪੁੱਛਿਆ।

"ਹਾਂ..ਜੀ..ਅੱਬੂ।" ਸ਼ਿਵਚਰਨ ਨੇ ਸਧਾਰਨ ਜਿਹਾ ਉੱਤਰ ਦਿੱਤਾ।

"ਸ਼ਿਵਚਰਨ ਦਾ......ਅੱਬੂ ਕਿਵੇਂ ਹੋ ਸਕਦਾ ਬਈ ?" ਸ਼ਰਮਾ ਜੀ ਫਿਰ ਹੈਰਾਨੀ ਜਿਹੀ 'ਚ ਹੀ ਬੋਲੇ।

"ਨਹੀਂ ਜੀ, ਸ਼ਿਵਚਰਨ ਦਾ ਤਾਂ ਬਾਪੂ ਏ ਪਰ ਗੁਲਜ਼ਾਰੀ ਦਾ ਤਾਂ ਅੱਬੂ ਹੀ ਹੈ ਜੀ।"

ਸ਼ਿਵਚਰਨ ਸੁਭਾਵਿਕ ਜਿਹੇ ਹੀ ਉੱਤਰ ਦੇਈ ਜਾ ਰਿਹਾ ਸੀ ਪਰ ਉਸਦੀਆਂ ਜਵਾਬੀ ਸਤਰਾਂ ਨੇ ਸ਼ਰਮਾ ਜੀ ਨੂੰ ਪਰੇਸ਼ਾਨ ਕਰ ਦਿੱਤਾ ਸੀ। ਸ਼ਰਮਾ ਜੀ ਨੇ ਫਿਰ ਹੈਰਾਨੀ ਨਾਲ਼ ਪੁੱਛਿਆ-

"ਇਹ ਗੁਲਜ਼ਾਰੀ ਕੌਣ ਏ ਬਈ?"

"ਜੀ ਮੈਂ..."

"ਤੇਰੇ ਪਿਤਾ ਜੀ ਦਾ ਨਾਂ ਕੀ ਏ?"

"ਜੀ ਵਕੀਲ ਮੁਹੰਮਦ।"

"ਫਿਰ..ਇਹ ਚਿਰੰਜੀ ਲਾਲ ਕੌਣ ਏ?"

ਸ਼ਰਮਾ ਜੀ ਨੇ ਭਾਵੁਕ ਹੁੰਦਿਆਂ ਰਜਿਸਟਰ ਦੇ ਪੰਨੇ ਫ਼ਰੋਲ਼ਦੇ ਹੋਏ ਪੁੱਛਿਆ। ਸ਼ਾਇਦ ਉਹ ਰਜਿਸਟਰ ਤੋਂ ਸ਼ਿਵਚਰਨ ਦਾ ਨਾਂ ਵੈਰੀਫ਼ਾਈ ਕਰ ਰਹੇ ਸਨ। ਗਗਨ ਉਨ੍ਹਾਂ ਦੋਵਾਂ ਦੀ ਵਾਰਤਾਲਾਪ ਸੁਣ ਕੇ ਆਪ ਚਕਾਚੌਂਧ ਜਿਹੀ ਹੋਈ ਬੈਠੀ ਸ਼ਿਵਚਰਨ ਦੇ ਮੂੰਹ ਵੱਲ ਦੇਖ ਰਹੀ ਸੀ। ਫਿਰ ਸ਼ਿਵਚਰਨ ਨੇ ਸ਼ਰਮਾ ਜੀ ਨੂੰ ਪਰੇਸ਼ਾਨ ਦੇਖ ਕੇ ਆਪਣੀ ਹੋਂਦ ਨੂੰ

ਭਾਵੁਕਤਾ ਸਹਿਤ ਸ਼ਰਮਾ ਜੀ ਨਾਲ਼ ਸਾਂਝੇ ਕਰਨ ਹਿਤ ਕਿਹਾ,"ਜੀ...ਚਿਰੰਜੀ ਲਾਲ ਮੇਰਾ ਦੁਨੀਆਂ ਵਿੱਚ ਅਉਣ ਦਾ ਸਬੱਬ ਏ ਤੇ ਵਕੀਲ ਮੁਹੰਮਦ ਮੇਰੀ ਦੁਨੀਆਂ ਤੇ ਮੈਂ.......ਮੈਂ ਆਪਣੀ ਦੁਨੀਆਂ ਦੀ ਗੁਲਜ਼ਾਰ ਉਰਫ਼ ਗੁਲਜ਼ਾਰੀ।"

ਇਹ ਗੱਲ ਸੁਣ ਕੇ ਸ਼ਰਮਾ ਜੀ ਨੇ ਹੱਥ ਵਾਲ਼ੀ ਕਿਤਾਬ ਤੇ ਰਜਿਸਟਰ ਪਰ੍ਹਾਂ ਰੱਖ ਦਿੱਤਾ ਅਤੇ ਹੈਰਾਨੀ ਨਾਲ਼ ਸ਼ਿਵਚਰਨ ਨੂੰ ਦੇਖਣ ਲੱਗ ਪਏ।ਫਿਰ ਕੁਛ ਚਿਰ ਚੁੱਪ ਰਹਿਣ ਮਗਰੋਂ ਬੋਲੇ,"ਸ਼ਿਵਚਰਨ! ਮੈਂ ਤੈਨੂੰ ਕਿਸ ਸਫ਼ੇ ਤੋਂ ਪੜ੍ਹਾਂ ਕਿ ਮੇਰੇ ਸਾਰੇ ਸੰਸੇ ਦੂਰ ਹੋ ਜਾਵਣ?"

"ਸਰ ਜੀ! ਸ਼ਿਵਚਰਨ ਕੋਈ ਗ੍ਰੰਥ ਨਹੀਂ... ਕਿ ਇਸਦੇ ਸਫ਼ੇ ਫ਼ਰੋਲ਼ੇ ਜਾਣ,ਇਹ ਤਾਂ ਉਹ ਦਸਤਾਵੇਜ਼ ਏ ਜਿਸ ਉੱਪਰ ਸਮਾਜ ਦੀ ਪ੍ਰਵਾਨਗੀ ਦੀ ਮੋਹਰ ਵੀ ਬਹੁਤ ਔਖੀ ਲੱਗੀ ਏ ਤੇ ਕਈ ਤਾਂ ਅਜੇ ਵੀ ਇਸਨੂੰ ਜਾਅਲੀ ਦਸਤਾਵੇਜ਼ ਹੀ ਦੱਸਦੇ ਨੇ ਜੀ।" ਕਹਿ ਕੇ ਉਹ ਉਦਾਸ ਜਿਹਾ ਹੋ ਗਿਆ।

"ਗਗਨ! ਤੂੰ ਹੀ ਦੱਸ ਭਾਈ...ਇਸ ਗੁੱਝੇ ਭੇਦ ਦਾ ਰਾਜ਼।" ਸ਼ਰਮਾ ਜੀ ਨੇ ਗਗਨ ਵੱਲ ਇਸ਼ਾਰਾ ਕਰਦਿਆਂ ਕਿਹਾ ਤਾਂ ਉਹ ਪਹਿਲਾਂ ਹੀ ਗੱਲਾਂ ਸੁਣ ਕੇ ਪਰੇਸ਼ਾਨ ਹੋਈ ਲੱਗਦੀ ਸੀ ਅਤੇ ਹੈਰਾਨੀ ਵਿੱਚ ਹੀ ਸਿਰ ਫ਼ੜਕੇ ਬੋਲੀ,"ਮੈਂ ਤਾਂ ਆਪ ਹੈਰਾਨ ਆਂ ਜੀ ਕਿ ਸ਼ਿਵਚਰਨ ...ਸ਼ਿਵਚਰਨ ਏ ਜਾਂ ਮਜ਼੍ਹਬਾਂ ਦਾ ਮੁਜੱਸਮਾ।"

"ਫਿਰ ਤਾਂ ਬੱਚੂ ਪਹਿਲਾਂ ਤੈਨੂੰ ਆਪਣੇ ਦਸਤਾਵੇਜ਼ ਦੀ ਕਹਾਣੀ ਆਪ ਹੀ ਬਿਆਨ ਕਰਨੀ ਪਊ,ਫੇਰ ਹੀ ਅਸੀਂ ਤੈਨੂੰ ਕੁਛ ਸਮਝ ਪਾਵਾਂਗੇ।"

ਸ਼ਰਮਾ ਜੀ ਨੇ ਠੀਕ ਹੋ ਕੇ ਬੈਠਦਿਆਂ ਕਿਹਾ ਤਾਂ ਉਹ ਉਦਾਸ ਚਿਤ ਹੀ ਬੋਲਿਆ, "ਸਮਝਣਾ ਕੀ ਏ, ਸਰ ਜੀ!...ਮੈਂ..ਬਸ ਵਕਤ ਦੇ ਉਤਰਾਅ-ਚੜ੍ਹਾਅ ਤੇ ਇਨਸਾਨੀ ਮੁਹੱਬਤ ਦਾ ਉਹ ਬੂਟਾ ਹਾਂ ਜਿਸਨੂੰ ਹਰ ਕੋਈ ਆਪਣੀ ਸਮਝ ਨਾਲ਼ ਪਾਲ਼ਦਾ ਏ,ਕੋਈ ਦਿਲ ਦੇ ਵਿਹੜੇ ਲਗਾ ਲੈਂਦਾ ....ਤੇ ਕੋਈ ਦਿਮਾਗ ਦੇ ਖੂੰਜੇ ਬਿਠਾ ਲੈਂਦਾ।"

ਉਸਨੇ ਆਪਣੇ ਜਨਮ,ਬਚਪਨ,ਪਿਤਾ ਦੀ ਮੌਤ,ਰੂੜ੍ਹੀਵਾਦੀ ਸੋਚ ਦਾ ਖਮਿਆਜ਼ਾ,ਵਕੀਲ ਮੁਹੰਮਦ ਦੀ ਆਮਦ ਤੇ ਆਸ਼ਾ ਤੋਂ ਵਕੀਲਾਂ ਬਣੀ ਅਪਣੀ ਮਾਂ ਤੇ ਮਾਂ ਦਾ ਰੁਖ਼ਸਤ ਹੋਣਾ ਸਾਰੀ ਕਹਾਣੀ ਸ਼ਰਮਾ ਜੀ ਤੇ ਗਗਨ ਅੱਗੇ ਬਿਆਨ ਕਰ ਦਿੱਤੀ।ਉਹ ਆਪ ਬੀਤੀ ਦੱਸਦਾ ਹੋਇਆ ਕਈ ਵਾਰੀ ਭਾਵੁਕ ਹੋਇਆ।ਦਸ ਵਜੇ ਤੋਂ ਲੈ ਕੇ ਹੁਣ ਇੱਕ ਵੱਜ ਗਿਆ ਸੀ।ਸ਼ਰਮਾ ਜੀ ਨੇ ਨਾ ਕੋਈ ਕਲਾਸ ਲਗਾਈ ਤੇ ਨਾ ਹੀ ਗਗਨ ਤੇ ਸ਼ਿਵਚਰਨ ਕੋਈ ਕਲਾਸ ਲਗਾਉਣ ਗਏ।ਉਸਦੀਆਂ ਗੱਲਾਂ ਸੁਣ ਕੇ ਉਹ ਬੁੱਤ ਬਣੀ ਬੈਠੀ ਸੀ।ਉਹ ਡੌਰ-ਭੌਰ ਦੇਖਦੀ ਹੋਈ ਬੋਲੀ, "ਮੈਨੂੰ...ਤੇਰਾ ਨਾਂ 'ਗੁਲਜ਼ਾਰੀ' ਬਹੁਤ ਸੋਹਣਾ ਲੱਗਿਆ।"

"ਤੈਨੂੰ ਹੈਰਾਨੀ ਨੀ ਹੋਈ?"

"ਨਹੀਂ,ਸਗੋਂ ਰੂਹ ਖਿੜ ਗਈ ਏ,ਤੂੰ ਤਾਂ ਮਜ਼੍ਹਬਾਂ ਦਾ ਉਹ ਚਿਰਾਗ ਏਂ,ਜਿਸਨੇ ਲੋਕਾਂ ਦੇ ਬੀਆਬਾਨ ਦਿਲ 'ਚ ਮੁਹੱਬਤ ਦੇ ਚਿਰਾਗ ਬਾਲਣੇ ਨੇ,ਸ਼ਿਵਚਰਨ!...ਤੂੰ ਹੀ ਤਾਂ ਏਂ ਜਿਸਨੇ ਮੁਹੱਬਤ ਦੇ ਬੁਝਦੇ ਹੋਏ ਦੀਵਿਆਂ ਨੂੰ ਆਪਣੀ ਹੋਂਦ ਨਾਲ਼ ਬਲ਼ਦੇ ਰੱਖਣਾ ਏ।"

"ਯਾਰ! ਤੂੰ ਤਾਂ ਤੁਰਦਾ ਫਿਰਦਾ ਸਮਾਜ ਸ਼ਾਸ਼ਤਰ ਏਂ,ਮੈਂ ਤਾਂ ਐਵੇਂ ਕਿਤਾਬਾਂ 'ਚੋਂ ਟੋਲ਼ਦਾ ਫਿਰਦਾਂ,ਜਿਉਂਦਾ ਵਸਦਾ ਰਹਿ ..ਤੇਰੀ ਉਮਰ ਲੰਮੇਰੀ ਹੋਵੇ।" ਸ਼ਰਮਾ ਜੀ ਨੇ ਬੁੱਕਲ਼ 'ਚ ਲੈ ਕੇ ਉਸਨੂੰ ਘੁੱਟਦਿਆਂ ਕਿਹਾ।

ਗੋਖਾ ਤੇ ਸਿਕੰਦਰ ਉਨ੍ਹਾਂ ਵੱਲ ਹੀ ਤੁਰੇ ਆ ਰਹੇ ਸਨ।ਸ਼ਰਮਾ ਜੀ ਨੂੰ ਰਾਮ-ਰਾਮ ਬੁਲਾ ਕੇ ਉਨ੍ਹਾਂ ਨੇ ਸ਼ਿਵਚਰਨ ਨੂੰ ਨਾਲ਼ ਚੱਲਣ ਲਈ ਆਖਿਆ ਤਾਂ ਉਸਨੇ ਕਿਹਾ,"ਤੁਸੀਂ ਚਲੇ ਜਾਓ,ਅੱਜ ਮੈਂ ਲੇਟ ਆਵਾਂਗਾ,ਬਜ਼ਾਰ ਕੰਮ ਕਰਨ ਵਾਲ਼ੇ ਨੇ।"

ਉਹ ਦੋਵੇਂ ਹੈਰਾਨ ਜਿਹੇ ਹੋ ਕੇ ਤੁਰ ਗਏ ਤੇ ਨਾਲ਼ੇ ਸੋਚ ਰਹੇ ਸੀ,"ਸ਼ਿਵਚਰਨ ਨੇ ਅਜਿਹੇ ਕਿਹੜੇ ਕੰਮ ਕਰਨੇ ਨੇ ਜਿਸ ਵਿੱਚ ਉਸਨੂੰ ਉਨ੍ਹਾਂ ਦੀ ਲੋੜ ਹੀ ਨਾ ਹੋਵੇ।"

ਸ਼ਿਵਚਰਨ ਨੇ ਗਗਨ ਨੂੰ ਵੀ ਜਾਣ ਲਈ ਕਿਹਾ ਪਰ ਉਸਨੇ ਜਾਣ ਤੋਂ ਨਾਂਹ ਕਰ ਦਿੱਤੀ।ਥੋੜ੍ਹਾ ਸਮਾਂ ਉਹ ਸ਼ਰਮਾ ਜੀ ਨਾਲ਼ ਬੈਠੇ ਗੱਲਾਂ ਕਰਦੇ ਰਹੇ ਫਿਰ ਆਸ਼ੀਰਵਾਦ ਲੈ ਕੇ ਉੱਥੋਂ ਬਜ਼ਾਰ ਵੱਲ ਚੱਲ ਪਏ।ਸ਼ਰਮਾ ਜੀ ਦੋਹਾਂ ਨੂੰ ਜਾਂਦਿਆਂ ਨੂੰ ਨੀਝ ਲਾ ਕੇ ਦੇਖਦੇ ਰਹੇ।ਉਹ ਮਨ 'ਚ ਹੀ ਸੋਚਦੇ ਹੋਏ ਬੁੜਬੜਾਏ,"ਇਤਿਹਾਸ ਜ਼ਰੂਰ ਭਵਿੱਖ ਸਿਰਜੇਗਾ।"

ਹੁਣ ਤੱਕ ਉਹ ਦੋਵੇਂ ਕਾਲਜ ਤੋਂ ਬਾਹਰ ਜਾ ਚੁੱਕੇ ਸਨ।ਅਜੇ ਉਹ ਕਾਲਜ ਤੋਂ ਥੋੜ੍ਹੀ ਦੂਰ ਹੀ ਗਏ ਹੋਣਗੇ ਕਿ ਉਨ੍ਹਾਂ ਦੇ ਸੀਨੀਅਰ ਕਲਾਸ ਦੇ ਮੁੰਡੇ ਘੁੱਦਾ ਤੇ ਪਠਾਨੀਆ ਪੰਦਰਾਂ-ਅਠਾਰਾਂ ਵਰ੍ਹਿਆਂ ਦੇ ਮੁੰਡੇ ਨੂੰ ਘੇਰੀ ਖੜ੍ਹੇ ਸਨ।ਦੇਖਦੇ ਹੀ ਦੇਖਦੇ ਉਨ੍ਹਾਂ ਨੇ ਉਸਦੇ ਦੋ ਥੱਪੜ ਜੜ ਦਿੱਤੇ।

ਉਸ ਮੁੰਡੇ ਨੇ ਤੇੜ ਗੰਦੀ ਜਿਹੀ ਚਾਦਰ,ਕੰਨਾਂ 'ਚ ਮੁੰਦਰਾਂ ਤੇ ਕਾਲ਼ਾ ਮੈਲ਼ਾ ਜਿਹਾ ਕੁੜਤਾ ਪਹਿਨ ਰੱਖਿਆ ਸੀ।ਉਹ ਝੁੱਗੀਆਂ-ਝੌਂਪੜੀਆਂ ਵਾਲ਼ਿਆਂ ਦਾ ਮੁੰਡਾ ਲੱਗਦਾ ਸੀ।ਉਨ੍ਹਾਂ ਦੋਹਾਂ ਨੇ ਉਨ੍ਹਾਂ ਦੇ ਕੋਲ਼ ਜਾ ਕੇ ਪੁੱਛਿਆ,"ਕੋਈ ਪਰੇਸ਼ਾਨੀ ਆ ਜੀ ?" ਪਰ ਮੁੰਡੇ ਨੇ ਨਾਂਹ ਵਿੱਚ ਸਿਰ ਹਿਲਾ ਦਿੱਤਾ।ਉਹ ਅੱਗੇ ਲੰਘ ਰਹੇ ਸਨ ਤਾਂ ਉਨ੍ਹਾਂ ਦੇ ਕੰਨਾਂ 'ਚ ਘੁੱਦੇ ਦੇ ਬੋਲ ਪਏ,"ਕਾਰਿਆ! ਜੇ ਗਹਾਂ ਨੂੰ ਗ਼ਲਤੀ ਹੋਈ ਤਾਂ ਤੇਰਾ ਵੀ ਕਾਰਾ ਕਰਕੇ ਛੱਡਾਂਗੇ।"

ਉਨ੍ਹਾਂ ਦੋਹਾਂ ਨੂੰ ਇਹ ਇਲਮ ਜ਼ਰੂਰ ਹੋ ਗਿਆ ਸੀ ਕਿ ਉਸ ਮੁੰਡੇ ਦਾ ਨਾਂ ਹੀ 'ਕਾਰਾ' ਏ।ਘੁੱਦਾ ਤੇ ਪਠਾਨੀਆ ਦੋਵੇਂ ਕਾਲਜ ਦੇ ਵਿਗੜੇ ਕਾਕਿਆਂ ਵਿੱਚੋਂ ਆਉਂਦੇ ਸਨ।ਸ਼ਿਵਚਰਨ ਹੁਰੀਆਂ ਨੇ ਵੀ ਸੁਣ ਰੱਖਿਆ ਸੀ ਕਿ ਰਾਜਨੀਤੀ ਇਨ੍ਹਾਂ ਤੋਂ ਚੰਗੇ-ਮਾੜੇ ਸਭ ਕੰਮ ਕਰਵਾਉਂਦੀ ਆ।

ਉਹ ਗੁਰੂਦੁਆਰਾ ਸਿੰਘ ਸਭਾ ਦੇ ਨਾਲ਼ ਵਾਲ਼ੀ ਗਲ਼ੀ ਪੈ ਕੇ ਕੱਚਾ ਕਾਲਜ ਰੋਡ ਤੋਂ ਫਿਰ ਚਿੰਟੂ ਪਾਰਕ ਕੋਲ਼ ਦੀ ਦਾਣਾ ਮੰਡੀ ਵਿੱਚ ਜਾ ਨਿਕਲ਼ੇ।ਅੱਜ ਉਹ ਪਹਿਲੀ ਵਾਰ ਇਸ ਪਾਸੇ ਆ ਗਏ ਸੀ।ਸ਼ਾਇਦ ਸ਼ਿਵਚਰਨ ਦੇ ਮਨ ਦੀ ਉਦਾਸੀ ਉਨ੍ਹਾਂ ਨੂੰ ਇਸ ਪਾਸੇ ਖਿੱਚ ਲਿਆਈ ਸੀ ਨਹੀਂ ਤਾਂ ਗੱਡਾਖ਼ਾਨਾ ਚੌਂਕ ਤੋਂ ਟੈਂਪੂ ਅੱਡਾ ਤੇ ਫਿਰ ਬੱਸ-ਸਟੈਂਡ ਨੂੰ ਜਾਂਦੇ ਹੁੰਦੇ ਸਨ।ਉਹ ਚੁੱਪ-ਚਾਪ ਤੁਰਦੇ ਹੀ ਜਾ ਰਹੇ ਸੀ।ਸਲ੍ਹਾਬੀਆਂ ਯਾਦਾਂ ਕਈ ਵਾਰ ਮਨ ਨੂੰ ਚਿਤਮਣੀ ਲਾ ਦਿੰਦੀਆਂ ਹਨ।ਸ਼ਿਵਚਰਨ ਇਹੀ ਮਾਨਸਿਕ ਸੰਤਾਪ ਹੰਢਾ ਰਿਹਾ ਸੀ ।ਦਾਣਾ ਮੰਡੀ ਵੱਲ ਨੂੰ ਮੁੜਦੇ ਉਸਨੇ ਗਗਨ ਨੂੰ ਕਿਹਾ," ਗਗਨ! ਤੂੰ ਚਲੀ ਜਾਹ,ਅੱਜ ਮੇਰਾ ਘਰ ਜਲਦੀ ਜਾਣ ਦਾ ਮਨ ਨਹੀਂ।"

"ਨਹੀਂ ਅੱਜ ਮੇਰਾ ਵੀ ਤੈਨੂੰ 'ਕੱਲੇ ਨੂੰ ਛੱਡ ਕੇ ਜਾਣ ਨੂੰ ਦਿਲ ਨਹੀਂ ਕਰਦਾ,ਮੈਂ ਵੀ ਪੰਜ ਵਾਲ਼ੀ ਬੱਸ ਹੀ ਜਾਊਂ।"

ਉਹ ਦੋਵੇਂ ਦਾਣਾ ਮੰਡੀ ਦੇ ਅੰਦਰਲੇ ਪਾਸੇ ਜਿੱਥੇ ਕਪਾਹ ਦੀ ਮੰਡੀ ਲੱਗਦੀ ਹੁੰਦੀ ਆ,ਓਧਰ ਨੂੰ ਮੁੜ ਗਏ।ਸ਼ਿਵਚਰਨ ਤੁਰਿਆ ਜਾਂਦਾ ਸੋਚੀ ਵੀ ਜਾ ਰਿਹਾ ਸੀ ਕਿ ਉਹ ਇਸ ਪਾਸੇ ਅੱਜ ਕਿਉਂ ਜਾ ਰਹੇ ਨੇ।ਪਰ ਉਸਨੂੰ ਇਹ ਨਹੀਂ ਪਤਾ ਸੀ ਕਿ ਇਹ ਰਸਤੇ ਉਸਦੀ ਜ਼ਿੰਦਗੀ ਦਾ ਮਨੋਰਥ ਬਣ ਜਾਣਗੇ।

ਨਿੱਕੀਆਂ-ਨਿੱਕੀਆਂ ਝੌਂਪੜੀਆਂ ਤੇ ਝੁੱਗੀਆਂ ਦੇ ਬਾਹਰ ਨੰਗ-ਧੜੰਗੇ ਖੇਡਦੇ ਨਿਆਣੇ ਪੂਰੇ ਖ਼ੁਸ਼ੀ ਦੇ ਰੌਂਅ ਵਿੱਚ ਸਨ,ਨਿੱਕੇ-ਨਿੱਕੇ ਕੰਮ ਕਰਦੀਆਂ ਔਰਤਾਂ,ਚਿਹਰੇ 'ਤੇ ਉਦਾਸੀ ਤੇ ਚਿੰਤਾ ਦੇ ਚਿੰਨ੍ਹਾਂ ਤੋਂ ਮੁਕਤ।ਅੱਠ-ਦਸ ਮੁੰਡੇ ਤੇ ਬੰਦੇ ਤਾਸ਼ ਖੇਡ ਰਹੇ ਸਨ।ਥੋੜ੍ਹੀ-ਥੋੜ੍ਹੀ ਵਿੱਥ 'ਤੇ ਨਾਲ਼ੋ-ਨਾਲ਼ ਝੁੱਗੀਆਂ ਬਣੀਆਂ ਹੋਈਆਂ ਸਨ।ਅੱਤ ਦੀ ਗ਼ਰੀਬੀ ਪਰ ਚਿਹਰਿਆਂ 'ਤੇ ਅੱਤ ਦਾ ਸਕੂਨ।ਸਾਰੇ ਹੀ ਵਿਹਲੇ ਪਰ ਸਾਰੇ ਹੀ ਰੁੱਝੇ ਹੋਏ।ਉਹ ਦੋਵੇਂ ਮਹਿਸੂਸ ਕਰ ਰਹੇ ਸਨ ਜਿਵੇਂ ਕਿਸੇ ਨਵੀਂ ਦੁਨੀਆਂ ਵਿੱਚ ਆ ਗਏ ਹੋਣ।ਜਦੋਂ ਉਹ ਝੁੱਗੀਆਂ ਮੂਹਰੇ ਦੀ ਥਾਂ-ਥਾਂ ਡੱਲ੍ਹੇ ਪਾਣੀ ਤੋਂ ਬਚ-ਬਚ ਕੇ ਲੰਘ ਰਹੇ ਸਨ ਤਾਂ ਇੱਕ ਝੌਂਪੜੀ ਵਿੱਚੋਂ 'ਹਮੇਂ ਔਰ ਜੀਨੇ ਕੀ ਚਾਹਤ ਨਾ ਹੋਤੀ… ਅਗਰ ਤੁਮ ਨਾ ਹੋਤੇ…ਅਗਰ ਤੁਮ ਨਾ ਹੋਤੇ' ਗਾਣਾ ਸੁਣਾਈ ਦਿੱਤਾ।ਸ਼ਿਵਚਰਨ ਨੇ ਜਦੋਂ ਝੌਂਪੜੀ ਦੇ ਅੰਦਰ ਨੂੰ ਨਿਗ੍ਹਾ ਮਾਰੀ ਤਾਂ ਓਹੀ ਥੱਪੜ ਵਾਲ਼ਾ ਮੁੰਡਾ 'ਕਾਰਾ' ਢੱਠੀ ਜਿਹੀ ਮੰਜੀ 'ਤੇ ਮੂਧਾ ਪਿਆ ਹੋਇਆ ਸੀ।ਉਹ ਉਨ੍ਹਾਂ ਨੂੰ ਦੇਖ ਕੇ ਥੋੜ੍ਹਾ ਜਿਹਾ ਘਬਰਾਇਆ ਪਰ ਉਹ ਉੱਥੇ ਹੀ ਪਿਆ ਰਿਹਾ।ਉਹ ਦੇਖਦੇ-ਦੇਖਦੇ ਅੱਗੇ ਲੰਘ ਗਏ ਤੇ ਝੌਂਪੜੀਆਂ ਤੋਂ ਅੱਗੇ ਲੰਘ ਕੇ ਸ਼ੈੱਡ ਨਾਲ਼ ਬਣੀ ਛੋਟੀ ਜਿਹੀ ਕੰਧ 'ਤੇ ਜਾ ਬੈਠੇ।ਥੋੜ੍ਹੀ ਦੇਰ ਚੁੱਪ ਰਹਿਣ ਮਗਰੋਂ ਗਗਨ ਬੋਲੀ,"ਸ਼ਿਵਚਰਨ! ਇਨ੍ਹਾਂ ਜ਼ਿੰਦਗੀਆਂ ਵੱਲ ਦੇਖ,ਇੰਝ ਲੱਗਦਾ ਜਿਵੇਂ ਇਨ੍ਹਾ ਦਾ.. ਵਰਤਮਾਨ ਦੁਨੀਆਂ ਨਾਲ਼ ਕੋਈ ਵਾਹ-ਵਾਸਤਾ ਹੀ ਨਾ ਹੋਵੇ।"

"ਹਾਂ…ਚੰਗੇ ਨੇ ਇਹ ਲੋਕ..ਇਨ੍ਹਾਂ ਲੋਕਾਂ ਦੀ ਜ਼ਿੰਦਗੀ..ਨਹੀਂ ਤਾਂ ਨਵੀਂ ਦੁਨੀਆਂ ਦੀਆਂ..ਜਾਤਾਂ-ਪਾਤਾਂ,ਨਸਲਾਂ ਤੇ ਧਰਮਾਂ ਦੀਆਂ ਕੰਧਾਂ ਨੇ ਇਨ੍ਹਾਂ ਦੀ ਖ਼ੁਸ਼ੀ ਨੂੰ ਵੀ ਕੈਦ ਕਰ ਲੈਣਾ ਸੀ।"

"ਫਿਰ ਵੀ,ਕਿਉਂ ਨਾ ਇਨ੍ਹਾਂ ਨਿੱਕੀਆਂ ਜਿੰਦੜੀਆਂ ਦੇ ਮਨ ਵਿਚ ਸ਼ਬਦ ਦਾ ਬੀਜ ਬੀਜੀਏ।"

ਸ਼ਿਵਚਰਨ ਚੁੱਪ-ਚਾਪ ਸੋਚਾਂ 'ਚ ਡੁੱਬਿਆ ਰਿਹਾ।ਗਗਨ ਨੇ ਉਸਨੂੰ ਹਲੂਣਦਿਆਂ ਕਿਹਾ,"ਸ਼ਿਵਚਰਨ! ਕੱਢ ਦੇ ਮਨ 'ਚੋਂ ਅਤੀਤ ਦੇ ਕੰਡੇ,ਮੈਂ ਇਨ੍ਹਾਂ ਕੰਡਿਆਂ ਨੂੰ ਚੁਗਣ ਲਈ ਤੇਰੇ ਨਾਲ਼ ਹਾਂ,ਪਰ ਤੇਰਾ ਉਦਾਸ ਚਿਹਰਾ ਮੈਨੂੰ ਤਕਲੀਫ਼ ਦਿੰਦਾ ਏ।"

ਉਹ ਥੋੜ੍ਹਾ ਸੰਭਲਿਆ ਤੇ ਫਿਰ ਗਗਨ ਦੇ ਬੋਲਾਂ ਨੂੰ,"ਕਿਉਂ ਨਾ ਇਨ੍ਹਾਂ ਦੇ ਮਨਾਂ 'ਚ ਸ਼ਬਦ ਬੀਜ ਬੀਜੀਏ ?" ਉਸਨੇ ਆਪਣੇ ਮੂੰਹ 'ਚ ਹੀ ਦੁਹਰਾਇਆ।ਹੁਣ ਉਸਨੂੰ ਇਹ ਗੱਲ ਹੁਲਾਰਾ ਦੇ ਗਈ ਸੀ।ਉਹ ਇਸ ਵਿਰ੍ਹਵੇ ਅੰਗ ਨੂੰ ਸਮਾਜ ਨਾਲ਼ ਜੋੜਨ ਦਾ ਸੁਪਨਾ ਦੇਖਣ ਲੱਗ ਗਿਆ ਸੀ।ਉਹ ਟਿਕਟਿਕੀ ਲਾ ਕੇ ਇਨ੍ਹਾਂ ਬੱਚਿਆਂ ਨੂੰ ਦੇਖਦਾ ਰਿਹਾ ਤੇ ਫਿਰ ਇਕਦਮ ਉੱਠ ਖਲੋਤਾ ਤੇ ਬੋਲਿਆ,"ਬੜਾ ਔਖਾ ਕਾਰਜ ਏ।"

ਉਹ ਤੇ ਗਗਨ ਹੁਣ ਕਿਲਕਾਰੀਆਂ ਮਾਰਦੇ ਬੱਚਿਆਂ ਕੋਲ਼ ਦੀ ਲੰਘ ਰਹੇ ਸਨ।ਗਗਨ ਚੁੱਪ-ਚਾਪ ਤੁਰੀ ਜਾ ਰਹੀ ਸੀ ਤੇ ਸ਼ਿਵਚਰਨ ਸੋਚ ਰਿਹਾ ਸੀ,"ਪਤਾ ਨੀ ਕਿੰਨੇ ਕੁ ਲੋਕ ਇਸ ਤਰ੍ਹਾਂ ਦੀ ਜ਼ਿੰਦਗੀ ਜਿਉਂ ਰਹੇ ਹੋਣਗੇ,ਸਾਡਾ ਭਾਰਤ 'ਡਿਜੀਟਲ ਇੰਡੀਆ' ਹੋ ਗਿਆ ਏ।ਮੰਗਲ਼ ਖੋਜ਼ ਲਿਆ ਏ ਅਸੀਂ,ਮਨ ਦੀਆਂ ਬਾਤਾਂ ਪਾ ਰਹੇ ਹਾਂ,ਚੰਗੇ ਦਿਨਾਂ ਦੀ ਉਡੀਕ ਖਤਮ ਹੋਣ ਵਾਲ਼ੀ ਹੈ ਪਰ ਇਨ੍ਹਾਂ ਸਾਰਿਆਂ ਵਿੱਚ ਇਹ ਤਨੋ-ਮਨੋ ਨੰਗੇ 'ਅਖੌਤੀ ਇਨਸਾਨ' ਸਾਨੂੰ ਕਿਉਂ ਨਹੀਂ ਨਜ਼ਰ ਆ ਰਹੇ? ਕੀ ਇਹ ਸਰਕਾਰਾਂ ਦੇ ਬਜ਼ਟ ਵਿੱਚ ਨਹੀਂ ਆਉਂਦੇ? ਕੀ ਇਹ ਵਿਕਾਸ ਦੇ ਹਾਸ਼ੀਏ ਤੋਂ ਬਾਹਰ ਨੇ? ਏਨੀ ਵੱਡੀ ਧਰਤੀ 'ਤੇ ਕਿਤੇ ਵੀ ਇਨ੍ਹਾਂ ਦਾ ਨਾਂ ਨਹੀਂ ਬੋਲਦਾ? ਪਟਵਾਰਖਾਨੇ,ਕੀ ਇਨ੍ਹਾਂ ਲਈ ਬੁਝਾਰਤ ਨੇ? ਕੌਣ ਜੋੜੂਗਾ ਇਸ ਟੁੱਟੀ ਤਾਰ ਨੂੰ ਦੁਨੀਆਂ ਨਾਲ਼,ਸਮਾਜ ਨਾਲ਼।ਸਮਾਜ ਸ਼ਾਸ਼ਤਰ ਦੇ ਸਿਧਾਂਤ ਕਦੋਂ ਇਨ੍ਹਾਂ 'ਤੇ ਪੂਰਨ ਰੂਪ ਵਿੱਚ ਲਾਗੂ ਹੋਣਗੇ।"

ਉਹ ਤੁਰਦੇ-ਤੁਰਦੇ ਬਸ ਅੱਡੇ ਕੋਲ਼ ਆ ਚੁੱਕੇ ਸਨ।ਰਸਤੇ ਵਿੱਚ ਗਗਨ ਨੇ ਕਈ ਵਾਰ ਸ਼ਿਵਚਰਨ ਨਾਲ਼ ਗੱਲ ਕਰਨੀ ਚਾਹੀ ਪਰ ਉਸਨੇ ਸੋਚਾਂ ਵਿੱਚ ਡੁੱਬੇ ਨੇ ਹਾਂ…ਹੂੰਅ ਹੀ ਕਰ ਛੱਡੀ ਸੀ।ਹੁਣ ਪੰਜ ਵੱਜ ਚੁੱਕੇ ਸਨ।ਗਗਨ ਮਨ ਹੀ ਮਨ ਸੋਚ ਰਹੀ ਸੀ ਕਿ ਅੱਜ ਤਾਂ ਘਰੇ ਵੀ ਸਾਰੇ ਫਿਕਰ ਕਰਦੇ ਹੋਣਗੇ ਪਰ ਉਸਨੇ ਇਸ ਫਿਕਰ ਨੂੰ ਸ਼ਿਵਚਰਨ ਤੋਂ ਲੁਕੋਈ ਰੱਖਿਆ।ਬੱਸ ਅੱਡੇ ਵੜਦਿਆਂ ਹੀ 'ਹਰਮਨ' ਮਿੰਨੀ ਬੱਸ,ਬੱਸ-ਅੱਡੇ ਤੋਂ ਬਾਹਰ ਨਿੱਕਲ਼ ਰਹੀ

ਸੀ। ਸ਼ਿਵਚਰਨ ਵੀ ਉਸ ਨਾਲ਼ ਹੀ ਬੱਸ ਵਿੱਚ ਚੜ੍ਹ ਗਿਆ। ਗਗਨ ਦੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਹ ਅੱਜ ਮਨਾਲ਼ ਤੋਂ ਹੋ ਕੇ ਮਿੱਠੇਵਾਲ਼ ਰਾਹੀਂ ਆਪਣੇ ਪਿੰਡ ਜਾਗੋਵਾਲ਼ ਚਲਿਆ ਜਾਵੇਗਾ। ਫਿਰ ਉਸਨੂੰ ਖ਼ਿਆਲ ਆਇਆ ਕਿ ਉਸਦਾ ਸਾਇਕਲ ਤਾਂ ਛਾਪੇ ਹੀ ਖੜ੍ਹਾ ਪਰ ਉਹ ਫਿਰ ਬੋਲਿਆ ਕੁਛ ਨਾ।

ਗਗਨ ਬੱਸ ਵਿੱਚ ਵੀ ਉਸ ਨਾਲ਼ ਗੱਲਾਂ ਕਰਦੀ ਗਈ। ਸਵਾਰੀਆਂ ਨੇ ਕਈ ਵਾਰ ਉਨ੍ਹਾਂ ਵੱਲ ਧਿਆਨ ਨਾਲ਼ ਦੇਖਿਆ ਪਰ ਉਹ ਬੇਧਿਆਨੇ ਹੀ ਝੁੱਗੀਆਂ ਵਾਲ਼ੇ ਬੱਚਿਆਂ ਦੀਆਂ ਗੱਲਾਂ ਕਰਨ ਵਿੱਚ ਹੀ ਮਸਰੂਫ਼ ਰਹੇ।

ਗਗਨ ਖੁਰਮਾਣੀ ਪਿੰਡ ਦੇ ਬੱਸ-ਸਟਾਪ 'ਤੇ ਜਾ ਉੱਤਰੀ ਅਤੇ ਉਹ ਮਨਾਲ਼ ਬਸ-ਸਟੈਂਡ 'ਤੇ ਜਾ ਉੱਤਰਿਆ ਤੇ ਫਿਰ ਬਿਨਾ ਕੁਛ ਉਡੀਕੇ ਹੀ ਮਿੱਠੇਵਾਲ਼ ਨੂੰ ਤੁਰ ਪਿਆ। ਦਿਨ ਅਜੇ ਥੋੜ੍ਹਾ ਖੜ੍ਹਾ ਹੀ ਸੀ। ਅਕਤੂਬਰ ਦਾ ਮਹੀਨਾ ਚੱਲਦਾ ਸੀ। ਇਸ ਲਈ ਛਿਪਾਅ ਹੁਣ ਜਲਦੀ ਹੋਣ ਲੱਗ ਗਿਆ ਸੀ। ਉਹ ਆਪਣੇ ਅੱਬੂ ਬਾਰੇ ਸੋਚ ਹੀ ਰਿਹਾ ਸੀ ਕਿ ਇੰਨੇ ਨੂੰ ਟਿੱਬਿਆਂ ਕੋਲ਼ ਪਹੁੰਚਦੇ ਨੂੰ ਬਿੱਲੂ ਝਿਓਰ ਨੇ ਸਕੂਟਰ ਉਸਦੇ ਕੋਲ਼ ਖੜ੍ਹਾਉਂਦਿਆਂ ਕਿਹਾ," ਆਜਾ ਚੋਬਰਾ! ਅਜੇ ਤਾਂ ਵਾਟ ਬਥੇਰੀ ਆ,ਤੂੰ ਅੱਗੋਂ ਜਾਗੋਵਾਲ਼ ਵੀ ਜਾਣਾ।"

ਉਹ ਰਸਤੇ ਵਿੱਚ ਉਸ ਨਾਲ਼ ਗੱਲਾਂ ਕਰਦਾ ਗਿਆ ਤੇ ਨਾਲ਼ ਹੀ ਵਕੀਲੇ ਦਾ ਹਾਲ ਵੀ ਪੁੱਛਦਾ ਰਿਹਾ। ਉਹ ਵਕੀਲੇ ਦੀਆਂ ਤਾਰੀਫ਼ਾਂ ਕਰਦਾ ਆਖ ਰਿਹਾ ਸੀ,"ਬਈ ਚੋਬਰਾ! ਵਕੀਲਾ ਤੇ ਵਕੀਲਣ ਤਾਂ ਦੀਵੇ ਦੀ ਲੋਅ ਵਰਗੇ ਤੀ,ਵਕੀਲਾਂ ਦੇ ਪਿੱਛੋਂ ਵਕੀਲਾ ਵਿਚਾਰਾ ਮੱਧਮ ਜਿਹਾ ਪੈ ਗਿਆ ਤੀ,ਹੁਣ ਤੂੰ ਚੋਬਰ ਹੋ ਗਿਆਂ,ਖ਼ਿਆਲ ਰੱਖਿਆ ਕਰ ਉਹਦਾ,ਬਹੁਤ ਕੀਤਾ ਭਾਈ ਉਹਨੇ ਤੇਰੇ ਲਈ ਬੀ......।"

ਮਿੱਠੇਵਾਲ਼ ਆ ਕੇ ਉਸਨੇ ਉਸਨੂੰ ਨੂੰ ਜਾਗੋਵਾਲ਼ ਵਾਲ਼ੀ ਫਿਰਨੀ 'ਤੇ ਲਿਆ ਉਤਾਰਿਆ। ਉਹ ਪਿੰਡ ਦੇ ਬਾਹਰ-ਵਾਰ ਦੀ ਹੋ ਕੇ ਹਰਪ੍ਰੀਤ ਮਾਸਟਰ ਦੇ ਘਰ ਮੂਹਰੇ ਦੀ ਹੁੰਦਾ ਹੋਇਆ ਜਾਗੋਵਾਲ਼ ਵਾਲ਼ੀ ਸੜਕ 'ਤੇ ਜਾ ਚੜ੍ਹਿਆ। ਪਿੰਡ ਸਾਹਮਣੇ ਮਸਾਂ ਅੱਧਾ ਕੁ ਮੀਲ ਦੀ ਵਿੱਥ 'ਤੇ ਦਿਖ ਰਿਹਾ ਸੀ। ਕਈਆਂ ਨੂੰ ਤਾਂ ਜਾਗੋਵਾਲ਼ ਤੇ ਮਿੱਠੇਵਾਲ਼ ਦੇ ਵੱਖਰੇ-ਵੱਖਰੇ ਹੋਣਾ ਪਤਾ ਹੀ ਨਹੀਂ ਸੀ ਲੱਗਦਾ ਕਿਉਂਕਿ ਨਵੀਂ ਅਬਾਦੀ ਨੇ ਦੋਵਾਂ ਪਿੰਡਾਂ ਵਿਚਲੇ ਫ਼ਾਸਲੇ ਨੂੰ ਮਿਟਾ ਕੇ ਹੀ ਰੱਖ ਦਿੱਤਾ ਸੀ।

ਸ਼ਿਵਚਰਨ ਨੇ ਜਦੋਂ ਘਰ ਦਾ ਕੁੰਡਾ ਖੜਕਾਇਆ ਤਾਂ ਕੁੰਡਾ ਖੋਲ੍ਹਦੇ ਨੇ ਹੀ ਵਕੀਲੇ ਨੇ ਉਸਨੂੰ ਉਸਦੀ ਖ਼ੈਰ-ਸੁੱਖ ਪੁੱਛੀ ਤਾਂ ਉਸਨੇ "ਕੰਮ ਸੀ ਜੀ ਬਸ।" ਕਹਿ ਕੇ ਸਾਰ ਦਿੱਤਾ ਤੇ ਨਾਲ਼ ਹੀ ਮਿੱਠੇਵਾਲ਼ ਵਾਲ਼ੇ ਪਾਸੇ ਦੀ ਆਉਣ ਬਾਰੇ ਦੱਸਿਆ। ਵਕੀਲੇ ਨੇ ਹੋਰ ਕੁਝ ਨਾ ਪੁੱਛਦਿਆਂ ਆਖਿਆ,"ਪੁੱਤ ਆਹ ਮੂਰਤੀਆਂ ਅੰਦਰ ਕਰਵਾ ਦੇ,ਫੇਰ ਕੱਪੜੇ ਬਦਲੀਂ......ਕਰਦਾਂ ਮੈਂ ਰੋਟੀ ਟੁੱਕ,ਅੱਜ ਤਾਂ ਤੇਰੇ ਬਿਨਾ ਚਾਹ ਵੀ ਪੀਣ ਨੂੰ ਦਿਲ ਨਹੀਂ ਕੀਤਾ,ਤੂੰ ਵੀ ਭੁੱਖਾ ਹੋਵੇਂਗਾ ਸਵੇਰ ਦਾ।"

ਇਹ ਸੁਣਨ ਸਾਰ ਹੀ ਉਸਦੇ ਪੇਟ ਵਿੱਚ ਚੂਹੇ ਨੱਚਣ ਲੱਗ ਪਏ। ਉਹ ਸੋਚ ਰਿਹਾ ਸੀ ਕਿ ਅੱਜ ਅੱਬੂ ਨੇ ਚਾਹ ਨਹੀਂ ਪੀਤੀ ਜਦ ਕਿ ਆਥਣ ਦੀ ਚਾਹ ਪਿੱਛੇ ਉਹ ਉਸਦੀ ਮਾਂ ਨਾਲ਼ ਆਢ੍ਹਾ ਲਾ ਬਹਿੰਦਾ ਹੁੰਦਾ ਸੀ। ਅੱਜ ਵਕੀਲੇ ਨੇ ਇੱਕ ਨਵੀਂ ਮੂਰਤੀ ਤਿਆਰ ਕਰਨੀ ਸ਼ੁਰੂ ਕੀਤੀ ਸੀ। ਸ਼ਿਵਚਰਨ ਨੇ ਜਦੋਂ ਉਸਨੂੰ ਇਸ ਮੂਰਤੀ ਬਾਰੇ ਪੁੱਛਿਆ ਤਾਂ ਅੱਗੋਂ ਵਕੀਲਾ ਕਹਿੰਦਾ,"ਪੁੱਤਰ,ਇਹ ਤੈਨੂੰ ਪੂਰੀ ਹੋਣ 'ਤੇ ਆਪ ਹੀ ਪਤਾ ਲੱਗ ਜਾਊ.........ਪਰ ਤੂੰ ਬਹਤ ਪਿਆਰ ਕਰਦਾ ਏਂ ਇਸਨੂੰ ,ਅਸੀਂ ਸਾਰੇ ਹੀ ਕਰਦੇ ਹਾਂ......ਅਜਿਹੇ ਸਤਿਕਾਰਤ ਇਨਸਾਨ ਦੀ ਮੂਰਤੀ ਆ ਇਹ।"

ਸ਼ਿਵਚਰਨ ਬਸ ਇੰਨੇ ਨਾਲ਼ ਹੀ ਸਬਰ ਕਰ ਜਾਂਦਾ ਹੁੰਦਾ ਸੀ। ਉਹ ਕਦੇ ਵੀ ਜ਼ਿੱਦ ਕਰਕੇ ਵਕੀਲੇ ਨੂੰ ਗੱਲ ਨਹੀਂ ਸੀ ਪੁੱਛਦਾ ਹੁੰਦਾ। ਉਹ ਦੋਵੇਂ ਹੁਣ ਰੋਟੀ-ਟੁੱਕ ਖਾ ਕੇ ਮੰਜਿਆਂ 'ਤੇ ਜਾ ਪਏ। ਅੱਜ ਵਕੀਲੇ ਨੇ ਉਸਨੂੰ ਪੜ੍ਹਨ ਨੂੰ ਨਹੀਂ ਸੀ ਕਿਹਾ। ਬਸ ਏਨਾ ਹੀ ਕਿਹਾ,"ਸੌਂ ਜਾਅ ਪੁੱਤ,ਥੱਕਿਆ ਹੋਵੇਂਗਾ।" ਪਰ ਸ਼ਿਵਚਰਨ ਦੀਆਂ ਅੱਖਾਂ ਅੱਗੇ

ਬਰਨਾਲ਼ੇ ਦੀ ਦਾਣਾ-ਮੰਡੀ ਦੀਆਂ ਝੁੱਗੀਆਂ ਤੇ ਨਿੱਕੀਆਂ-ਨਿੱਕੀਆਂ ਸ਼ਬਦ ਵਿਹੂਣੀਆਂ ਜਿੰਦਾਂ ਘੁੰਮ ਰਹੀਆਂ ਸਨ। ਜਿਨ੍ਹਾਂ ਦਾ ਜ਼ਿਕਰ ਨਾ ਕਿਸੇ ਰਾਜਨੀਤਿਕ ਪਾਰਟੀ ਨੇ ਕਦੇ ਆਪਣੇ ਚੋਣ-ਮੈਨੀਫੈਸਟੋ ਵਿੱਚ ਤੇ ਨਾ ਕਦੇ ਚੋਣ ਪ੍ਰਚਾਰ ਵਿੱਚ ਹੀ ਕੀਤਾ ਤੇ ਨਾ ਹੀ ਕਦੇ ਸਰਕਾਰਾਂ ਇਨ੍ਹਾਂ ਬਾਰੇ ਸੰਵੇਦਨਸੀਲ ਹੁੰਦੀਆਂ ਸੁਣੀਆਂ ਸਨ। ਸ਼ਿਵਚਰਨ ਨੇ ਹੁਣ ਇਨ੍ਹਾਂ ਦੇ ਮਨਾਂ ਦੇ ਵਿਹੜੇ ਵਿੱਚ ਸ਼ਬਦ ਰੂਪੀ ਕਲਮਾਂ ਲਾਉਣ ਦਾ ਤਹੱਈਆ ਕਰ ਲਿਆ ਸੀ।

---

*

## ਕਾਂਡ-4

ਗਗਨ ਤੇ ਸ਼ਿਵਚਰਨ ਨੇ ਭਾਵੇਂ ਕਾਲਜ ਵਿੱਚ ਕੱਲ੍ਹ ਬਾਰੇ ਕੋਈ ਗੱਲ ਨਾ ਕੀਤੀ ਪਰ ਜਿਉਂ ਹੀ ਕਾਲਜ ਤੋਂ ਨਿੱਕਲ਼ੇ ਤਾਂ ਉਹ ਫਿਰ ਕੱਲ੍ਹ ਵਾਂਗ ਹੀ ਸੁਨਿਆਰਿਆਂ ਵਾਲ਼ੀ ਗਲ਼ੀ ਵਿੱਚ ਦੀ ਹੁੰਦੇ ਹੋਏ ਸਿੰਘ ਸਭਾ ਗੁਰਦੁਆਰੇ ਦੇ ਅੱਗਿਓਂ ਦੀ ਕੱਚਾ ਕਾਲਜ ਰੋਡ ਵੱਲ ਨੂੰ ਮੁੜ ਗਏ।

ਰੋਜ਼ਾਨਾ ਵਾਂਗ ਗੋਖਾ ਤੇ ਸਿਕੰਦਰ ਉਨ੍ਹਾਂ ਦੇ ਅੱਗੇ-ਅੱਗੇ ਜਾ ਰਹੇ ਸਨ। ਉਨ੍ਹਾਂ ਨੇ ਗੱਡਖ਼ਾਨਾ ਚੌਂਕ ਵਿੱਚ ਜਾ ਕੇ ਦੇਖਿਆ ਕਿ ਸ਼ਿਵਚਰਨ ਤੇ ਗਗਨ ਤਾਂ ਉਨ੍ਹਾਂ ਦੇ ਪਿੱਛੇ ਹੈ ਹੀ ਨਹੀਂ ਸਨ। ਪਰ ਉਹ ਦੋਵੇਂ ਤਾਂ ਚਿੰਟੂ ਪਾਰਕ ਹੁੰਦੇ ਹੋਏ ਅੱਡੇ ਵੱਲ ਨੂੰ ਜਾ ਰਹੇ ਸੀ ਅਤੇ ਉਨ੍ਹਾਂ ਦੇ ਪੈਰ ਆਪ ਮੁਹਾਰੇ ਹੀ ਦਾਣਾ ਮੰਡੀ ਵੱਲ ਨੂੰ ਮੁੜ ਰਹੇ ਸਨ। ਉਨ੍ਹਾਂ ਨੇ ਇੱਕ ਦੂਜੇ ਵੱਲ ਦੇਖਿਆ ਪਰ ਬੋਲੇ ਉਹ ਕੁਝ ਵੀ ਨਾ। ਸ਼ਿਵਚਰਨ ਦੇ ਮਨ 'ਚ ਗਗਨ ਦੇ ਕਹੇ ਬੋਲ,"ਕਿਉਂ ਨਾ ਇਨ੍ਹਾਂ ਦੇ ਮਨਾਂ ਵਿੱਚ ਸ਼ਬਦਾਂ ਦਾ ਬੀਜ ਬੀਜੀਏ ?" ਵਾਰ-ਵਾਰ ਆ ਰਹੇ ਸਨ। ਹੁਣ ਗਗਨ ਉਸ ਨੂੰ ਹੋਰ ਵੀ ਚੰਗੀ-ਚੰਗੀ ਲੱਗਣ ਲੱਗ ਗਈ ਸੀ। ਉਸਨੇ ਸੁਭਾਵਿਕ ਜਿਹੇ ਹੀ ਉਸ ਵੱਲ ਦੇਖਿਆ ਤਾਂ ਗਗਨ ਵੀ ਉਸ ਵੱਲ ਹੀ ਦੇਖ ਰਹੀ ਸੀ। ਦੋਹਾਂ ਦੇ ਚਿਹਰੇ 'ਤੇ ਹੁਣ ਮੁਹੱਬਤੀ ਨੂਰ ਝਲਕ ਰਿਹਾ ਸੀ। ਸਾਹਮਣੇ ਹੀ ਝੁੱਗੀਆਂ-ਝੌਂਪੜੀਆਂ ਵਾਲ਼ਿਆਂ ਦੇ ਬੱਚੇ ਕਿਲਕਾਰੀਆਂ ਮਾਰ-ਮਾਰ ਨੱਚ ਟੱਪ ਰਹੇ ਸਨ। ਇੱਕ ਕੋਨੇ 'ਚ ਮੁੰਡਿਆਂ ਦਾ ਝੁੰਡ ਥਾਪੀ ਨਾਲ਼ ਕ੍ਰਿਕਟ ਖੇਡ ਰਿਹਾ ਸੀ। ਅੱਜ ਤਾਸ਼ ਖੇਡਣ ਵਾਲ਼ੇ ਝੌਂਪੜੀਆਂ ਦੇ ਦੂਜੇ ਕੋਨੇ ਵਿੱਚ ਜਾ ਬੈਠੇ ਸਨ।

ਉਹ ਦੋਵੇਂ ਨੇੜੇ ਹੀ ਕੱਲ੍ਹ ਵਾਲ਼ੀ ਛੋਟੀ ਜਿਹੀ ਕੰਧ 'ਤੇ ਜਾ ਬੈਠੇ ਅਤੇ ਖੇਡਦੇ ਹੋਏ ਬੱਚਿਆਂ ਨੂੰ ਨੀਝ ਲਾ-ਲਾ ਦੇਖ ਰਹੇ ਸਨ। ਇਨ੍ਹਾਂ ਮੁੰਡਿਆਂ ਵਿੱਚ ਕਾਰਾ ਵੀ ਖੇਡ ਰਿਹਾ ਸੀ। ਪਰ ਉਹ ਇਨ੍ਹਾਂ ਨੂੰ ਦੇਖ ਕੇ ਆਪਣੀ ਝੌਂਪੜੀ ਵਿੱਚ ਚਲਿਆ ਗਿਆ । ਲੱਗਦਾ ਸੀ ਕਿ ਉਹ ਇਨ੍ਹਾਂ ਦੇ ਆਉਣ ਦਾ ਮਕਸਦ ਕੁਛ ਹੋਰ ਹੀ ਸਮਝ ਰਿਹਾ ਸੀ ਜਾਂ ਉਸਦੇ ਅੰਦਰਲਾ ਕੋਈ ਵਹਿਮ ਹੀ ਉਸ ਅੰਦਰ ਡਰ ਪੈਦਾ ਕਰ ਰਿਹਾ ਸੀ। ਕੁਝ ਚਿਰ ਬਾਅਦ ਸ਼ਿਵਚਰਨ ਨੇ ਨਿੱਕੇ ਬੱਚਿਆਂ ਨੂੰ 'ਵਾਜ਼ ਮਾਰੀ ਤਾਂ ਸਾਰੇ ਹੀ ਉਨ੍ਹਾ ਕੋਲ਼ ਆ ਗਏ। ਪਿੱਛੇ ਇੱਕ ਨਿੱਕੀ ਜਿਹੀ ਕੁੜੀ ਰਿੜ੍ਹਦੀ ਆ ਰਹੀ ਸੀ। ਗਗਨ ਉਸ ਨੂੰ ਆਪ ਚੁੱਕ ਕੇ ਲੈ ਆਈ। ਉਹ ਵੀ ਉਸ ਦੀ ਗੋਦੀ ਚੜ੍ਹ ਕੇ ਬਹੁਤ ਖ਼ੁਸ਼ ਹੋ ਰਹੀ ਸੀ। ਉਸਨੂੰ ਉਸਦੇ ਗੰਦੇ ਕੱਪੜਿਆਂ ਦਾ ਭੋਰਾ ਵੀ ਖ਼ਿਆਲ ਨਹੀ ਸੀ ਆਇਆ ਕਿਉਂਕਿ ਇਸ ਪਿੱਛੇ ਨੇਤਾਵਾਂ ਵਾਂਗ ਕੋਈ ਸਿਆਸੀ ਲਾਹਾ ਨਹੀਂ ਸੀ ਸਗੋਂ ਇਹ ਤਾਂ ਉਸਦੇ ਮਨ ਦੀ ਅੰਤ੍ਰੀਵ ਖ਼ੁਸ਼ੀ ਦਾ ਪ੍ਰਗਟਾਵਾ ਸੀ।

ਹੁਣ ਸ਼ਿਵਚਰਨ ਨੇ ਆਪਣੇ ਮੋਢੇ ਟੰਗੇ ਬੈਗ ਵਿੱਚੋਂ ਟਾਫ਼ੀਆਂ ਤੇ ਚਾਕਲੇਟ ਕੱਢ ਲਏ। ਬੱਚੇ ਟਾਫ਼ੀਆਂ ਤੇ ਚਾਕਲੇਟ ਲੈ ਕੇ ਛਾਲ਼ਾਂ ਮਾਰਦੇ ਫ਼ਿਰ ਰਹੇ ਸਨ। ਗਗਨ ਗੋਦੀ ਚੁੱਕੀ ਕੁੜੀ ਨੂੰ ਚਾਕਲੇਟ ਖਵਾ ਰਹੀ ਸੀ। ਉਹ ਵੀ ਪਚਾਕੇ ਮਾਰ-ਮਾਰ ਬੁੱਲ੍ਹਾਂ 'ਤੇ ਜੀਭਾਂ ਫੇਰ ਰਹੀ ਸੀ। ਕ੍ਰਿਕਟ ਖੇਡਦੇ ਮੁੰਡੇ ਵੀ ਹੁਣ ਨੇੜੇ ਆ ਗਏ ਸਨ। ਉਹ ਬਹੁਤਾ ਸਮਾਂ ਉਨ੍ਹਾਂ

ਕੋਲ਼ ਨਾ ਖੜ੍ਹੇ ਸਗੋਂ ਚਾਕਲੇਟ ਲੈ ਕੇ ਤੁਰਦੇ ਬਣੇ।ਉਸ ਵਕਤ ਕਾਰਾ ਵੀ ਆਪਣੀ ਝੌਂਪੜੀ ਵਿੱਚੋਂ ਨਿੱਕਲ਼ ਕੇ ਸ਼ਹਿਰ ਵੱਲ ਨੂੰ ਤੁਰ ਗਿਆ।ਸ਼ਿਵਚਰਨ ਉਸ ਨੂੰ ਦੂਰ ਤੱਕ ਜਾਂਦੇ ਨੂੰ ਦੇਖਦਾ ਰਿਹਾ।

ਉਹ ਬੱਚਿਆਂ ਵੱਲ ਥੋੜ੍ਹਾ ਸਮਾਂ ਦੇਖਦੇ ਰਹੇ ਤੇ ਫਿਰ ਗਗਨ ਨੇ ਘੜੀ ਵੱਲ ਦੇਖਿਆ ਤਾਂ ਚਾਰ ਵੱਜ ਚੁੱਕੇ ਸਨ।ਉਹ ਦੋਵੇਂ ਉੱਠ ਖੜ੍ਹੇ ਹੋਏ ਤੇ ਬੱਚਿਆਂ ਵੱਲ ਹੱਥ ਹਿਲਾਉਂਦੇ ਦਾਣਾ ਮੰਡੀ ਵੱਲ ਨੂੰ ਮੁੜ ਗਏ।ਸ਼ਿਵਚਰਨ ਬਹੁਤ ਖ਼ੁਸ਼ ਹੋ ਰਿਹਾ ਸੀ ਤੇ ਉਹੀ ਨੂਰ ਉਸਨੂੰ ਗਗਨ ਦੇ ਚਿਹਰੇ ’ਤੇ ਵੀ ਨਜ਼ਰ ਆ ਰਿਹਾ ਸੀ।ਗਗਨ ਉਸਨੂੰ ਹੁਣ ਆਪਣੇ ਪਰਛਾਵੇਂ ਵਰਗੀ ਲੱਗ ਰਹੀ ਸੀ।ਵਿਚਾਰਾਂ ਦੀ ਸਾਂਝ ਨੇ ਰੂਹ ਨੂੰ ਰੂਹ ਦੇ ਨੇੜੇ ਲੈ ਆਂਦਾ ਸੀ।ਉਸਦੇ ਸੰਗ ’ਚ ਸ਼ਿਵਚਰਨ ਨੂੰ ਸਮਾਂ ਰੁਕ ਗਿਆ ਲੱਗਦਾ ਸੀ।ਉਹ ਅਜੇ ਅੱਡੇ ਤੋਂ ਥੋੜ੍ਹਾ ਪਿਛਾਂਹ ਹੀ ਸਨ ਕਿ ਸੋਲ਼ਾਂ ਏਕੜ ’ਚੋਂ ਨਿੱਕਲ਼ਦੇ ਗੋਖੇ ਤੇ ਸਿਕੰਦਰ ਨੇ ਉਨ੍ਹਾਂ ਨੂੰ ਦੇਖ ਲਿਆ ਤੇ ਉਹ ਉੱਚੀ-ਉੱਚੀ ਹਾਕਾਂ ਮਾਰਨ ਲੱਗ ਪਏ।ਪਰ ਗਗਨ “ਮੇਰੀ ਬਸ ਦਾ ਟਾਇਮ ਹੋ ਗਿਆ” ਕਹਿ ਕੇ ਚਲੀ ਗਈ।

ਗੋਖੇ ਨੇ ਸ਼ਿਵਚਰਨ ਨੂੰ ਮੋਢਾ ਮਾਰ ਕੇ ਅੱਖ ਦੱਬਦੇ ਹੋਏ ਮਸਤੀ ਵਿੱਚ ਪੁੱਛਿਆ,“ ਬਟਾਲਵੀ ਸਹਿਬ!...ਕੀ ਕਹਿੰਦੀ ਆ ਲਾਜਵੰਤੀ ?...ਕਿਤੇ ਬਿਰਹਾ ਦਾ ਸੁਲਤਾਨ ਵੀ ਨਾ ਬਣ ਜਾਈਂ ਪਿਆਰਿਆ...।”

“ਬਸ ਮਿੱਤਰਾ,ਜ਼ਿੰਦਗੀ ਤੇ ਬਿਰਹਾ ਤਾਂ ਟਾਹਣੀ ਤੇ ਪੱਤੇ ਸਮਾਨ ਨੇ,ਬਿਰਹਾ ਬਿਨ ਜ਼ਿੰਦਗੀ ਕਾਹਦੀ ਤੇ ਜ਼ਿੰਦਗੀ ਬਿਨ ਬਿਰਹਾ ਕੀ,ਬਹੁਤ ਹੰਢਾ ਲਿਆ ‘ਬਿਰਹਾ’..ਯਾਰ ਮੇਰੇ..।” ਸ਼ਿਵਚਰਨ ਗੰਭੀਰ ਮੁਦਰਾ ਵਿੱਚ ਹੀ ਨੀਵੀਂ ਪਾ ਕੇ ਆਪਣੀ ਜੀਵਨ ਕਹਾਣੀ ਬਾਰੇ ਬਹੁਤ ਕੁਛ ਕਹਿ ਗਿਆ ਸੀ।

“ਓਏ ਸਿਕੰਦਰਾ! ਤੇਰਾ ਟਾਇਮ ਇਹਦੇ ਨਾਲ਼ ਕਿਵੇਂ ਗੁਜ਼ਰ ਗਿਆ,ਇਹਦੀਆਂ ਤਾਂ ਪਤੰਦਰ ਦੀਆਂ ਗੱਲਾਂ ਹੀ ਦਰਸ਼ਨ ਸ਼ਾਸ਼ਤਰ ਵਰਗੀਆਂ ਨੇ ਯਾਰ।” ਗੋਖੇ ਨੇ ਸਿਕੰਦਰ ਨੂੰ ਹੱਸਦੇ ਹੋਏ ਕਿਹਾ।

ਹੁਣ ਉਹ ਤਿੰਨੇ ਜਣੇ ਬੱਸ ਅੱਡੇ ਅੰਦਰ ਪਹੁੰਚ ਗਏ ਸਨ ।ਸਾਹਮਣੇ ਗੇਟ ’ਚੋਂ ਗਗਨ ਦੀ ਬੱਸ ਨਿੱਕਲ਼ ਰਹੀ ਸੀ ਤਾਂ ਉਸਨੇ ਸ਼ਿਵਚਰਨ ਵੱਲ ਵਾਰੀ ’ਚੋਂ ਹੀ ਹੱਥ ਹਿਲਾ ਦਿੱਤਾ।ਗੋਖਾ ਇਹ ਸਭ ਧਿਆਨ ਨਾਲ਼ ਦੇਖ ਰਿਹਾ ਸੀ ਤੇ ਉਹ ਸ਼ਰਾਰਤੀ ਅਲਫ਼ਾਜ਼ਾਂ ’ਚ ਹੀ ਬੋਲਿਆ,“ਲੱਗਦਾ ਇਹ ਦਰਸ਼ਨੀ ਉਸ ਕੁੜੀ ਨੂੰ ਵੀ ਭਮੱਤਰੀ ’ਚ ਪਾਊ,ਓਏ! ਇਹ ਉਮਰ ਕੋਈ ਗੰਭੀਰਤਾ ਵਾਲ਼ੀ ਹੁੰਦੀ ਆ? ਹੱਸੋ,ਖੇਡੋ ਤੇ ਮੌਜ਼ ਕਰੋ।”

ਆਖ ਕੇ ਉਹ ਉੱਚੀ-ਉੱਚੀ ਖਿੜ-ਖਿੜਾਇਆ।

ਸਿਕੰਦਰ ਤੇ ਸ਼ਿਵਚਰਨ ਬੱਸ ਵਿੱਚ ਇੱਕੋ ਸੀਟ ’ਤੇ ਬੈਠ ਗਏ ਤੇ ਗੋਖਾ ਪਿਛਲੀ ਟਾਕੀ ਵਿੱਚ ਮੁੰਡਿਆਂ ਨਾਲ਼ ਗੱਲਾਂ ਮਾਰਨ ਲੱਗ ਗਿਆ।ਸਿਕੰਦਰ ਨੇ ਸ਼ਿਵਚਰਨ ਨੂੰ ਪੁੱਛਿਆ, “ਮਾਫ਼ ਕਰੀਂ ਵੀਰੇ,ਤੁਸੀਂ ਕਾਲਜ ਤੋਂ ਬਾਅਦ ਏਨਾ ਸਮਾਂ ਕਿੱਥੇ ਰਹਿੰਦੇ ਹੋ ?”

“ਬਸ ਯਾਰ ਬਿਨ ਬੱਤੀਆਂ ਦੇ ਦੀਵਿਆਂ ਨੂੰ ਚਿਣਗ ਦੇਣ ਦੀ ਚਾਹ ਸਾਨੂੰ ਉਸ ਪਾਸੇ ਲੈ ਜਾਂਦੀ ਆ...ਟਿਕਣ ਨਹੀਂ ਦਿੰਦੀ, ਗਗਨ ਵੀ ਬਾਂਸਾਂ ਨੂੰ ਬਾਂਸੁਰੀਆਂ ਬਣਾਉਣਾ ਲੋਚਦੀ ਆ,ਬਸ ਦੋ ਦਿਨਾਂ ਦੀ ਭਟਕਣ ਨੇ ਸਾਡੀ ਜ਼ਿੰਦਗੀ ਨੂੰ ਮਕਸਦ ਦੇ ਦਿੱਤਾ।”

ਸ਼ਿਵਚਰਨ ਨੇ ਸਿਕੰਦਰ ਦੇ ਸਵਾਲ ਨੂੰ ਸਵਾਲੀਆ ਚਿੰਨ੍ਹਾਂ ਵਿੱਚ ਪ੍ਰੋਅ ਕੇ ਸਿਕੰਦਰ ਸਾਹਮਣੇ ਰੱਖ ਦਿੱਤਾ ਸੀ।ਹੁਣ ਸਿਕੰਦਰ ਨੂੰ ਭਾਵੇਂ ਕੋਈ ਗੱਲ ਸਮਝ ਨਹੀਂ ਸੀ ਆਈ,ਫਿਰ ਵੀ ਉਹ ਸੋਚਦਾ ਚੁੱਪ ਹੋ ਗਿਆ ਸੀ।ਉਸਨੂੰ ਇਸ ਗੱਲ ਦਾ ਇਲਮ ਜ਼ਰੂਰ ਸੀ ਕਿ ਉਹ ਦੋਵੇਂ ਕੋਈ ਚੰਗਾ ਕਰਮ ਹੀ ਕਰ ਰਹੇ ਹੋਣਗੇ।ਉਸਨੂੰ ਹੁਣ ਗੋਖੇ ਦੀਆਂ ਗੱਲਾਂ ਨਿਰਾ

ਝੂਠ ਲੱਗਣ ਲੱਗੀਆਂ ਸਨ ਜੋ ਉਸ ਨੇ ਹਾਸੇ ਮਜ਼ਾਕ 'ਚ ਕਹੀਆਂ ਸੀ ਪਰ ਸਿਕੰਦਰ ਉਨ੍ਹਾਂ ਗੱਲਾਂ ਨੂੰ ਦਿਲ 'ਤੇ ਲਾ ਬੈਠਾ ਸੀ।

ਮਹਿਲ ਕਲਾਂ ਆ ਕੇ ਬੱਸੋਂ ਉੱਤਰਦੇ ਗੋਖੇ ਨੇ ਸ਼ਿਵਚਰਨ ਦਾ ਹੱਥ ਘੁੱਟਦੇ ਹੋਏ ਮਸ਼ਕਰੀ ਜਿਹੀ ਨਾਲ਼ ਕਿਹਾ, "ਚੰਗਾ ਬਈ ਸ਼ਿਕਾਰੀਆ,ਮਿਲ਼ਦੇ ਆਂ ਫਿਰ ਕੱਲ੍ਹ ਨੂੰ।"

ਉਸਦੀ ਇਹ ਮਸ਼ਕਰੀ ਸਿਕੰਦਰ ਨੂੰ ਵਿਓਹ ਵਰਗੀ ਲੱਗੀ।ਗੋਖੇ ਦੇ ਉੱਤਰਨ ਪਿੱਛੋਂ ਸ਼ਿਵਚਰਨ ਤੇ ਸਿਕੰਦਰ ਨੇ ਕੋਈ ਗੱਲ ਨਾ ਕੀਤੀ।ਛਾਪੇ ਆ ਕੇ ਸ਼ਿਵਚਰਨ ਨੇ ਸਿਕੰਦਰ ਦੇ ਘਰੋਂ ਸਇਕਲ ਚੁੱਕਿਆ ਤੇ ਉਹ ਬਿਨਾ ਬੋਲੇ,ਬਿਨਾ ਰੁਕੇ,ਸਿੱਧਾ ਜਾਗੋਵਾਲ਼ ਨੂੰ ਹੋ ਗਿਆ।ਸਿਕੰਦਰ ਦੀ ਭੈਣ ਪਾਣੀ ਦਾ ਗਲਾਸ ਲਈ ਖੜ੍ਹੀ ਸੀ।ਉਹ ਬਹੁਤ ਹੈਰਾਨ ਹੋਈ ਕਿ ਇੰਝ ਤਾਂ ਕਦੇ ਉਹ ਬਿਨ ਬੁਲਾਏ ਨਹੀਂ ਸੀ ਜਾਂਦਾ ਹੁੰਦਾ।ਉਸਨੂੰ ਉਸਦਾ ਫਿਕਰ ਹੋ ਰਿਹਾ ਸੀ ਕਿਉਂਕਿ ਉਹ ਵੀ ਸ਼ਿਵਚਰਨ ਨੂੰ ਸਿਕੰਦਰ ਵਾਂਗ ਹੀ ਪਿਆਰ ਕਰਦੀਆਂ ਸਨ।

ਹੁਣ ਗਗਨ ਤੇ ਸ਼ਿਵਚਰਨ ਦੀ ਬਾਂਸਾਂ ਨੂੰ ਬਾਂਸੁਰੀਆਂ ਬਣਾਉਣ ਦੀ ਸੋਚ ਕਾਲਜ ਤੋਂ ਬਾਅਦ ਉਨ੍ਹਾਂ ਨੂੰ ਦਾਣਾ ਮੰਡੀ ਵਿਚਲੀਆਂ ਝੁੱਗੀਆਂ 'ਚ ਲੈ ਜਾਂਦੀ ਸੀ।ਰੋਜ਼ਾਨਾ ਦੀ ਮਿਲਣੀ ਨੇ ਨਿੱਕੇ-ਨਿੱਕੇ ਬੱਚਿਆਂ ਨੂੰ ਉਨ੍ਹਾਂ ਦੇ ਨੇੜੇ ਲੈ ਆਂਦਾ ਸੀ।ਹੁਣ ਉਹ ਰੋਜ਼ ਹੀ ਇਨ੍ਹਾਂ ਨੂੰ ਉਡੀਕਣ ਲੱਗ ਗਏ ਸਨ।ਉਹ ਕਦੇ ਉਨ੍ਹਾਂ ਲਈ ਕਾਪੀਆਂ ਤੇ ਕਦੇ ਕਿਤਾਬਾਂ ਲੈ ਜਾਂਦੇ।ਉਹ ਬੱਚਿਆਂ ਨੂੰ ਤੇ ਬੱਚੇ ਉਨ੍ਹਾਂ ਨੂੰ ਬਹੁਤ ਪਿਆਰ ਕਰਨ ਲੱਗ ਪਏ ਸਨ।ਇੰਝ ਚੱਲਦੇ ਨੂੰ ਅਜੇ ਹਫ਼ਤਾ ਕੁ ਹੀ ਹੋਇਆ ਸੀ ਕਿ ਇੱਕ ਦਿਨ ਉਨ੍ਹਾਂ ਦੇ ਜਾਣ ਤੋਂ ਪਹਿਲਾਂ ਹੀ ਬੁੱਢੇ,ਜਵਾਨ,ਬੱਚੇ,ਤ੍ਰੀਮਤਾਂ ਸਭ ਇਕੱਠੇ ਹੋਏ ਬੈਠੇ ਸਨ ਜਿਵੇਂ ਉਨ੍ਹਾਂ ਦੀ ਹੀ ਉਡੀਕ ਕਰ ਰਹੇ ਹੋਣ।ਉਨ੍ਹਾਂ ਦੋਹਾਂ ਦਾ ਮੱਥਾ ਠਣਕਿਆ।ਜਦੋਂ ਨੇੜੇ ਪਹੁੰਚੇ ਤਾਂ ਸਾਰੇ ਜਵਾਕ ਭੱਜ ਕੇ ਉਨ੍ਹਾਂ ਕੋਲ਼ ਆ ਗਏ ਪਰ ਫਿਰ ਇੱਕ ਅੱਧਖੜ੍ਹ ਉਮਰ ਦੇ ਬੰਦੇ ਨੇ ਅਜਿਹਾ ਦਬਕਾ ਮਾਰਿਆ ਕਿ ਸਭ ਬੱਚੇ ਝੌਂਪੜੀਆਂ 'ਚ ਜਾ ਵੜੇ ਤੇ ਉਹ ਉਨ੍ਹਾਂ ਦੋਹਾਂ ਵੱਲ ਉਂਗ਼ਲ ਕਰਕੇ ਆਖਣ ਲੱਗਿਆ,

"ਦੇਖ ਬਈ ਛੋਰੇ..ਅਹੀਂ ਨੀ ਜਾਣਦੇ ਤੁਹਾਂ ਨੂੰ...ਇੱਥੇ ਨਾ ਆਇਆ ਕਰੋ ਬਈ,ਨਾਲ਼ੇ ਆਹ ਜਵਾਨ ਕੁੜੀ ਨੂੰ ਨਾਲ਼ ਲਈ ਫਿਰਦੈਂ, ਇਹਦਾ ਵੀ ਮਾੜਾ ਅਹਰ ਹੋਣੈ ਅਹਾਂ ਦੇ ਬੱਚਿਆਂ 'ਤੇ...ਤੁਹਾਂ ਨੂੰ ਤੁਹਾਂ ਦੀ ਦੁਨੀਆਂ ਮੁਬਾਰਕ ਤੇ ਅਹਾਂ ਨੂੰ ਅਹਾਂ ਦੀ।" ਉਸਨੇ ਗੱਲ ਹੀ ਮੁਕਾ ਦਿੱਤੀ ਸੀ ਪਰ ਸ਼ਿਵਚਰਨ ਓਨ੍ਹਾਂ ਨੂੰ ਪੜ੍ਹਾਈ ਦੇ ਗੁਣ,ਵਿਕਾਸ ਤੇ ਵਧੀਆ ਜ਼ਿੰਦਗੀ ਬਾਰੇ ਦੱਸ ਰਿਹਾ ਸੀ।ਅੱਗਿਓਂ ਤਰ੍ਹਾਂ-ਤਰ੍ਹਾਂ ਦੀਆਂ ਅਵਾਜ਼ਾਂ ਆ ਰਹੀਆਂ ਸਨ।ਇਨ੍ਹਾਂ ਵਿੱਚ ਓਹੀ ਥੱਪੜ ਵਾਲ਼ਾ ਮੁੰਡਾ ਕਾਰਾ ਵੀ ਸ਼ਾਮਲ ਸੀ।

ਜਦੋਂ ਸ਼ਿਵਚਰਨ ਗੱਲਾਂ ਕਰੀ ਜਾ ਰਿਹਾ ਸੀ ਤਾਂ ਗਗਨ ਵੀ ਉਨ੍ਹਾਂ ਨੂੰ ਸਮਝਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀ ਸੀ।ਓਸੇ ਵਕਤ ਪਿਛਲੇ ਪਾਸਿਓਂ ਇੱਕ ਸੋਹਣੀ ਜਿਹੀ ਅਧਖੜ੍ਹ ਉਮਰ ਦੀ ਜ਼ਨਾਨੀ ਹੱਥ ਕੱਢ ਕੇ ਬੋਲੀ,"ਸਾਨੇ... ਤੇਰੀ ਪੜ੍ਹਾਈਓਂ ਕੀ ਨੀ ਲੋੜ,ਤੇਰੇ ਜੈਸਾ ਬਾਬੂ ਪੇਹਲੇ ਵੀ ਆਂਦਾ ਰਿਹਾ...ਗਿਆਨ ਵਾਂਡਣੇ,ਮੇਰੀ ਸੋਨੇ ਜੈਸੀ ਛੋਰੀ ਕੀ ਜਵਾਨੀ ਨਹਿਸ਼ ਕਰ ਗਿਆ ਸੈ,ਤੁਹਾਰੇ ਹਾਥ ਜੋੜੇ...ਮਾਰੇ ਕੋ ਮਾਰੇ ਹਾਲ ਪੇ ਛੋੜ ਦੋ....।"

ਉਹ ਕੁਛ ਪਲ ਰੁਕੀ ਤੇ ਗਗਨ ਵੱਲ ਹੱਥ ਕਰਕੇ ਫਿਰ ਬੋਲੀ,"ਏਸੀਆਂ ਚਗ਼ਲ ਜ਼ਨਾਨੀਆਂ ਵੀ ਦੱਲਿਓਂ ਜੇਸਾ ਕਾਮ ਕਰਤੀ ਹੈਂ.."

ਉਹ ਬੋਲਦੀ-ਬੋਲਦੀ ਇਕਦਮ ਪਿਛਾਂਹ ਮੁੜ ਗਈ।ਜਾਂਦੀ ਹੋਈ ਪੱਲੇ ਨਾਲ਼ ਮੂੰਹ ਪੂੰਝ ਰਹੀ ਸੀ ਜਿਵੇਂ ਬਹਾਨੇ ਨਾਲ਼ ਅੱਖਾਂ 'ਚੋਂ ਹੰਝੂਆਂ ਦੇ ਵਗ ਰਹੇ ਦਰਿਆ ਨੂੰ ਹੋੜਨ ਦਾ ਯਤਨ ਕਰ ਰਹੀ ਹੋਵੇ।

ਗਗਨ ਤੇ ਸ਼ਿਵਚਰਨ ਨੂੰ ਇੰਝ ਲੱਗਿਆ ਜਿਵੇਂ ਕਿਸੇ ਨੇ ਉਨ੍ਹਾਂ 'ਤੇ ਬੰਬ ਸੁੱਟ ਦਿੱਤਾ ਹੋਵੇ ਅਤੇ ਗਗਨ ਦੀਆਂ ਅੱਖਾਂ ਹੰਝੂਆਂ ਨਾਲ਼ ਝਰਨੇ ਦਾ ਰੂਪ ਲੈ ਚੁੱਕੀਆਂ ਸਨ।ਸ਼ਿਵਚਰਨ ਨੂੰ ਆਪਣੇ ਕੰਨ ਬੋਲ਼ੇ-ਬੋਲ਼ੇ ਜਿਹੇ ਲੱਗ ਰਹੇ

ਸਨ।'ਦੱਲੇ' ਸ਼ਬਦ ਨੇ ਉਸਦੇ ਅੰਦਰ ਘਮਸਾਣ ਜਿਹਾ ਪਾ ਦਿੱਤਾ ਸੀ।ਉਸ ਜ਼ਨਾਨੀ ਦੀਆਂ ਗੱਲਾਂ ਮਗਰੋਂ ਉੱਥੇ ਸਭ ਕੁਛ ਸ਼ਾਂਤ ਹੋ ਗਿਆ ਸੀ ਪਰ ਗਗਨ ਤੇ ਸ਼ਿਵਚਰਨ ਦੇ ਮਨ 'ਚ ਜਵਾਲਾਮੁਖੀ ਫਟਣ ਵਰਗੀ ਸਥਿਤੀ ਹੋ ਗਈ ਸੀ।

ਸਭ ਆਪਣੀਆਂ ਆਪਣੀਆਂ ਝੌਂਪੜੀਆਂ ਨੂੰ ਪਰਤ ਰਹੇ ਸਨ ਤੇ ਬੱਚੇ ਅਜੇ ਵੀ ਸੁਖਾਵੀਂ ਉਡੀਕ ਵਿੱਚ ਝੁੱਗੀਆਂ ਦੀਆਂ ਝੀਥਾਂ ਰਾਹੀਂ ਦੇਖ ਰਹੇ ਸਨ।ਇੱਕ ਦੋ ਝੁੱਗੀਆਂ ਦੇ ਬਾਹਰ ਸੁੱਟੀਆਂ ਉਨ੍ਹਾਂ ਦੀਆਂ ਕਾਪੀਆਂ ਕਿਤਾਬਾਂ ਉਨ੍ਹਾਂ ਦੀ ਲੋਚਾ ਨੂੰ ਮੂੰਹ ਚਿੜਾ ਰਹੀਆਂ ਸਨ।ਕਾਰੇ ਨੇ ਆਪਣੀ ਜੇਤੂ ਹੋਣ ਦੀ ਖ਼ੁਸ਼ੀ ਵਿੱਚ ਰੇਡੀਓ ਦੀ ਅਵਾਜ਼ ਹੋਰ ਉੱਚੀ ਕਰ ਦਿੱਤੀ ਸੀ।

ਗਗਨ ਤੇ ਸ਼ਿਵਚਰਨ ਆਪਣੀਆਂ ਇਛਾਵਾਂ ਦੀ ਲੋਥ ਚੁੱਕੀ ਟੁੱਟੇ ਮਨ ਨਾਲ਼ ਪਿਛਾਂਹ ਨੂੰ ਪਰਤ ਰਹੇ ਸਨ।ਉਨ੍ਹਾਂ ਨੂੰ ਬੱਚਿਆਂ ਦੀ ਜ਼ਿੰਦਗੀ 'ਤੇ ਗ੍ਰਹਿਣ ਲੱਗ ਗਿਆ ਮਹਿਸੂਸ ਹੋ ਰਿਹਾ ਸੀ ਪਰ ਸ਼ਿਵਚਰਨ ਉਸ ਬਾਬੂ ਬਾਰੇ ਸੋਚ ਕੇ ਵੀ ਉਦਾਸ ਹੋ ਰਿਹਾ ਸੀ ਕਿ ਉਸਨੇ ਉਸ ਕੁੜੀ ਦਾ ਨਹੀਂ ਸਗੋਂ ਉਸਦੇ ਸੋਹਣਾ ਸਮਾਜ ਸਿਰਜਣ ਦੇ ਸੁਪਨਿਆਂ ਦਾ ਬਲਾਤਕਾਰ ਕੀਤਾ ਹੋਵੇ।ਗਗਨ ਸ਼ਿਵਚਰਨ ਨੂੰ ਦੇਖ ਕੇ ਹੋਰ ਵੀ ਉਦਾਸ ਹੋ ਰਹੀ ਸੀ।ਉਹ ਚੁੱਪ-ਚਾਪ ਤੁਰੇ ਜਾ ਰਹੇ ਸੀ।ਸ਼ਿਵਚਰਨ ਦੀਆਂ ਗਗਨ ਵੱਲ ਦੇਖ ਕੇ ਭੁੱਬਾਂ ਨਿੱਕਲ਼ਣ ਨੂੰ ਤਿਆਰ ਸਨ ਕਿਉਂਕਿ ਗਗਨ ਲਈ ਬੋਲੇ 'ਚਗ਼ਲ'ਤੇ 'ਦੱਲੇ' ਸ਼ਬਦਾਂ ਨੇ ਉਸਦੇ ਮਨ ਅੰਦਰ ਵਿਸਫ਼ੋਟ ਕਰ ਦਿੱਤਾ ਸੀ।ਉਨ੍ਹਾਂ ਨੇ ਬੱਸ-ਅੱਡਿਓਂ ਆਪਣੀ-ਆਪਣੀ ਬੱਸ ਫੜੀ ਤੇ ਪਿੰਡਾਂ ਨੂੰ ਆ ਗਏ।

ਸਿਕੰਦਰ ਤੇ ਗੋਖਾ ਉਨ੍ਹਾਂ ਤੋਂ ਪਿਛਲੀ ਬੱਸ ਆਏ।ਜਦੋਂ ਸਿਕੰਦਰ ਨੇ ਆ ਕੇ ਦੇਖਿਆ ਤਾਂ ਸ਼ਿਵਚਰਨ ਦਾ ਸਾਇਕਲ ਨਜ਼ਰ ਨਹੀਂ ਆ ਰਿਹਾ ਸੀ ਤਾਂ ਉਸਦੀ ਬੀਬੀ ਨੇ ਦੱਸਿਆ ਕਿ ਉਹ ਤਾਂ ਅੱਜ ਉਸ ਤੋਂ ਪਹਿਲਾਂ ਵਾਲ਼ੀ ਬੱਸ ਆ ਗਿਆ ਸੀ।ਉਸਨੇ ਸਿਕੰਦਰ ਨੂੰ ਹੈਰਾਨੀ ਨਾਲ਼ ਪੁੱਛਿਆ,"ਛਿੰਦੇ ਪੁੱਤ! ਸੁੱਖ ਤਾਂ ਹੈ,ਉਹ ਵੀ ਅੱਜ ਮਸੋਸਿਆ ਜਿਹਾ ਲੱਗਦਾ ਸੀ,ਪਾਣੀ ਦੀ ਘੁੱਟ ਮਸਾਂ ਲੰਘਾਈ,ਚੁੱਪ-ਚਾਪ ਸਇਕਲ ਚੱਕ ਕੇ ਤੁਰ ਗਿਆ,ਮੈਨੂੰ ਤਾਂ ਬਲਾਈ ਤਰਸ ਆਇਆ ਮਾਂ ਵਿਹੂਣੇ 'ਤੇ।"

ਉਸਦੀ ਬੀਬੀ ਦੀਆਂ ਗੱਲਾਂ ਨੇ ਸਿਕੰਦਰ ਨੂੰ ਅੱਚਵੀ ਜਿਹੀ ਲਾ ਦਿੱਤੀ ਸੀ।ਉਸਦੇ ਮਨ ਵਿੱਚ ਚੰਗੇ ਮਾੜੇ ਢੇਰ ਸਾਰੇ ਸਵਾਲ ਪੈਦਾ ਹੋ ਰਹੇ ਸਨ।ਹਫ਼ਤੇ ਭਰ ਤੋਂ ਉਸਦਾ ਸ਼ਿਵਚਰਨ ਤੋਂ ਵੱਖ ਹੋਣਾ ਉਸਨੂੰ ਅਜੀਬ ਜਿਹਾ ਲੱਗ ਰਿਹਾ ਸੀ ਪਰ ਅੱਜ ਦੇ ਮਾਂ ਦੁਆਰਾ ਦੱਸੇ ਹਾਲਾਤਾਂ ਨੇ ਉਸਨੂੰ ਹੋਰ ਵੀ ਚਿਤਮਣੀ ਜਿਹੀ ਲਾ ਦਿੱਤੀ ਸੀ।

ਉਹ ਜਲਦੀ ਨਾਲ਼ ਕੱਪੜੇ ਬਦਲਦਾ ਸੋਚ ਰਿਹਾ ਸੀ ਕਿ ਕੋਈ ਗੱਲ ਨੀ ਹੋਣੀ ਉਹਦਾ ਤਾਂ ਸੁਭਾਅ ਹੀ ਇਹੋ ਜਿਹਾ ਕਿ ਕਦੇ ਮਾਸਾ 'ਚ ਤੇ ਕਦੇ ਤੋਲ਼ੇ 'ਚ,ਪਰ ਫਿਰ ਵੀ ਉਹ ਸੋਚਦਾ-ਸੋਚਦਾ ਸਾਇਕਲ ਚੁੱਕ ਕੇ ਜਾਗੋਵਾਲ਼ ਦੇ ਰਾਹ ਪੈ ਗਿਆ।ਉਹ ਸਾਇਕਲ 'ਤੇ ਜਾਂਦਾ ਹੋਇਆ ਵੀ ਸ਼ਿਵਚਰਨ ਦੀ ਉਦਾਸੀ ਦਾ ਕਾਰਨ ਲੱਭਣ ਦਾ ਯਤਨ ਕਰ ਰਿਹਾ ਸੀ ਪਰ ਉਸਨੂੰ ਭੋਰਾ ਵੀ ਅੰਦਾਜ਼ਾ ਨਹੀਂ ਸੀ ਲੱਗ ਰਿਹਾ।ਉਸਨੂੰ ਇੱਕ ਵਾਰ ਤਾਂ ਇਹ ਸੋਚ ਕੇ ਧੁੜ-ਧੁੜੀ ਜਿਹੀ ਆ ਗਈ ਕਿ ਕਿਤੇ ਗਗਨ ਨਾਲ਼ ਹੀ ਕੋਈ ਗੱਲ ਨਾ ਹੋ ਗਈ ਹੋਵੇ।ਇੱਕ ਸਾਇਕਲ ਚਲਾਉਣ ਕਾਰਨ ਤੇ ਦੂਜਾ ਸੋਚ-ਸੋਚ ਕੇ ਉਸਨੂੰ ਪਸੀਨਾ ਆ ਰਿਹਾ ਸੀ।ਸਾਹ ਫੁੱਲਿਆ ਹੋਇਆ ਸੀ।

ਹੁਣ ਉਹ ਜਾਗੋਵਾਲ਼ ਦੇ ਸੂਏ 'ਤੇ ਜਾ ਚੜ੍ਹਿਆ।ਜਾਗੋਵਾਲ਼ ਵੱਲ ਨੂੰ ਮੁੜਨ ਹੀ ਲੱਗਿਆ ਸੀ ਕਿ ਉਸਦੀ ਨਿਗ੍ਹਾ ਨਵੇਂ ਪਿੰਡ ਵਾਲ਼ੇ ਪਾਸੇ ਦੀ ਚਿੱਟੀ ਮੋਟਰ 'ਤੇ ਜਾ ਪਈ।ਉਸਨੂੰ ਸ਼ਿਵਚਰਨ ਦਾ ਭੁਲੇਖਾ ਪਿਆ।ਜਦੋਂ ਉਸਨੇ ਕੋਲ਼ ਜਾ ਕੇ ਦੇਖਿਆ ਤਾਂ ਸ਼ਿਵਚਰਨ ਹੀ ਸੀ ਤੇ ਉਹ ਔਲੂ ਦੇ ਕਿਨਾਰੇ ਬੈਠਾ ਸੋਚਾਂ ਵਿੱਚ ਡੁੱਬਿਆ ਪਿਆ ਸੀ।ਉਸਨੂੰ ਸਿਕੰਦਰ ਦੇ ਸਾਇਕਲ ਦੀਆਂ ਟੱਲੀਆਂ ਦੀਆਂ ਅਵਾਜ਼ਾਂ ਦਾ ਵੀ ਪਤਾ ਨਾ ਲੱਗਿਆ।ਜਦੋਂ ਸਿਕੰਦਰ ਨੇ ਉਸਦੇ ਮੋਢੇ 'ਤੇ ਹੱਥ ਰੱਖਿਆ ਤਾਂ ਉਹ ਉੱਭੜਵਾਹਿਆਂ ਵਾਂਗ ਉੱਠਿਆ ਤੇ ਫਿਰ ਸਿਕੰਦਰ ਨੂੰ ਵੀ ਉਸਨੇ ਨਾਲ਼ ਹੀ ਬਿਠਾ ਲਿਆ।

ਇਹ ਸ਼ਿਵਚਰਨ ਦੇ ਦੋਸਤ ਸੁਰਜੀਤੇ ਦੀ ਮੋਟਰ ਸੀ,ਜਿੱਥੇ ਉਹ ਕਦੇ-ਕਦੇ ਬੈਠ ਜਾਂਦੇ ਹੁੰਦੇ ਸਨ।ਅੱਜ ਸੁਰਜੀਤਾ ਤਾਂ ਹੈ ਨਹੀਂ ਸੀ ਪਰ ਉਸਦਾ ਉਦਾਸ ਚਿੱਤ ਉਸਨੂੰ ਮੋਟਰ ਵੱਲ ਖਿੱਚ ਲਿਆਇਆ ਸੀ।ਸਿਕੰਦਰ ਨੇ ਉਸਨੂੰ ਉਦਾਸੀ ਦਾ ਕਾਰਨ ਪੁੱਛਣਾ ਚਾਹਿਆ ਤੇ ਕਹਿਣ ਲੱਗਿਆ,"ਸ਼ਿਵਚਰਨ! ਅੱਜ ਤੇਰੇ ਚਿਹਰੇ ਨੂੰ ਦੇਖ ਕੇ ਬੀਬੀ ਵੀ ਫਿਕਰ ਕਰਦੀ ਸੀ,ਉਹਨੇ ਹੀ ਭੇਜਿਆ ਮੈਨੂੰ ਤੇਰਾ ਪਤਾ ਲੈਣ।"

"ਸੱਚ ਨਾਲ਼......ਯਾਰ ਮਾਂ ਨੂੰ ਮੇਰੀ ਉਦਾਸੀ ਦਾ ਪਤਾ ਲੱਗ ਗਿਆ ਸੀ ?"

ਉਸਨੇ ਹੈਰਾਨੀ ਨਾਲ਼ ਪੁੱਛਿਆ ਤਾਂ ਸਿਕੰਦਰ ਨੇ ਗਲ਼ਵੱਕੜੀ ਪਾਉਂਦੇ ਨੇ ਕਿਹਾ,"ਹਾਂ ਯਾਰ,ਉਹ ਤਾਂ ਕਹਿੰਦੀ ਸੀ ਕਿ ਅੱਜ ਮੈਂ ਤੈਨੂੰ ਆਪਣੇ ਨਾਲ਼ ਹੀ ਲੈ ਕੇ ਆਵਾਂ,..ਅੱਜ ਬੀਬੀ ਨੇ ਰੁੱਤ ਦਾ ਪਹਿਲਾ ਸਾਗ ਬਣਾਇਆ।"

ਸਿਕੰਦਰ ਦੀਆਂ ਗੱਲਾਂ ਸੁਣ ਕੇ ਉਸਨੂੰ ਆਪਣੀ ਮਾਂ ਵਕੀਲਾਂ ਦੀ ਯਾਦ ਆ ਗਈ ਸੀ।ਉਸਨੂੰ ਉਸ ਲਈ ਸਾਗ ਬਣਾਉਣਾ ਬਹੁਤ ਵਧੀਆ ਲੱਗਦਾ ਹੁੰਦਾ ਸੀ।ਉਹ ਆਪ ਗੰਦਲਾਂ ਤੋੜ-ਤੋੜ ਕੇ ਲਿਆਉਂਦੀ ਹੁੰਦੀ ਤੇ ਫਿਰ ਡੋਈ ਨਾਲ਼ ਘੋਟ-ਘੋਟ ਕੇ ਬਣਾਉਂਦੀ ਹੁੰਦੀ ਸੀ।ਇੱਕ ਵਾਰ ਸ਼ਿਵਚਰਨ ਨੇ ਸਾਗ ਘੋਟਣ ਲੱਗੇ ਨੇ ਤੌੜੀ ਹੀ ਭੰਨ ਦਿੱਤੀ ਸੀ।ਮਾਂ ਦੀ ਯਾਦ ਤੇ ਅੱਜ ਦੀ ਘਟਨਾ ਕਾਰਨ ਉਸਦਾ ਮਨ ਬੋਝ਼ਲ ਜਿਹਾ ਹੋਇਆ ਪਿਆ ਸੀ ਪਰ ਤੌੜੀ ਟੁੱਟਣ ਵਾਲ਼ੀ ਗੱਲ ਮਨ 'ਚ ਲਿਆ ਕੇ ਉਹ ਆਪ ਮੁਹਾਰੇ ਹੀ ਹੱਸਣ ਲੱਗ ਪਿਆ।

ਉਸਨੇ ਸਿਕੰਦਰ ਦੀ ਬਾਂਹ ਫ਼ੜੀ ਤੇ ਉਸਨੂੰ ਜਾਗੋਵਾਲ਼ ਲੈ ਗਿਆ ਅਤੇ ਉਸਨੇ ਆਪਣੇ ਅੱਬੂ ਤੋਂ ਛਾਪੇ ਜਾਣ ਲਈ ਪ੍ਰਵਾਨਗੀ ਵੀ ਲੈ ਲਈ।ਉਸਨੂੰ ਭਾਵੇਂ ਪਤਾ ਸੀ ਕਿ ਵਕੀਲਾ ਕਦੇ ਨਾਂਹ ਨਹੀਂ ਕਰੇਗਾ ਪਰ ਫਿਰ ਵੀ ਉਸਨੂੰ ਪੁੱਛਣਾ ਉਹ ਆਪਣਾ ਧਰਮ ਸਮਝਦਾ ਸੀ।ਉਸਨੇ ਆਪਣੇ ਕੱਪੜੇ ਤੇ ਕਿਤਾਬਾਂ ਨਾਲ਼ ਲੈ ਲਈਆਂ ਜਦੋਂ ਸਿਕੰਦਰ ਨਾਲ਼ ਤੁਰਨ ਲੱਗਿਆ ਤਾਂ ਵਕੀਲੇ ਨੇ ਕਿਹਾ,"ਪੁੱਤ ਆਪਣੇ ਕੱਪੜੇ ਤੇ ਕਿਤਾਬਾਂ ਲੈ ਜਾਹ ਸਵੇਰੇ ਸਿੱਧਾ ਹੀ ਚਲਿਆ ਜਾਈਂ ਕਿਤੇ ਇੱਧਰ ਨੂੰ ਨਾ ਖਿੱਚ ਕਰੀਂ।"

"ਹਾਂ ਅੱਬੂ ਲੈ ਲਈਆਂ ਨੇ ਕਿਤਾਬਾਂ ਵੀ ਤੇ ਕੱਪੜੇ ਵੀ,ਤੁਸੀਂ ਵੀ ਟਾਇਮ ਸਿਰ ਰੋਟੀ ਖਾ ਲਿਓ,ਮੂਰਤੀਆਂ ਅਸੀਂ ਅੰਦਰ ਕਰ ਦਿੱਤੀਆਂ ਨੇ।"

ਉਹ ਰਸੋਈ 'ਚ ਗਿਆ ਤਾਂ ਅੱਜ ਦੁੱਧ ਸਾਰਾ ਹੀ ਪਿਆ ਸੀ।ਅੱਬੂ ਨੇ ਚਾਹ ਵੀ ਨਹੀਂ ਬਣਾਈ ਸੀ।ਉਹ ਚਾਹ ਬਾਰੇ ਸੋਚ ਕੇ ਫੇਰ ਉਦਾਸ ਹੋ ਕੇ ਬੋਲਿਆ,"ਅੱਜ ਮੇਰੀ ਉਦਾਸੀ ਨੇ ਫੇਰ ਅੱਬੂ ਨੂੰ ਚਾਹ ਤੋਂ ਵਾਂਝਾ ਕਰ ਦਿੱਤਾ।"

ਹੁਣ ਉਹ ਦੋਵੇਂ ਜਾਗੋਵਾਲ਼ ਤੋਂ ਵੱਖੋ-ਵੱਖ ਸਾਇਕਲਾਂ 'ਤੇ ਛਾਪੇ ਦੇ ਰਾਹ ਪੈ ਗਏ ਸਨ।ਸਿਕੰਦਰ ਨੂੰ ਰਸਤੇ ਵਿੱਚ ਕੋਈ ਹੋਰ ਗੱਲ ਕਰਨੀ ਠੀਕ ਨਾ ਲੱਗੀ।ਘਰ ਪਹੁੰਚੇ ਤਾਂ ਬੀਬੀ ਨੇ ਸ਼ਿਵਚਰਨ ਨੂੰ ਬੁੱਕਲ਼ 'ਚ ਲੈ ਕੇ ਘੁੱਟ ਕੇ ਪਿਆਰ ਦਿੱਤਾ। ਭੈਣਾਂ ਵੀ ਚਾਅ 'ਚ ਭੱਜੀਆਂ ਫਿਰਦੀਆਂ ਸਨ।ਉਹ ਜਦੋਂ ਸਾਗ ਨਾਲ਼ ਰੋਟੀ ਖਾ ਰਿਹਾ ਸੀ ਤਾਂ ਉਸਨੇ ਮੋਹ 'ਚ ਭਿੱਜ ਕੇ ਕਿਹਾ,"ਅੱਜ ਵਰ੍ਹਿਆਂ ਬਾਅਦ ਮਮਤਾ ਮੋਹ ਵਾਲ਼ਾ ਸਾਗ ਖਾਧਾ...ਸਵਾਦ ਹੀ ਆ ਗਿਆ।"

ਉਸਦੀਆਂ ਇਹ ਕਹਿੰਦੇ ਦੀਆਂ ਅੱਖਾਂ ਨਮ ਹੋ ਗਈਆ ਸਨ।ਬੀਬੀ ਉਸਦੀ ਗੱਲ ਸੁਣ ਕੇ ਫੁੱਲੀ ਨਹੀਂ ਸੀ ਸਮਾ ਰਹੀ।ਰੋਟੀ ਖਾਣ ਤੋਂ ਬਾਅਦ ਵੀ ਸਾਰੇ ਬੈਠ ਕੇ ਕਿੰਨਾ ਚਿਰ ਗੱਲਾਂ ਕਰਦੇ ਰਹੇ ਪਰ ਸਿਕੰਦਰ ਨੂੰ ਕਾਹਲ਼ ਸੀ ਕਿ ਉਹ ਜਲਦੀ ਨਾਲ਼ ਬੈਠਕ 'ਚ ਜਾਣ ਤਾਂ ਜੋ ਦਿਨ ਵਾਲ਼ੀ ਘਟਨਾ ਬਾਰੇ ਜਾਣਿਆ ਜਾ ਸਕੇ।

ਰੋਟੀ ਤੋਂ ਬਾਅਦ ਉਹ ਦੋਵੇਂ ਰਾਹ ਨਾਲ਼ ਲੱਗਦੀ ਪੱਕੀ ਬੈਠਕ ਵਿੱਚ ਜਾ ਪਏ।ਜਿੱਥੇ ਸਿਕੰਦਰ ਬੈਠ ਕੇ ਪੜ੍ਹਿਆ ਕਰਦਾ ਸੀ।ਉਹ ਦੋਵੇਂ ਕਾਫ਼ੀ ਸਮਾਂ ਚੁੱਪ-ਚਾਪ ਪਏ ਰਹੇ।ਫਿਰ ਸਿਕੰਦਰ ਨੇ ਗੱਲ ਤੋਰੀ,"ਵੈਸੇ ਮੈਨੂੰ ਪੁੱਛਣਾ ਤਾਂ ਨਹੀਂ ਚਾਹੀਦਾ,ਪਰ ਅੱਜ ਤੂੰ ਪਹਿਲਾਂ ਕਿਉਂ ਆ ਗਿਆ ਸੀ,ਤੇਰਾ ਮਨ ਉਦਾਸੀ ਜਿਹੀ ਨਾਲ਼ ਕਿਉਂ ਭਰਿਆ ਪਿਆ ?"

"ਬਸ ਯਾਰ ਬਾਂਸਾਂ ਦੀਆਂ ਬਾਂਸੁਰੀਆਂ ਬਣਾਉਣੀਆਂ ਬੜੀਆਂ ਔਖੀਆਂ ਨੇ,ਇਨ੍ਹਾਂ ਬਾਂਸਾਂ ਦੇ ਆਰ-ਪਾਰ ਨਿੱਕਲ਼ਦੀ ਗ਼ਲੀ ਨੇ ਇਨ੍ਹਾਂ ਨੂੰ ਖੋਖਲ਼ਾ ਕਰ ਛੱਡਿਆ...ਗਿਆਨ ਤੇ ਸੁਰਾਂ ਵਾਲ਼ੀਆਂ ਗ਼ਲੀਆਂ ਇਹ ਕਢਵਾਉਣਾ ਨੀ ਚਾਹੁੰਦੇ।"

"ਦੇਖ ਯਾਰ ਮੈਂ ਕਦੇ ਤੈਨੂੰ ਕੋਈ ਸਵਾਲ ਨੀ ਕੀਤਾ...ਪਰ ਅੱਜ ਤੈਨੂੰ ਸਾਰੀ ਗੱਲ ਮੈਨੂੰ ਦੱਸਣੀ ਪੈਣੀ ਆਂ,ਤੇਰੇ ਬਾਂਸ ਤੇ ਬਾਂਸੁਰੀਆਂ ਮੇਰੇ ਪੱਲੇ ਨਹੀਂ ਪੈਂਦੀਆਂ।"

ਹੁਣ ਸ਼ਿਵਚਰਨ ਨੇ ਸਾਰੀ ਗੱਲ ਸਿਕੰਦਰ ਅੱਗੇ ਫ਼ਰੋਲ਼ ਦਿੱਤੀ।ਸਿਕੰਦਰ ਸੁਣ ਕੇ ਕੁਝ ਦੇਰ ਚੁੱਪ ਰਿਹਾ ਤੇ ਫਿਰ ਬੋਲਿਆ,"ਸੁਕਰਾਤ ਨੇ ਜ਼ਹਿਰ ਦਾ ਪਿਆਲਾ ਪੀ ਲਿਆ ਸੀ...ਤੂੰ ਸਬਰ ਦਾ ਪਿਆਲਾ ਵੀ ਨੀ ਪੀ ਸਕਦਾ,ਲੋਕਾਂ ਤੋਂ ਸਿੱਖਣਾ ਸੌਖਾ ਪਰ ਇਨ੍ਹਾਂ ਨੂੰ ਸਿਖਾਉਣਾ ਟੇਢੀ ਖੀਰ ਆ ਮੇਰੇ ਯਾਰ....।"

"ਕੀ ਮਤਲਬ ?"

"ਅਜੇ ਬਹੁਤ ਕੁਛ ਕਰਨਾ ਬਾਕੀ ਆ,ਇਨ੍ਹਾਂ ਬਾਂਸਾਂ ਲਈ ਨਿਰਾਸ ਨਾ ਹੋ,ਇਨ੍ਹਾਂ ਤੋਂ ਸਿੱਖ ਕੇ ਅੱਗੇ ਵਧ,ਪੂਰਾ ਜੰਗਲ਼ ਤੇਰਾ ਹੀ ਆ,ਜ਼ਿੰਦਗੀ ਨੂੰ ਇਸ ਤਰ੍ਹਾਂ ਜਿਉਣਾ ਕਿ ਜ਼ਿੰਦਗੀ ਹਮੇਸ਼ਾ ਕੁਝ ਨਾ ਕੁਝ ਦੂਜਿਆਂ ਨੂੰ ਵੰਡਦੀ ਰਹੇ।"

ਸਿਕੰਦਰ ਨੇ ਸਮਝਾਉਂਦੇ ਨੇ ਕਿਹਾ ਤਾਂ ਸ਼ਿਵਚਰਨ ਅੱਗੋਂ ਉੱਠ ਕੇ ਬੈਠ ਗਿਆ ਤੇ ਉਦਾਸੀ ਜਿਹੀ 'ਚ ਬੋਲਿਆ,"ਯਾਰ ਮਨ ਨੂੰ ਉਦੋਂ ਬਹੁਤ ਠੇਸ ਪਹੁੰਚੀ ਜਦੋਂ ਗਗਨ ਨੂੰ ਵੀ ਇੱਕ ਤੀਵੀਂ ਨੇ ਚਗ਼ਲ਼ ਤੇ ਦੱਲੀ ਆਖ ਦਿੱਤਾ।"

ਸ਼ਿਵਚਰਨ ਭਾਵੁਕ ਜਿਹਾ ਹੋ ਗਿਆ ਤਾਂ ਸਿਕੰਦਰ ਨੇ ਉਸਦੀ ਭਾਵੁਕਤਾ ਨੂੰ ਭਾਂਪਦੇ ਹੋਏ ਸ਼ਾਇਰਾਨਾ ਅੰਦਾਜ਼ 'ਚ ਕਿਹਾ,

"ਜੇ ਲੋਕਾਂ ਦੇ ਪੈਰਾਂ 'ਚੋਂ ਕੰਡਿਆਂ ਨੂੰ ਕੱਢਣਾ
ਤਾਂ ਆਪਣੇ ਵੀ ਕਦਮਾਂ ਨੂੰ ਕੰਡਿਆਂ 'ਤੇ ਧਰ ਲੈ,
ਜੇ ਲੋਕਾਂ ਲਈ ਖ਼ੁਸ਼ੀਆਂ ਦੀ ਫ਼ਸਲ ਉਗਾਉਣੀ
ਤਾਂ ਆਪਣੇ ਚਾਵਾਂ ਦੇ ਖੇਤਾਂ ਨੂੰ ਤੂੰ ਗਹਿਣੇ ਧਰ ਲੈ।"

ਐਨਾ ਆਖ ਸਿਕੰਦਰ ਨੇ ਉਸਨੂੰ ਗ਼ਲ਼ਵੱਕੜੀ 'ਚ ਲੈ ਲਿਆ।ਹੁਣ ਸ਼ਿਵਚਰਨ ਸਿਕੰਦਰ ਦੀ ਕਵਿਤਾ ਦੇ ਅਰਥਾਂ ਨੂੰ ਰੂਹ ਤੱਕ ਲੈ ਗਿਆ ਸੀ।ਹੁਣ ਉਹ ਖ਼ੁਦ ਨੂੰ ਹੌਲ਼ਾ ਫੁੱਲ ਮਹਿਸੂਸ ਕਰ ਰਿਹਾ ਸੀ।

ਫੇਰ ਉਹ ਕਿੰਨੀ ਲੰਘੀ ਰਾਤ ਤੱਕ ਗੱਲਾਂ ਕਰਦੇ ਰਹੇ ਤੇ ਸ਼ਿਵਚਰਨ ਨੇ ਸਵੇਰੇ ਕਾਲਜ ਨਾ ਜਾ ਕੇ ਘਰ ਰਹਿਣ ਦਾ ਫੈਸਲਾ ਕਰ ਲਿਆ ਕਿਉਂਕਿ ਅੱਜ ਦੀ ਘਟਨਾ ਨੇ ਉਸਦਾ ਬਰਨਾਲੇ ਤੋਂ ਮੂੰਹ ਮੋੜ ਦਿੱਤਾ ਸੀ ਅਤੇ ਫਿਰ ਉਹ ਸੁਨਹਿਰੀ ਭਵਿੱਖ ਲਈ ਕਾਮਨਾ ਕਰਦ ਹੋਏ ਦੋਵੇਂ ਗੂੜ੍ਹੀ ਨੀਂਦਰ ਸੌਂ ਗਏ।

---

*

## ਕਾਂਡ-5

ਸਰਾਧਾਂ ਦੇ ਦਿਨ ਚੱਲ ਰਹੇ ਸਨ।ਅੱਜ ਗਗਨ ਕਾਲਜ ਵੀ ਨਹੀਂ ਗਈ ਸੀ।ਉਸਦੇ ਮਨ ਵਿੱਚ ਦਾਣਾ ਮੰਡੀ ਵਿੱਚ ਵਾਪਰੀ ਘਟਨਾ ਦਾ ਸਦਮਾ ਜਿਹਾ ਬੈਠ ਗਿਆ ਸੀ।ਉਸਨੇ ਕਦੇ ਇਹ ਸੋਚਿਆ ਵੀ ਨਹੀਂ ਸੀ ਕਿ ਸੂਹੇ ਸਫ਼ਰ 'ਤੇ ਚੱਲਦਿਆਂ ਕੰਡਿਆਲ਼ੇ ਝਾੜ 'ਚ ਵੀ ਫਸਣਾ ਪੈ ਸਕਦਾ,ਜਿਸਦੇ ਸੂਲ਼ਾਂ ਵਰਗੇ ਕੰਡੇ ਉਸਦੇ ਅਸਤਿਤਵ ਨੂੰ ਛੱਲਣੀ-ਛੱਲਣੀ ਕਰ ਦੇਣਗੇ।ਦਾਣਾ ਮੰਡੀ ਵਿੱਚ ਉਸ ਜ਼ਨਾਨੀ ਦੁਆਰਾ ਉਸ ਲਈ ਬੋਲੇ ਸ਼ਬਦ,'ਏਸੀਆਂ ਚਗ਼ਲ ਜ਼ਨਾਨੀਆਂ ਵੀ ਦੱਲਿਓਂ ਜੇਸਾ ਕਾਮ ਕਰਤੀ ਹੈਂ..' ਉਸਨੂੰ ਵਾਰ-ਵਾਰ ਕੋਹ ਰਹੇ ਸਨ।ਜੋ ਲੰਮੇ ਪੈਂਡੇ ਕਰਨ ਦੇ ਸੁਪਨੇ ਬੀਜੇ ਸੀ,ਅੱਖ ਝਪਕਦਿਆਂ ਹੀ ਚੂਰ-ਚੂਰ ਹੋ ਗਏ ਸਨ।

"ਮੈਂ ਹੀ ਸਲਾਹ ਦਿੱਤੀ ਸੀ ਸ਼ਿਵ ਨੂੰ ਸ਼ਬਦਾਂ ਦਾ ਬੀਜ ਬੀਜਣ ਦੀ,ਕੀ ਪਤਾ ਸੀ ਉੱਜੜੀਆਂ ਖੱਡਾਂ 'ਚ ਕੇਵਲ ਚੂਹਿਆਂ ਦਾ ਨਹੀਂ ਸਗੋਂ ਫ਼ਨੀਅਰ ਨਾਗਾਂ ਦਾ ਵੀ ਨਿਵਾਸ ਹੋ ਸਕਦਾ।" ਉਹ ਵਾਰ-ਵਾਰ ਇਸ ਘਟਨਾ ਬਾਰੇ ਹੀ ਸੋਚੀ ਜਾ ਰਹੀ ਸੀ।

"ਸ਼ਿਵਚਰਨ ਮੇਰੇ ਬਾਰੇ ਕੀ ਸੋਚਦਾ ਹੋਣੈ।"

"ਮੈਂ ਕਿੰਨੀ ਵੱਡੀ ਗ਼ਲਤੀ ਕੀਤੀ,ਹਾਏ!..ਸ਼ਿਵ ਮੈਨੂੰ ਮੁਆਫ਼ ਕਰੀਂ,ਬਾਂਸ ਬਾਂਸੁਰੀਆਂ ਨਹੀਂ ਹੋ ਸਕਦੇ,......ਪਰ ਨਿੱਕੀਆਂ-ਨਿੱਕੀਆਂ ਪੋਰੀਆਂ ਦੀਆਂ ਤਾਂ ਬਾਂਸੁਰੀਆਂ ਬਣ ਸਕਦੀਆਂ ਸਨ...ਸ਼ਾਇਦ ਵੱਡੇ-ਵੱਡੇ ਬਾਂਸਾਂ ਦੇ ਝੁੰਡ ਵਿੱਚ ਨਿੱਕੀਆਂ-ਨਿੱਕੀਆਂ ਪੋਰੀਆਂ ਦੀ ਕੋਈ ਹੋਂਦ ਨਹੀਂ ਹੋ ਸਕਦੀ...ਮੇਰੀ ਗ਼ਲਤ ਪਹਿਚਾਣ...ਬਸ ਹੋਰ ਕੁਛ ਨਹੀਂ।" ਉਹ ਸੋਚੀ ਹੀ ਜਾ ਰਹੀ ਸੀ।

ਦਿਨ ਬਹੁਤ ਵੱਡਾ ਹੋ ਗਿਆ ਸੀ।ਪੰਡਤਾਂ ਦਾ ਘਰ ਸੀ।ਸਰਾਧਾਂ ਦੇ ਦਿਨਾਂ 'ਚ ਤਾਂ ਵੈਸੇ ਹੀ ਵਿਹਲ ਨਹੀਂ ਹੁੰਦੀ ਪਰ ਗਗਨ ਏਨੇ ਵੱਡੇ ਦਿਨ ਤੱਕ ਵੀ ਆਪਣੇ ਬੈੱਡ ਰੂਮ ਵਿੱਚ ਪਈ ਹੋਈ ਸੀ।ਜੋ ਉੱਪਰਲੀ ਛੱਤ 'ਤੇ ਸੀ।ਜਿਸਦੀ ਖਿੜਕੀ ਵਿੱਚੋਂ ਦੀ ਸੂਰਜ ਦੀ ਮੱਧਮ ਜਿਹੀ ਕਿਰਨ ਵੀ ਅਸਾਨੀ ਨਾਲ਼ ਉਸਦੇ ਗੋਰੇ ਚਿੱਟੇ ਚਿਹਰੇ 'ਤੇ ਆਪਣੀ ਲਾਲੀ ਸੁੱਟ ਦਿੰਦੀ ਸੀ,ਜਿਸਨੂੰ ਉਹ ਆਪਣੇ ਚਿਹਰੇ ਉੱਤੋਂ ਫੜਨ ਦੀ ਕੋਸ਼ਿਸ਼ ਕਰਿਆ ਕਰਦੀ ਕਿੰਨਾ ਹੀ ਸਮਾਂ ਅਠਖੇਲੀਆਂ ਕਰਦੀ ਰਹਿੰਦੀ ਹੁੰਦੀ ਸੀ ਪਰ ਅੱਜ ਉਸਨੇ ਇਨ੍ਹਾਂ ਸੰਦਲੀ ਕਿਰਨਾਂ ਵੱਲ ਪਾਸਾ ਕਰ ਰੱਖਿਆ ਸੀ ਤੇ ਹਨ੍ਹੇਰਾ

ਉਸਦੇ ਗੋਰੇ ਚਿਹਰੇ ਨੂੰ ਆਪਣੀ ਬੁੱਕਲ਼ ਵਿੱਚ ਲੁਕਾਈ ਬੈਠਾ ਸੀ।ਉਸਨੂੰ ਸ਼ਿਵਚਰਨ ਦਾ ਚੇਤਾ ਵਾਰ-ਵਾਰ ਆ ਰਿਹਾ ਸੀ।ਉਹ ਸ਼ਿਵਚਰਨ ਤੇ ਉਸਦੀ ਯਾਦ ਨੂੰ ਆਪਣੇ ਆਪੇ 'ਚੋਂ ਮਨਫ਼ੀ ਨਹੀਂ ਸੀ ਕਰਨਾ ਚਾਹੁੰਦੀ।ਕੱਲ੍ਹ ਦੀ ਘਟਨਾ ਨੇ ਉਸਦੇ ਦਿਲ ਨੂੰ ਚਿਤਮਣੀ ਜਿਹੀ ਲਾ ਦਿੱਤੀ ਸੀ ਮਤਾਂ ਉਸਦੇ ਸੁਪਨਿਆਂ ਦਾ ਬੂਟਾ ਕੁਮਲ਼ਾ ਹੀ ਨਾ ਜਾਵੇ।

ਉਨ੍ਹਾਂ ਦੇ ਥੋੜ੍ਹੇ ਜਿਹੇ ਦਿਨਾਂ ਦੇ ਸਾਥ ਨੇ ਉਨ੍ਹਾਂ ਨੂੰ ਇੱਕ ਦੂਜੇ ਦੀ ਆਦਤ ਪਾ ਦਿੱਤੀ ਸੀ।ਗਗਨ ਦੇ ਦਿਲ ਵਿੱਚ ਮੁਹੱਬਤ ਦੀ ਰੇਸ਼ਮੀ ਪੱਤ ਵਰਗੀ ਕਰੂੰਬਲ਼ ਫੁੱਟ ਆਈ ਸੀ।ਇਸ ਨੂੰ ਉਹ ਮੁਹੱਬਤੀ ਬੋਹੜ ਬਣਾਉਣ ਦੀ ਇੱਛਾ ਰੱਖਦੀ ਸੀ।ਉਹ ਇਹ ਵੀ ਮਹਿਸੂਸ ਕਰਦੀ ਸੀ ਕਿ ਇਸ ਕਰੂੰਬਲ਼ ਦਾ ਦੂਜਾ ਪੱਤ ਸ਼ਿਵਚਰਨ ਦੇ ਦਿਲ 'ਚ ਵੀ ਪੁੰਗਰਿਆ ਹੋਵੇਗਾ।ਉਹ ਸੋਚ ਰਹੀ ਸੀ ਕਿ ਜਦੋਂ ਉਹ ਦਾਣਾ ਮੰਡੀ ਵਿਚਲੀ ਨਿੱਕੀ ਜਿਹੀ ਕੰਧ 'ਤੇ ਬੈਠੇ ਨਿੱਕੇ-ਨਿੱਕੇ ਬੱਚਿਆਂ ਨੂੰ ਖੇਡਦੇ ਦੇਖ ਰਹੇ ਸਨ ਤਾਂ ਉਸਨੇ ਸ਼ਿਵਚਰਨ ਨੂੰ ਚੋਰੀ-ਚੋਰੀ ਉਸ ਵੱਲ ਤੱਕਦੇ ਨੂੰ ਦੇਖਿਆ ਸੀ।ਉਸੇ ਵੇਲ਼ੇ ਝੌਂਪੜੀਆਂ ਵਾਲ਼ੀਆਂ ਔਰਤਾਂ ਜੋ ਸਾਹਮਣੇ ਹੀ ਸ਼ੈੱਡ ਦੀ ਟੂਟੀ ਕੋਲ਼ ਬੈਠੀਆਂ ਕੱਪੜੇ ਧੋ ਰਹੀਆਂ ਸਨ,ਉਨ੍ਹਾਂ ਨੇ ਵੀ ਉਸ ਨੂੰ ਇਸ ਅੰਦਾਜ਼ ਵਿੱਚ ਦੇਖਦੇ ਨੂੰ ਨੋਟ ਕੀਤਾ ਸੀ।ਸ਼ਾਇਦ ਇਹ ਵੀ ਕਾਰਨ ਹੋ ਸਕਦਾ ਬਾਂਸਾਂ ਨੂੰ ਬਾਂਸੁਰੀਆਂ ਬਣਾਉਣ ਵਾਲ਼ੇ ਸੁਪਨੇ ਦੇ ਚੂਰ-ਚੂਰ ਹੋਣ ਦਾ।ਫਿਰ ਉਹ ਆਪ ਮੁਹਾਰੇ ਬੋਲੀ,"ਨਹੀਂ!ਨਹੀਂ!....ਨਹੀਂ ਉਸਦੀ ਆਤਮਾ ਉਸਦੇ ਦਿਲ ਤੇ ਉਸਦੇ ਕਰਮਾਂ ਵਾਂਗ ਪਵਿੱਤਰ ਹੈ,ਮੈਨੂੰ ਗ਼ਲਤ-ਫ਼ਹਿਮੀ ਹੋ ਸਕਦੀ ਆ...ਇਹ ਕਾਰਨ ਤਾਂ ਨਹੀਂ ਹੋ ਸਕਦਾ......ਪਰ ਉਸਦੀ ਨਿੱਕੀ ਜਿਹੀ ਛੋਹ ਨੇ ਮੇਰੇ ਧੁਰ ਅੰਦਰ ਤੱਕ ਕੰਬਣੀ ਜਿਹੀ ਛੇੜ ਦਿੱਤੀ ਸੀ।"

ਉਹ ਮਨ ਦੇ ਹਰ ਕੋਨੇ 'ਚ ਸ਼ਿਵਚਰਨ ਨੂੰ ਬਿਠਾਈ ਬੈਠੀ ਸੀ ।ਦੂਰ ਹੋ ਕੇ ਵੀ ਉਸਨੂੰ ਦੂਰ ਨਹੀਂ ਸੀ ਕਰ ਪਾ ਰਹੀ।

"ਗਾਗੋ ਪੁੱਤ! ਅੱਜ ਕੀ ਹੋ ਗਿਆ ਕਾਲਜ ਨੀ ਜਾਣਾ? ਮੈਂ ਤਾਂ ਸਰਾਧਾਂ 'ਚ ਹੀ ਰੁੱਝ ਗਈ ਸੀ,ਹੁਣ ਕਿਤੇ ਜਾ ਕੇ ਵਿਹਲ ਮਿਲ਼ੀ ਆ।"

ਭਾਵੇਂ ਇਹ ਹਾਕ ਗਗਨ ਤੱਕ ਤਾਂ ਨਹੀਂ ਸੀ ਪਹੁੰਚੀ ਪਰ ਉਸਦੀ ਮਾਤਾ ਆਪਣੇ ਆਪ ਨਾਲ਼ ਹੀ ਗੱਲਾਂ ਕਰਦੀ ਉਸਦੇ ਕਮਰੇ ਤੱਕ ਪਹੁੰਚ ਗਈ ਸੀ।ਉਸਦੀ ਮਾਤਾ ਨੇ ਕੁੰਡਾ ਖੜਕਾਉਂਦਿਆਂ ਉਸਨੂੰ ਫੇਰ ਅਵਾਜ ਦਿੱਤੀ ਤਾਂ ਗਗਨ ਬੈੱਡ ਤੋਂ ਉੱਠਦੀ ਹੋਈ ਜਵਾਬ ਦਿੰਦੀ ਹੈ,"ਆਈ ਮਾਤਾ ਜੀ,ਹੁਣੇ ਹੀ ਜਾਗੀ ਸੀ।"

ਦਰਵਾਜ਼ਾ ਖੁੱਲ੍ਹਦੇ ਹੀ ਉਸਨੂੰ ਮਾਂ ਨੇ ਬੁੱਕਲ਼ 'ਚ ਲੈਂਦੀ ਨੇ ਕਿਹਾ,"ਪੁੱਤ! ਅੱਜ ਛੁੱਟੀ ਆ ?"

"ਨਹੀਂ ਮਾਤਾ ਜੀ,ਬਸ ਦਿਲ ਹੀ ਨੀ ਕੀਤਾ ਉੱਠਣ ਨੂੰ।"

"ਤੇਰਾ ਤਾਂ ਚਿਹਰਾ ਵੀ ਇੰਝ ਲੱਗਦਾ ਜਿਵੇਂ ਤੂੰ ਸਾਰੀ ਰਾਤ ਨੀ ਸੁੱਤੀ ਹੁੰਦੀ,ਕੋਈ...ਪਰੇਸ਼ਾਨੀ ਤਾਂ ਨੀ ਧੀਏ ? ਮਾਂਵਾਂ ਕੋਲ਼ੋਂ ਨੀ ਲੁਕਾਈਦਾ ਹੁੰਦਾ,ਤੂੰ ਤਾਂ ਆਪ ਨਿੱਕੀ ਹੁੰਦੀ ਗਾਉਂਦੀ ਫਿਰਦੀ ਹੁੰਦੀ ਸੀ,..ਮਾਂਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ।" ਮਾਂ ਨੇ ਗਾਉਂਦੀ ਨੇ ਗਗਨ ਨੂੰ ਪਿਆਰ ਦੀ ਗਲ਼ਵੱਕੜੀ 'ਚ ਲੈ ਲਿਆ ਤਾਂ ਗਗਨ ਵੀ ਹੌਲ਼ੀ ਫੁੱਲ ਹੋ ਗਈ ਜਿਵੇਂ ਉਸਦਾ ਸਾਰਾ ਅਕੇਵਾਂ ਲਹਿ ਗਿਆ ਹੋਵੇ।ਉਹ ਦੋਵੇਂ ਮਾਂਵਾਂ ਧੀਆਂ ਇੱਕ ਦੂਜੇ ਦਾ ਹੱਥ ਫੜੀ ਪੌੜੀਓਂ ਥੱਲੇ ਉੱਤਰ ਗਈਆਂ।

ਪਕਵਾਨ ਤਿਆਰ ਸਨ ਬਸ ਜਜਮਾਨਾਂ ਦੀ ਉਡੀਕ ਹੋ ਰਹੀ ਸੀ।ਗਗਨ ਦੇ ਪਿਤਾ ਜੀ ਵੀ ਤਿਆਰ ਹੋਏ ਬੈਠੇ ਸਨ।ਘਰ ਦੇ ਛੋਟੇ ਜਿਹੇ ਮੰਦਰ ਦੀ ਸਜ਼ਾਵਟ ਮਨ ਨੂੰ ਮੋਹ ਰਹੀ ਸੀ।ਉਹ ਪੌੜੀਓ ਉੱਤਰ ਕੇ ਪਹਿਲਾਂ ਬਾਥਰੂਮ ਗਈ ਤੇ ਨਹਾਉਣ ਕਰਨ ਮਗਰੋਂ ਉਹ ਘਰ ਦੇ ਮੰਦਰ 'ਚ ਪਹੁੰਚ ਗਈ।ਉਹ ਧਾਰਮਿਕ ਰਹੁ-ਰੀਤਾਂ ਨੂੰ ਚੰਗੀ ਤਰ੍ਹਾਂ ਜਾਣਦੀ ਸੀ।ਉਸਦਾ ਬਚਪਨ ਮੰਦਰ ਦੇ ਵਾਤਾਵਰਨ ਵਿੱਚ ਹੀ ਗੁਜ਼ਰਿਆ ਸੀ।ਉਹ ਧਾਰਮਿਕ ਗ੍ਰੰਥਾਂ ਨੂੰ ਆਤਮਿਕ ਸ਼ੁੱਧੀ ਦਾ ਸਾਧਨ ਮੰਨਦੀ ਸੀ ਪਰ ਕਈ ਥਾਂ ਉਹ ਦੁਚਿੱਤੀ ਵਿੱਚ ਪੈ ਜਾਂਦੀ ਸੀ ਜਿਵੇਂ ਇਸਤਰੀ ਪ੍ਰਤੀ ਗ੍ਰੰਥਾਂ ਦੇ ਵਿਚਾਰ...ਪਰ ਉਹ ਸਰਾਧਾਂ ਵਰਗੇ ਵਹਿਮਾਂ-ਭਰਮਾਂ ਤੋਂ ਮੁਕਤ ਸੀ।

ਜਜਮਾਨ ਆ ਚੁੱਕੇ ਸਨ ਪਰ ਉਨ੍ਹਾਂ ਨੂੰ ਸਰਾਧ ਖਵਾਉਣ ਲਈ ਗਗਨ ਕੋਈ ਦਿਲਚਸਪੀ ਨਹੀਂ ਸੀ ਦਿਖਾ ਰਹੀ।ਉਹ ਮਾਤਾ ਦੇ ਵਾਰ-ਵਾਰ ਕਹਿਣ ਤੇ ਵੀ ਨਾ ਗਈ ਤਾਂ ਅੱਕ ਕੇ ਮਾਂ ਨੇ ਉਸ ਵੱਲ ਹੱਥ ਕਰਦੀ ਨੇ ਕਿਹਾ, "ਕਿਤਾਬਾਂ ਨੇ ਜਵਾਕਾਂ ਦੀ ਬੁੱਧੀ ਭ੍ਰਿਸ਼ਟ ਕਰ ਦਿੱਤੀ ਆ,ਲੱਗਦਾ ਇਹ ਤਾਂ ਗਏ ਸਾਡੇ ਹੱਥੋਂ।"

"ਹੱਥਾਂ 'ਚ ਹੀ ਆਂ ਮਾਤਾ ਜੀ ਪਰ ਆਹ ਤੁਹਾਡੇ ਵਹਿਮਾਂ-ਭਰਮਾਂ 'ਚ ਨਹੀਂ ਆਂ।" ਗਗਨ ਨੇ ਹੱਸਦੀ ਨੇ ਜਵਾਬ ਦਿੱਤਾ।

"ਧੀਏ! ਇਹ ਵਹਿਮ ਨਹੀਂ ਸਗੋਂ ਰਿਸ਼ਤਿਆਂ ਦੀ ਹੋਂਦ ਤੇ ਆਪਣਿਆਂ ਦੀ ਯਾਦ ਦਾ ਪ੍ਰਗਟਾਵਾ ਏ,ਜੇ ਇਹ ਵਹਿਮ-ਭਰਮ ਵਿਸਰ ਗਏ ਤਾਂ ਸਮਝੋ ਵਡੇਰਿਆਂ ਦੇ ਨਾਂ ਤੇ ਰਿਸ਼ਤੇ ਵੀ ਸਭ ਵਿਸਰ ਗਏ,ਥੋਡੇ ਜਵਾਕਾਂ ਨੂੰ ਆਪਣੇ ਦਾਦੇ ਦਾ ਨਾਂ ਤੱਕ ਨੀ ਯਾਦ ਰਹਿਣਾ।"

"ਪਰ ਮਾਤਾ ਜੀ! ਆਹ ਢਿੱਡਲ਼ ਜਜਮਾਨ ਹੀ ਮਿਲ਼ੇ ਆ ਥੋਨੂੰ ਪੁਰਖਿਆਂ ਦੀ ਯਾਦ ਲਈ ? ਹੋਰ ਬਥੇਰੀਆਂ ਥਾਵਾਂ ਨੇ,ਗ਼ਰੀਬ ਬੱਚੇ ਨੇ,ਨਿੱਕੀਆਂ-ਨਿੱਕੀਆਂ ਭੁੱਖੀਆਂ ਜਿੰਦਾਂ ਸੜਕਾਂ 'ਤੇ ਰੁਲ਼ ਰਹੀਆਂ ਨੇ…ਪੜ੍ਹਾਈ ਤੋਂ ਵਿਰ੍ਹਵੇ ਰਹਿ ਚੁੱਕੇ ਬੱਚਿਆਂ ਦੀ ਪੜ੍ਹਾਈ ਲਈ ਮੱਦਦ ਕਰ ਸਕਦੇ ਹਾਂ, ਆਪਣੇ ਪਿਤਾ ਪੁਰਖਿਆਂ ਦੀ ਯਾਦ ਵਿੱਚ ਲਾਇਬ੍ਰੇਰੀਆਂ ਖੋਲ੍ਹ ਸਕਦੇ ਹਾਂ ਪਰ ਨਹੀਂ ਇਨ੍ਹਾਂ ਢਿੱਡਲ਼ਾਂ ਦੇ ਢਿੱਡ ਭਰੇ ਬਿਨਾਂ ਤਾਂ ਸਾਡੇ ਪੁਰਖੇ ਖੁਸ਼ ਨਹੀਂ ਹੁੰਦੇ।" ਗਗਨ ਨੇ ਆਪਣੀ ਮਾਤਾ ਨੂੰ ਚਿੜਾਉਂਦੀ ਨੇ ਕਿਹਾ।

ਕੰਮ ਵਿੱਚ ਰੁੱਝੀ ਮਾਤਾ ਦਾ ਧਿਆਨ ਗਗਨ ਦੀਆਂ ਗੱਲਾਂ ਵਿੱਚ ਹੀ ਸੀ।ਉਸਨੇ ਉਸਦਾ ਮੱਥਾ ਚੁੰਮਦੀ ਨੇ ਕਿਹਾ,"ਧੀਏ ਤੇਰੇ ਬੋਲ ਸੋਲ਼ਾਂ ਆਨੇ ਸੱਚ ਨੇ,ਮੈਨੂੰ ਤਾਂ ਤੂੰ ਭੁੱਖੇ ਢਿੱਡਾਂ ਦਾ ਚੇਤਾ ਕਰਵਾ ਕੇ ਮੇਰੇ ਖੋਹ ਪੈਣ ਲਾ ਤੀ ਉਨ੍ਹਾਂ ਲਈ,ਸਦਕੇ ਜਾਵਾਂ ਧੀਏ ਤੇਰੀ ਸੋਚ ਦੇ।"

ਹੁਣ ਗਗਨ ਖ਼ੁਸ਼ੀ ਮਹਿਸੂਸ ਕਰ ਰਹੀ ਸੀ।ਉਹ ਭਾਂਡਿਆਂ ਨੂੰ ਇੱਕੱਠੇ ਕਰਦੀ ਪ੍ਰਸ਼ਾਦੇ ਛਕ ਰਹੇ ਜਜਮਾਨਾਂ ਵੱਲ ਦੇਖ ਕੇ ਮੁਸਕਰਾਈ,"ਲਓ ਜੀ ਇਹ ਹੁਣ ਥੋੜ੍ਹੇ ਸਮੇਂ ਦੇ ਹੀ ਜਜਮਾਨ ਨੇ,ਛਕੋ ਜੀ ਛਕੋ …ਸ਼ਾਇਦ ਆਖਰੀ ਵਾਰੀ…ਹਾ!ਹਾ!!ਹਾ!!!"

ਉਹ ਰਸੋਈ 'ਚ ਖੜ੍ਹੀ ਉੱਚੀ ਦੇ ਕੇ ਹੱਸੀ।ਉਸਨੂੰ ਹੁਣ ਅੰਦਰੋ-ਅੰਦਰੀ ਖ਼ੁਸ਼ੀ ਮਹਿਸੂਸ ਹੋ ਰਹੀ ਸੀ।ਉਸਦੇ ਚਿਹਰੇ ਦੀ ਮਿੱਠੀ ਜਿਹੀ ਮੁਸਕਾਨ ਨੇ ਉਸਦੀਆਂ ਅੱਖਾਂ ਅੱਗੇ ਸ਼ਿਵਚਰਨ ਦਾ ਚਿਹਰਾ ਲੈ ਆਂਦਾ ਸੀ।ਉਸਦੇ ਖ਼ਿਆਲ ਨੇ ਉਸਨੂੰ ਮੋਹ 'ਚ ਭਿਓਂ ਦਿੱਤਾ।ਖ਼ਾਮੋਸ਼ ਰਿਸ਼ਤੇ ਦਾ ਮੁਹੱਬਤੀ ਬੀਜ ਹੁਣ ਪੁੰਗਰਨਾ ਸ਼ੁਰੂ ਹੋ ਗਿਆ ਸੀ।ਉਹ ਰਸੋਈ 'ਚ ਖੜ੍ਹੀ ਸ਼ਿਵਚਰਨ ਦੇ ਖਿਆਲਾਂ 'ਚ ਗੁੰਮ ਗਈ ਸੀ।ਉਸ ਨਾਲ਼ ਬਿਤਾਏ ਪਲ ਉਸਦੀ ਯਾਦ ਨੂੰ ਹੋਰ ਪੀਡ੍ਹਾ ਕਰ ਰਹੇ ਸਨ।ਉਹ ਭਾਂਡਿਆਂ ਨੂੰ ਧੋਂਦੀ-ਧੋਂਦੀ ਵਾਰ-ਵਾਰ ਧੋਏ ਹੋਏ ਭਾਂਡਿਆਂ ਨੂੰ ਹੀ ਧੋਈ ਜਾ ਰਹੀ ਸੀ।ਪਿਤਾ ਜੀ ਦੀ ਉੱਚੀ ਹਾਕ ਨੇ ਉਸਦੀਆਂ ਯਾਦਾਂ ਨੂੰ ਝਟਕਾ ਕੇ ਰੱਖ ਦਿੱਤਾ।ਉਹ ਜਲਦੀ ਨਾਲ਼ ਬਾਹਰ ਆਈ ਤੇ ਪਾਣੀ ਦਾ ਜੱਗ ਰੱਖ ਕੇ ਵਾਪਸ ਮੁੜ ਗਈ।

ਮੁੜਦੀ ਨੇ ਦਰਵਾਜ਼ੇ ਵੱਲੋਂ ਆ ਰਹੀ ਛੋਟੀ ਭੈਣ 'ਸ਼ਗਨ' ਨੂੰ ਲਾਲ ਚੁੰਨੀ 'ਚ ਲਿਪਟੀ ਹੋਈ ਆਉਂਦੀ ਨੂੰ ਦੇਖਿਆ।ਉਸਨੇ,"ਓਹ ਮੇਰੀ ਪਰੀ।" ਕਹਿ ਕੇ ਉਸਨੂੰ ਘੁੱਟ ਕੇ ਪਿਆਰ ਕੀਤਾ ਤੇ ਪੁੱਛਿਆ," ਮੇਰੀ ਗੁੱਡੀ ਨੂੰ ਇਹ ਲਾਲ ਚੁੰਨੀ ਕਿਸਨੇ ਗਿਫ਼ਟ ਕੀਤੀ ਆ।"

ਤਾਂ ਸ਼ਗਨ ਨੇ ਦੱਸਿਆ ਕਿ ਬੀਰਬਲ ਤਾਏ ਕਿਆਂ ਨੇ ਕੰਜਕਾਂ ਖਵਾ ਕੇ ਇਹ ਗਿਫ਼ਟ ਦਿੱਤਾ ਸੀ।

ਬੀਰਬਲ ਦਾ ਨਾਂ ਸੁਣ ਕੇ ਗਗਨ ਨੇ ਮੱਥੇ 'ਤੇ ਤਿਉੜੀ ਉੱਭਰ ਆਈ ਪਰ ਸ਼ਗਨ ਨੂੰ ਉਸਨੇ ਘੱਟ ਕੇ ਪਿਆਰ ਦਿੱਤਾ।ਹੁਣ ਉਸਦੀਆਂ ਅੱਖਾਂ ਅੱਗੇ ਬੀਰਬਲ ਤਾਇਆ ਘੁੰਮ ਰਿਹਾ ਸੀ ਜੋ ਉਸਦਾ ਸਕਾ ਤਾਇਆ ਤਾਂ ਨਹੀਂ ਸੀ ਪਰ ਉਸਦੀ ਉਸਦੇ ਪਿਤਾ ਜੀ ਨਾਲ਼ ਨਜ਼ਦੀਕੀ ਸਕਿਆਂ ਤੋਂ ਵੀ ਵਧੇਰੇ ਸੀ।ਉਹ ਮੂੰਹ 'ਚ ਹੀ ਬੁੜਬੜਾਈ,"ਪਾਖੰਡੀ ਲੋਕ।"

ਉਸਨੂੰ ਯਾਦ ਆ ਗਿਆ ਸੀ ਕਿ ਜਦੋਂ ਬੀਰਬਲ ਦੀ ਨੂੰਹ ਕੋਲ਼ ਬੱਚਾ ਹੋਣ ਵਾਲ਼ਾ ਸੀ ਤਾਂ ਉਸਨੇ ਆਪਣੀ ਨੂੰਹ ਦੇ ਪੇਟ 'ਚ ਪਲ਼ ਰਹੇ ਬੱਚੇ ਦਾ ਲਿੰਗ ਪਤਾ ਕਰਨ ਲਈ ਘਰ 'ਚ ਕਲ਼ੇਸ਼ ਪਾਇਆ ਸੀ।ਉਸਨੇ ਇਹ ਵੀ ਸੁਣਿਆ ਸੀ ਕਿ ਡੇਹਲੋਂ ਵੱਲ ਕਿਸੇ ਗੁਪਤ ਥਾਂ 'ਤੇ ਲਿੰਗ ਵੀ ਟੈਸਟ ਕਰਵਾ ਕੇ ਲਿਆਏ ਸੀ।ਉਸਦੀ ਘਰਵਾਲ਼ੀ ਤੇ ਉਹ ਸੱਸ-ਸਹੁਰੇ ਦਾ ਫ਼ਰਜ਼ ਨਿਭਾਉਣ ਲਈ ਆਪਣੀ ਨੂੰਹ ਨੂੰ ਧੱਕੇ ਨਾਲ਼ ਲੈ ਗਏ ਸੀ।ਬੀਰਬਲ ਦੇ ਪੁੱਤ ਨੇ ਵੀ ਪਿਤਾ ਹੋਣ ਕੋਈ ਫ਼ਰਜ਼ ਨਹੀਂ ਨਿਭਾਇਆ ਸੀ।ਮਮਤਾ ਮੋਹ 'ਚ ਨੂੰਹ ਨੇ ਬਥੇਰਾ ਜ਼ੋਰ ਲਾਇਆ ਪਰ ਉਸਦੀ ਕੋਈ ਪੇਸ਼ ਨਾ ਗਈ।ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਪੇਟ 'ਚ ਪਲ਼ ਰਿਹਾ ਬੱਚਾ ਕੁੜੀ ਹੈ ਤਾਂ ਬੀਰਬਲ ਤੇ ਉਸਦੀ ਪਤਨੀ ਨੇ ਦਾਦਾ-ਦਾਦੀ ਦਾ ਹੱਕ ਜਿਤਾਉਂਦੇ ਹੋਏ ਉਸਨੂੰ ਕੁੱਖ 'ਚ ਹੀ ਕਤਲ ਕਰਵਾ ਦਿੱਤਾ ਸੀ।

ਫਿਰ ਦੋ ਵਰ੍ਹਿਆਂ ਮਗਰੋਂ ਬੀਰਬਲ ਦੇ ਪੋਤਾ ਹੋਇਆ ਸੀ।ਇਸ ਕਰਕੇ ਹੀ ਗਗਨ ਬੀਰਬਲ ਨੂੰ ਸਤਿਕਾਰ ਨਾਲ਼ ਘੱਟ ਹੀ ਬੁਲਾਉਂਦੀ ਸੀ।ਅੱਜ ਤਾਂ ਜਿਵੇਂ ਉਹ ਮੂੰਹ 'ਚ ਗਾਲ਼੍ਹਾਂ ਹੀ ਕੱਢੀ ਜਾ ਰਹੀ ਸੀ।ਉਸਦੀ ਮਾਤਾ ਨੇ

ਉਸਦੇ ਸੜੇ ਭੁੱਜੇ ਚਿਹਰੇ ਨੂੰ ਦੇਖ ਕੇ ਕਿਹਾ,“ਕੀ ਹੋ ਗਿਆ ਤੈਨੂੰ,ਕਿਉਂ ਭੁੱਜੀ ਪਈ ਆਂ ?....ਹੁਣ ਤਾਂ ਚੰਗੀ ਭਲੀ ਸੀ।”

“ਮਾਤਾ ਜੀ! ਸ਼ਗਨ ਨੂੰ ਬੀਰਬਲ ਤਾਏ ਕੇ ਕੰਜਕ ਬਣਾ ਕੇ ਨਾ ਭੇਜਿਆ ਕਰੋ,ਬੋਅ ਆਉਂਦੀ ਆ ਮੈਨੂੰ ਉਨ੍ਹਾਂ ਦੀ ਸੋਚ ’ਚੋਂ,ਚਿੜ੍ਹ ਆ ਮੈਨੂੰ ਉਨ੍ਹਾਂ ਦੇ ਪਾਖੰਡਾਂ ਤੋਂ।”

“ਨੀ ਤੂੰ ਹੁਣ ਖਹਿੜਾ ਕਦੋਂ ਛੱਡੇਂਗੀ ?..ਵਿਆਹੀ ਜਾਇਆ ਕਰ ਓਸੇ ਗੱਲ ਨੂੰ।” ਮਾਤਾ ਨੇ ਖਿਝਦੀ ਨੇ ਕਿਹਾ।

“ਹੋਰ ਕੀ ਕਰਾਂ,ਮੈਂ ਵੀ ਕੰਜਕ ਬਣ ਜਾਵਾਂ ...ਕੰਜਕਾਂ ਦੇ ਕਾਤਲਾਂ ਦੇ,ਆਪਣੇ ਘਰ ਦੇ ਬੂਟੇ ਪੁੱਟ ਕੇ..ਲੱਗੇ ਆ ਲੋਕਾਂ ਦੇ ਘਰਾਂ ਦੇ ਬੂਟੇ ਪਾਲਣ।”

“ਕੀਹਦੇ-ਕੀਹਦੇ ਘਰ ਦੀ ਤਫ਼ਤੀਸ਼ ਕਰੀ ਜਾਏਂਗੀ ਤੂੰ,ਬਸ ਕਰਿਆ ਕਰ।”

ਜਦੋਂ ਉਸਦੀ ਮਾਤਾ ਉਸਨੂੰ ਘੂਰ ਰਹੀ ਸੀ ਤਾਂ ਉਸਦੇ ਪਿੱਛਿਓਂ ਆਉਂਦੇ ਉਸਦੇ ਪਿਤਾ ਜੀ ਨੇ ਪੁੱਛਿਆ,“ਬਹੁਤ ਗੁੱਸੇ ’ਚ ਲੱਗਦੀ ਆ ਮੇਰੀ ਧੀ,ਕੀ ਕਹਿੰਦੀ ਆ ?”

“ਬਸ ਜੀ ਕਹਿਣਾ ਕੀ ਆ,ਬੀਰਬਲ ’ਤੇ ਖ਼ਫ਼ਾ ਹੋਈ ਪਈ ਆ ਤੇ ਨਾਲ਼ੇ ਕਹਿੰਦੀ ਆ ਕਿ ਸਰਾਧਾਂ ਦਾ ਲੇਖਾ-ਜੋਖਾ ਗ਼ਰੀਬ ਲੋਕਾਂ ਤੇ ਬੱਚਿਆਂ ਦੀ ਪੜ੍ਹਾਈ ’ਤੇ ਲਾਇਆ ਕਰੋ......ਕਮਲ਼ੀ ਕਰਤੀ ਤੂੰ ਪੜ੍ਹਾ-ਪੜ੍ਹਾ ਕੇ ਇਹ।”

ਬੀਰਬਲ ’ਤੇ ਖ਼ਫ਼ਾ ਹੋਣ ਵਾਲ਼ੀ ਗੱਲ ਸੁਣ ਕੇ ਉਸਨੂੰ ਤ੍ਰੇਲ਼ੀਆਂ ਜਿਹੀਆਂ ਆ ਗਈਆਂ।ਬਾਕੀ ਗੱਲਾਂ ’ਚ ਹਾਂ ਦਾ ਹੁੰਗਾਰਾ ਭਰਦਾ ਹੋਇਆ ਤੁਰ ਗਿਆ ਤੇ ਜਾਂਦਾ-ਜਾਂਦਾ ਕਹਿ ਗਿਆ,“ਗ਼ਰੀਬ ਬੱਚਿਆਂ ਦੀ ਪੜ੍ਹਾਈ ਬਾਰੇ ਵੀ ਸੋਚਾਂਗੇ।”

ਉਹ ਗਗਨ ਦੀ ਗੱਲ ਨੂੰ ਬਹੁਤਾ ਟਾਲ਼-ਮਟੋਲ਼ ਨਹੀਂ ਸੀ ਕਰ ਸਕਦਾ।ਉਹ ਸੋਚ ਰਿਹਾ ਸੀ ਕਿ ਜੇ ਧੀਆਂ-ਪੁੱਤ ਆਪਣੀ ਸਿਆਣਪ ਨੂੰ ਸੁਹਜਤਾ ਨਾਲ਼ ਵਰਤਣ ਤਾਂ ਪੀੜ੍ਹੀਆਂ ਵਾਲ਼ੇ ਪਾੜੇ ਨੂੰ ਅਸਾਨੀ ਨਾਲ਼ ਮੇਟਿਆ ਜਾ ਸਕਦਾ ਹੈ।

“ਗਗਨ!...ਸ਼ਗਨ!.. ਆਜੋ ਤੁਸੀਂ ਵੀ ਖਾ ਲਓ ਰੋਟੀ,ਬਹੁਤ ਵੱਡਾ ਦਿਨ ਹੋ ਗਿਆ ਹੁਣ ਤਾਂ।” ਮਾਂ ਨੇ ਦੋਹਾਂ ਨੂੰ ਹਾਕ ਮਾਰੀ।ਉਹ ਬੜੇ ਹੀ ਚਾਅ ਨਾਲ਼ ਰੋਟੀ ਪਰੋਸ ਰਹੀ ਸੀ।ਉਹ ਭਾਵੇਂ ਕਦੇ-ਕਦੇ ਗਗਨ ਦੀਆਂ ਗੱਲਾਂ ਤੋਂ ਚਿੜ੍ਹ ਜਾਂਦੀ ਸੀ ਪਰ ਉਹ ਧੀਆਂ ਨੂੰ ਪਿਆਰ ਵੀ ਬਹੁਤ ਕਰਦੀ ਸੀ।

ਗਗਨ ਖਾਣਾ ਖਾਣ ਮਗਰੋਂ ਆਪਣੇ ਕਮਰੇ ਵਿੱਚ ਚਲੀ ਗਈ ਸੀ।ਉਹ ਸ਼ਿਵਚਰਨ ਦੀਆਂ ਦਿੱਤੀਆਂ ਕਿਤਾਬਾਂ ਨੂੰ ਮੋਹ ਨਾਲ਼ ਦੇਖ ਰਹੀ ਸੀ ਤੇ ਉਹਨਾਂ ਦੀਆਂ ਜਿਲਦਾਂ ’ਤੇ ਹੱਥ ਫੇਰ ਕੇ ਉਸਦੇ ਅੰਗ-ਸੰਗ ਹੋਣ ਦਾ ਅਹਿਸਾਸ ਪੈਦਾ ਕਰ ਰਹੀ ਸੀ।ਸ਼ਿਵਚਰਨ ਦਾ ਉਸਨੂੰ ਅੱਜ ਨਾ ਮਿਲਣਾ ਜਿੱਥੇ ਉਸਨੂੰ ਤੰਗ ਕਰ ਰਿਹਾ ਸੀ ਉੱਥੇ ਉਸਦਾ ਅਹਿਸਾਸ ਉਸਦੇ ਸਾਦੇ ਜਿਹੇ ਸੁਨੱਖੇ ਚਿਹਰੇ ਨੂੰ ਹੋਰ ਵੀ ਚਾਰ ਚੰਨ ਲਾ ਰਿਹਾ ਸੀ।ਉਸਦੀ ਮੁਹੱਬਤ ਦੇ ਅਹਿਸਾਸ ਵਿੱਚ ਉਹ ਹੋਰ ਵੀ ਸੋਹਣੀ-ਸੋਹਣੀ ਲੱਗ ਰਹੀ ਸੀ।ਉਸਨੂੰ ਨਾ ਮਿਲ਼ ਕੇ ਉਸਦਾ ਦਿਨ ਅੱਜ ਲੰਘਣ ਵਿੱਚ ਹੀ ਨਹੀਂ ਸੀ ਆ ਰਿਹਾ ।ਉਹ ਬਸ ਉਸਦੀਆਂ ਦਿੱਤੀਆਂ ਕਿਤਾਬਾਂ ਨੂੰ ਪੜ੍ਹ-ਪੜ੍ਹ ਸਮਾਂ ਲੰਘਾ ਰਹੀ ਸੀ।ਉਹ ਸੋਚ ਰਹੀ ਸੀ ਕਿ ਉਸਦੀ ਤਰਕਸ਼ੀਲ ਸੋਚ ਨੇ ਉਸਦੀ ਸੋਚ ਦੀ ਮਧਮ ਜਿਹੀ ਬੱਤੀ ਨੂੰ ਦੀਵੇ ਵਰਗਾ ਬਣਾ ਦਿੱਤਾ ਹੈ।ਉਹ ਕਿਤਾਬਾਂ ’ਚ ਖੋਈ ਸ਼ਿਵਚਰਨ ਦੇ ਅਹਿਸਾਸਾਂ ਦੀਆਂ ਸਿੱਪੀਆਂ ਸ਼ਬਦਾਂ ਦੇ ਸਮੁੰਦਰ ’ਚੋਂ ਲੱਭਦੀ ਰਹੀ।ਉਸਨੂੰ ਸ਼ਿਵਚਰਨ ਹੁਣ ਉਸਦੀ ਦੁਨੀਆਂ ਜਾਪਣ ਲੱਗ ਗਿਆ ਸੀ।ਉਹ ਹੁਣ ਇਸ ਦੁਨੀਆਂ ਤੋਂ ਬਾਹਰ ਨਹੀਂ ਸੀ ਨਿੱਕਲਣਾ ਚਾਹੁੰਦੀ।

ਗਗਨ ਦੀ ਮਾਤਾ ਸ਼ਾਮ ਦੀ ਚਾਹ ਲੈ ਕੇ ਆਈ ਤਾਂ ਗਗਨ ਕੋਠੇ ਦੇ ਵਿਹੜੇ ’ਚ ਬੈਠੀ ਕਿਤਾਬਾਂ ਫ਼ਰੋਲ਼ ਰਹੀ ਸੀ।ਮਾਂ ਨੇ ਕੋਲ ਆਉਂਦੀ ਨੇ ਕਿਹਾ,“ਤੂੰ ਅੰਦਰ ਬੈਠ ਕੇ ਪੜ੍ਹ ਲੈਂਦੀ,ਮੰਦਰ ’ਚੋਂ ਆਉਂਦੀ ਅਵਾਜ਼ ਤੈਨੂੰ ਪੜ੍ਹਨ ਨਹੀਂ ਦਿੰਦੀ ਹੋਣੀ।”

“ਨਹੀਂ ਮਾਤਾ ਜੀ,ਪਿਤਾ ਜੀ ਦੇ ਬੋਲ ਕੰਨੀਂ ਪੈ ਰਹੇ ਨੇ,ਚੰਗਾ-ਚੰਗਾ ਲੱਗਦਾ,ਇੱਕ ਪਿਤਾ ਜੀ ਨੇ...ਤੇ ਇੱਕ ਆਹ ਬੀਰਬਲ ਤਾਇਆ।” ਗਗਨ ਨੇ ਗੁੱਸੇ ਜਿਹੇ ਵਿੱਚ ਬੀਰਬਲ ਦੇ ਘਰ ਵੱਲ ਹੱਥ ਕੱਢਦੇ ਹੋਏ ਕਿਹਾ।

"ਕੁੜੇ ਤੂੰ ਔਖੀ ਨਾ ਹੋਇਆ ਕਰ,ਬਹੁਤਾ ਕਿਸੇ 'ਤੇ ਮਾਣ ਵੀ ਨੀ ਕਰੀਦਾ ਤੇ ਨਾ ਹੀ ਕਿਸੇ ਨੂੰ ਬਹੁਤਾ ਬੇਮਾਣ ਹੀ ਕਰੀਦਾ ਹੁੰਦਾ,ਇਨਸਾਨ ਪਰਦੇ ਕੱਜੇ ਹੀ ਸੋਹਣੇ ਲੱਗਦੇ ਨੇ,ਪਰਦੇ ਉੱਤਰ ਜਾਣ ਤਾਂ ਸਭ ਸਲ੍ਹਾਬੀਆਂ ਕੰਧਾਂ ਵਰਗੇ ਹੀ ਹੁੰਦੇ ਨੇ।"

"ਤੁਸੀਂ ਕਿੱਧਰ ਇਸ਼ਾਰਾ ਕਰ ਰਹੇ ਹੋ,ਪਿਤਾ ਜੀ ਤਾਂ ਉਹ ਕੰਧ ਨੇ ਜਿੱਥੇ ਸੁਨਹਿਰੀ ਭਵਿੱਖ ਦੀ ਤਸਵੀਰ ਟੰਗੀ ਜਾ ਸਕਦੀ ਹੈ।"

ਜਦੋਂ ਗਗਨ ਨੇ ਮਾਂ ਨੂੰ ਸਮਝਾਉਣ ਦੇ ਲਹਿਜੇ ਵਿੱਚ ਕਿਹਾ ਤਾਂ ਉਸਦੀ ਮਾਤਾ ਨੇ ਹਉਂਕੇ ਨੂੰ ਅੰਦਰ ਹੀ ਡੱਕਦੀ ਨੇ ਤਸੱਲੀ ਨਾਲ਼ ਜਵਾਬ ਦਿੱਤਾ,"ਹਾਂ...... ਸਚ-ਮੁੱਚ ਹੁਣ ਤਾਂ ਤੇਰੀ ਸੋਚ ਵਰਗੇ ਹੀ ਨੇ ਪਰ ਕਦੇ ਉਹ ਸਲ੍ਹਾਬੀਆਂ ਦੁਨਿਆਵੀ ਕੰਧਾਂ ਵਰਗੇ ਹੀ ਸਨ,ਓਹੀ ਗਲ਼ਾ-ਘੋਟੂ ਸੋਚ।"

ਉਸਦੀ ਮਾਤਾ ਬੋਲਦੀ-ਬੋਲਦੀ ਹਉਂਕਾ ਜਿਹਾ ਲੈ ਕੇ ਚੁੱਪ ਹੋ ਗਈ ਤਾਂ ਗਗਨ ਨੇ ਖਿਝਦੇ ਹੋਏ ਕਿਹਾ,"ਪਲੀਜ਼ ਤੁਸੀਂ ਬੁਝਾਰਤਾਂ ਨਾ ਪਾਓ,ਤੁਸੀਂ ਮੈਥੋਂ ਕਦੇ ਕੁਛ ਨਹੀਂ ਲੁਕਾਇਆ,ਯਕੀਨ ਆ ਮੈਨੂੰ,ਤੁਸੀਂ ਕੁਛ ਲੁਕਾਓਗੇ ਵੀ ਨਹੀਂ।"

"ਭਗਵਾਨ ਕਰੇ ਆਪਣਾ ਵਿਸ਼ਵਾਸ ਐਵੇਂ ਹੀ ਬਣਿਆ ਰਹੇ।"

ਹੁਣ ਉਸਦੀ ਮਾਤਾ ਦਾ ਗਲ਼ ਭਰ ਆਇਆ ਸੀ।ਉਹ ਗਗਨ ਦੀ ਕੁਰਸੀ ਦੇ ਨਜਦੀਕ ਕੋਲ਼ ਖੜ੍ਹਾ ਮੰਜਾ ਡਾਹੁੰਦੀ ਹੋਈ ਬੋਲੀ,"ਧੀਏ! ਕਿਤੇ ਸੁਣ ਕੇ ਪਿਤਾ ਮੋਹ 'ਚ ਤਬਦੀਲੀ ਨਾ ਆ ਜਾਏ,ਹੁਣ ਤਾਂ ਉਹ ਧੀਆਂ ਤੇ ਗਊਆਂ ਦੀ ਹੋਂਦ ਲਈ ਪਹਿਰਾ ਦੇਣ ਵਾਲ਼ੇ ਨੇ।"

ਤਾਂ ਗਗਨ ਨੇ ਵਾਅਦਾ ਕਰਦੀ ਨੇ ਮਾਂ ਦੇ ਮੋਢੇ 'ਤੇ ਹੱਥ ਰੱਖ ਦਿੱਤਾ।

"ਸਾਡਾ ਵਿਆਹ ਹੋਏ ਨੂੰ ਅਜੇ ਤਿੰਨ ਕੁ ਮਹੀਨੇ ਹੀ ਹੋਏ ਸੀ ਕਿ ਜਦੋਂ ਮੈਨੂੰ ਮੇਰੀ ਕੁੱਖ ਵਿੱਚ ਨਵੇਂ ਜੀਅ ਦਾ ਅਹਿਸਾਸ ਹੋਇਆ,ਇੱਕ ਨਵੀਂ ਕਰੂੰਬਲ ਦੇ ਫੁੱਟਣ ਦਾ ਅਹਿਸਾਸ ਮਨ ਦੇ ਵਿਹੜੇ ਖ਼ੁਸ਼ੀਆਂ ਲੈ ਆਇਆ ਸੀ,ਹਰ ਪੁੰਗਰਦੀ ਸ਼ੈਅ ਮੈਨੂੰ ਆਪਣੀ-ਆਪਣੀ ਲੱਗਣ ਲੱਗੀ ਸੀ।...ਉਦੋਂ ਹੁਣ ਵਾਂਗ ਮਹੌਲ ਨਹੀਂ ਸੀ ਕਿ ਹਰ ਗੱਲ ਨੂੰ ਅਸਾਨੀ ਨਾਲ਼ ਇੱਕ ਦੂਜੇ ਨਾਲ਼ ਸਾਂਝੀ ਕਰਦੇ।ਜਦੋਂ ਤੇਰੇ ਪਿਤਾ ਜੀ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਫ਼ਰਮਾਨ ਸੁਣਾ ਦਿੱਤਾ,

"ਮੈਨੂੰ ਲੜਕਾ ਹੀ ਚਾਹੀਦਾ ,ਵੰਸ਼ ਅੱਗੇ ਤੋਰਨ ਲਈ।"

"ਜੇ ਕੁੜੀ ਹੋਈ ਫ਼ੇਰ ?"

"ਮੈਂ ਪ੍ਰਵਾਨ ਨੀ ਕਰ ਸਕਦਾ।"

"ਮੈਂ ਵੀ ਕਿਸੇ ਦੀ ਧੀ ਆਂ।"

"ਉਹ ਤੇਰੇ ਕਰਮ ਨੇ।"

"ਤੁਸੀਂ ਲੋਕਾਂ ਨੂੰ ਮੱਤਾਂ ਦਿੰਦੇ ਹੋ,..ਅੰਦਰੋਂ ਹੋਰ ਤੇ ਬਾਹਰੋਂ ਹੋਰ।"

ਮੈਂ ਤਲਖੀ ਨਾਲ਼ ਕਿਹਾ ਤਾਂ ਤੇਰੇ ਪਿਤਾ ਜੀ ਦਾ 'ਠਾਹ!' ਕਰਦਾ ਥੱਪੜ ਮੇਰੀ ਗੱਲ੍ਹ 'ਤੇ ਆਣ ਵੱਜਿਆ।ਕਰੂੰਬਲਾਂ ਮੁਰਝਾਉਣ ਲੱਗ ਪਈਆਂ।ਖ਼ੁਸ਼ੀ ਦੇ ਪੰਖੇਰੂ ਖੰਭ ਲਾ ਕੇ ਉੱਡ ਗਏ।ਥੱਪੜ ਦੇ ਨਾਲ਼ ਬੋਲੇ ਸ਼ਬਦਾਂ ਨੇ ਮੇਰੀ ਰੂਹ ਤੱਕ ਜ਼ਖ਼ਮੀ ਕਰ ਦਿੱਤੀ।ਤੇਰੇ ਪਿਤਾ ਜੀ ਦੇ ਬੋਲਾਂ ਵਿੱਚ ਤਲਖ਼ੀ ਸੀ,

"ਨਾਰੀ ਵੰਸ਼ ਨੀ ਚਲਾ ਸਕਦੀ ਤੇ ਵੰਸ਼ ਦੀ ਰਵਾਨਗੀ 'ਚ ਠਹਿਰਾਉ ਮੈਨੂੰ ਕਦੇ ਮਨਜ਼ੂਰ ਨਹੀਂ ਹੋ ਸਕਦਾ।"

"ਪਰ ਮੈਨੂੰ ਅਹਿਸਾਸ ਹੈ ਕਿ ਮੇਰੇ ਅੰਦਰੋਂ ਫੁੱਟ ਰਹੀ ਸ਼ੈਅ ...ਬਸ..ਮੇਰਾ ਹੀ ਰੂਪ ਹੈ।"

ਮੈਂ ਰੋਂਦੀ-ਰੋਂਦੀ ਆਪਣਾ ਅੰਦਰਲਾ ਅਹਿਸਾਸ ਇਨ੍ਹਾਂ ਨਾਲ਼ ਸਾਂਝਾ ਕਰ ਬੈਠੀ।ਬਸ ਓਹੀ ਪਲ ਤੇਰੀ ਭੈਣ ਲਈ ਪ੍ਰਕੋਪੀ ਦਾ ਕਾਰਨ ਬਣ ਬੈਠਾ।

"ਭੈਣ ਲਈ!" ਗਗਨ ਨੇ ਮਾਂ ਦਾ ਮੋਢਾ ਫ਼ੜਦੀ ਨੇ ਹੈਰਾਨੀ ਨਾਲ਼ ਪੁੱਛਿਆ।

“ਹਾਂ, ਕੁੱਖ ’ਚ ਪਲ਼ ਰਹੀ ਤੇਰੀ ਭੈਣ ਹੀ ਸੀ।” ਮਾਂ ਨੇ ਸਿਸਕਦੀ ਨੇ ਮੂੰਹ ਘੁਮਾ ਲਿਆ।

“ਫੇਰ ਕਿੱਥੇ ਆ ਉਹ ?”

“ਉਹ ਬਲੀ ਚੜ੍ਹ ਗਈ......ਪੁੱਤਰ..ਪ੍ਰਾਪਤੀ ਦੀ।”

ਗਗਨ ਦੀ ਮਾਂ ਦੀਆਂ ਭੁੱਬਾਂ ਨਿੱਕਲ਼ ਗਈਆਂ ਪਰ ਫਿਰ ਵੀ ਉਹ ਬੋਲ ਰਹੀ ਸੀ,“ਬਸ ਮੇਰੇ ਕਹੇ ਬੋਲ ਹੀ ਟੈਸਟ ਬਣ ਕੇ ਤੇਰੇ ਪਿਤਾ ਜੀ ਦੇ ਸਿਰ ਨੂੰ ਚੜ੍ਹ ਗਏ ਸਨ।ਕਈ ਦਿਨ ਉਹ ਮੇਰੇ ਨਾਲ਼ ਸਿੱਧੇ ਮੂੰਹ ਨਾ ਬੋਲੇ,ਜਦੋਂ ਵੀ ਬੋਲਦੇ ਬਸ ਪੁੱਤਰ ਮੋਹ ਦਾ ਹੀ ਪ੍ਰਗਟਾਵਾ ਹੁੰਦਾ,ਖ਼ੁਦ ਇੱਕਲੇ  ਸੀ ਕਦੇ ਕਿਸੇ ਕੋਮਲ ਰਿਸ਼ਤੇ ਨੂੰ ਨਹੀਂ ਸੀ ਹੰਢਾਇਆ,ਤਾਂ ਕਰਕੇ ਹੀ ਸ਼ਾਇਦ......ਨਹੀਂ ਤਾਂ ਭੈਣਾਂ ਦਾ ਮੋਹ ਵੀ ਧੀਆਂ ਲਈ ਸਵਾਗਤ ਦਾ ਕਾਰਨ ਬਣ ਜਾਂਦਾ ਹੁੰਦਾ।”

“ਘਰ ’ਚ ਹੋਰ ਕਿਸਨੂੰ ਪਤਾ ਸੀ?” ਗਗਨ ਨੇ ਟੋਕਦੀ ਨੇ ਪੱਛਿਆ।

“ਘਰ ’ਚ ਇਸ ਬਾਰੇ ਕਿਸੇ ਨੂੰ ਵੀ ਨਹੀਂ ਸੀ ਪਤਾ,ਕਈ ਦਿਨ ਇਸ ਤਰ੍ਹਾਂ ਹੀ ਗੁਜ਼ਰੇ,ਇਨ੍ਹਾਂ ਦੀ ਚੁੱਪ ਮੈਨੂੰ ਤੂਫ਼ਾਨ ਦਾ ਅਹਿਸਾਸ ਕਰਵਾ ਰਹੀ ਸੀ।ਇੱਕ ਦਿਨ ਓਹੀ ਤੂਫ਼ਾਨ ਜਵਾਰਭਾਟਾ ਬਣ ਆਇਆ ਤੇ ਮੇਰੇ ਅੰਦਰਲੇ ਸਮੁੰਦਰ ਨੂੰ ਖਾਲੀ ਕਰ ਗਿਆ....ਵਹਾਅ ਕੇ ਲੈ ਗਿਆ ਮੇਰੇ ਸਿੱਪੀ ਦੇ ਮੋਤੀ ਨੂੰ...ਹਾਏ ਓਏ!...ਉਹ ਮਾਸ ਦੀ ਬੋਟੀ ਬਿਲਕੁਲ ਮੇਰੇ ਸੁਪਨੇ ਵਰਗੀ ਸੀ।”

ਦੋਵੇਂ ਹੀ ਹੁਬਕੀਂ-ਹੁਬਕੀਂ ਰੋ ਰਹੀਆਂ ਸਨ।ਗਗਨ ਨੇ ਮਾਂ ਨੂੰ ਝੰਜੋੜ ਕੇ ਪੁੱਛਿਆ,“ਮਾਂ! ਤੂੰ ਕਿਉਂ ਨੀ ਬਚਾਇਆ ਮੇਰੀ ਭੈਣ ਨੂੰ..ਦੱਸ ਕਿਉਂ!..ਕਿਉਂ!!” ਗਗਨ ਨੇ ਕਿੰਨੇ ਹੀ ਸਵਾਲ ਮਾਂ ਦੀ ਝੋਲ਼ੀ ਪਾ ਦਿੱਤੇ ਸਨ।

“ਬਸ ਗ਼ਲਤੀ ਮੇਰੀ ਆ,ਨਾ ਮੈਂ ਅੰਦਰਲੇ ਅਹਿਸਾਸ ਨੂੰ ਸਾਂਝਾ ਕਰਦੀ ਤੇ ਨਾ ਮੈਂ ਉਸਨੂੰ ਗਵਾਉਂਦੀ।”

ਗਗਨ ਨੂੰ ਸਭ ਧਰਮ-ਕਰਮ ਪਾਖੰਡ ਜਾਪਣ ਲੱਗ ਪਏ ਸਨ।ਮੰਦਰ ’ਚੋਂ ਆਉਂਦੀ ਪਿਤਾ ਜੀ ਦੀ ਅਵਾਜ਼ ਉਸਨੇ ਕੰਨਾਂ ਵਿੱਚ ਜ਼ਹਿਰ ਘੋਲ਼ ਰਹੀ ਸੀ।ਉਸਨੇ ਅੱਖਾਂ ਪੂੰਝਦੀ ਨੇ ਕਿਹਾ,“ਪਰ ਪਿਤਾ ਜੀ ਨੇ ਮੈਨੂੰ ਕਦੇ ਧੀ ਹੋਣ ਦਾ ਅਹਿਸਾਸ ਨਹੀਂ ਕਰਵਾਇਆ,ਛੋਟੀ ਲਈ ਵੀ ਕਦੇ ਮੂੰਹ ਨਹੀਂ ਫੇਰਿਆ,ਇਹ ਕਿਵੇਂ ਹੋ ਸਕਦਾ।”

“ਇਸ ਘਟਨਾ ਮਗਰੋਂ ਬਸ ਭਗਵਾਨ ਨੇ ਸਾਡੇ ਤੋਂ ਬੱਚੇ ਹੀ ਲੁਕਾ ਲਏ।ਚਹੁੰ ਵਰ੍ਹਿਆਂ ਤੱਕ ਤੜਫ਼ਦੇ ਰਹੇ ਹਾਂ।ਇਸ ਲੰਮੇ ਅਰਸੇ ਨੇ ਇਨ੍ਹਾਂ ਨੂੰ ਸਹੀ ਅਰਥਾਂ ਵਿੱਚ ਪਿਤਾ ਹੋਣ ਦਾ ਅਹਿਸਾਸ ਕਰਵਾਇਆ।”

“ਤਾਂ ਕੀ ਫਿਰ ਮੈਂ ਚਾਰ ਸਾਲਾਂ ਪਿੱਛੋਂ ?”

“ਹਾਂ,ਥਾਂ-ਥਾਂ ਨੱਕ ਰਗੜ ਕੇ,ਮੰਨਤਾਂ ਮੰਨ ਕੇ,ਇਨ੍ਹਾਂ ਵਰ੍ਹਿਆਂ ’ਚ ਤੇਰੇ ਪਿਤਾ ਜੀ ਨੂੰ ਕਈ ਵਾਰੀ ਫੁੱਟ-ਫੁੱਟ ਕੇ ਰੋਂਦੇ ਵੇਖਿਆ ਮੈਂ।”

ਗਗਨ ਸੁੰਨ ਹੋਈ ਸੁਣੀ ਜਾ ਰਹੀ ਸੀ।ਉਸਨੂੰ ਮੰਦਰ ’ਚੋਂ ਪਿਤਾ ਜੀ ਦੇ ਬੋਲ ਕਦੇ ਜ਼ਹਿਰੀ ਤੇ ਕਦੇ ਮਿੱਠੇ-ਮਿੱਠੇ ਲੱਗ ਰਹੇ ਸਨ।ਪਿਤਾ ਜੀ ਦੇ ਇੱਕ ਨੰਨ੍ਹੀ ਜਿੰਦ ਦੇ ਕਾਤਲ ਹੋਣ ਦਾ ਅਹਿਸਾਸ ਵਾਰ-ਵਾਰ ਸਤਾ ਰਿਹਾ ਸੀ।ਕਦੇ ਉਹ ਸੋਚਦੀ,“ਮੈਂ ਹੀ ਉਨ੍ਹਾਂ ਦੇ ਪੁੱਤਰ ਮੋਹ ਨੂੰ ਭੰਗ ਕੀਤਾ।ਕਾਸ਼! ਮੈਂ ਪੁੱਤ ਹੁੰਦੀ।”

ਮਾਂ ਨੇ ਉਸਨੂੰ ਝੰਜੋੜਦੀ ਨੂੰ ਕਿਹਾ,“ਧੀਏ! ਤੂੰ ਇਹ ਗੱਲਾਂ ਇਨ੍ਹਾਂ ਨਾਲ਼ ਨਾ ਸਾਂਝੀਆਂ ਕਰ ਲਈਂ,ਉਹ ਸਹਿਣ ਨਹੀਂ ਕਰ ਸਕਣਗੇ ਹੁਣ।”

“ਹੂੰ! ਠੀਕ ਆ।” ਕਹਿ ਕੇ ਉਹ ਅੰਦਰ ਜਾ ਪਈ।ਉਸਦੀ ਮਾਤਾ ਪੌੜੀਆਂ ਉੱਤਰਦੀ ਸੋਚ ਰਹੀ ਸੀ ਕਿ ਕਿਤੇ ਉਸਨੇ ਗੱਲ ਸਾਂਝੀ ਕਰਕੇ ਕੋਈ ਗ਼ਲਤੀ ਤਾਂ ਨਹੀਂ ਕਰ ਲਈ।।ਗਗਨ ਅੰਦਰ ਪਈ ਧੀਆਂ ਦੀ ਹੋਂਦ ਬਾਰੇ ਸੋਚ ਕੇ ਹੈਰਾਨ ਹੋ ਰਹੀ ਸੀ।ਉਦਾਸੀ ’ਚ ਵਾਰ-ਵਾਰ ਉਸਨੂੰ ਸ਼ਿਵਚਰਨ ਦੀ ਯਾਦ ਆ ਰਹੀ ਸੀ। ਹੁਣ ਉਸਨੂੰ ਖ਼ੁਸ਼ੀ ਗ਼ਮੀ ਸਾਂਝੀ ਕਰਨ ਲਈ ਸ਼ਿਵਚਰਨ ਦਾ ਅਹਿਸਾਸ ਸਭ ਤੋਂ ਪਹਿਲਾਂ ਹੁੰਦਾ ਸੀ।

ਹੁਣ ਉਹ ਸੋਚ ਰਹੀ ਸੀ ਕਿ,“ਭਰੂਣ ਹੱਤਿਆ ਕਦੋਂ ਰੁਕੇਗੀ ? ਕੀ ਪਿਤਾ ਜੀ ਵਾਂਗ ਧੀਆਂ ਦੀ ਬਲੀ ਦੇ ਕੇ ਹੀ ਧੀਆਂ ਦਾ ਅਹਿਸਾਸ ਹੋਊ ? ਲਾਹਨਤ ਆ ਸਾਡੇ ਧਾਰਮਿਕ ਹੋਣ ’ਤੇ।ਲਾਹਨਤ ਆ ਸਾਡੇ ਅਧੁਨਿਕ ਹੋਣ ’ਤੇ।ਸਾਡੇ ਨਾਲ਼ੋਂ ਤਾਂ ਸ਼ਾਇਦ ਚੰਗੇ ਹੀ ਹੋਣਗੇ ਉਹ ਵਿਗਿਆਨੋਂ ਵਾਂਝੇ ਲੋਕ ਜਿਨ੍ਹਾਂ ਦੇ ਮਨਾਂ ’ਚ ਇਸ ਤਰ੍ਹਾਂ ਦੀ ਅਧੁਨਿਕਤਾ ਦਾ ਬੀਜ ਸ਼ਾਇਦ ਨਾ ਪੁੰਗਰਿਆ ਹੋਵੇ.........ਉਹ ਵੀ ਤਾਂ ਘੜੇ ’ਚ ਪਾ ਕੇ ਰੋੜ੍ਹ ਦਿੰਦੇ ਸੀ।ਅਧੁਨਿਕਤਾ

ਤੇ ਪੁਰਾਤਨਤਾ ’ਚ ਇਹੀ ਫ਼ਰਕ ਆਇਆ ਕਿ ਉਹ ਜੰਮ ਕੇ ਮਾਰਦੇ ਸੀ ਤੇ ਇਹ ਜੰਮਣ ਤੋਂ ਪਹਿਲਾਂ ਹੀ......ਪਰਦਾ ਹੀ ਆ,ਸਹੀ ਮਾਅਨਿਆਂ ’ਚ ਧੀਆਂ ਅੱਜ ਵੀ ਸੰਤਾਪ ਹੀ ਭੋਗਦੀਆਂ ਨੇ ਆਪਣੀ ਹੋਂਦ ਲਈ।”

ਉਸਨੂੰ ਸੋਚਾਂ ਵਿੱਚ ਡੁੱਬੀ ਨੂੰ ਵੇਖ ਕੇ ਸ਼ਗਨ ਨੇ ਕੋਲ਼ ਆ ਕੇ ਕਿਹਾ,“ਦੀਦੀ! ਅੱਜ ਤੁਸੀਂ ਐਨਾ ਉਦਾਸ ਕਿਉਂ ਹੋ? ਆਓ ਨਾ ਆਪਾਂ ਹੇਠਾਂ ਚੱਲ ਕੇ ਖੇਡੀਏ।”

ਉਸਦੀ ਭੋਲ਼ੀ ਮੁਸਕਾਨ ਨੇ ਗਗਨ ਦਾ ਮਨ ਮੋਹ ਲਿਆ ਤੇ ਉਹ ਸ਼ਗਨ ਨਾਲ਼ ਪਿਆਰ ਕਰਦੀ ਪੌੜੀਓਂ ਹੇਠਾਂ ਉੱਤਰ ਰਹੀ ਸੀ ਅਤੇ ਡੁੱਬਦੇ ਸੂਰਜ ਦੀ ਲਾਲੀ ਉਸਦੇ ਗੋਰੇ ਚਿਹਰੇ ਨੂੰ ਸੁਰਖ਼ ਕਰ ਰਹੀ ਸੀ।

---

*

## ਕਾਂਡ–6

ਗਗਨ ਬੱਸ ਵਿੱਚੋਂ ਉੱਤਰ ਕੇ ਬਸ ਅੱਡੇ ਤੋਂ ਬਾਲਮੀਕ ਚੌਂਕ ਨੂੰ ਜਾ ਰਹੀ ਸੀ।ਉਸਦੀ ਨਿਗ੍ਹਾ ਸ਼ਿਵਚਰਨ ਦੀ ਤਲਾਸ਼ ਵਿੱਚ ਇੱਧਰ-ਉੱਧਰ ਘੁੰਮ ਰਹੀ ਸੀ।ਕਿਉਂਕਿ ਉਹ ਵੀ ਸਾਰੇ ਇਸ ਸਮੇਂ ਹੀ ਪਹੁੰਚਦੇ ਹੁੰਦੇ ਸਨ।ਉਹ ਸੋਚਦੀ ਜਾ ਰਹੀ ਸੀ,“ਮੈਂ ਕੱਲ੍ਹ ਕਿੰਨੀ ਤਕਲੀਫ਼ ਹੰਢਾਈ ਪਰ ਜੇ ਕੱਲ੍ਹ ਮੈਂ ਘਰ ਨਾ ਰਹਿੰਦੀ ਤਾਂ ਪਿਤਾ ਜੀ ਬਾਰੇ ਵੀ ਪਤਾ ਨੀ ਸੀ ਲੱਗਣਾ।ਮਰਦ ਖ਼ੁਦ ਨੂੰ ਪੱਥਰ ਸਮਝਣ ਲੱਗਦੇ ਨੇ ਪਰ ਜਦੋਂ ਟੁੱਟਦੇ ਨੇ ਤਾਂ ਮਾਰੂਥਲ ਦੇ ਕਣਾਂ ਵਾਂਗ ਹੋ ਜਾਂਦੇ ਨੇ,ਫਿਰ ਕਦੇ ਨਹੀਂ ਜੁੜ ਪਾਉਂਦੇ।”

ਉਹ ਸੋਚਾਂ ’ਚ ਡੁੱਬੀ ਉਦਾਸ ਜਿਹੇ ਚਿੱਤ ਨਾਲ਼ ਬਾਲਮੀਕ ਚੌਂਕ ਪਾਰ ਕਰ ਗਈ ਸੀ।ਐੱਸ.ਡੀ.ਸਕੂਲ ਤੋਂ ਥੋੜ੍ਹਾ ਜਿਹਾ ਅੱਗੇ ਉਸਨੇ ਕਾਰੇ ਨੂੰ ਖੜ੍ਹੇ ਦੇਖਿਆ।ਉਸਦੇ ਆਲ਼ੇ-ਦੁਆਲ਼ੇ ਕਈ ਮੁੰਡੇ ਖੜ੍ਹੇ ਘੁਸਰ-ਮੁਸਰ ਕਰ ਰਹੇ ਸਨ।ਉਹ ਇੱਕ ਮਿੰਟ ਲਈ ਰੁਕੀ ਪਰ ਫਿਰ ਤੁਰ ਪਈ।ਉਹ ਅਜੇ ਮੀਟ ਮਾਰਕਿਟ ਹੀ ਲੰਘੀ ਸੀ ਕਿ ਘੁੱਦਾ ਤੇ ਪਠਾਨੀਆ ਮੋਟਰ-ਸਾਇਕਲ ਤੇ ਉਸਦੇ ਕੋਲ਼ ਦੀ ਬਹੁਤ ਤੇਜੀ ਨਾਲ਼ ਲੰਘੇ।ਮੋਟਰ-ਸਾਇਕਲ ’ਤੇ ਕਾਰਾ ਵੀ ਬੈਠਾ ਹੋਇਆ ਸੀ।ਗਗਨ ਨੇ ਭੈੜਾ ਜਿਹਾ ਮੂੰਹ ਬਣਾ ਕੇ ਗਾਲ੍ਹ ਕੱਢੀ,“ਹਰਾਮਖ਼ੋਰ,ਸਮਾਜ ਲਈ ਚਿੱਚੜੀਆਂ।”

ਉਨ੍ਹਾਂ ਨੂੰ ਦੇਖ ਕੇ ਉਸਨੂੰ ਗੁੱਸਾ ਚੜ੍ਹ ਗਿਆ ਸੀ ।ਉਸਨੇ ਉਨ੍ਹਾਂ ਦੇ ਗੁੱਸੇ ਵਿੱਚ ਹੀ ਸ਼ਿਵਚਰਨ ਦੀ ਅਵਾਜ਼ ਵੀ ਨਾ ਸੁਣੀ ਜੋ ਸਿਵਲ ਹਸਪਤਾਲ਼ ਵੱਲੋਂ ਉਸਨੂੰ ਹਾਕਾਂ ਮਾਰਦਾ ਆ ਰਿਹਾ ਸੀ।ਜਦੋਂ ਗੱਡਾਖ਼ਾਨਾ ਚੌਂਕ ਪਾਰ ਕਰਕੇ ਉਸਨੇ ਗਗਨ ਦੇ ਮੋਢੇ ’ਤੇ ਹੱਥ ਰੱਖਿਆ ਤਾਂ ਉਸਦੇ ਮੂੰਹੋਂ ਯਕਦਮ ਨਿਕਲ਼ ਗਿਆ,

“ਹਰਾਮਖ਼ੋਰ!”

ਸੁਣਨਸਾਰ ਹੀ ਸ਼ਿਵਚਰਨ ਪਿੱਛੇ ਹਟ ਗਿਆ ਤੇ ਗਗਨ ਨਿਮੋਝੂਣੀ ਜਿਹੀ ਹੋ ਗਈ ਤੇ ਨੀਂਵੀ ਪਾ ਕੇ “ਸੌਰੀ” ਆਖ ਗਈ,ਫਿਰ ਦੋਵੇਂ ਇਕੱਠੇ ਤੁਰੇ ਗਏ ਪਰ ਬੋਲੇ ਕੁਛ ਨਾ।ਥੋੜ੍ਹਾ ਅੱਗੇ ਜਾ ਕੇ ਸ਼ਿਵਚਰਨ ਬੋਲਿਆ,

“ਗਗਨ! ਅੱਜ ਏਨੀ ਗੁੱਸੇ ’ਚ ਕਿਉਂ ਆਂ ?”

“ਮੈਂ ਕਾਹਨੂੰ ਆਂ ਗੁੱਸੇ ’ਚ।”

“ਗਾਲ਼੍ਹਾਂ ਤਾਂ ਕੱਢੀ ਜਾਨੀ ਆਂ।”

“ਉਹ ਤੈਨੂੰ ਥੋੜ੍ਹੇ ਕੱਢੀ ਸੀ।”

“ਹੋਰ ਕਿਹਨੂੰ ਕੱਢੀ ਸੀ ?”

"ਹੁਣੇ ਹੀ ਮੋਟਰ-ਸਾਇਕਲ 'ਤੇ ਕਾਰਾ,ਘੁੱਦਾ ਤੇ ਪਠਾਨੀਆ ਲੰਘੇ ਸੀ,ਉਨ੍ਹਾਂ ਨੂੰ ਦੇਖ ਕੇ ਹੀ ਮਨ ਚਿੜ੍ਹ ਗਿਆ ਸੀ।"

"ਮੈਂ ਤਾਂ ਸਮਝਿਆ ਦਾਣਾ ਮੰਡੀ ਵਾਲ਼ੀ ਘਟਨਾ ਕਰਕੇ ਮੈਂ ਹੀ 'ਹਰਾਮਖ਼ੋਰ' ਹੋ ਗਿਆ ਹਾਂ।"

"ਨਹੀਂ ਇੰਝ ਨੀ ਹੋ ਸਕਦਾ ਲੋਕਾਂ ਦੀਆਂ ਗੱਲਾਂ ਆਪਣਾ ਇੱਕ ਦੂਜੇ ਪ੍ਰਤੀ ਵਿਹਾਰ ਨੀ ਬਦਲ ਸਕਦੀਆਂ।"

"ਜੇ...ਮੈਂ ਹੀ ਲੋਕਾਂ ਵਰਗਾ ਹੋ ਗਿਆ,ਤਾਂ..।"

"ਤੁਸੀਂ ਵੀ ਨੀ ਹੋ ਸਕਦੇ,ਮੈਨੂੰ ਯਕੀਨ ਆ।"

"ਪਰ ਤੈਨੂੰ ਇਨ੍ਹਾਂ 'ਤੇ ਗੁੱਸਾ ਕਿਉਂ ਆਇਆ ? ਇਹ ਤਾਂ ਪਹਿਲਾਂ ਵੀ ਭੂਤਰੇ ਰਹਿੰਦੇ ਆ,ਹਾਂ......ਇਹ ਕਾਰਾ ਕਿਉਂ ਰਹਿੰਦਾ ਇਨ੍ਹਾਂ ਨਾਲ਼..ਇਹ ਸਮਝ ਨੀ ਪੈਂਦੀ।"

"ਐੱਸ.ਡੀ.ਸਕੂਲ ਕੋਲ਼ ਮੁੰਡਿਆਂ ਨਾਲ਼ ਖੜ੍ਹਾ ਵੀ ਇਹ ਘੁਸਰ-ਮੁਸਰ ਕਰ ਰਿਹਾ ਸੀ,ਮੈਨੂੰ ਇਹ ਠੀਕ ਨੀ ਲੱਗਦੇ।"

"ਚੱਲ ਛੱਡ।" ਸ਼ਿਵਚਰਨ ਨੇ ਹਲੀਮੀ ਜਿਹੀ ਨਾਲ਼ ਕਿਹਾ।

ਉਹ ਗੱਲਾਂ ਕਰਦੇ-ਕਰਦੇ ਕਾਲਜ ਪਹੁੰਚ ਗਏ ਸਨ।ਸਿਕੰਦਰ ਤੇ ਗੋਖਾ ਵੀ ਉਨ੍ਹਾਂ ਨੂੰ ਕਾਲਜ ਦੇ ਗੇਟ 'ਤੇ ਹੀ ਮਿਲ਼ ਗਏ।ਉਹ ਇੱਕ ਦੂਜੇ ਨੂੰ ਉੱਡ ਕੇ ਮਿਲ਼ੇ।ਗੋਖੇ ਨੇ ਸ਼ਿਵਚਰਨ ਨੂੰ ਘੂਰ ਕੇ ਕਿਹਾ,"ਬਟਾਲਵੀ ਸਾਹਿਬ! ਤੁਸੀਂ ਛੁੱਟੀ ਨਾ ਕਰਿਆ ਕਰੋ,ਤੁਹਾਡੀ ਛੁੱਟੀ 'ਚ ਅਸੀਂ ਬਿਰਹੜਾ ਹੰਢਾਈਦਾ,ਨਾਲ਼ੇ ਲਾਜਵੰਤੀ ਵਾਂਗ ਇਕਦਮ ਮੁਰਝਾ ਜਿਹੇ ਨਾ ਜਾਇਆ ਕਰੋ,ਖਿੜਦੇ ਗ਼ੁਲਾਬ ਬਣਿਆ ਕਰੋ,..ਖਿੜਦੇ।"

ਕਹਿ ਕੇ ਗੁਰਮੁਖ ਨੇ ਮੁੱਛਾਂ 'ਤੇ ਹੱਥ ਫੇਰਿਆ ਤਾਂ ਸ਼ਿਵਚਰਨ ਦਾ ਹਾਸਾ ਨਿੱਕਲ਼ ਗਿਆ।ਉਸਨੂੰ ਹੱਸਦਾ ਦੇਖ ਕੇ ਗਗਨ ਦਾ ਚਿਹਰਾ ਵੀ ਗ਼ੁਲਾਬ ਵਰਗਾ ਹੋ ਗਿਆ,ਕਿਉਂਕਿ ਉਸਨੇ ਸ਼ਿਵਚਰਨ ਨੂੰ ਖਿੜ-ਖਿੜਾ ਕੇ ਹੱਸੇ ਨੂੰ ਦੇਖੇ ਕਈ ਦਿਨ ਗੁਜ਼ਰ ਗਏ ਸਨ।ਸੂਰਜ ਦੀ ਧੁੱਪ ਵਿੱਚ ਉਹ ਲਾਲ ਸੂਹੀ ਹੋ ਗਈ ਸੀ ਤੇ ਕਾਪੀਆਂ ਦੀ ਛਾਂ ਜਿਹੀ ਕਰਕੇ ਕਹਿੰਦੀ,"ਚਲੋ ਹੁਣ,ਕਿ ਇੱਥੇ ਹੀ ਸੁੱਕਣੇ ਪੈਣਾ।"

"ਜੇ ਤੂੰ ਕਹੇਂਗੀ ਬੀਬਾ,ਇਹ ਤਾਂ ਆਲੂਆਂ ਵਾਲ਼ੇ ਚਿਪਸਾਂ ਵਾਂਗ ਇੱਥੇ ਹੀ ਖੜ੍ਹਾ ਸੁੱਕਜੂ।"

ਗੋਖੇ ਨੇ ਸਿਕੰਦਰ ਦੇ ਮੋਢੇ 'ਤੇ ਹੱਥ ਮਾਰ ਕੇ ਗਗਨ ਵੱਲ਼ ਝਾਕਦੇ ਨੇ ਕਿਹਾ ਤਾਂ ਗਗਨ ਤੇ ਸ਼ਿਵਚਰਨ ਉਸ ਵੱਲ ਔਖੇ ਜਿਹੇ ਝਾਕੇ ਤੇ ਤੁਰੇ ਜਾਂਦੇ ਸ਼ਿਵਚਰਨ ਨੇ ਗਗਨ ਨੂੰ ਚਿੜਾਉਂਦੇ ਹੋਏ ਗੋਖੇ ਨੂੰ ਹਾਕ ਮਾਰੀ,"ਆਜਾ ਹੁਣ..ਬਥੇਰੀਆਂ ਹੋ ਗਈਆਂ ਤੇਰੀਆਂ ਯਭਲ਼ੀਆਂ, 'ਬੀਬਾ' ਨੂੰ ਗਹਾਂ ਇਹ 'ਨਰਿੰਦਰ ਬੀਬਾ'।"

ਸ਼ਿਵਚਰਨ ਗਗਨ ਨੂੰ ਚਿੜ੍ਹਾਉਂਦਾ ਹੋਇਆ ਉਸਦੇ ਅੱਗੇ-ਅੱਗੇ ਦੌੜ ਲੈਂਦਾ ਤੇ ਗਗਨ ਵੀ ਹੱਸਦੀ ਹੋਈ ਉਸਦੇ ਪਿੱਛੇ-ਪਿੱਛੇ ਦੌੜਦੀ ਹੈ।ਕਾਲਜ ਦੀ ਉੱਪਰਲੀ ਮੰਜ਼ਲ ਦੀ ਬਾਲਕੋਨੀ ਵਿੱਚ ਖੜ੍ਹੇ ਪ੍ਰੋ:ਅਸਲਮ,ਘੁੱਦਾ ਤੇ ਪਠਾਨੀਆਂ ਉਨ੍ਹਾਂ ਨੂੰ ਦੇਖ ਰਹੇ ਹੁੰਦੇ ਹਨ।ਜਦੋਂ ਗਗਨ ਤੇ ਸ਼ਿਵਚਰਨ ਨੇ ਉਨ੍ਹਾਂ ਨੂੰ ਖੜ੍ਹੇ ਦੇਖਿਆ ਤਾਂ ਉਹ ਉੱਥੇ ਹੀ ਰੁਕ ਗਏ।ਨਾਲ਼ ਹੀ ਪਾਰਕ ਵਿੱਚ ਬੈਠੇ ਕੁਲਵੀਰ ਮੈਡਮ ਕਿਤਾਬ ਪੜ੍ਹ ਰਹੇ ਸਨ।ਉਹ ਦੋਹਾਂ ਨੂੰ ਦੇਖ ਕੇ ਬਹੁਤ ਖ਼ੁਸ਼ ਹੋਏ ਪਰ ਇੱਕਦਮ ਚੁੱਪ ਤੇ ਉਦਾਸ ਹੋਇਆਂ ਨੂੰ ਦੇਖ ਕੇ ਉਹ ਉਨ੍ਹਾਂ ਕੋਲ਼ ਆ ਗਏ।

"ਕੀ ਗੱਲ ਬੱਚਿਓ ਉਦਾਸ ਜਿਹੇ ਲੱਗਦੇ ਹੋ?"

"ਹਾਂ ਜੀ,ਬਸ ਹੱਸਦਿਆਂ ਖੇਡਦਿਆਂ ਨੂੰ ਗ੍ਰਹਿਣ ਜਿਹਾ ਲੱਗ ਜਾਂਦਾ ਜੀ।"

"ਤੁਸੀ ਕੱਲ੍ਹ ਵੀ ਨੀ ਆਏ......ਦੋਵੇਂ ਹੀ,ਸੁੱਖ ਤਾਂ ਹੈ?"

"ਹਾਂ ਜੀ,ਬਸ ਘਰ ਹੀ ਕੰਮ ਸੀ।" ਦੋਹਾਂ ਨੇ ਇਕੱਠਿਆਂ ਹੀ ਜਵਾਬ ਦਿੱਤਾ।

"ਮੇਰੀਆਂ ਨਜ਼ਰਾਂ ਤੁਹਾਨੂੰ ਹੀ ਤਲਾਸ਼ਦੀਆਂ ਰਹੀਆਂ।"ਮੈਡਮ ਨੇ ਮੋਹ ਜਿਹਾ ਜਿਤਾਉਦਿਆਂ ਆਖਿਆ।

ਉਹ ਤਿੰਨੇ ਇਕੱਠੇ ਪਾਰਕ ਵਿੱਚ ਬੈਠ ਗਏ।ਕੁਲਵੀਰ ਮੈਡਮ ਉਨ੍ਹਾਂ ਨੂੰ ਪੜ੍ਹਨਯੋਗ ਕਿਤਾਬਾਂ ਦਿਖਾ ਰਹੇ ਸੀ ਜੋ ਉਨ੍ਹਾਂ ਦੀ ਸੋਚ ਦੀਆਂ ਸਨ।ਪਰ ਸ਼ਿਵਚਰਨ ਦਾ ਧਿਆਨ ਨਾ ਕਿਤਾਬਾਂ ਵੱਲ ਸੀ ਤੇ ਨਾ ਹੀ ਮੈਡਮ ਦੀਆਂ ਗੱਲਾਂ ਵੱਲ।ਉਹ ਬੋਲਿਆ,“ਮੈਡਮ ਜੀ! ਇਹ ਅਸਲਮ ਸਰ ਕੀ ਸ਼ੈਅ ਨੇ ?”

“ਕਿਉਂ ?” ਮੈਡਮ ਨੇ ਹੈਰਾਨੀ ਨਾਲ਼ ਪੁੱਛਿਆ।

“ਸੌਰੀ ਮੈਡਮ, ਮੈਨੂੰ ਸਰ ਤੇ ਉਨ੍ਹਾਂ ਦੇ ਸ਼ਾਗਿਰਦ ਘੁੱਦਾ ਤੇ ਪਠਾਨੀਆ ਠੀਕ ਨੀ ਲੱਗਦੇ।”

“ਹਾਂ,ਚੰਗੇ ਤਾਂ ਮੈਨੂੰ ਵੀ ਨੀ ਲੱਗਦੇ ਤੁਸੀਂ ਵੀ ਐਵੇਂ ਧਿਆਨ ਨਾ ਦਿਆ ਕਰੋ ਇਨ੍ਹਾਂ ਵੱਲ।” ਮੈਡਮ ਨੇ ਹਉਂਕਾ ਜਿਹਾ ਲੈਂਦਿਆਂ ਆਖਿਆ।

“ਚਿੱਟੇ ਦੇ ਸ਼ੁਦਾਈ ਨੇ..ਰੰਗ ਹੋਵੇ...... ਤੇ ਭਾਵੇਂ ਭੰਗ।” ਮੈਡਮ ਕਿਤਾਬਾਂ ਫੜਾਉਂਦੇ ਹੋਏ ਸੁਭਾਵਿਕ ਹੀ ਹੌਲ਼ੀ ਜਿਹੀ ਕਹਿ ਗਏ ਸਨ।

ਪ੍ਰੋ: ਅਸਲਮ ਇੱਕ ਬਹੁਤ ਹੀ ਭੈੜੇ ਚਰਿੱਤਰ ਦਾ ਮਾਲਕ ਸੀ।ਉਹ ਨਵੀਂ ਪਨੀਰੀ ਨੂੰ ਨਸ਼ੇ ਦੀ ਚਾਟ ’ਤੇ ਲਾਉਂਦਾ ਸੀ ਤੇ ਨਸ਼ੇ ਦਾ ਵਪਾਰ ਕਰਦਾ ਸੀ।ਉਹ ਹਮੇਸ਼ਾ ਹੀ ਨਵੇਂ ਖ਼ੂਨ ਮੁੰਡਿਆਂ ਨੂੰ ਚੇਲੇ ਬਣਾਈ ਰੱਖਦਾ ਤੇ ਆਪਣੇ ਭੜਕਾਊ ਵਿਚਾਰਾਂ ਨਾਲ਼ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਭੜਕਾਉਂਦਾ ਰਹਿੰਦਾ ਸੀ।

ਇਲਾਕੇ ਦੇ ਰਾਜਨੀਤਿਕ ਲੋਕਾਂ ਨਾਲ਼ ਉਨ੍ਹਾਂ ਦੀ ਯਾਰੀ ਸੀ।ਵੋਟਾਂ ਵਿੱਚ ਅਸਲਮ ਤੇ ਉਸਦੇ ਵਿਗੜੇ ਚੇਲੇ ਉਨ੍ਹਾਂ ਦਾ ਪੂਰਾ ਸਾਥ ਦਿੰਦੇ।ਰਾਜਨੀਤਿਕ ਰਸੂਖ ਕਰਕੇ ਉਹ ਕਾਲਜ ਵਿੱਚ ਵੀ ਆਪਣਾ ਰੋਹਬ ਰੱਖਦਾ ਸੀ।ਸੁਨੱਖੀਆਂ ਕੁੜੀਆਂ ਨੂੰ ਭਰਮਾ ਕੇ,ਜਾਲ਼ ’ਚ ਫ਼ਸਾ ਕੇ ਆਪਣੇ ਚਹੇਤਿਆਂ ਕੋਲ਼ ਪੇਸ਼ ਕਰਦਾ ਸੀ।ਇਸਦਾ ਭਾਵੇਂ ਕਾਲਜ ਦੇ ਹਰੇਕ ਕਰਮਚਾਰੀ ਨੂੰ ਪਤਾ ਸੀ ਪਰ ਇਨ੍ਹਾਂ ਦੀ ਰਾਜਨੀਤਿਕ ਅਤੇ ਕਾਲਜ ਕਮੇਟੀ ਤੱਕ ਪਹੁੰਚ ਹੋਣ ਕਾਰਨ ਚਾਹੁੰਦਾ ਹੋਇਆ ਕੋਈ ਵੀ ਨਹੀਂ ਬੋਲਦਾ ਸੀ।ਮੈਡਮ ਕੁਲਵੀਰ ਵੀ ਸਾਊ ਮੁੰਡੇ ਕੁੜੀਆਂ ਨੂੰ ਆਨੀਂ-ਬਹਾਨੀਂ ਉਨ੍ਹਾਂ ਕੋਲ਼ੋਂ ਦੂਰ ਰੱਖਦੀ ਸੀ।

ਕੋਲ਼ੋਂ ਲੰਘਦੇ ਸ਼ਿਵਚਰਨ ਤੇ ਗਗਨ ਬਾਰੇ ਘੁੱਦੇ ਤੇ ਪਠਾਨੀਏ ਨੇ ਅਸਲਮ ਨੂੰ ਦੱਸਿਆ ਕਿ ਇਹ ਉਹ ਜੋੜੀ ਹੀ ਆ ਜਿਹੜੀ ਬਾਰੂਦ ਨੂੰ ਚੰਗਿਆੜੀ ਦੇਣ ਲੱਗੀ ਆ ਭਾਵ ਗ਼ਰੀਬਾਂ ਦੀਆਂ ਝੌਂਪੜੀਆਂ ਵਿੱਚ ਗਿਆਨ ਵੰਡਣ ਦਾ ਕੰਮ ਕਰਨ ਲੱਗੀ ਹੋਈ ਹੈ।ਉਨ੍ਹਾਂ ਨੇ ਇਹ ਵੀ ਦੱਸਿਆ ਕਿ ਇਨ੍ਹਾਂ ਕਰਕੇ ਆਪਣਾ ਕਾਰਾ ਵੀ ਬਿੱਲੀ ਤੋਂ ਡਰੇ ਕਬੂਤਰ ਵਾਂਗ ਸਹਿਮਿਆ ਪਿਆ ਹੈ।ਇਹ ਸੁਣ ਕੇ ਅਸਲਮ ਨੇ ਗਿੱਚੀ ਤੱਕ ਲੰਮੇ ਵਾਲ਼ਾਂ ਵਿੱਚ ਹੱਥ ਫੇਰਿਆ ਤੇ ਬੋਲਿਆ,“ਕਾਰੇ ਨੂੰ ਕਹਿਣਾ ਸੀ ਕਿ ਕਬੂਤਰਾਂ ਨੂੰ ਦੇਖੀ ਜਾਣਾ ਹੀ ਕਾਰੇ ਬਿੱਲੇ ਦਾ ਕੰਮ ਨਹੀਂ,ਉਸਦਾ ਕੰਮ ਹੈ ਸਿਰਫ਼ ਸ਼ਿਕਾਰ ਕਰਨਾ।”

“ਸ਼ਿਕਾਰ ਤਾਂ ਹੋ ਗਏ ਨੇ ਜੀ,ਬੇਜਤੀ ਕਰਕੇ ਕੱਢਿਆ ਜੀ ਉੱਥੋਂ ਇਨ੍ਹਾਂ ਨੂੰ,ਜੇ ਅਸਲੇ ਦੇ ਹੋਣਗੇ ਤਾਂ ਮੁੜ ਕੇ ਮੂੰਹ ਨੀ ਕਰਨਗੇ ਉੱਧਰ ਨੂੰ।”

“ਖ਼ਿਆਲ ਰੱਖਿਓ,ਇਨ੍ਹਾਂ ਬਾਰੂਦੀ ਫੁੱਲਝੜੀਆਂ ਦਾ,ਜੀਹਦੇ ਕੋਲ਼ ਚਿੱਟਾ ਰੰਗ ਤੇ ਚਿੱਟਾ ਅੰਗ ਹੋਵੇ ਉਹਨੂੰ ਸੰਭਾਲ਼ ਵੱਧ ਹੀ ਕਰਨੀ ਪੈਂਦੀ ਆ...ਪਰ ਸੰਭਾਲ਼ ਹੁੰਦੀ ਨੀ।”

ਅਸਲਮ ਹੱਸਦਾ ਹੋਇਆ ਸੰਸਕ੍ਰਿਤ ਵਿਭਾਗ ਵੱਲ ਨੂੰ ਮੁੜ ਗਿਆ।ਸੰਸਕ੍ਰਿਤ ਵਿਭਾਗ ਦਾ ਦਫ਼ਤਰ ਵੇਅਰਹਾਉਸ ਦੇ ਗੋਦਾਮਾਂ ਵਾਲ਼ੀ ਕੰਧ ਨਾਲ਼ ਜਾ ਲੱਗਦਾ ਸੀ।ਕਹਿੰਦੇ ਸੀ ਕਿ ਉਸਦਾ ਇੱਕ ਗੇਟ ਗੋਦਾਮਾਂ ਵੱਲ ਵੀ ਖੁੱਲ੍ਹ ਜਾਂਦਾ।

ਮੈਡਮ ਕੁਲਵੀਰ ਅਸਲਮ ਨੂੰ ਜਾਂਦਿਆਂ ਨੂੰ ਬੜੇ ਦੁੱਖ ਤੇ ਉਦਾਸੀ ਭਰੀਆਂ ਨਜ਼ਰਾਂ ਨਾਲ਼ ਤੱਕਦੀ ਰਹੀ।ਉਹ ਆਪਣੇ ਅਤੀਤ ਅਤੇ ਗੁਆਚੀ ਹੋਈ ਜ਼ਿੰਦਗੀ ਦੇ ਸੁਨਹਿਰੀ ਸਫ਼ਿਆਂ ’ਤੇ ਪਈ ਹਵਸ਼ੀ ਗਰਦ ਬਾਰੇ ਸੋਚ ਰਹੀ ਸੀ।

ਜਵਾਨੀ ਦੀ ਸਿਖਰ ਦੁਪਹਿਰੇ ਜਦੋਂ ਇਸ ਸੋਹਣੀ ਸੁਨੱਖੀ ਪੰਜਾਬਣ ਨੇ ਕਾਲਜ ਜੁਅਇਨ ਕੀਤਾ ਸੀ ਤਾਂ ਸਾਰੇ ਸਟਾਫ਼ ਤੇ ਮੁੰਡੇ ਕੁੜੀਆਂ ’ਚ ਉਸਦੇ ਹੁਸਨ ਦੇ ਚਰਚੇ ਛਿੜ ਗਏ ਸਨ।ਹਰ ਕੋਈ ਕੁਲਵੀਰ ਦੀ ਸਾਦਗੀ,ਸੁੰਦਰਤਾ ਤੇ ਸਪਸ਼ਟਤਾ ਤੋਂ ਵਾਕਿਫ਼ ਹੋ ਗਿਆ ਸੀ।ਜਿਹੜਾ ਕਦੇ ਲਾਇਬ੍ਰੇਰੀ ਨਹੀਂ ਸੀ ਗਿਆ,ਉਹ ਵੀ ਹੁਣ ਲਾਇਬਰੇਰੀ ਜਾਣ ਲੱਗ ਗਿਆ ਸੀ।ਕਿਤਾਬਾਂ ਪ੍ਰਤੀ ਕੁਲਵੀਰ ਦੀ ਜਾਣਕਾਰੀ ਨੇ ਉਸਨੂੰ ਲਾਇਬ੍ਰੇਰੀ ਦੀ ਸੁਚੱਜੀ ਸੁਆਣੀ

ਬਣਾ ਦਿੱਤਾ ਸੀ।ਹੁਣ ਉਹ ਹਰ ਕਿਤਾਬ ਨੂੰ ਵਿਸ਼ੇਸ਼ ਤਰਤੀਬ ਵਿੱਚ ਰੱਖਦੀ ਸੀ ਤੇ ਕਿਤਾਬ ਲੱਭਣੀ ਹੁਣ ਹਰੇਕ ਲਈ ਬਹੁਤ ਸੌਖੀ ਹੋ ਗਈ ਸੀ।ਉਹ ਐਨੇ ਪਿਆਰ ਤੇ ਸਤਿਕਾਰ ਨਾਲ਼ ਬੋਲਦੀ ਕਿ ਗੰਜਿਆਂ ਨੂੰ ਕੰਘੇ ਵੇਚਣ ਵਾਂਗ ਕਿਤਾਬ ਤੋਂ ਭੱਜਣ ਵਾਲ਼ਿਆਂ ਨੂੰ ਵੀ ਕਿਤਾਬ ਫੜਾ ਦਿੰਦੀ ਸੀ।

ਕਾਲਜ ਦੇ ਪ੍ਰੋਫ਼ੈਸਰ ਵੀ ਉਸਦੇ ਮੁਰੀਦ ਹੋ ਗਏ ਸਨ।ਖ਼ਾਸ ਕਰਕੇ ਪ੍ਰੋਫ਼ੈਸਰ ਅਸਲਮ।ਕਿਉਂਕਿ ਉਹ ਵੀ ਸੋਹਣਾ ਸੁਨੱਖਾ ਇੱਕ ਲੰਮੇ ਵਾਲ਼ਾਂ ਵਾਲ਼ਾ ਹੈਂਡਸਮ ਜਿਹਾ ਮੁੰਡਾ ਸੀ।ਹਰ ਕੋਈ ਕੁੜੀ ਉਸਦੀ ਸੰਗਤ ਮਾਣਨਾ ਚਾਹੁੰਦੀ ਸੀ।ਕੁੜੀਆਂ ਲਾਇਬ੍ਰੇਰੀ ਵਿੱਚ ਕੁਲਵੀਰ ਕੋਲ਼ ਵੀ ਉਸਦੀ ਤਾਰੀਫ਼ ਕਰ ਜਾਂਦੀਆਂ ਸਨ।ਕਈ ਕੁੜੀਆਂ ਤਾਂ ਉਸਨੇ ਛੱਡੀਆਂ ਹੀ ਇਸ ਕੰਮ ਲਈ ਹੋਈਆਂ ਸੀ।ਉਹ ਵਾਰ-ਵਾਰ ਮੈਡਮ ਨੂੰ ਅਸਲਮ ਦੇ ਨੇੜੇ ਹੋਣ ਦੀ ਸਲਾਹ ਵੀ ਦੇ ਜਾਂਦੀਆ ਸਨ।

ਹੁਣ ਅਸਲਮ ਕੁਲਵੀਰ ਦੇ ਬੱਸ ਵਿੱਚੋਂ ਉੱਤਰਨ ਤੋਂ ਪਹਿਲਾਂ ਹੀ ਉਸਨੂੰ ਬੁਲੈਟ ’ਤੇ ਬਠਾਉਣ ਲਈ ਖੜ੍ਹਾ ਹੁੰਦਾ।ਉਹ ਹਰ ਵਾਰ ਮਨ੍ਹਾਂ ਕਰ ਦਿੰਦੀ ਸੀ ਪਰ ਉਹ ਬਹੁਤੀ ਵਾਰ ਜਵਾਬ ਨਾ ਦੇ ਸਕੀ।ਹੁਣ ਉਹ ਆਨੇ-ਬਹਾਨੇ ਉਸਨੂੰ ਬਜ਼ਾਰ ਵੀ ਘੁਮਾ ਕੇ ਲੈ ਜਾਂਦਾ ਸੀ।ਕੁੜੀਆਂ ਦੇ ਦਿਲਾਂ ’ਤੇ ਰਾਜ ਕਰਨ ਵਾਲ਼ਾ ਹੁਣ ਕੁਲਵੀਰ ਦੇ ਦਿਲ ਦਾ ਰਾਜਾ ਬਣ ਗਿਆ ਸੀ।ਉਸਦੇ ਦਿਲ ਨੇ ਉਸਨੂੰ ਮੁਹੱਬਤੀ ਪਨਾਹ ਦੇ ਦਿੱਤੀ ਸੀ।ਅਸਲਮ ਦੇ ਚੇਲੇ ਵੀ ਹੁਣ ਕੁਲਵੀਰ ਨਾਲ਼ ਜਾਣ-ਪਛਾਣ ਕੱਢਣ ਲੱਗ ਪਏ ਸਨ।

ਨਵੀਂ ਨੌਕਰੀ ਤੇ ਅਸਲਮ ਨਾਲ ਹੋਈ ਮੁਹੱਬਤ ਨੇ ਉਸਦਾ ਜੋਬਨ ਹੁਣ ਹੋਰ ਵੀ ਸਿਖਰ ’ਤੇ ਲੈ ਆਂਦਾ ਸੀ।ਕਾਲਜ ਦੇ ਬਾਗ-ਬਗੀਚਿਆਂ ਵਿੱਚੋਂ ਵੀ ਉਸਨੂੰ ਹੁਣ ਮੁਹੱਬਤੀ ਖ਼ੁਸ਼ਬੂ ਆਉਣ ਲੱਗ ਗਈ ਸੀ।ਉਹ ਅਸਲਮ ਨੂੰ ਆਪਣਾ ਸਭ ਕੁਛ ਮੰਨ ਬੈਠੀ ਸੀ।ਉਹ ਜਾਤਾਂ ਤੇ ਮਜ਼੍ਹਬਾਂ ਦੇ ਸਭ ਹੱਦ ਬੰਨੇ ਟੱਪਣ ਲਈ ਤਿਆਰ ਸੀ

ਕੁਲਵੀਰ ਤੇ ਅਸਲਮ ਦੀ ਮੁਹੱਬਤ ਬਚਪਨ ਤੋਂ ਜਵਾਨੀ ਦੇ ਪੜਾਅ ਤੱਕ ਪਹੁੰਚ ਚੁੱਕੀ ਸੀ।ਅਸਲਮ ਇਸ ਵਰਜ਼ਿਤ ਫ਼ਲ ਨੂੰ ਖਾਣਾ ਚਾਹੁੰਦਾ ਸੀ ਪਰ ਕੁਲਵੀਰ ਉਸਨੂੰ ਹਮੇਸ਼ਾ ਲਈ ਆਪਣਾ ਬਣਾਉਣਾ ਚਾਹੁੰਦੀ ਸੀ।ਉਸਨੇ ਅਸਲਮ ਨੂੰ ਕਿਹਾ,“ਮੈਂ ਜ਼ਿੰਦਗੀ ਦੇ ਸਾਰੇ ਪੜਾਅ ਤੇਰੇ ਨਾਂ ਲਿਖਣਾ ਚਾਹੁੰਦੀ ਹਾਂ।”

“ਅਜੇ ਇੱਕ ਪੜਾਅ ਤਾਂ ਪੂਰਾ ਕਰ ਲਈਏ।” ਅਸਲਮ ਨੇ ਉਸਦੇ ਸੁਨਹਿਰੀ ਵਾਲ਼ਾਂ ਵਿੱਚ ਹੱਥ ਫ਼ੇਰਦੇ ਹੋਏ ਕਿਹਾ।

“ਕਿਹੜਾ ਪੜਾਅ?” ਉਹ ਹੈਰਾਨ ਜਿਹੀ ਹੋਈ।

“ਘੁੰਮਣ ਫਿਰਨ ਤੇ ਮੁਹੱਬਤ ਕਰਨ ਦਾ।”

“ਕਰ ਲਓ ਪੂਰਾ,ਇਹ ਪੜਾਅ ਵੀ।” ਕੁਲਵੀਰ ਨੇ ਅਸਲਮ ’ਤੇ ਪੂਰਾ ਹੱਕ ਜਿਤਾਉਂਦਿਆ ਉਸਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਆਖਿਆ ਤਾਂ ਅਸਲਮ ਨੇ ਉਸਨੂੰ ਆਪਣੀਆਂ ਬਾਹਵਾਂ ਵਿੱਚ ਘੁੱਟ ਲਿਆ।

ਦੂਜੇ ਦਿਨ ਅਸਲਮ ਨੇ ਆਪਣੀ ਕਾਰ ਕੱਢੀ ਤੇ ਕੁਲਵੀਰ ਨਾਲ਼ ਮੁਹੱਬਤੀ ਪੜਾਅ ਪੂਰਾ ਕਰਨ ਲਈ ਮੁਹੱਬਤੀ ਸ਼ਹਿਰ ਚੰਡੀਗੜ੍ਹ ਨੂੰ ਚੱਲ ਪਿਆ।ਸਾਰਾ ਦਿਨ ਉਹ ਚੰਡੀਗੜ੍ਹ ਦੀਆਂ ਖ਼ੂਬਸੂਰਤ ਥਾਵਾਂ ’ਤੇ ਘੁੰਮਦੇ ਰਹੇ ਤੇ ਦਿਨ ਦੇ ਛਿਪਾਅ ਨਾਲ਼ ਚੰਡੀਗੜ੍ਹ ਤੋਂ ਬਾਹਰਵਾਰ ਪਿੰਜ਼ੌਰ ਰੋਡ ’ਤੇ ਪਹਾੜੀ ਦੀ ਨਿੱਕੀ ਜਿਹੀ ਚੋਟੀ ’ਤੇ ਬਣੇ ਨਿੱਕੇ ਜਿਹੇ ਫ਼ਲੈਟ ਵਿੱਚ ਅਸਲਮ ਨੇ ਆਪਣੀ ਕਾਰ ਲਿਜਾ ਖੜ੍ਹੀ ਕੀਤੀ।ਜਿੱਥੇ ਪਹਿਲਾਂ ਹੀ ਲਾਲ ਬੱਤੀ ਵਾਲ਼ੀ ਗੱਡੀ ਖੜ੍ਹੀ ਹੋਈ ਸੀ।ਇਸ ਫ਼ਲੈਟ ਦਾ ਰਸਤਾ ਇਸ ਫ਼ਲੈਟ ਤੱਕ ਆ ਕੇ ਹੀ ਖ਼ਤਮ ਹੋ ਜਾਂਦਾ ਸੀ।

ਫਲੈਟ ਵਿੱਚ ਸ਼ਾਂਤੀ ਪਸਰੀ ਹੋਈ ਸੀ।ਉਹ ਦੋਵੇਂ ਅੰਦਰ ਚਲੇ ਗਏ।ਉਨ੍ਹਾਂ ਦੇ ਬੈਠਣ ਸਾਰ ਹੀ ਇੱਕ ਕਲੀਨਸ਼ੇਵ ਅੱਧਖੜ੍ਹ ਉਮਰ ਦੇ ਬੰਦੇ ਨੇ ਉਨ੍ਹਾਂ ਅੱਗੇ ਗਲਾਸਾਂ ਵਿੱਚ ਫ਼ੈਂਟਾ ਲਿਆ ਧਰਿਆ।ਚਿੱਟੀ ਵਰਦੀ ਤੋਂ ਉਹ ਡਰਾਇਵਰ ਜਾਪਦਾ ਸੀ।ਫ਼ੈਂਟੇ ਨੂੰ ਦੇਖ ਕੇ ਅਸਲਮ ਰੋਮੈਂਟਿਕ ਜਿਹੇ ਮੂਡ ’ਚ ਕੁਲਵੀਰ ਨੂੰ ਆਖਦਾ ਹੈ,“ਬਿਲਕੁਲ ਤੇਰੇ ਵਰਗਾ ਰੰਗ ਏ,ਔਰੇਂਜ ਸੂਟ ਵਿੱਚ ਤੂੰ ਵੀ ਫ਼ੈਂਟੇ ਵਰਗੀ ਲਗਦੀ ਏਂ।ਜੀਅ ਕਰਦਾ ਤੈਨੂੰ ਗਟ-ਗਟ ਕਰਕੇ ਪੀ ਜਾਵਾਂ..।”

“ਪੀ ਲਈਂ..ਪਰ ਆਹ ਗਲਾਸਾਂ ’ਚ ਪਾਏ ਫ਼ੈਂਟੇ ਵਾਂਗੂੰ ਕਿਤੇ ਪਰੋਸ ਕੇ ਹੀ ਨਾ ਰੱਖ ਦੇਈਂ।”

ਸੁਣ ਕੇ ਉਹ ਥੋੜ੍ਹਾ ਘਬਰਾ ਜਿਹੇ ਗਿਆ।ਉਹ ਇੱਕਦਮ ਉੱਠਿਆ ਤੇ ਪੌੜੀਆਂ ਚੜ੍ਹ ਕੇ ਉੱਪਰ ਚਲਿਆ ਗਿਆ।ਕੁਛ ਸਮੇਂ ਬਾਅਦ ਉਹ ਕੁਲਵੀਰ ਨੂੰ ਉੱਪਰ ਚੇਂਜ ਕਰਨ ਲਈ ਕਹਿ ਕੇ ਛੱਡ ਆਇਆ।ਆਪ ਉਹ

ਹੇਠਾਂ ਉੱਤਰ ਕੇ ਸਾਹਮਣੇ ਬਣੇ ਕੋਠੀਨੁਮਾ ਮਕਾਨ 'ਚ ਚਲਿਆ ਗਿਆ।ਉੱਥੇ ਦਾਰੂ ਪੀ ਰਹੇ ਜੈਂਟਲਮੈਂਨ ਕੋਲ਼ੋਂ ਇੱਕ ਕਾਲ਼ਾ ਜਿਹਾ ਬੈਗ ਲੈ ਕੇ ਗੱਡੀ ਵਿੱਚ ਰੱਖ ਦਿੱਤਾ।

ਕੁਲਵੀਰ ਚੇਂਜ ਕਰਕੇ ਉੱਪਰ ਬਾਲਕੋਨੀ ਵਿੱਚ ਆ ਖੜ੍ਹੀ ਹੋਈ ਤਾਂ ਪਹਾੜੀ ਬੁੱਲੇ ਨੇ ਉਸਨੂੰ ਕੰਬਣੀ ਜਿਹੀ ਛੇੜ ਦਿੱਤੀ।ਉਹ ਕਮਰੇ 'ਚ ਵਾਪਸ ਆ ਕੇ ਕੰਧਾਂ 'ਤੇ ਲੱਗੀਆਂ ਖ਼ੂਬਸੂਰਤ ਔਰਤਾਂ ਦੀਆਂ ਤਸਵੀਰਾਂ ਨੂੰ ਹਸਰਤ ਨਾਲ਼ ਨਿਹਾਰਨ ਲੱਗ ਗਈ ਜਿਵੇਂ ਉਨ੍ਹਾਂ 'ਚੋਂ ਖ਼ੁਦ ਨੂੰ ਤਲਾਸ਼ ਰਹੀ ਹੋਵੇ।ਕਮਰੇ ਦਾ ਕੁੰਡਾ ਖੁੱਲ੍ਹਿਆ ਤਾਂ ਅਸਲਮ ਨੂੰ ਅੰਦਰ ਆਉਂਦਿਆਂ ਦੇਖ ਕੇ ਉਹ ਖ਼ੁਸ਼ੀ ਵਿੱਚ ਬੋਲੀ,"ਅਸਲਮ! ਇਹ ਤਸਵੀਰਾਂ ਕਿੰਨੀਆਂ ਖ਼ੂਬਸੂਰਤ ਨੇ।"

ਕਹਿ ਕੇ ਉਸਨੇ ਉਸਦਾ ਹੱਥ ਫੜ ਲਿਆ।ਇੰਨੇ ਨੂੰ ਦਰਵਾਜ਼ੇ ਵਿੱਚੋਂ ਇੱਕ ਹੋਰ ਬੰਦਾ ਅੰਦਰ ਆਉਂਦਾ ਹੈ।ਅਸਲਮ ਉਸਦੀ ਜਾਣ-ਪਛਾਣ ਕੁਲਵੀਰ ਨਾਲ਼ ਕਰਵਾਉਂਦਾ ਹੋਇਆ ਆਖਦਾ ਹੈ,"ਇਹ ਮੇਰਾ ਦੋਸਤ ਹੈ,ਰਾਜਨੀਤੀ ਦਾ ਖਿਡਾਰੀ ਹੈ,ਕਦੇ ਚਿੱਤ ਨਹੀਂ ਹੋਇਆ,ਇਸਦੇ ਮੇਰੇ 'ਤੇ ਬਹੁਤ ਸਾਰੇ ਅਹਿਸਾਨ ਨੇ,ਇਸ ਨਾਂ ਨਾਲ਼ ਪ੍ਰੋਫ਼ੈਸਰ ਵੀ ਇਸੇ ਦੀ ਦੇਣ ਹੈ।"

ਕੁਲਵੀਰ ਨੇ ਅਸਲਮ ਦੇ ਕੋਲ਼ ਜਿਹੇ ਹੋ ਕੇ ਉਸਨੂੰ ਸਤਿ ਸ਼੍ਰੀ ਅਕਾਲ ਬੁਲਾਈ ਤਾਂ ਅਸਲਮ ਨੇ ਉਸ ਨੂੰ ਅੱਗੇ ਕਰਦਿਆਂ ਸੱਜੇ ਹੱਥ ਦੀ ਪਹਿਲੀ ਉਂਗਲ਼ ਖੜ੍ਹੀ ਕਰਕੇ ਅੱਖਾਂ 'ਚ ਅੱਖਾਂ ਪਾਉਂਦਿਆਂ ਕਿਹਾ,"ਇਸਦੇ ਮੇਰੇ ਸਿਰ ਬਹੁਤ ਕਰਜ਼ ਨੇ...ਉਤਾਰ ਤਾਂ ਨੀ ਸਕਦਾ ਪਰ ਇਨ੍ਹਾਂ ਅਹਿਸਾਨਾਂ ਨੂੰ ਘੱਟ ਕਰਨ ਲਈ... ਆਪਣੀ ਮੁਹੱਬਤ ਦੇ ਪਹਿਲੇ ਪੜਾਅ ਨੂੰ ਭੇਂਟ ਕਰ ਰਿਹਾ ਹਾਂ।"

ਅਸਲਮ ਕੁਲਵੀਰ ਦੀ ਬਾਂਹ ਉਸ ਨੇਤਾ ਨੂੰ ਫ਼ੜਾ ਕੇ ਆਪ ਪੌੜੀਓਂ ਥੱਲੇ ਉੱਤਰ ਆਇਆ ਤੇ ਦਾਰੂ ਪੀ ਕੇ ਸੁੱਤਾ ਰਿਹਾ।ਕੁਲਵੀਰ,"ਅਸਲਮ!..ਅਸਲਮ!!..ਅਸਲਮ!!!..." ਪੁਕਾਰਦੀ ਹੋਈ ਆਪਣੀ ਮੁਹੱਬਤ ਦੇ ਪਹਿਲੇ ਪੜਾਅ ਨੂੰ ਵਹਿਸ਼ਤ ਦੀ ਗੋਦ ਵਿੱਚ ਭੇਂਟ ਕਰ ਚੁੱਕੀ ਸੀ।ਬਦਲੇ ਵਿੱਚ ਅਸਲਮ ਨੇ ਚਿੱਟੀ ਜ਼ਹਿਰ ਲੈ ਲਈ ਸੀ ਤੇ ਜੁੱਤੀ ਦੀ ਨੋਕ 'ਤੇ ਆਪਣੀ ਮੁਹੱਬਤ ਭੇਂਟ ਕਰਕੇ ਹੌਲ਼ਾ ਫੁੱਲ ਮਹਿਸੂਸ ਕਰ ਰਿਹਾ ਸੀ।

ਇਸ ਘਟਨਾ ਤੋਂ ਬਾਅਦ ਕਈ ਦਿਨ ਕੁਲਵੀਰ ਕਾਲਜ ਨਾ ਪਹੁੰਚੀ ਪਰ ਅਖ਼ੀਰ ਘਰ ਦੀ ਆਰਥਿਕ ਮਜਬੂਰੀ ਨੇ ਉਸਨੂੰ ਚੁੱਪ ਰਹਿਣ ਤੇ ਕਾਲਜ ਵਿੱਚ ਨੌਕਰੀ ਨੂੰ ਜ਼ਾਰੀ ਰੱਖਣ ਲਈ ਮਜਬੂਰ ਕਰ ਦਿੱਤਾ।ਉਸਦੀਆਂ ਭਾਵਨਾਵਾਂ ਦਾ ਕਾਤਲ ਤੇ ਚਿੱਟੇ ਦਾ ਵਪਾਰੀ ਅੱਜ ਵੀ ਉਸਦੀਆਂ ਅੱਖਾਂ ਦੇ ਸਾਹਮਣੇ ਸੀ ਪਰ ਉਹ ਆਪਣੀ ਜ਼ਿੰਦਗੀ ਵਿੱਚੋਂ ਹੀ ਆਪਣੀ ਜ਼ਿੰਦਗੀ ਨੂੰ ਮਨਫ਼ੀ ਕਰ ਚੁੱਕੀ ਸੀ।

ਹੁਣ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੇ ਆਉਣ ਦੀ ਪੈੜਚਾਲ ਨੇ ਉਸਦੀਆਂ ਸੋਚਾਂ ਦੀ ਲੜੀ ਨੂੰ ਤੋੜ ਦਿੱਤਾ ਸੀ।ਅੱਖੋਂ ਵਗਦੇ ਹੰਝੂ ਮੁੜ ਅੱਖਾਂ ਰਾਹੀਂ ਉਸਦੇ ਸੀਨੇ ਵਿੱਚ ਉੱਤਰ ਚੱਕੇ ਸਨ।

ਗੋਖਾ ਤੇ ਸਿਕੰਦਰ ਹੁਣ ਕੁਲਵੀਰ ਮੈਡਮ ਕੋਲ਼ ਖੜ੍ਹੇ ਸਨ।ਸਿਕੰਦਰ ਮੈਡਮ ਨੂੰ ਕਿਤਾਬਾਂ ਜ਼ਾਰੀ ਕਰਨ ਬਾਰੇ ਕਹਿ ਰਿਹਾ ਸੀ ਕਿ ਉਹ ਪੇਪਰਾਂ ਤੋਂ ਬਾਅਦ ਵਾਪਸ ਕਰ ਦੇਵੇਗਾ ਕਿਉਂਕਿ ਉਹ ਸਾਰੀਆਂ ਕਿਤਾਬਾਂ ਮੁੱਲ ਨਹੀਂ ਸੀ ਖਰੀਦ ਸਕਦਾ ਤਾਂ ਮੈਡਮ ਨੇ ਉਸਨੂੰ ਆਪਣੇ ਦਰਾਜ਼ ਵਿੱਚੋਂ ਲੋੜੀਂਦੀਆਂ ਸਾਰੀਆਂ ਕਿਤਾਬਾਂ ਵਾਪਸ ਕਰਨ ਦੇ ਵਾਅਦੇ ਨਾਲ਼ ਬਿਨਾਂ ਜ਼ਾਰੀ ਕੀਤੇ ਹੀ ਦੇ ਦਿੱਤੀਆਂ।

ਸਿਕੰਦਰ ਕਿਤਾਬਾਂ ਫ਼ੜ ਕੇ ਮੈਡਮ ਦੇ ਗੋਡੇ ਵੱਲ ਝੁਕਿਆ ਤਾਂ ਉਸਨੇ ਉਸਦੇ ਮੋਢੇ 'ਤੇ ਹੱਥ ਰੱਖਦਿਆਂ ਉਸਨੂੰ ਬਹੁਤ ਸਾਰੀਆਂ ਦੁਆਵਾਂ ਦਿੱਤੀਆਂ।ਉਸਨੂੰ ਮੈਡਮ ਆਪਣੀ ਵੱਡੀ ਭੈਣ ਵਰਗੀ ਲੱਗੀ। ਗੋਖਾ ਤੇ ਸਿਕੰਦਰ ਉਸ ਦੀਆਂ ਤਾਰੀਫ਼ਾਂ ਕਰਦੇ ਆ ਰਹੇ ਸਨ ਅਤੇ ਗੇਟ ਕੋਲ਼ ਉਨ੍ਹਾਂ ਨੂੰ ਗਗਨ ਤੇ ਸ਼ਿਵਚਰਨ ਵੀ ਮਿਲ਼ ਗਏ।

ਸਿਕੰਦਰ,ਸ਼ਿਵਚਰਨ ਤੇ ਗਗਨ ਬਸ ਸਟੈਂਡ ਵੱਲ ਨੂੰ ਚੱਲ ਪਏ ਅਤੇ ਗੋਖਾ ਕਿਸੇ ਹੋਰ ਦੋਸਤ ਨਾਲ਼ ਮੋਟਰ- ਸਾਇਕਲ 'ਤੇ ਬੈਠ ਕੇ ਬਸ-ਸਟੈਂਡ ਨੂੰ ਚਲਿਆ ਗਿਆ।ਉਹ ਮੋਟਰ -ਸਾਇਕਲ 'ਤੇ ਬੈਠਾ ਉਨ੍ਹਾਂ ਵੱਲ ਹੱਥ ਹਿਲਾਉਂਦਾ ਚਾਂਭਲ਼ਾਂ ਪਾਉਂਦਾ ਜਾ ਰਿਹਾ ਸੀ।ਰਸਤੇ ਵਿੱਚ ਸਿਕੰਦਰ ਨੇ ਸ਼ਿਵਚਰਨ ਤੇ ਗਗਨ ਨੂੰ ਦੱਸਿਆ,"ਜਦੋਂ ਤੁਸੀਂ ਦਾਣਾ ਮੰਡੀ ਵਿੱਚ ਪੜ੍ਹਾਉਣ ਜਾਂਦੇ ਹੁੰਦੇ ਸੀ ਤਾਂ ਮੈਂ ਤਰਕਸ਼ੀਲ ਚੌਂਕ ਵਿੱਚ ਸਮਾਜ ਭਲਾਈ ਕਮੇਟੀ ਦੇ ਦਫ਼ਤਰ ਚਲਿਆ ਜਾਂਦਾ ਹੁੰਦਾ ਸੀ।ਉੱਥੇ ਸ਼੍ਰੀ ਸੰਤ ਕੁਮਾਰ ਜੀ ਮਿਲ਼ ਜਾਂਦੇ ਹੁੰਦੇ ਸਨ।ਬਹੁਤ ਗੁਣੀ-ਗਿਆਨੀ ਤੇ ਵਿਗਿਆਨਿਕ ਸੋਚ ਦੇ ਧਾਰਨੀ ਹਨ।ਉਨ੍ਹਾਂ ਕੋਲ਼ ਇਹੋ ਜਿਹੀ ਸੋਚ ਵਾਲ਼ੇ ਹੀ ਬੰਦੇ ਆਉਂਦੇ ਹਨ।ਮੈਂ ਵੀ ਓਨੇ ਦਿਨ ਉੱਥੇ ਜਾਂਦਾ ਰਿਹਾ ਹਾਂ ਜਿੰਨੇ ਦਿਨ ਤੁਸੀਂ ਓਧਰ ਜਾਂਦੇ ਰਹੇ ਹੋ।ਮੈਂ ਇਨ੍ਹਾਂ ਵਿਦਵਾਨਾਂ ਦੀ ਸੰਗਤ ਕਰਦਾ ਰਿਹਾ ਹਾਂ।ਸੱਚ-ਮੁੱਚ ਸੱਚ ਨੂੰ ਸ਼ੀਸ਼ਾ ਦਿਖਾਉਣ

ਵਾਲ਼ੇ ਲੋਕ ਨੇ।ਕਾਮਰੇਡੀ ਵਿਚਾਧਾਰਾ ਦੇ ਧਾਰਨੀ ਨੇ।ਮਾਰਕਸਵਾਦੀ ਪਾਰਟੀਆਂ ਦੀ ਹੋਂਦ ਭਾਵੇਂ ਹੁਣ ਦਾਬੂ ਜਿਹੀ ਹੋ ਗਈ ਹੈ ਪਰ ਇਹ ਮਾਰਕਸਵਾਦੀ ਲੋਕ ਅਜੇ ਵੀ ਚੰਗਿਆੜੀ ਦੀ ਉਡੀਕ ਵਿੱਚ ਨੇ।ਹੋ ਸਕਦਾ ਕਦੇ ਸਮਾਂ ਸਮਰੱਥ ਹੋਇਆ ਤਾਂ ਭਾਂਬੜ ਬਣ ਕੇ ਮੱਚ ਹੀ ਪੈਣ।"

ਉਹ ਦੱਸੀ ਜਾ ਰਿਹਾ ਸੀ,ਗਗਨ ਤੇ ਸ਼ਿਵਚਰਨ ਸੁਣਦੇ-ਸੁਣਦੇ ਨਾਲ਼-ਨਾਲ਼ ਤੁਰੀ ਜਾ ਰਹੇ ਸਨ।ਸ਼ਿਵਚਰਨ ਨੇ ਸਿਕੰਦਰ ਨੂੰ ਹੈਰਾਨੀ ਜਿਹੀ ਨਾਲ਼ ਪੁੱਛਿਆ," ਯਾਰ ਤੂੰ ਬੜਾ ਜਾਣਦੈਂ ਇਨ੍ਹਾਂ ਪਾਰਟੀਆਂ ਬਾਰੇ।"

"ਹਾਂ,ਮੇਰੇ ਪਾਪਾ ਵੀ ਮਜ਼ਦੂਰ ਯੂਨੀਅਨ ਦੇ ਮੈਂਬਰ ਸਨ ਤੇ ਇਹ ਯੂਨੀਅਨਾਂ ਮਾਰਕਸਵਾਦੀ ਪਾਰਟੀਆਂ ਨਾਲ਼ ਹੀ ਜੁੜੀਆਂ ਹੋਈਆਂ ਹਨ।"

"ਅੱਛਾ! ਫੇਰ ਤਾਂ ਯਾਰ ਕਾਮਰੇਡ ਹੋਇਆ ਤੂੰ।"

"ਹਾਂ ਯਾਰ,ਕਾਮਰੇਡ ਹਾਂ,ਕੌਮ-ਰੇਡ ਨਹੀਂ,ਅੱਜ-ਕੱਲ੍ਹ ਤਾਂ ਲੋਕ ਆਪਣੀਆਂ ਹੀ ਕੌਮਾਂ 'ਤੇ ਰੇਡ ਪਾਈ ਜਾਂਦੇ ਨੇ।ਅਕਾਲ ਤਖ਼ਤ 'ਤੇ ਪੈਂਦੀਆਂ ਹੀ ਰਹਿੰਦੀਆਂ ਨੇ...।"

"ਉੱਥੇ ਯਾਰ ਇਹ ਵੀ ਗੱਲਾਂ ਚੱਲਦੀਆਂ ਸੀ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸ਼ਹੀਦ ਭਗਤ ਸਿੰਘ ਦੀ ਬਰਸੀ ਉਸਦੀ ਵਿਚਾਰਧਾਰਾ ਨੂੰ ਨਵੀਂ ਪੀੜ੍ਹੀ ਵਿੱਚ ਰੱਖਣ ਦਾ ਇੱਕ ਵੱਡਾ ਜ਼ਰੀਆ ਹੋਵੇਗੀ, ਹਾਂ ਯਾਰ ਕਹਿੰਦੇ ਸੀ ਉੱਥੇ ਬਈਏਵਾਲ਼ ਵਾਲ਼ੇ ਭੰਤੀ ਹੁਰੀਂ ਵੀ ਆਪਣਾ ਨਾਟਕ ਪੇਸ਼ ਕਰਨਗੇ..।"

"ਓ ਬੱਲੇ! ਫੇਰ ਤਾਂ ਨਜ਼ਾਰਾ ਹੀ ਆਜੂ।"

"ਸੁਲਤਾਨ ਦੱਸਦਾ ਸੀ ਬਈ ਅਸੀਂ ਸਮਾਗਮ ਦੀ ਤਿਆਰੀ ਵਿੱਚ ਸਾਰਾ ਪਰਿਵਾਰ ਹੀ ਸ਼ਮੂਲੀਅਤ ਕਰਦੇ ਹੁੰਨੇ ਆਂ।"

"ਕੌਣ ਸੁਲਤਾਨ?" ਸ਼ਿਵਚਰਨ ਨੇ ਪੁੱਛਿਆ।

"ਇਹ ਵੀ ਸਮਾਜ ਭਲਾਈ ਕਮੇਟੀ ਦਾ ਨੌਜਵਾਨ ਮੈਂਬਰ ਆ,ਉਹ ਨਾਲ਼ ਹੀ ਅਜ਼ਾਦ ਨਗਰ ਵਿੱਚ ਹੀ ਰਹਿੰਦਾ।ਸਬਜ਼ੀ ਦਾ ਕੰਮ ਕਰਦਾ ਪਰ ਉਹ ਬੰਦਾ ਮੁਰੀਦ ਆ ਸਮਾਜ ਦੀ ਭਲਾਈ ਦਾ ਤੇ ਫੈਨ ਆ ਭਗਤ ਸਿੰਘ ਦੇ ਵਿਚਾਰਾਂ ਦਾ।"

"ਅੱਛਾ! ਫੇਰ ਤਾਂ ਮਿਲਣਾ ਪੈਣਾ ਉਹਨੂੰ।"

"ਮੈਂ ਤਾਂ ਐਤਕੀਂ ਸ਼ਹੀਦ ਭਗਤ ਸਿੰਘ ਦੀ ਬਰਸੀ ਵਾਲ਼ੇ ਸਮਾਗਮ ਵਿੱਚ ਪੂਰਾ ਹਿੱਸਾ ਲੈਣਾ।" ਸਿਕੰਦਰ ਨੇ ਦ੍ਰਿੜਤਾ ਨਾਲ਼ ਕਿਹਾ।

"ਵਾਹ! ਅਸੀਂ ਵੀ ਤੇਰੇ ਨਾਲ਼ ਹਾਂ।" ਸ਼ਿਵਚਰਨ ਉਸਦੀ ਤਾਰੀਫ਼ ਕਰਦਾ ਤੇ ਗਗਨ ਵੀ ਉਸਦੀ ਹਾਂ ਵਿੱਚ ਹਾਂ ਮਿਲ਼ਾਉਂਦੀ ਹੋਈ ਉਸਦੀ ਤਾਰੀਫ਼ ਕਰੀ ਜਾ ਰਹੀ ਸੀ।

ਗੱਲਾਂ ਕਰਦੇ-ਕਰਦੇ ਉਹ ਬਸ ਸਟੈਂਡ ਪਹੁੰਚ ਗਏ।ਗੋਖਾ ਜਿੱਥੋਂ ਮਿੰਨੀਆਂ ਬਸਾਂ ਚੱਲਦੀਆਂ ਸਨ,ਉੱਥੇ ਹੀ ਖੜ੍ਹਾ ਸੀ।

"ਤੂੰ ਇੱਥੇ ਹੀ ਖੜ੍ਹਾਂ ?"

ਸਿਕੰਦਰ ਨੇ ਮਜ਼ਾਕੀਆ ਲਹਿਜੇ ਵਿੱਚ ਗੋਖੇ ਨੂੰ ਕਿਹਾ ਤਾਂ ਗੋਖਾ ਵੀ ਉਸੇ ਲਹਿਜੇ ਵਿੱਚ ਜਵਾਬ ਦਿੰਦਾ ਹੋਇਆ ਕਹਿੰਦਾ,"ਮੈਨੂੰ ਪਤਾ ਸੀ ਤੁਸੀਂ ਇੱਥੇ ਹੀ ਆਓਗੇ,ਚੱਲੀਏ ਆਪਾਂ ਮਹਿਲਾਂ ਵੱਲ ਨੂੰ...... ਕਿ ਮਿੰਨੀ 'ਤੇ ਹੀ ਜਾਣਾ।"

ਗੋਖੇ ਨੇ ਗਗਨ ਵੱਲ ਇਸ਼ਾਰਾ ਕਰਦੇ ਹੋਏ ਸ਼ਿਵਚਰਨ ਨੂੰ ਅੱਖ ਦੱਬੀ ਤਾਂ ਉਹ ਗਗਨ ਨੂੰ ਮਿੰਨੀ ਬੱਸ ਚੜ੍ਹਾ ਕੇ ਆਪ ਮੁਸਕੜੀਆਂ ਜਿਹੇ ਹੱਸਦੇ ਹੋਏ ਰਾਏਕੋਟ ਵਾਲ਼ੀ ਬਸ ਦੇ ਕਾਉਂਟਰ ਵੱਲ ਚਲੇ ਗਏ।

---

*

## ਕਾਂਡ-7

ਸਮੇਂ ਦੇ ਸੱਚ ਨੇ ਸਿਕੰਦਰ ਨੂੰ ਆਪਣੀ ਬੁੱਕਲ਼ ਦਾ ਸਹਾਰਾ ਦੇ ਦਿੱਤਾ ਸੀ।ਉਸਦੇ ਵਿਚਾਰਾਂ ਨੂੰ ਸਮਾਜ ਭਲਾਈ ਸੁਸਾਇਟੀ ਵਿੱਚ ਪਨਪਣ ਤੇ ਵਿਗਸਣ ਦਾ ਮੌਕਾ ਮਿਲ਼ ਗਿਆ ਸੀ।ਉਹ ਗਾਹੇ-ਵਿਗਾਹੇ ਇਸ ਸੁਸਾਇਟੀ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣ ਲੱਗ ਗਿਆ ਸੀ।ਸੁਲਤਾਨ ਦੀ ਦੋਸਤੀ ਉਸਨੂੰ ਹੰਢਣਸਾਰ ਲੱਗਦੀ ਸੀ।

ਅੱਜ ਐਤਵਾਰ ਸੀ ਜਦੋਂ ਸਿਕੰਦਰ ਨੂੰ ਸੁਨੇਹਾ ਲੱਗਿਆ ਕਿ ਸੁਸਾਇਟੀ ਦੇ ਕਾਰਕੁਨਾਂ ਨੇ ਭੱਠਾ ਮਜ਼ਦੂਰ ਯੂਨੀਅਨ ਦੇ ਹੱਕ ਵਿਚ ਡੀ.ਸੀ.ਦਫ਼ਤਰ ਮੂਹਰੇ ਧਰਨਾ ਦੇਣ ਦਾ ਪ੍ਰੋਗਰਾਮ ਉਲੀਕਿਆ ਹੋਇਆ ਹੈ।ਸਿਕੰਦਰ ਤੁਰੰਤ ਬਸ ਚੜ੍ਹ ਕੇ ਤਰਕਸ਼ੀਲ ਚੌਂਕ ਜਾ ਉੱਤਰਿਆ ਤੇ ਜਾਂਦਾ ਹੋਇਆ ਆਪਣੀ ਬੀਬੀ ਨੂੰ ਕਹਿ ਗਿਆ ਸੀ, "ਮਾਤਾ ਜੀ! ਜੇ ਸ਼ਿਵਚਰਨ ਤੇ ਗੋਖਾ ਆਏ ਤਾਂ ਉਨ੍ਹਾਂ ਨੂੰ ਕਹਿ ਦੇਣਾ ਕਿ ਮੈਂ ਬਰਨਾਲ਼ੇ ਗਿਆ ਹੋਇਆਂ...... ਸ਼ਾਮ ਤੱਕ ਆਊਂ।"

ਸਿਕੰਦਰ ਤਰਕਸ਼ੀਲ ਚੌਂਕ ਵਿੱਚੋਂ ਉੱਤਰ ਕੇ ਅਜ਼ਾਦ ਨਗਰ ਵਾਲ਼ੀ ਗਲ਼ੀ ਮੁੜ ਗਿਆ ਤੇ ਟੈਲੀਫ਼ੋਨ ਵਾਲ਼ੇ ਮੇਵਾ ਸਿੰਘ ਦੇ ਘਰ ਕੋਲ਼ ਜਾ ਕੇ ਉਨ੍ਹਾਂ ਦੇ ਮੁੰਡੇ ਸਨੀ ਤੋਂ ਸੁਲਤਾਨ ਦਾ ਘਰ ਜਾ ਪੁੱਛਿਆ।ਜਦੋਂ ਉਹ ਉਸਦੇ ਘਰ ਪਹੁੰਚਿਆ ਤਾਂ ਘਰ ਦੇ ਵਰਾਂਡੇ ਵਿੱਚ ਸਬਜ਼ੀ ਹੀ ਸਬਜ਼ੀ ਪਈ ਸੀ।ਉਹ ਮੰਡੀ 'ਚੋਂ ਲੈ ਕੇ ਆਇਆ ਸੀ ਤੇ ਉਸਦੀ ਅੰਮੀ ਤੇ ਭੈਣ ਸਬਜ਼ੀ ਸਾਫ਼ ਕਰਕੇ ਰੱਖ ਰਹੀਆਂ ਸਨ।ਅੰਦਰੋਂ ਉਸਦੇ ਅੱਬੂ ਦੇ ਖੰਘਣ ਦੀ ਅਵਾਜ਼ ਆ ਰਹੀ ਸੀ।ਸੁਲਤਾਨ ਤਿਆਰ-ਬਰ-ਤਿਆਰ ਸੀ।ਉਸਨੇ ਅੰਦਰੋਂ ਇੱਕ ਲਿਫ਼ਾਫ਼ਾ ਜਿਹਾ ਚੁੱਕਿਆ ਤੇ "ਚਾਹ ਤਾਂ ਨੀ ਪੀਣੀ..." ਕਹਿ ਕੇ ਉੱਤਰ ਦੀ ਉਡੀਕ ਕੀਤੇ ਬਿਨਾ ਹੀ ਉਸਨੂੰ ਨਾਲ਼ ਲੈ ਕੇ ਕਾਹਲ਼ੇ ਕਦਮੀਂ ਚੌਂਕ ਵੱਲ ਵਧਿਆ।

"ਆਪਾਂ ਲੇਟ ਆਂ, ਵਗਿਆ ਆ।" ਉਸਨੇ ਸਿਕੰਦਰ ਨੂੰ ਕਿਹਾ ਤਾਂ ਉਹ ਵੀ ਹੋਰ ਤੇਜ਼ ਹੋ ਤੁਰਿਆ।ਡੀ.ਸੀ ਦਫ਼ਤਰ ਕੋਲ਼ ਪਹੁੰਚੇ ਤਾਂ ਲੋਕਾਂ ਦਾ ਹਜੂਮ ਉੱਚੀ-ਉੱਚੀ ਨਾਅਰੇ ਮਾਰ ਰਿਹਾ ਸੀ।

"ਭੱਠਾ ਮਜ਼ਦੂਰ...ਜ਼ਿੰਦਾਬਾਦ।"

"ਮਜ਼ਦੂਰ ਏਕਤਾ...ਜ਼ਿੰਦਾਬਾਦ।"

ਨਾਅਰੇ ਅਸਮਾਨ ਗੂੰਜਾ ਰਹੇ ਸਨ।ਦੇਖਦੇ ਹੀ ਦੇਖਦੇ ਫੁਰਤੀ ਨਾਲ਼ ਸੁਲਤਾਨ ਨੇ ਲਿਫ਼ਾਫ਼ੇ ਵਿਚਲੇ ਝੰਡਿਆਂ ਨੂੰ ਲਹਿਰਾ ਕੇ ਹਜੂਮ ਵਿੱਚ ਬਿਜਲੀ ਵਰਗਾ ਜੋਸ਼ ਭਰ ਦਿੱਤਾ।ਸਿਕੰਦਰ ਥੋੜ੍ਹਾ ਸਮਾਂ ਤਾਂ ਸੰਗਦਾ ਜਿਹਾ ਰਿਹਾ ਪਰ ਜਲਦੀ ਹੀ ਉਸਨੇ ਓਸੇ ਤਰ੍ਹਾਂ ਦੀ ਹੀ ਰੰਗਤ ਫੜ ਲਈ।ਬਹੁਤ ਸਮਾਂ ਅਸਮਾਨ ਗੂੰਜਾਉਂਦੇ ਨਾਅਰੇ ਤੇ ਤਕਰੀਰਾਂ ਹੁੰਦੀਆਂ ਰਹੀਆਂ।ਸੰਤ ਕੁਮਾਰ ਜੀ ਸਟੇਜ ਤੋਂ ਬੁਲਾਰਿਆਂ ਨੂੰ ਸੱਦਾ ਦੇ ਰਹੇ ਸਨ ਤੇ ਉਹ ਖ਼ੁਦ ਵੀ ਵਿਚਾਰਾਂ ਦੀ ਲੜੀ ਨੂੰ ਟੁੱਟਣ ਨਹੀਂ ਸਨ ਦੇ ਰਹੇ।ਸਿਕੰਦਰ ਤੇ ਸੁਲਤਾਨ ਵੀ ਉਸਦੇ ਨਾਅਰਿਆਂ ਦਾ ਜਵਾਬ ਝੰਡੇ ਲਹਿਰਾ-ਲਹਿਰਾ ਕੇ ਦੇ ਰਹੇ ਸਨ।ਜੋਸ਼ ਹੋਸ਼ 'ਤੇ ਹਾਵੀ ਹੋ ਰਿਹਾ ਸੀ।ਜਨਤਾ ਮਜ਼ਦੂਰ ਵਿਰੋਧੀ ਨੀਤੀਆਂ ਤੋਂ ਤੰਗ ਆ ਗਈ ਲੱਗਦੀ ਸੀ।

ਤਕਰੀਰਾਂ ਨੇ ਸਿਕੰਦਰ ਦੇ ਮਨ ਨੂੰ ਵੀ ਸੰਮੋਹਤ ਕਰ ਲਿਆ ਸੀ।ਪਤਾ ਹੀ ਨਾ ਲੱਗਿਆ ਉਹ ਕਦੋਂ ਇੱਕੱਠ ਨੂੰ ਚੀਰਦਾ ਹੋਏ ਸਟੇਜ 'ਤੇ ਚਲਿਆ ਗਿਆ।ਉਸਨੇ ਸੰਤ ਕੁਮਾਰ ਜੀ ਦੇ ਨਜ਼ਦੀਕ ਹੋ ਕੇ ਕੁਛ ਕਿਹਾ ਅਤੇ ਫਿਰ

ਉਹ ਸਟੇਜ ਦੀ ਨੁੱਕਰੇ ਹੋ ਕੇ ਖੜ੍ਹ ਗਿਆ।ਥੋੜ੍ਹੇ ਸਮੇਂ ਬਾਅਦ ਸੰਤ ਕੁਮਾਰ ਜੀ ਨੇ ਅਨਾਉਂਸ ਕੀਤਾ,"ਸਾਡੇ ਸ਼ਹਿਰ ਦੇ ਕਾਲਜ ਦਾ ਹੋਣਹਾਰ ਨੌਜਵਾਨ,ਜੇਤੂ ਸਿਰਨਾਵੀਆਂ 'ਸਿਕੰਦਰ' ਆਪਣੀ ਕਵਿਤਾ ਤੁਹਾਡੇ ਨਾਲ਼ ਸਾਂਝੀ ਕਰੇਗਾ।"

ਸਿਕੰਦਰ ਸਟੇਜ 'ਤੇ ਚੜ੍ਹਦਾ ਹੀ ਗੂੰਜਿਆ,

"ਜੇ ਮਨ ਦੇ ਕਲ਼ਾਵੇ 'ਚ ਪਾਲਣਾ ਏ ਸੁਪਨਿਆਂ ਨੂੰ
ਤਾਂ ਸੋਚਾਂ ਦਿਆਂ ਖੰਭਾਂ ਨੂੰ ਤਕੜੇ ਤੇ ਵਿਸ਼ਾਲ ਰੱਖ।
ਘਾਹ ਦੀ ਨਿੱਕੀ ਤਿੜ੍ਹ ਵੀ ਫ਼ੈਲ ਜਾਂਦੀ ਕੋਹਾਂ ਤੱਕ
ਤੂੰ ਤਾਂ ਪੂਰਾ ਆਦਮੀ ਏਂ ਨਾ ਖ਼ੁਦ ਨੂੰ ਜੰਗਾਲ਼ ਰੱਖ
ਤੂੰ ਤਾਂ ਪੂਰਾ ਆਦਮੀ ਏਂ ਨਾ ਖ਼ੁਦ ਨੂੰ ਜੰਗਾਲ਼ ਰੱਖ।"

ਉਸਦੇ ਇਸ ਸ਼ੇਅਰ ਦਾ ਪੂਰੀ ਭੀੜ ਨੇ "ਜੈ ਸੰਘਰਸ਼" ਦੇ ਨਾਅਰਿਆਂ ਨਾਲ਼ ਜਵਾਬ ਦਿੱਤਾ ਤਾਂ ਉਸਦੇ ਬੋਲਾਂ 'ਚ ਅੰਤਾਂ ਦਾ ਜੋਸ਼ ਭਰ ਗਿਆ।ਉਸਨੇ ਕਵਿਤਾ ਸ਼ੁਰੂ ਕੀਤੀ,

"ਕਦੋਂ ਤੱਕ ਲੁੱਟੋਗੇ
ਐ ਲੁੱਟਣ ਵਾਲ਼ਿਓ!
ਕਦੋਂ ਤੱਕ ਕੁੱਟੋਗੇ ਐ
ਕੁੱਟਣ ਵਾਲ਼ਿਓ!
ਕੁੱਟ ਤੁਹਾਡੀ
ਸਾਡੇ 'ਚ ਨਵਾਂ
ਜੋਸ਼ ਭਰਦੀ ਏ,
ਤੁਸੀਂ ਬਸ ਜੇਤੂ ਹੋ
ਓਨਾਂ ਸਮਾਂ
ਜਿਨਾਂ ਸਮਾਂ
ਸਾਡੀ ਜਵਾਨੀ
ਆਰਾਮ ਕਰਦੀ ਏ...
ਹਾਂ......ਸਾਡੀ ਜਵਾਨੀ
ਆਰਾਮ ਕਰਦੀ ਏ...
ਕਦੋਂ ਤੱਕ ਲੁੱਟੋਗੇ...
ਕਦੋਂ ਤੱਕ...।"

ਕਵਿਤਾ ਦੀਆਂ ਇਨ੍ਹਾਂ ਸਤਰਾਂ ਨੇ ਨਵੀ ਜਵਾਨੀ 'ਚ ਜੋਸ਼ ਦਾ ਹੜ੍ਹ ਲੈ ਆਂਦਾ।ਪੁਲਿਸ ਵੀ ਨੌਜਵਾਨਾਂ ਦੀ ਹਿਲਜੁਲ ਨੂੰ ਦੇਖ ਕੇ ਹਰਕਤ ਵਿੱਚ ਆ ਗਈ ਸੀ।ਸੰਤ ਕੁਮਾਰ ਨੇ ਸਥਿਤੀ ਨੂੰ ਸੰਭਾਲ਼ ਲਿਆ ਤੇ ਕਚਿਹਰੀ ਚੌਂਕ ਵਿੱਚ ਪੁਤਲਾ ਸਾੜਨ ਦੇ ਪ੍ਰੋਗਰਾਮ ਬਾਰੇ ਦੱਸਿਆ।ਸਾਰੀ ਭੀੜ ਨਾਅਰੇ ਲਾਉਂਦੀ ਹੋਈ ਕਚਿਹਰੀ ਚੌਂਕ ਵੱਲ ਨੂੰ ਉਮੜ ਪਈ।ਜਦੋਂ ਕਚਹਿਰੀ ਚੌਂਕ ਪਹੁੰਚੇ ਤਾਂ ਇਸ ਸੰਘਰਸ਼ ਨੂੰ ਦਬਾਉਣ ਵਾਲ਼ੇ ਵੀ ਖੜ੍ਹੇ ਸਨ।ਜਿਨ੍ਹਾਂ ਵਿੱਚ ਕਾਰਾ ਵੀ ਖੜ੍ਹਾ ਸੀ ਜੋ ਸੰਘਰਸ਼ ਵਿਰੋਧੀ ਨਾਅਰੇ ਗੂੰਜਾ ਰਿਹਾ ਸੀ।

ਉਨ੍ਹਾਂ ਨੇ ਇਹ ਪ੍ਰੋਗਰਾਮ ਚੰਗੀਆਂ ਨੀਤੀਆਂ ਦੇ ਪੱਖ ਵਿੱਚ ਕੀਤਾ ਸੀ ਤਾਂ ਜੋ ਇਹ ਵਿਰੋਧੀ ਪ੍ਰਤੀਕਿਰਿਆ ਨੂੰ ਅਸਾਨੀ ਨਾਲ਼ ਦਬਾਇਆ ਜਾ ਸਕੇ।ਕਾਰੇ ਨੂੰ ਦੇਖ ਕੇ ਸਿਕੰਦਰ ਇੱਕਦਮ ਚੌਂਕ ਉੱਠਿਆ ਕਿਉਂਕਿ ਸ਼ਿਵਚਰਨ ਨੇ ਉਸ ਬਾਰੇ ਉਸਨੂੰ ਸਭ ਕੁਛ ਦੱਸਿਆ ਹੋਇਆ ਸੀ,

"ਸਾਲ਼ਾ!...ਇਹ ਇੱਥੇ ਵੀ?"

"ਕੌਣ?"

"ਅਹੁ ਜਿਹੜਾ ਕਾਲ਼ਾ ਜਿਹਾ ਖੜ੍ਹਾ,ਫੇਰ ਦੱਸੂੰ ਇਹਦੇ ਬਾਰੇ ਵੀ।" ਉਸਨੇ ਸੁਲਤਾਨ ਨੂੰ ਸਮਝਾਉਂਦੇ ਹੋਏ ਕਿਹਾ।

ਪੁਤਲਾ ਸਾੜ ਹੀ ਰਹੇ ਸਨ ਕਿ ਇੱਕਦਮ ਭਾਜੜ ਮੱਚ ਗਈ,ਪੁਲਿਸ ਨੇ ਡਾਂਗ ਵਰ੍ਹਾ ਦਿੱਤੀ ਤੇ ਸਿਕੰਦਰ ਮੂਧੇ ਮੂੰਹ ਜਾ ਡਿੱਗਿਆ।ਸੁਲਤਾਨ ਨੇ ਛੇਤੀ ਨਾਲ਼ ਚੁੱਕਿਆ ਤਾਂ ਉਸਦੇ ਗੁੱਟ ਵਿੱਚ ਚੀਸ ਪੈ ਰਹੀ ਸੀ।ਉਸਨੂੰ ਲੱਗਦਾ ਸੀ ਜਿਵੇਂ ਉਸਦਾ ਗੁੱਟ ਉੱਤਰ ਹੀ ਗਿਆ ਸੀ।ਸੁਲਤਾਨ ਨੇ ਦੋਵੇਂ ਡੰਡੇ ਇੱਕ ਹੱਥ ਵਿੱਚ ਫੜ ਲਏ ਤੇ ਸਿਕੰਦਰ ਨੂੰ ਨਾਲ਼ ਲੈ ਕੇ ਰੇਲਵੇ ਲਾਇਨ ਨਾਲ਼ ਦੀ ਗਲ਼ੀ ਵਿੱਚ ਦੀ ਹੋ ਕੇ ਉਹ ਦੋਵੇਂ ਐੱਸ.ਡੀ ਕਾਲਜ ਕੋਲ਼ ਆ ਨਿੱਕਲ਼ਿਆ।ਡਾਕਟਰ ਨੇ ਉੱਤਰੇ ਗੁੱਟ ਨੂੰ ਬੰਨ੍ਹ ਕੇ ਅਰਾਮ ਕਰਨ ਲਈ ਕਿਹਾ।ਫਿਰ ਉਹ ਦੋਵੇਂ ਰਿਕਸ਼ਾ ਫ਼ੜ ਕੇ ਅਜ਼ਾਦ ਨਗਰ ਵਿੱਚ ਸੁਲਤਾਨ ਦੇ ਘਰ ਆ ਗਏ।

"ਯਾਰ ਮੈਂ ਤਾਂ ਤੈਨੂੰ ਵੀ ਤਕਲੀਫ਼ ਦਿੱਤੀ।" ਸਿਕੰਦਰ ਨੇ ਸੁਲਤਾਨ ਨੂੰ ਉਦਾਸੀ ਜਿਹੀ ਵਿੱਚ ਕਿਹਾ ਤਾਂ ਸੁਲਤਾਨ ਨੇ ਉਸਦਾ ਹੱਥ ਦੋਵੇਂ ਹੱਥਾਂ 'ਚ ਲੈਂਦਿਆਂ ਕਿਹਾ,"ਨਹੀਂ ਯਾਰ,ਤਕਲੀਫ਼ਾਂ ਹੀ ਤਾਂ ਨੇ ਜੋ ਸਾਨੂੰ ਏਕੇ ਵਿੱਚ ਪ੍ਰੋਂਦੀਆਂ ਨੇ,ਜੇ ਸਾਡੇ ਲਈ ਇਨ੍ਹਾਂ ਦੀ ਹੋਂਦ ਨਾ ਹੋਵੇ ਤਾਂ ਅਸੀਂ ਵੀ ਲੋਟੂ ਜੁੰਡਲ਼ੀਆਂ ਦਾ ਅੰਗ ਬਣ ਜਾਈਏ।"

ਸਿਕੰਦਰ ਨੇ ਗੁੱਟ 'ਚ ਪੈਂਦੀ ਚੀਸ ਨੂੰ ਮਹਿਸੂਸ ਕਰਦਿਆਂ ਆਖਿਆ,"ਤਨ ਦੀ ਤਕਲੀਫ਼ ਤਾਂ ਭੁੱਲ ਜਾਂਦੀ ਆ ਸੁਲਤਾਨ! ਪਰ ਜਿਹੜਾ ਆਹ ਮਨ ਸੰਤਾਪ ਭੋਗਦਾ ਉਹਦੀ ਤਕਲੀਫ਼ ਨੀ ਭੁੱਲੀ ਜਾਂਦੀ।"

"ਤੂੰ ਕਿੰਨਾ ਪੜ੍ਹਿਆਂ ਸੁਲਤਾਨ?" ਕੁਛ ਪਲ ਰੁਕ ਕੇ ਸਿਕੰਦਰ ਨੇ ਸੁਲਤਾਨ ਨੂੰ ਸਵਾਲ ਕੀਤਾ।

"ਮਿੱਤਰਾ! ਤੇਰੇ ਕਾਲਜ ਦਾ ਹੀ ਪੁਰਾਣਾ ਸਟੂਡੈਂਟ ਹਾਂ,ਬੀ.ਏ ਕੀਤੀ ਹੋਈ ਆ,ਨੌਕਰੀ ਕੋਈ ਮਿਲ਼ੀ ਨਹੀਂ,ਜਦੋਂ ਭੁੱਖ-ਦੁੱਖ ਹਾਵੀ ਹੋਣ ਲੱਗੇ ਤਾਂ ਮੈਂ ਇਨ੍ਹਾਂ 'ਤੇ ਹਾਵੀ ਹੋ ਗਿਆ ਤੇ ਬਸ ਆਹ ਸਬਜੀ ਵਾਲ਼ੀ ਰੇੜ੍ਹੀ ਲਾ ਲਈ।"

"ਯਾਰ! ਤੂੰ ਮੈਨੂੰ ਸ਼ਿਵਚਰਨ ਦਾ ਵਰਗਾ ਲੱਗਦਾ ਏਂ।"

"ਕੌਣ ਸ਼ਿਵਚਰਨ?"

"ਮੇਰਾ ਮਿੱਤਰ ਆ,ਉਹ ਵੀ ਸੁਪਨਿਆਂ 'ਤੇ ਹਾਵੀ ਹੋਣ ਵਾਲ਼ਾ,ਮੇਰੇ ਨਾਲ਼ ਹੀ ਪੜ੍ਹਦਾ,ਅਸੀਂ ਛੇਵੀਂ ਤੋਂ ਇੱਕਠੇ ਹੀ ਪੜ੍ਹੇ ਆਂ।"

"ਓਹੀ ਜਿਹੜਾ ਦਾਣਾ ਮੰਡੀ ਦੀਆਂ ਝੁੱਗੀਆਂ 'ਚ ਪੜਾਉਣ ਜਾਂਦਾ?"

"ਹਾਂ..ਪਰ ਹੁਣ ਨੀ ਜਾਂਦਾ।"

ਸਿਕੰਦਰ ਨੇ ਹਉਂਕਾ ਜਿਹਾ ਲਿਆ ਤੇ ਫਿਰ ਸਾਰੀ ਕਹਾਣੀ ਸੁਲਤਾਨ ਨੂੰ ਸੁਣਾ ਦਿੱਤੀ ਕਿ ਕਿਸ ਤਰ੍ਹਾਂ ਉਸਨੂੰ ਉੱਥੋਂ ਦੂਰ ਕੀਤਾ ਗਿਆ।ਉਸਨੇ ਕਾਰੇ ਬਾਰੇ ਦੱਸਦਿਆਂ ਕਿਹਾ,"ਇਹ ਕਾਲ਼ੀਆ ਜਿਹਾ ਵੀ ਨਾਲ਼ ਸੀ ਉਨ੍ਹਾਂ ਨੂੰ ਬੱਚਿਆਂ ਤੋਂ ਦੂਰ ਕਰਨ ਵਿੱਚ,ਇਹਦੇ ਹੀ ਪੁਆੜੇ ਨੇ ਸਾਰੇ।ਸਾਡੇ ਕਾਲਜ ਵੀ ਚਲਿਆ ਜਾਂਦਾ ਇਹ ਤਾਂ,ਕਾਲਜ ਦੇ ਮੁੰਡਿਆਂ ਨਾਲ਼ ਵੀ ਆੜੀ ਆ ਇਹਦੀ।"

"ਫੇਰ ਪ੍ਰੋਫ਼ੈਸਰ ਅਸਲਮ ਨਾਲ਼ ਵੀ ਆੜੀ ਹੋਊ।"

ਸੁਲਤਾਨ ਨੇ ਸਿਰ ਹਿਲਾਉਂਦੇ ਨੇ ਆਪਣੀ ਗੱਲ ਚਾਲੂ ਰੱਖੀ,"ਪ੍ਰੋਫ਼ੈਸਰ ਅਸਲਮ ਵੀ ਕੁੱਤੇ ਦੀ ਪੂਛ ਆ,ਜਵਾਨੀਆਂ 'ਚ ਜ਼ਹਿਰ ਭਰਦਾ,ਨੇਤਾਵਾਂ ਦਾ ਚਮਚਾ......ਰਾਜਨੀਤੀ ਦੀ ਗੰਦੀ ਨਾਲ਼ੀ ਦਾ ਕੀੜਾ।"

"ਅੱਛਾ! ਸਾਨੂੰ ਤਾਂ ਪਤਾ ਨੀ ਕੁਛ,ਹਾਂ ਪ੍ਰੋਫ਼ੈਸਰ ਸ਼ਰਮਾ ਤੇ ਕੁਲਵੀਰ ਮੈਡਮ ਦੀਆਂ ਗੱਲਾਂ ਤੋਂ ਲੱਗਦਾ ਹੁੰਦਾ ਕਿ ਬੰਦਾ ਠੀਕ ਨਹੀਂ।" ਸਿਕੰਦਰ ਨੇ ਸੁਭਾਵਿਕ ਹੀ ਕਿਹਾ।

"ਹਾਂ...ਕੁਲਵੀਰ ਮੈਡਮ ਤੋਂ ਵੱਧ ਹੋਰ ਕੌਣ ਜਾਣ ਸਕਦਾ ਉਸਨੂੰ,ਸ਼ਰਮਾ ਜੀ ਨੇ ਵੀ ਬਹੁਤ ਹੰਢਾਇਆ ਉਸਦੀ ਕਮੀਨਗੀ ਨੂੰ।"

"ਮੈਡਮ ਕਿਵੇਂ ਜਾਣਦੇ ਨੇ ਏਨੀ ਚੰਗੀ ਤਰ੍ਹਾਂ ਪ੍ਰੋਫ਼ੈਸਰ ਅਸਲਮ ਨੂੰ ?"

"ਪ੍ਰੋਫ਼ੈਸਰ ਕਾਹਦਾ ਯਾਰ,ਪ੍ਰੋਫ਼ੈਸਰੀ ਤਾਂ ਰਾਜਨੀਤੀ 'ਚੋਂ ਪ੍ਰਸ਼ਾਦ 'ਚ ਮਿਲ਼ੀ ਹੋਈ ਆ,ਪ੍ਰਸ਼ਾਦ ਲੈਣ ਦੇ ਮਾਰੇ ਨੇ ਤੇ ਇਸ ਪ੍ਰਸ਼ਾਦ ਨੂੰ ਸਾਂਭ ਕੇ ਰੱਖਣ ਦੇ ਮਾਰੇ ਨੇ ਪਤਾ ਨੀ ਕਿੰਨੀਆਂ ਕੁ ਕੁੜੀਆਂ ਨੂੰ ਪ੍ਰਸ਼ਾਦ ਦੇ ਰੂਪ ਵਿੱਚ ਚੜ੍ਹਾਇਆ,ਇਸ ਹਰਾਮਜਾਦੇ ਨੇ।"

"ਤਾਂ ਕੀ ਕੁਲਵੀਰ ਮੈਡਮ ਵੀ ?"

"ਹਾਂ......ਮੈਡਮ ਵੀ।"

ਸਿਕੰਦਰ ਸੁਣ ਕੇ ਇੱਕਦਮ ਮੱਥੇ 'ਤੇ ਹੱਥ ਮਾਰ ਕੇ ਚਿਲਾ ਉੱਠਿਆ,"ਏਨੀ ਕਮੀਨਗੀ !..."

"ਸਿਕੰਦਰਾ! ਆਪਾਂ ਵੀ ਤੇਰੇ ਬੇਲੀ ਦੀ ਮਦਦ ਕਰ ਦਿਆ ਕਰੀਏ,ਆਪਾਂ ਵੀ ਪੁੰਨ ਖੱਟ ਲਈਏ ਯਾਰ ਬੱਚਿਆਂ ਨੂੰ ਪੜ੍ਹਾਉਣ ਦਾ।"

ਸੁਲਤਾਨ ਨੇ ਸਿਕੰਦਰ ਦੀ ਚਿੰਤਾ ਨੂੰ ਭਾਂਪ ਕੇ ਗੱਲ ਬਦਲਣ ਦੇ ਤੌਰ 'ਤੇ ਹੀ ਕਿਹਾ ਪਰ ਸਿਕੰਦਰ ਨੂੰ ਇਨ੍ਹਾਂ ਗੱਲਾਂ ਨੇ ਅੰਦਰ ਤੱਕ ਪਰੁੰਨ੍ਹ ਕੇ ਰੱਖ ਦਿੱਤਾ ਸੀ।ਉਸਨੂੰ ਆਪਣੀ ਵੱਡੀ ਭੈਣ ਵਰਗੀ ਲੱਗਦੀ ਮੈਡਮ ਕੁਲਵੀਰ ਹੁਣ ਵਿਚਾਰੀ ਜਿਹੀ ਜਾਪਣ ਲੱਗੀ ਸੀ।ਉਹ ਗੁੱਸੇ 'ਚ ਹੀ ਸੁਲਤਾਨ ਨੂੰ ਜਵਾਬ ਦਿੰਦਾ ਹੋਇਆ ਕਹਿੰਦਾ,"ਕੀ ਕਰਾਂਗੇ ਮਦਦ ਆਪਾਂ,ਅਸਲਮ ਦੀਆਂ ਕਰਤੂਤਾਂ ਨੇ ਹੀ ਸ਼ਿਵਚਰਨ ਨੂੰ ਜਲੀਲ ਕਰਕੇ ਕੱਢਿਆ ਝੁੱਗੀਆਂ ਵਿੱਚੋਂ......ਆਹ ਸਾਲ਼ਾ ਕਾਰਾ ਕਿਉਂ ਰਹਿੰਦਾ ਇਨ੍ਹਾਂ ਨਾਲ਼,ਇਹ ਸਮਝ ਨੀ ਆਉਂਦੀ।"

ਸਿਕੰਦਰ ਉੱਠ ਕੇ ਖੜ੍ਹਾ ਹੋ ਗਿਆ ਕਿਉਂਕਿ ਸ਼ਾਮ ਵੀ ਹੋਣ ਵਾਲ਼ੀ ਸੀ ਤੇ ਉਸਨੂੰ ਆਪਣੇ ਹੱਥ ਦੀ ਵੀ ਚਿੰਤਾ ਹੋ ਰਹੀ ਸੀ।ਉਹ ਸੋਚ ਰਿਹਾ ਸੀ ਕਿ ਕਿਤੇ ਬਹੁਤਾ ਹਨ੍ਹੇਰਾ ਹੀ ਨਾ ਹੋ ਜਾਵੇ ਘਰ ਪਹੁੰਚਦੇ ਨੂੰ।ਉਹ ਸੁਲਤਾਨ ਨੂੰ ਸਲਾਮ ਬੋਲ ਕੇ ਤਰਕਸ਼ੀਲ ਚੌਕ ਵਿੱਚੋਂ ਬੱਸ ਫੜ ਕੇ ਵਾਇਆ ਮਹਿਲਾਂ ਹੋ ਕੇ ਸਿੱਧਾ ਛਾਪੇ ਆ ਉੱਤਰਿਆ।ਉਸਦੇ ਹੱਥ ਵਿੱਚ ਭਾਵੇਂ ਅਜੇ ਵੀ ਦਰਦ ਹੋ ਰਿਹਾ ਸੀ ਪਰ ਸੁਲਤਾਨ ਦੀਆ ਗੱਲਾਂ ਦੀ ਤਕਲੀਫ਼ ਨੇ ਉਸਨੂੰ ਦਰਦ ਯਾਦ ਹੀ ਨਹੀਂ ਸੀ ਆਉਣ ਦਿੱਤਾ।ਉਸਨੂੰ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਉਹ ਪੂਰੇ ਦਾ ਪੂਰਾ ਸੁੰਨ ਹੋ ਗਿਆ ਹੋਵੇ।ਕੁਲਵੀਰ ਮੈਡਮ ਦਾ ਉਦਾਸਿਆ ਚਿਹਰਾ ਉਸਦੀਆਂ ਅੱਖਾਂ ਅੱਗੇ ਵਾਰ-ਵਾਰ ਘੁੰਮ ਰਿਹਾ ਸੀ।

ਉਸਨੇ ਘਰ ਆ ਕੇ ਜਦੋਂ ਕੁੰਡਾ ਖੜਕਾਇਆ ਤਾਂ ਅੱਗੋਂ ਉਸਦਾ ਹੱਥ ਦੇਖ ਕੇ ਉਸਦੀ ਛੋਟੀ ਭੈਣ ਦੀ ਚੀਕ ਨਿੱਕਲ਼ ਗਈ।ਚੀਕ ਸੁਣਦੇ ਸਾਰ ਹੀ ਸਾਰੇ ਦਰਵਾਜ਼ੇ ਵੱਲ ਭੱਜ ਕੇ ਆਏ।ਸ਼ਿਵਚਰਨ ਤੇ ਗੋਖਾ ਵੀ ਉੱਥੇ ਹੀ ਸਨ।ਉਹ ਵੀ ਭੱਜ ਕੇ ਆਏ।ਆਉਂਦਿਆਂ ਸਾਰ ਹੀ ਉਸਨੂੰ ਗਲ਼ਵੱਕੜੀ 'ਚ ਲੈ ਕੇ ਉਸਦਾ ਹਾਲ-ਚਾਲ ਪੁੱਛਿਆ।ਚੀਕ ਸੁਣਦੇ ਸਾਰ ਹੀ ਉਸਦੀ ਬੀਬੀ ਦੀ ਤ੍ਰਾਹ ਹੀ ਨਿੱਕਲ਼ ਗਈ ਤੇ ਉਸਨੂੰ ਚੱਕਰ ਜਿਹਾ ਆ ਗਿਆ।ਉਹ ਥਮਲੇ ਨਾਲ਼ ਹੀ ਲੱਗ ਕੇ ਬੈਠ ਗਈ।ਉਸਦੇ ਪਿਤਾ ਦੀ ਮੌਤ ਦੇ ਸਦਮੇ ਨੇ ਉਸਦੀ ਬੀਬੀ ਨੂੰ ਏਨਾ ਝੰਜੋੜ ਦਿੱਤਾ ਸੀ ਕਿ ਉਹ ਹੁਣ ਇਸ ਕਾਬਲ ਨਹੀਂ ਸੀ ਰਹੀ ਕਿ ਸਿਕੰਦਰ ਦੀ ਕੋਈ ਤਕਲੀਫ਼ ਝੱਲ ਸਕੇ।

ਉਨ੍ਹਾਂ ਨੇ ਸਿਕੰਦਰ ਨੂੰ ਬੈਠਕ 'ਚ ਲਿਜਾ ਕੇ ਬਿਠਾਇਆ।ਭੈਣਾਂ ਨੇ ਪਾਣੀ ਦਿੱਤਾ।ਮਾਂ ਨੇ ਵੀ ਉੱਠ ਕੇ ਪਿਆਰ ਦਿੱਤਾ ਤੇ ਫਿਰ ਉਸਨੇ ਆਪਣੀ ਕਹਾਣੀ ਸੁਣਾਈ ਤਾਂ ਸਾਰਿਆਂ ਦੇ ਸਾਹ ਵਿੱਚ ਸਾਹ ਆਇਆ ਪਰ ਮਾਂ ਦੀ ਮਮਤਾ ਅਜੇ ਵੀ ਸਾਹੋ-ਸਾਹ ਹੋਈ ਪਈ ਸੀ।

ਹੁਣ ਉਹ ਬੈਠਕ ਵਿੱਚ ਸਿਕੰਦਰ,ਗੋਖਾ ਤੇ ਸ਼ਿਵਚਰਨ ਹੀ ਰਹਿ ਗਏ ਸਨ।ਗੋਖੇ ਨੇ ਕਿਹਾ,"ਅਸੀਂ ਤੈਨੂੰ ਉਡੀਕ ਹੀ ਰਹੇ ਸੀ।" ਸ਼ਿਵਚਰਨ ਵੀ ਨਾਲ਼ ਹੀ ਬੋਲ ਪਿਆ,"ਆਹੀ ਬੱਸ ਦੀ ਉਡੀਕ ਕਰਨੀ ਸੀ ਬਸ।"

"ਹਾਂ ਯਾਰ, ਆਹ ਹੱਥ ਦੀ ਕਰਕੇ ਜਲਦੀ ਆਉਣਾ ਪੈ ਗਿਆ ਨਹੀਂ ਤਾਂ ਸ਼ਾਇਦ ਨਾ ਹੀ ਪਹੁੰਚਿਆ ਜਾਂਦਾ ਅੱਜ।" ਸਿਕੰਦਰ ਨੇ ਸਾਰੇ ਦਿਨ ਦੀਆਂ ਗਤੀਵਿਧੀਆਂ ਨੂੰ ਪੂਰਾ ਬਿਆਨ ਕੀਤਾ।ਉਸਨੇ ਆਪਣੀ ਵਾਰਤਾ ਨੂੰ

ਵਿਸਥਾਰ ਵਿੱਚ ਇਸ ਤਰ੍ਹਾਂ ਦੱਸਿਆ ਕਿ ਵਾਰਤਾ ਸੁਣਾਉਦਿਆਂ ਉਹ ਆਪਣੇ ਗੁੱਟ ਦੇ ਦਰਦ ਨੂੰ ਵੀ ਭੁੱਲ ਚੁੱਕਾ ਸੀ।ਫਿਰ ਉਹ ਇੱਕਦਮ ਉਦਾਸ ਜਿਹਾ ਹੋ ਗਿਆ ਤੇ ਹਉਂਕਾ ਜਿਹਾ ਲੈ ਕੇ ਸ਼ਿਵਚਰਨ ਦੇ ਮੋਢੇ 'ਤੇ ਹੱਥ ਰੱਖਦਾ ਬੋਲਿਆ,"ਮੈਨੂੰ ਅੱਜ ਪ੍ਰੋਫੈਸਰ ਅਸਲਮ ਦੀ ਕੁੱਤੀ ਸ਼ਖਸੀਅਤ ਬਾਰੇ ਪਤਾ ਲੱਗਿਆ,ਉਹ ਤਾਂ ਗੁਰੂ ਦੇ ਨਾਂ 'ਤੇ ਹੀ ਧੱਬਾ ਯਾਰ।"

"ਕਿਉਂ ਕੀ ਹੋਇਆ ? ਮੈਨੂੰ ਤਾਂ ਪਹਿਲਾਂ ਹੀ ਉਸਦੀ ਜੁੰਡਲ਼ੀ ਤੋਂ ਹੀ ਸ਼ੱਕ ਹੋ ਰਿਹਾ ਸੀ।" ਸ਼ਿਵਚਰਨ ਨੇ ਭਾਵੁਕ ਜਿਹੇ ਹੋ ਕੇ ਆਖਿਆ।

ਸਿਕੰਦਰ ਦੀਆਂ ਗੱਲਾਂ ਸੁਣ ਕੇ ਸਾਰੇ ਹੀ ਬੜੀ ਹੈਰਾਨਗੀ ਨਾਲ਼ ਸਿਰ ਫੇਰ ਰਹੇ ਸਨ।ਉਨ੍ਹਾਂ ਦੇ ਮੂੰਹੋਂ ਤਰ੍ਹਾਂ-ਤਰ੍ਹਾਂ ਦੀਆਂ ਗਾਲ਼੍ਹਾਂ ਤੇ ਬਦ-ਦੁਆਵਾਂ ਨਿੱਕਲ਼ ਰਹੀਆਂ ਸਨ।ਜਦੋਂ ਸਿਕੰਦਰ ਨੇ ਕੁਲਵੀਰ ਮੈਡਮ ਦੀ ਘਟਨਾ ਬਾਰੇ ਦੱਸਿਆ ਤਾਂ ਸ਼ਿਵਚਰਨ ਦੀ ਚੀਕ ਨਿੱਕਲ਼ਦੀ ਮਸਾਂ ਬਚੀ।ਗੋਖਾ ਵੀ ਸੁਣ ਕੇ ਲਾਲ ਹੋ ਗਿਆ ਤੇ ਸ਼ਿਵਚਰਨ ਇੱਕਦਮ ਉਠਿਆ ਤੇ ਭਾਵੁਕਤਾ ਨਾਲ਼ ਬੋਲਿਆ,"ਨਹੀਂ, ਇਹ ਕਿਵੇਂ ਹੋ ਸਕਦਾ ? ਏਨੀ ਕਮੀਨਗੀ।"

"ਹੋ ਸਕਦਾ ਨਹੀਂ ਮੇਰੇ ਯਾਰ......ਹੋ ਚੁੱਕਿਆ,ਇਹ ਆਪਣੀ ਮੁਹੱਬਤ ਦਾ ਆਪ ਹੀ ਦੱਲਾ ਬਣਿਆ,ਜੋ ਏਨਾ ਗਿਰ ਸਕਦਾ ਉਸ ਤੋਂ ਵਫ਼ਾ ਤੇ ਵਿਕਾਸ ਦੀ ਕੀ ਉਮੀਦ ਕਰ ਸਕਦੇ ਹਾਂ, ਕੁਲਵੀਰ ਮੈਡਮ ਨੇ ਇਸ ਕਮੀਨੇ ਦੀ ਮੁਹੱਬਤ ਵਿੱਚ ਸਭ ਕੁਛ ਗਵਾ ਦਿੱਤਾ,ਹੁਣ ਵਿਚਾਰੀ ਅਣ-ਵਿਆਹੀ ਵਿਧਵਾ ਦਾ ਸੰਤਾਪ ਭੋਗ ਰਹੀ ਆ,ਹੋਰ ਪਤਾ ਨੀ ਕਿੰਨੀਆਂ ਕੁ ਨੂੰ ਰਾਜਨੀਤੀ ਦੀ ਝੋਲ਼ੀ ਪਾ ਚੁੱਕਿਆ ਹੋਣਾ।"

ਸ਼ਿਵਚਰਨ ਦੀਆਂ ਉਦਾਸੀਆਂ ਅੱਖਾਂ ਉਸਦੇ ਅੰਦਰਲੇ ਦਰਦ ਨੂੰ ਬਿਆਨ ਕਰ ਰਹੀਆਂ ਸਨ।ਉਹ ਕੁਛ ਨਾ ਬੋਲ ਸਕਿਆ।ਰੋਟੀ ਵੀ ਪਈ ਪਵਾਈ ਛੱਡ ਕੇ ਸਾਇਕਲ ਚੁੱਕ ਕੇ ਸਿੱਧਾ ਜਾਗੋਵਾਲ਼ ਨੂੰ ਹੋ ਗਿਆ।ਗੋਖੇ ਦਾ ਵੀ ਹੁਣ ਉੱਥੇ ਰੁਕਣ ਨੂੰ ਮਨ ਨਾ ਕੀਤਾ।ਉਹ ਵੀ ਚੁੱਪ-ਚਾਪ ਉੱਠ ਕੇ ਸ਼ਿਵਚਰਨ ਦੇ ਪਿੱਛੇ ਹੀ ਆਪਣੇ ਪਿੰਡ ਨੂੰ ਚਲਿਆ ਗਿਆ ।

ਸਿਕੰਦਰ ਦਾ ਵੀ ਦਿਲ ਨਾ ਕੀਤਾ ਕਿ ਉਹ ਉਨ੍ਹਾਂ ਨੂੰ ਰੋਟੀ ਖਾਣ ਲਈ ਆਖ ਸਕੇ।ਉਸਨੇ ਰਾਣੋ ਨੂੰ ਹਾਕ ਮਾਰ ਕੇ ਪਈ ਪਵਾਈ ਰੋਟੀ ਵਾਪਸ ਚੁਕਵਾ ਦਿੱਤੀ।ਰਾਣੋ ਵੀ ਇਹ ਦੇਖ ਕੇ ਹੈਰਾਨ ਹੋਈ ਕਿ ਇੱਕ ਦੂਜੇ ਨਾਲ਼ ਜ਼ਿੱਦ ਕੇ ਰੋਟੀ ਖਾਣ ਵਾਲ਼ੇ ਅੱਜ ਰੋਟੀ ਨਾ ਖਾਣ ਦੀ ਜ਼ਿੱਦ ਕਿਵੇਂ ਕਰ ਗਏ ਸਨ।

ਹੁਣ ਭਾਵੇਂ ਹਨ੍ਹੇਰਾ ਬਹੁਤ ਗਾੜ੍ਹਾ ਹੋ ਚੁੱਕਿਆ ਸੀ ਪਰ ਗੋਖਾ ਤੇ ਸ਼ਿਵਚਰਨ ਹਨ੍ਹੇਰੇ ਨੂੰ ਚੀਰਦੇ ਆਪੋ ਆਪਣੇ ਪਿੰਡਾਂ ਨੂੰ ਜਾ ਰਹੇ ਸਨ।

---

*

## ਕਾਂਡ-8

"ਸ਼ਿਵ ਮੁਹੱਬਤ ਕੀ ਹੁੰਦੀ ਏ?"

"ਮੈਨੂੰ ਕੀ ਪਤਾ।"

"ਹੋਰ ਕੀਹਨੂੰ ਪਤਾ ?"

"ਬਸ,ਮੈਨੂੰ ਨੀ ਪਤਾ।"

"ਇਹ ਪਤਾ-ਪਤਾ ਕੀ ਲਾਈ ਆ,ਸਿੱਟ ਪਰ੍ਹੇ ਇਹਨੂੰ,ਮੇਰੇ ਨਾਲ਼ ਗੱਲ ਕਰ।"

ਗਗਨ ਨੇ ਸ਼ਿਵਚਰਨ ਦੇ ਹੱਥ ਵਿਚਲੇ ਕਾਗਜਾਂ ਨੂੰ ਹਵਾ ਵਿੱਚ ਉਛਾਲ਼ਿਆ ਤੇ ਉਹ ਸ਼ਿਵਚਰਨ ਨਾਲ਼ ਖਿਝ ਕੇ ਜਿਹੇ ਬੋਲੀ।ਉਹ ਉੱਠਿਆ ਤੇ ਚੁੱਪ-ਚਾਪ ਆਪਣੇ ਖਿੱਲਰੇ ਵਰਕੇ ਇਕੱਠੇ ਕਰਨ ਲੱਗ ਗਿਆ।ਵਰ੍ਹਕੇ ਇਕੱਠੇ ਕਰਕੇ ਉਹ ਫਿਰ ਉਸੇ ਤਰ੍ਹਾਂ ਹੀ ਪੜ੍ਹਨ ਬੈਠ ਗਿਆ।ਉਹ ਕਾਲਜ ਵੱਲੋਂ ਤਿਆਰ ਕੀਤੇ ਜਾ ਰਹੇ ਨਾਟਕ ਦੀ ਸਕ੍ਰਿਪਟ ਪੜ੍ਹ ਰਿਹਾ ਸੀ ਕਿਉਂਕਿ ਕਾਲਜ ਵਿੱਚ ਹੋ ਰਹੇ ਸਲਾਨਾ ਸਮਾਗਮ ਦੀ ਤਿਆਰੀ ਲਈ ਪਲੇਅ ਤਿਆਰ ਕੀਤਾ ਜਾ ਰਿਹਾ ਸੀ।ਉਹ ਤੇ ਗਗਨ ਲਾਇਬ੍ਰੇਰੀ ਦੇ ਪਿਛਲੇ ਪਾਸੇ ਬਣੇ ਲਾਅਨ ਵਿੱਚ ਬੈਠੇ ਸਨ।ਗਗਨ ਉਸ ਕੋਲ਼ ਬੈਠੀ ਬੋਰੀਅਤ ਮਹਿਸੂਸ ਕਰ ਰਹੀ ਸੀ ਤੇ ਉਸਨੂੰ ਵਾਰ-ਵਾਰ ਛੇੜ ਕੇ ਆਨੰਦਤ ਹੋ ਰਹੀ ਸੀ।

"ਸ਼ਿਵ ਬੋਲ ਨਾ ਪਲੀਜ਼।"

"ਕੀ ਬੋਲਾਂ ਯਾਰ ?"

"ਦੱਸ ਇਹ ਪਿਆਰ ਕੀ ਹੁੰਦਾ ?"

"ਤੈਨੂੰ ਅੱਜ ਕੀ ਹੋਇਆ ?"

"ਪਿਆਰ।"

"ਕੀਹਦੀ ਸ਼ਾਮਤ ਆ ਗਈ ਆ ?"

"ਤੇਰੀ।"

ਸੁਣ ਕੇ ਸ਼ਿਵਚਰਨ ਨੇ ਇੱਕਦਮ ਹੈਰਾਨੀ ਨਾਲ਼ ਦੇਖਿਆ।ਉਸਨੇ ਗਗਨ ਦੀ ਗੱਲ ਦਾ ਕੋਈ ਵੀ ਜਵਾਬ ਨਾ ਦਿੱਤਾ ਅਤੇ ਉੱਥੋਂ ਉੱਠ ਕੇ ਦਫ਼ਤਰ ਕੋਲ਼ੋਂ ਦੀ ਉੱਪਰ ਹਾਲ ਵਿੱਚ ਚਲਿਆ ਗਿਆ ਜਿੱਥੇ ਪਲੇਅ ਦੀ ਰਿਹਰਸਲ ਹੋ ਰਹੀ ਸੀ।ਗਗਨ ਅਜੇ ਵੀ ਉਸੇ ਤਰ੍ਹਾਂ ਹੀ ਲਾਅਨ ਵਿੱਚ ਬੈਠੀ ਸੀ।ਸ਼ਾਮ ਦੇ ਚਾਰ ਵੱਜੇ ਹੋਏ ਸੀ।ਰਿਹਰਸਲ ਕਰਕੇ ਹੀ ਸ਼ਿਵਚਰਨ ਕਾਲਜ ਵਿੱਚ ਰੁਕਿਆ ਹੋਇਆ ਸੀ।ਗਗਨ ਵੀ ਅੱਜ ਉਸ ਬਿਨਾਂ ਨਹੀਂ ਸੀ ਜਾਣਾ ਚਾਹੁੰਦੀ।

ਸ਼ਿਵਚਰਨ ਨੇ ਰਿਹਰਸਲ ਦੇ ਹਾਲ ਵਿੱਚੋਂ ਬਾਹਰ ਨਿੱਕਲ਼ ਕੇ ਦੇਖਿਆ ਤਾਂ ਗਗਨ ਅਜੇ ਵੀ ਓਸੇ ਲਾਅਨ ਵਿੱਚ ਬੈਠੀ ਉਸਦਾ ਇੰਤਜ਼ਾਰ ਕਰ ਰਹੀ ਸੀ। ਉਹ ਉਸਨੂੰ ਦੇਖ ਕੇ ਮਨ ਵਿੱਚ ਹੀ ਬੋਲਦਾ ਹੈ,"ਤੈਨੂੰ ਕੀ ਪਤਾ ਝੱਲੀਏ,ਮੈਂ ਤੈਨੂੰ ਕਿੰਨੀ ਮੁਹੱਬਤ ਕਰਦਾਂ ਪਰ ਮੁਹੱਬਤ ਤੋਂ ਪਹਿਲਾਂ ਅਜੇ ਕਈ ਸਰਹੱਦਾਂ ਨੇ ਜਿੱਥੇ ਜੰਗਾਂ ਲੜਨੀਆਂ ਵੀ ਨੇ ਤੇ ਜਿੱਤਣੀਆਂ ਵੀ ਨੇ ਤੇ ਇਨ੍ਹਾਂ ਲਈ ਜੇ ਕੋਈ ਮੈਨੂੰ ਜਾਂਬਾਜ਼ ਬਣਾ ਸਕਦਾ ਤਾਂ ਉਹ ਸਿਰਫ਼ ਤੇਰੀ ਮੁਹੱਬਤ ਏ।"

ਉਹ ਗਗਨ ਨੂੰ ਲੇਟ ਹੁੰਦੀ ਦੇਖ ਕੇ ਰਿਹਰਸਲ ਵਿੱਚੇ ਹੀ ਛੱਡ ਕੇ ਉਸ ਨਾਲ਼ ਬੱਸ ਅੱਡੇ ਨੂੰ ਤੁਰ ਪਿਆ। ਗਗਨ ਵੀ ਹੁਣ ਜੇਤੂ ਮੁਸਕਾਨ ਨਾਲ਼ ਉਸਦੇ ਸੰਗ ਚੱਲ ਰਹੀ ਸੀ। ਸ਼ਿਵਚਰਨ ਨੂੰ ਅੱਜ ਅਪਣੀ ਧੜਕਣ ਵੀ ਬੇਕਾਬੂ ਜਿਹੀ ਲੱਗੀ। ਉਸਨੂੰ ਆਪਣੇ ਆਪੇ ਵਿੱਚੋਂ ਖ਼ੁਸ਼ਬੂ ਜਿਹੀ ਮਹਿਸੂਸ ਹੋ ਰਹੀ ਸੀ ਪਰ ਫਿਰ ਥੋੜ੍ਹਾ ਗੰਭੀਰ ਜਿਹਾ ਹੋ ਗਿਆ ਤੇ ਉਸਨੇ ਚੁੱਪ ਤੋੜੀ,"ਗਗਨ ! ਮੈਂ ਤੇਰੀਆਂ ਭਾਵਨਾਵਾਂ ਦੇ ਹਾਣ ਦਾ ਨ੍ਹੀਂ ਹੋ ਸਕਦਾ,ਮੈਂ ਨ੍ਹੀਂ ਚਾਹੁੰਦਾ ਤੇਰੀ ਮੁਹੱਬਤ ਮੇਰੀ ਜ਼ਿੰਦਗੀ ਦੇ ਮਕਸਦ ਨੂੰ ਝੁਠਲਾਵੇ, ਮੈਨੂੰ ਆਪਣੇ ਮਕਸਦ ਲਈ ਤੇਰੇ ਸਾਥ ਦੀ ਲੋੜ ਆ ਪਰ ਪਿਆਰ-ਮੁਹੱਬਤ......।"

"ਮੁਆਫ਼ ਕਰੀਂ ਸ਼ਿਵ...ਮੈਂ ਤੇਰੇ ਜ਼ਿੰਦਗੀ ਪ੍ਰਤੀ ਸਿਰਜੇ ਜਨੂੰਨ ਨੂੰ ਘੱਟ ਨਹੀਂ ਸੀ ਕਰਨਾ ਚਾਹੁੰਦੀ,ਭਾਵਨਾਵਾਂ ਦਾ ਵਹਿਣ ਵਹਾ ਕੇ ਲੈ ਗਿਆ ਸੀ ਮੈਨੂੰ...ਹੁਣ ਮੈਂ ਸਵੈ-ਕਾਬੂ ਰੱਖਾਂਗੀ...ਮੈਨੂੰ ਪਤਾ ਮੁਹੱਬਤ ਦਾ ਕੋਈ ਆਕਾਰ ਨਹੀਂ ਹੁੰਦਾ ਇਸਦੀ ਹੋਂਦ ਕਿਤੇ ਵੀ ਤੇ ਕਿਸੇ ਵੀ ਰੂਪ ਵਿੱਚ ਹੋ ਸਕਦੀ ਆ,ਮੈਂ ਇਸਨੂੰ ਹਮੇਸ਼ਾ ਮਹਿਸੂਸ ਕਰਦੀ ਰਹਾਂਗੀ..." ਉਹ ਤੁਰਦੀ-ਤੁਰਦੀ ਅੱਖਾਂ ਦੇ ਕੋਇਆਂ ਨੂੰ ਮਸਨੂਈ ਖੁਸ਼ਕੀ ਦਿੰਦੀ ਹੋਈ ਇੱਕੋ ਸਾਹ ਸਾਰੀਆਂ ਗੱਲਾਂ ਆਖ ਗਈ।

ਉਹ ਅਜੇ ਥੋੜ੍ਹੀ ਹੀ ਦੂਰ ਗਏ ਸੀ ਕਿ ਸਿਕੰਦਰ ਵੀ ਉਨ੍ਹਾਂ ਨਾਲ਼ ਆ ਰਲ਼ਿਆ। ਸਮਾਗਮ ਵਿੱਚ ਉਹ ਕਵਿਤਾ ਦੀ ਤਿਆਰੀ ਕਰ ਰਿਹਾ ਸੀ। ਉਸਦਾ ਵੀ ਅੱਜ ਹੋਰ ਰੁਕਣ ਲਈ ਦਿਲ ਨਹੀਂ ਕੀਤਾ ਸੀ ਕਿਉਂਕਿ ਉਸਦੀ ਬੀਬੀ ਕਈ ਦਿਨਾਂ ਤੋਂ ਬਿਮਾਰ ਸੀ।

ਸ਼ਿਵਚਰਨ ਘਰ ਪਹੁੰਚਿਆ ਤਾਂ ਵਕੀਲਾ ਮੂਰਤੀਆਂ ਨੂੰ ਅੰਦਰ ਸੰਭਾਲ਼ ਕੇ ਤੇ ਬਾਕੀ ਕੰਮ ਕਰਕੇ ਵਿਹੜੇ ਵਿੱਚ ਬੈਠਾ ਰੇਡੀਓ ਸੁਣ ਰਿਹਾ ਸੀ। ਵਕੀਲਾਂ ਦੇ ਤੁਰ ਜਾਣ ਤੋਂ ਬਾਅਦ ਇਹ ਰੇਡੀਓ ਹਮੇਸ਼ਾ ਉਸਦੀ ਬੁੱਕਲ਼ ਵਿੱਚ ਰਹਿੰਦਾ ਸੀ ਕਿਉਂਕਿ ਵਕੀਲਾਂ ਵੀ ਇਸ ਰੇਡੀਓ ਨੂੰ ਹਮੇਸ਼ਾ ਹੀ ਸੁਣਦੀ ਰਹਿੰਦੀ ਹੁੰਦੀ ਸੀ। ਉਹ ਰੇਡੀਓ 'ਤੇ ਸੰਸਦ ਵਿੱਚ ਹੋਏ ਹੰਗਾਮੇ ਦਾ ਹਾਲ ਸੁਣ ਰਿਹਾ ਸੀ। ਜਿੱਥੇ ਅੱਜ ਸੰਸਦ ਮੈਂਬਰ ਜੁੱਤੀਓ ਜੁੱਤੀ ਹੋ ਕੇ ਹਟੇ ਸੀ। ਸੁਣ ਕੇ ਵਕੀਲਾ ਦੁਖੀ ਹੋਇਆ ਦੰਦ ਪੀਹ ਰਿਹਾ ਸੀ। ਸ਼ਿਵਚਰਨ ਉਸਦੇ ਕੋਲ਼ ਜਾ ਕੇ ਬੋਲਿਆ,"ਅੱਜ ਸਾਝਰੇ ਹੀ ਵਿਹਲੇ ਹੋਏ ਬੈਠੇ ਹੋ ਅੱਬੂ ਜੀ ?"

"ਮੈਂ ਆਪਣੇ ਗੁਲਜ਼ਾਰੀ ਦਾ ਹੀ ਇੰਤਜ਼ਾਰ ਕਰ ਰਿਹਾ ਸੀ।"

"ਕੀ ਸੁਣਦੇ ਪਏ ਹੋ ?"

"ਬਸ ਆਹ ਨੇਤਾਵਾਂ ਦੀਆਂ ਨੀਤੀਆਂ ਦਾ ਲੰਗਾਰ ਹੁੰਦੇ ਸੁਣ ਰਿਹਾ ਸੀ,ਸਾਲ਼ੀ ਕੁੱਤੀ ਰਾਜਨੀਤੀ,ਕਿਤੇ ਤੂੰ ਨਾ ਆਜੀਂ ਇਨ੍ਹਾਂ ਦੇ ਚੱਕਰ ਵਿੱਚ,ਇਹ ਤਾਂ ਹਰਾਮ ਦਾ ਬੀਅ ਹੁੰਦੀ ਆ,ਨਸਲ ਦੀ ਨੀ ਹੁੰਦੀ ਇਹ।"

"ਤੁਸੀਂ ਫਿਕਰ ਨਾ ਕਰਿਆ ਕਰੋ ਅੱਬੂ ਜੀ!...ਤੁਹਾਡੀ ਸੰਗਤ ਨੇ ਜਿੱਥੇ ਜੋਸ਼ ਦਿੱਤਾ ਉੱਥੇ ਹੋਸ਼ ਵੀ ਨੀ ਭੁੱਲਣ ਦਿੱਤਾ ਕਦੇ।"

ਸ਼ਿਵਚਰਨ ਸਾਰੀ ਰਾਤ ਆਪਣੇ ਅੱਬੂ ਦੀਆਂ ਗੱਲਾਂ ਬਾਰੇ ਸੋਚਦਾ ਰਿਹਾ।।ਉਹ ਸੋਚ ਰਿਹਾ ਸੀ ਕਿ,"ਮੈਂ ਕੋਈ ਨੇਤਾ ਥੋੜ੍ਹੇ ਨਾ ਬਣਨਾ,ਮੇਰਾ ਸੁਪਨਾ ਤਾਂ ਗਿਆਨ ਵਿਹੂਣੇ ਤੇ ਜੀਵਨ ਤੋਂ ਊਣੇ ਦੀਵਿਆਂ ਵਿੱਚ ਗਿਆਨ ਦਾ ਤੇਲ ਪਾਉਣਾ ਹੈ,ਪਰ ਇਨ੍ਹਾਂ ਦੀਵਿਆਂ ਦੇ ਮਾਲਕ ਨੇੜੇ ਵੀ ਤਾਂ ਨ੍ਹੀਂ ਢੁੱਕਣ ਦਿੰਦੇ।" ਸੋਚਾਂ ਸੋਚਦਾ-ਸੋਚਦਾ ਉਹ ਗੂੜ੍ਹੀ ਨੀਂਦ ਵਿੱਚ ਘੁਰਾੜੇ ਮਾਰਨ ਲੱਗ ਗਿਆ।

ਕਈ ਦਿਨਾਂ ਦੀਆਂ ਤਿਆਰੀਆਂ ਤੋਂ ਬਾਅਦ ਹੁਣ ਕਾਲਜ ਦੇ ਸਲਾਨਾ ਸਮਾਗਮ ਵਿੱਚ ਸਿਰਫ਼ ਇੱਕ ਦਿਨ ਬਾਕੀ ਰਹਿ ਗਿਆ ਸੀ। ਇਸ ਲਈ ਸਾਰੇ ਹੀ ਸਮਾਗਮ ਦੀਆਂ ਤਿਆਰੀਆਂ ਵਿੱਚ ਜੁਟੇ ਹੋਏ ਸਨ। ਸਟੇਜੀ ਪ੍ਰੋਗਰਾਮ

ਤੇ ਸਟੇਡੀਅਮ ਨਾਲ਼ ਸਬੰਧਿਤ ਤਿਆਰੀਆਂ ਪ੍ਰੋਫ਼ੈਸਰ ਪ੍ਰੇਮ ਸ਼ਰਮਾ ਜੀ ਦੀ ਨਿਗਰਾਨੀ ਹੇਠ ਖ਼ਾਸ ਤੌਰ 'ਤੇ ਸ਼ਿਵਚਰਨ ਦੀ ਮਦਦ ਨਾਲ਼ ਹੋ ਰਹੀਆਂ ਸਨ।

ਸਾਰੇ ਸਟੇਡੀਅਮ ਨੂੰ ਸਾਫ਼ ਕਰਕੇ ਸਜਾ ਦਿੱਤਾ ਗਿਆ ਸੀ।ਸ਼ਾਮ ਪੈ ਗਈ ਸੀ ਪਰ ਅਜੇ ਸਟੇਜ ਦੀ ਸਾਰੀ ਹੀ ਤਿਆਰੀ ਬਾਕੀ ਸੀ।।ਲਗਭਗ ਸਾਰੇ ਹੀ ਵਿਦਿਆਰਥੀ ਚਲੇ ਗਏ ਸਨ।ਸਿਰਫ਼ ਡਰਾਮੇ ਵਾਲ਼ੇ ਕਲਾਕਾਰ ਵਿਦਿਆਰਥੀ ਹੀ ਰਹਿ ਗਏ ਸਨ।ਇਨ੍ਹਾਂ ਨਾਲ਼ ਸਿਕੰਦਰ ਵੀ ਲੱਗਿਆ ਹੋਇਆ ਸੀ।

ਸਮਾਗਮ ਦੌਰਾਨ ਖਾਣ-ਪੀਣ ਦਾ ਪ੍ਰਬੰਧ ਪ੍ਰੋਫ਼ੈਸਰ ਅਸਲਮ ਦੀ ਦੇਖ-ਰੇਖ ਹੇਠ ਘੁੱਦਾ ਤੇ ਪਠਾਨੀਆ ਗਰੁੱਪ ਕਰ ਰਿਹਾ ਸੀ।।ਸੰਸਕ੍ਰਿਤ ਵਿਭਾਗ ਦੇ ਗੁਦਾਮਾਂ ਵੱਲ ਖੁੱਲ੍ਹਦੇ ਗੇਟ ਦੇ ਨਾਲ਼ ਵਾਲ਼ੇ ਕਮਰੇ ਵਿੱਚ ਕੱਲ੍ਹ ਦੇ ਖਾਣੇ ਦਾ ਪ੍ਰਬੰਧ ਹੋ ਰਿਹਾ ਸੀ।ਗੁਦਾਮਾਂ ਵੱਲ ਭੂਤਰੀ ਮੰਡੀਹਰ ਮਸਤੀ ਵਿੱਚ ਚੀਕਾਂ ਮਾਰਦੀ ਫਿਰ ਰਹੀ ਸੀ ਤੇ ਮੋਟਰ-ਸਾਇਕਲ ਤੇ ਕੋਈ ਆ ਰਿਹਾ ਸੀ ਤੇ ਕੋਈ ਜਾ ਰਿਹਾ ਸੀ।

ਸਿਕੰਦਰ ਨੇ ਸ਼ਿਵਚਰਨ ਨਾਲ਼ ਸੁਲਤਾਨ ਦੇ ਘਰ ਜਾ ਕੇ ਰਹਿਣ ਦਾ ਪ੍ਰੋਗਰਾਮ ਬਣਾ ਰੱਖਿਆ ਸੀ।ਉਸਨੇ ਸ਼ਰਮਾ ਜੀ ਨੂੰ ਵੀ ਇਸ ਬਾਬਤ ਦੱਸਿਆ ਹੋਇਆ ਸੀ।ਸ਼ਰਮਾ ਜੀ ਵੀ ਸੁਲਤਾਨ ਨੂੰ ਚੰਗੀ ਤਰ੍ਹਾਂ ਜਾਣਦੇ ਸੀ ਤਾਂ ਕਰਕੇ ਹੀ ਉਨ੍ਹਾਂ ਨੂੰ ਸਿਕੰਦਰ ਤੇ ਸ਼ਿਵਚਰਨ ਦਾ ਕੋਈ ਫਿਕਰ ਨਹੀ ਸੀ ਰਿਹਾ।ਸਟੇਜ 'ਤੇ ਹੁਣ ਟੈਂਟ ਲੱਗ ਚੁੱਕਿਆ ਸੀ।ਬੈਨਰ ਬਗੈਰਾ ਬੰਨ੍ਹੇ ਜਾ ਚੁੱਕੇ ਸਨ।ਕੁਰਸੀਆਂ ਪੰਡਾਲ ਵਿੱਚ ਪਈਆਂ ਸਨ ਪਰ ਉਨ੍ਹਾਂ ਨੂੰ ਸਵੇਰੇ ਹੀ ਲਗਾਉਣ ਦਾ ਪ੍ਰੋਗਰਾਮ ਸੀ।ਬਸ ਸਟੇਜ ਦਾ ਹੀ ਥੋੜ੍ਹਾ ਜਿਹਾ ਕੰਮ ਬਾਕੀ ਰਹਿ ਗਿਆ ਸੀ।ਹੁਣ ਸਿਕੰਦਰ ਤੇ ਸ਼ਿਵਚਰਨ ਸ਼ਰਮਾ ਜੀ ਤੋਂ ਆਗਿਆ ਲੈ ਕੇ ਸੁਲਤਾਨ ਦੇ ਘਰ ਜਾਣ ਲਈ ਤਰਕਸ਼ੀਲ ਚੌਂਕ ਵੱਲ ਨੂੰ ਤੁਰ ਪਏ ਸਨ।

ਉਹ ਸੋਲ਼ਾਂ ਏਕੜ ਵਿੱਚੋਂ ਦੀ ਹੋ ਕੇ ਰੋਡਵੇਜ ਦੀ ਵਰਕਸ਼ਾਪ ਅੱਗਿਓਂ ਦੀ ਗੁਜਰਦੇ ਹੋਏ ਬੱਸ-ਅੱਡੇ ਕੋਲੋਂ ਤਰਕਸ਼ੀਲ ਚੌਂਕ ਨੂੰ ਮੁੜ ਗਏ।ਜਦੋਂ ਉਹ ਬੀਬੀ ਪ੍ਰਧਾਨ ਕੌਰ ਦੇ ਗੁਰਦੁਆਰੇ ਕੋਲ਼ ਗਏ ਤਾਂ ਸੜਕ ਤੋਂ ਹਟ ਕੇ ਜਿਹੇ ਗੁਰਦੁਆਰੇ ਵਾਲ਼ੇ ਪਾਸੇ ਹੀ ਕਿਸੇ ਨੂੰ ਖੜ੍ਹੇ ਦੇਖਿਆ।ਗੁਰਦੁਆਰਾ ਸਾਹਿਬ ਸੜਕ ਤੋਂ ਦੂਰ ਹੋਣ ਕਾਰਨ ਉਸਦਾ ਰਸਤਾ ਵੀ ਸੁੰਨਾ ਜਿਹਾ ਹੀ ਸੀ।ਉਹ ਦੋਵੇਂ ਅੰਦਰੋਂ ਪੂਰੀ ਤਰ੍ਹਾਂ ਡਰ ਗਏ ਪਰ ਦੇਖਦੇ-ਦੇਖਦੇ ਅੱਗੇ ਲੰਘ ਗਏ ।ਉਹ ਅਜੇ ਥੋੜ੍ਹਾ ਜਿਹਾ ਹੀ ਅੱਗੇ ਗਏ ਹੋਣਗੇ ਕਿ ਇੱਕ ਜੀਪ ਗੁਰਦੁਆਰੇ ਦੇ ਰਾਹ ਕੋਲ਼ ਆ ਕੇ ਖੜ੍ਹ ਗਈ।ਉੱਥੇ ਖੜ੍ਹੇ ਬੰਦੇ ਤੋਂ ਉਨ੍ਹਾਂ ਨੇ ਕੁਛ ਫੜਿਆ ਤੇ ਜੀਪ ਤੇਜ਼ੀ ਨਾਲ਼ ਉਨ੍ਹਾਂ ਦੇ ਕੋਲ਼ ਦੀ ਗੁਜ਼ਰ ਗਈ।ਜੀਪ ਦੇ ਚਾਨਣ ਵਿੱਚ ਹੁਣ ਉਨ੍ਹਾਂ ਦਾ ਸ਼ੱਕ ਪੱਕਾ ਹੋ ਗਿਆ ਸੀ ਕਿ ਉੱਥੇ ਖੜ੍ਹਾ ਬੰਦਾ 'ਕਾਰਾ' ਹੀ ਸੀ।ਪਿੱਛੋਂ ਦੋ ਜਣੇ ਮੋਟਰ-ਸਾਇਕਲ 'ਤੇ ਉਸਨੂੰ ਬਿਠਾ ਕੇ ਲੈ ਗਏ ਜੋ ਬਿਨਾ ਸ਼ੱਕ ਘੁੱਦਾ ਤੇ ਪਠਾਨੀਆ ਹੀ ਸਨ।

ਉਹ ਦੋਵੇਂ ਭਾਵੇਂ ਪੂਰਨ ਹੌਸਲੇ ਵਾਲ਼ੇ ਸਨ ਪਰ ਇਸ ਤਰ੍ਹਾਂ ਦੀ ਕਾਲ਼ੀ ਬੋਲ਼ੀ ਰਾਤ ਵਿੱਚ ਉਨ੍ਹਾਂ ਦੀਆਂ ਧੜਕਣਾਂ ਇੱਕ ਦੂਜੇ ਨੂੰ ਵੱਜਦੀਆਂ ਸੁਣ ਰਹੀਆਂ ਸਨ।ਅਜ਼ਾਦ ਨਗਰ ਵਿੱਚ ਦਾਖਲ ਹੋਏ ਤਾਂ ਉਨ੍ਹਾਂ ਨੇ ਸਨੀ ਜਨਰਲ ਸਟੋਰ ਤੋਂ ਬ੍ਰੈਡਾਂ ਦਾ ਪੈਕਟ ਲਿਆ ਤਾਂ ਜੋ ਸਵੱਖਤੇ ਨਿੱਕਲ਼ਣ ਲੱਗੇ ਚਾਹ ਨਾਲ਼ ਖਾਧਾ ਜਾਊ।ਉਨ੍ਹਾਂ ਨੇ ਸੁਲਤਾਨ ਦੇ ਘਰ ਦਾ ਦਰਵਾਜ਼ਾ ਖੜਕਾਇਆ।ਸਾਰੇ ਸੁੱਤੇ ਪਏ ਸਨ ਪਰ ਸੁਲਤਾਨ ਜਾਗਦਾ ਸੀ।ਉਹ ਉਨ੍ਹਾਂ ਦੀ ਹੀ ਉਡੀਕ ਕਰ ਰਿਹਾ ਸੀ।ਉਸਨੇ ਦਰਵਾਜ਼ਾ ਖੋਲ੍ਹਿਆ।ਉਹ ਉਨ੍ਹਾਂ ਨੂੰ ਸਿੱਧਾ ਚੁਬਾਰੇ ਵਿੱਚ ਹੀ ਲੈ ਗਿਆ ਸੀ ਕਿਉਂਕਿ ਸਿਕੰਦਰ ਨੇ ਪਹਿਲਾਂ ਹੀ ਦੱਸ ਰੱਖਿਆ ਸੀ ਕਿ ਉਹ ਰਾਤ ਦੀ ਰੋਟੀ ਖਾ ਕੇ ਹੀ ਆਉਣਗੇ।ਸੁਲਤਾਨ ਨੇ ਚੁਬਾਰੇ ਵਿੱਚ ਹੀ ਉਨ੍ਹਾਂ ਦੇ ਸੌਣ ਦਾ ਪ੍ਰਬੰਧ ਕੀਤਾ ਹੋਇਆ ਸੀ।

ਸੁਲਤਾਨ ਸ਼ਿਵਚਰਨ ਨੂੰ ਮਿਲ਼ ਕੇ ਬਹੁਤ ਖ਼ੁਸ਼ ਹੋਇਆ।ਉਹ ਕਹਿੰਦਾ ਹੈ,"ਸ਼ਿਵਚਰਨ! ਤੇਰੇ ਬਾਰੇ ਸਿਕੰਦਰ ਤੋਂ ਬਹੁਤ ਸੁਣਿਆ ਸੀ,ਪਰ ਅੱਜ ਮਿਲ਼ ਕੇ ਮਹਿਸੂਸ ਹੋ ਰਿਹਾ ਕਿ ਤੂੰ ਸੱਚ ਨਾਲ਼ ਸਿਕੰਦਰ ਦੁਆਰਾ ਕੀਤੀਆਂ ਤਾਰੀਫ਼ਾਂ ਦੇ ਹਾਣਦਾ ਹੀ ਏਂ।"

ਉਸਨੇ ਉਸਨੂੰ ਗਲ਼ਵੱਕੜੀ 'ਚ ਘੁੱਟ ਲਿਆ।ਗੱਲਾਂ ਕਰਦੇ ਉਨ੍ਹਾਂ ਨੇ ਸੁਲਤਾਨ ਨੂੰ ਬੀਬੀ ਪ੍ਰਧਾਨ ਕੌਰ ਦੇ ਗੁਰਦੁਆਰੇ ਕੋਲ਼ ਵਾਪਰੀ ਘਟਨਾ ਬਾਰੇ ਦੱਸਿਆ ਅਤੇ ਇਸ ਵਿੱਚ ਕਾਰੇ ਦੇ ਹੋਣ ਦਾ ਵੀ ਸ਼ੱਕ ਪ੍ਰਗਟ ਕੀਤਾ।ਸੁਲਤਾਨ ਨੇ ਕਾਰੇ ਬਾਰੇ ਪਹਿਲਾਂ ਹੀ ਸਿਕੰਦਰ ਤੋਂ ਬਹੁਤ ਸੁਣ ਰੱਖਿਆ ਸੀ ।ਫਿਰ ਸੁਲਤਾਨ ਨੇ ਦੋਵਾਂ ਨੂੰ "ਰਾਤ ਬਹੁਤ ਹੋ ਗਈ" ਆਖ ਕੇ ਸਵੇਰੇ ਜਲਦੀ ਉੱਠਣ ਦੀ ਤਾਈਦ ਕੀਤੀ ਤੇ ਆਪਣੀ ਖੇਸੀ ਲਪੇਟ ਲਈ।

ਉਹ ਦੋਵੇਂ ਸਵੱਖਤੇ ਹੀ ਕਾਲਜ ਦੇ ਸਟੇਡੀਅਮ ਵਿੱਚ ਪਹੁੰਚ ਗਏ ਸਨ।ਉਨ੍ਹਾਂ ਨੇ ਪੰਡਾਲ ਵਿੱਚ ਪਈਆਂ ਕੁਰਸੀਆਂ ਨੂੰ ਤਰਤੀਬਵਾਰ ਲਗਾਉਣਾ ਸ਼ੁਰੂ ਕਰ ਦਿੱਤਾ।ਪ੍ਰੇਮ ਸ਼ਰਮਾ ਜੀ ਦੇ ਆਉਣ ਤੱਕ ਉਨ੍ਹਾਂ ਨੇ ਕਾਫ਼ੀ ਕੁਰਸੀਆਂ

ਲਗਾ ਦਿੱਤੀਆਂ ਸਨ।ਸ਼ਰਮਾ ਜੀ ਨੇ ਆਉਂਦਿਆਂ ਹੀ ਅਵਾਜ਼ ਮਾਰ ਕੇ ਕਿਹਾ,"ਵਾਹ ਬਈ! ਮੇਰੇ ਰੌਸ਼ਨੀਆਂ ਦੇ ਵਾਰਸੋ,ਨਹੀਂ ਰੀਸਾਂ ਬਈ ਥੋਡੀਆਂ।"

ਉਨ੍ਹਾਂ ਨੇ ਸ਼ਰਮਾ ਜੀ ਦੇ ਚਰਨ ਸਪਰਸ਼ ਕੀਤੇ।ਇਨੇ ਨੂੰ ਹੋਰ ਵੀ ਬਾਕੀ ਡਰਾਮੇ ਵਾਲ਼ੇ ਮੁੰਡੇ ਆ ਗਏ ਸਨ।ਉਨ੍ਹਾਂ ਨੇ ਹੱਥੋ-ਹੱਥੀ ਲੱਗ ਕੇ ਸਾਰਾ ਸਟੇਡੀਅਮ ਲਿਸ਼ਕਾ ਦਿੱਤਾ ਸੀ।ਹੁਣ ਸਾਰੇ ਮੁੰਡੇ ਸ਼ਰਮਾ ਜੀ ਕੋਲ਼ ਆ ਖੜ੍ਹੇ ਹੋਏ ਸਨ ਪਰ ਸਿਕੰਦਰ ਤੇ ਸ਼ਿਵਚਰਨ ਅਜੇ ਵੀ ਕਲੀ ਵਾਲ਼ੀ ਬੋਰੀ ਚੁੱਕੀ ਰਸਤਿਆਂ 'ਤੇ ਕਲੀ ਪਾ ਰਹੇ ਸਨ।ਸ਼ਰਮਾ ਜੀ ਉਨ੍ਹਾਂ ਨੂੰ ਦੇਖ ਕੇ ਸੋਚ ਰਹੇ ਸਨ,"ਜੇ ਸਾਡੇ ਸਾਰੇ ਹੀ ਨੌਜਵਾਨ ਤਹੱਈਆ ਕਰ ਲੈਣ ਤਾਂ ਸਾਡਾ ਸਮਾਜ ਕੁਰੀਤੀਆਂ ਤੇ ਕੁਕਰਮਾਂ ਤੋਂ ਰਹਿਤ ਹੋ ਸਕਦਾ ਕਿਉਂਕਿ ਨੌਜਵਾਨ ਪੀੜ੍ਹੀ ਨੇ ਹੀ ਤਾਂ ਭਵਿੱਖ ਦੀ ਨੀਂਹ ਰੱਖਣੀ ਹੁੰਦੀ ਆ।"

ਕਾਲਜ ਵਿੱਚ ਹੁਣ ਪੂਰੀ ਚਹਿਲ-ਪਹਿਲ ਹੋ ਗਈ ਸੀ।ਘੁੱਦੇ ਤੇ ਪਠਾਨੀਆ ਵੀ ਭੂਤਰੀ ਹੋਈ ਮੰਡੀਹਰ ਸਮੇਤ ਤਿਆਰ ਹੋਏ ਫਿਰਦੇ ਸਨ।ਗੁਦਾਮਾਂ ਵੱਲੋਂ ਸਿਗਰਟਾਂ ਦੇ ਕਸ਼ਾਂ ਦਾ ਉੱਡਦਾ ਧੂੰਆਂ ਸਤਰੰਗੀ ਪੀਂਘ ਉੱਪਰ ਤੇਜ਼ਾਬੀ ਬੱਦਲ਼ਾਂ ਦਾ ਭੁਲੇਖਾ ਪਾ ਰਿਹਾ ਸੀ।ਸ਼ਰਮਾ ਜੀ ਆਪ ਹੀ ਦੱਸ ਰਹੇ ਸਨ ਕਿ ਸਾਰੀ ਰਾਤ ਗੁਦਾਮਾਂ ਵੱਲੋਂ ਮੰਡੀਹਰ ਦੀਆਂ ਕੂਕਾਂ ਤੇ ਚੀਕਾਂ ਸੁਣਦੀਆਂ ਰਹੀਆਂ।

ਚੜ੍ਹਦੀ ਸਰਦੀ ਦੀ ਨਿੱਘੀ ਜਿਹੀ ਧੁੱਪ ਤੇ ਸਜਿਆ ਪੰਡਾਲ ਰੂਹ ਨੂੰ ਤਾਜ਼ਗੀ ਤੇ ਸਕੂਨ ਦੇ ਰਿਹਾ ਸੀ।ਹੁਣ ਗੋਖਾ ਵੀ ਪਹੁੰਚ ਚੁੱਕਿਆ ਸੀ।ਸਿਕੰਦਰ ਤੇ ਸ਼ਿਵਚਰਨ ਨੇ ਵੀ ਹੁਣ ਆਪਣੀਆਂ ਤਿਆਰੀਆਂ ਖਿੱਚ ਲਈਆਂ ਸਨ।ਉਹ ਤਿੰਨੇ ਜਣੇ ਕਾਲਜ ਦੇ ਮੇਨ ਗੇਟ ਦੀ ਐਂਟਰੀ ਤੋਂ ਅੰਦਰਲੇ ਚੌਂਕ ਕੋਲ਼ ਖੜ੍ਹੇ ਸਨ।ਮੁਹੱਬਤੀ ਰੂਹਾਂ ਆਉਂਦਿਆਂ ਇੱਥੇ ਹੀ ਮਿਲ਼ਦੀਆਂ ਤੇ ਜਾਂਦਿਆਂ ਇੱਥੇ ਹੀ ਵਿੱਛੜਦੀਆਂ ਸਨ।ਕਈ ਪ੍ਰੇਮੀ ਕਿੰਨਾ-ਕਿੰਨਾ ਸਮਾਂ ਇੱਥੇ ਹੀ ਖੜ੍ਹ ਕੇ ਗੱਲਾਂ ਮਾਰਦੇ ਰਹਿੰਦੇ ਸਨ।ਇਸੇ ਲਈ ਹੀ ਕਾਲਜ ਵਿੱਚ ਮਜ਼ਾਕ ਨਾਲ਼ ਇਸਨੂੰ 'ਰੇੜ੍ਹੀ' ਚੌਂਕ ਦਾ ਨਾਂ ਦਿੱਤਾ ਹੋਇਆ ਸੀ।

ਸ਼ਿਵਚਰਨ ਦੀ ਨਿਗ੍ਹਾ ਵਾਰ-ਵਾਰ ਮੇਨ ਗੇਟ ਵੱਲ ਜਾ ਰਹੀ ਸੀ।ਦਸ ਬਾਰਾਂ ਕੁੜੀਆਂ ਕਾਲਜ ਵੱਲ ਹੀ ਆ ਰਹੀਆਂ ਸਨ ।ਉਹ ਅੱਡੀਆਂ ਚੁੱਕ-ਚੁੱਕ ਕੇ ਵੇਖ ਰਿਹਾ ਸੀ।ਗੋਖਾ ਵੀ ਉਸਨੂੰ ਟੇਢੀ ਅੱਖ ਨਾਲ਼ ਦੇਖੀ ਜਾ ਰਿਹਾ ਸੀ।ਸ਼ਿਵਚਰਨ ਦੀ ਨਜ਼ਰ ਮੇਨ ਗੇਟ ਤੋਂ ਗਗਨ ਨੂੰ ਹੀ ਤਲਾਸ਼ ਰਹੀ ਸੀ ਪਰ ਉਹ ਲਾਇਬ੍ਰੇਰੀ ਵੱਲੋਂ ਆ ਰਹੀ ਸੀ।ਗੋਖੇ ਨੇ ਉਸਨੂੰ ਆਉਂਦੀ ਨੂੰ ਸ਼ਿਵਚਰਨ ਤੋਂ ਪਹਿਲਾਂ ਹੀ ਦੇਖ ਲਿਆ ਸੀ।ਉਸਨੇ ਉਸਦੇ ਨੇੜੇ ਹੁੰਦਿਆਂ ਆਖਿਆ,"ਕਿੱਧਰ ਗੁਟਾਰਾਂ 'ਚ ਟੱਕਰਾਂ ਮਾਰੀ ਜਾਨਾ,ਤੇਰੀ ਕਬੂਤਰੀ ਤਾਂ ਇੱਧਰੋਂ ਆ ਰਹੀ ਆ।"

ਉਹ ਇੱਕਦਮ ਚੌਂਕਿਆ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ।ਉਸਨੇ ਮੁੜ ਕੇ ਦੇਖਿਆ ਤਾਂ ਉਹ ਪਿੰਕ ਸੂਟ ਵਿੱਚ ਸਜੀ ਉਸ ਵੱਲ ਹੀ ਆ ਰਹੀ ਸੀ।ਉਸਨੇ ਉਸਨੂੰ ਪਹਿਲਾਂ ਕਦੇ ਵੀ ਐਨੇ ਸੁਹੱਪਣ 'ਚ ਨਹੀਂ ਸੀ ਦੇਖਿਆ।ਖੁੱਲ੍ਹੇ ਵਾਲ਼ ਮੱਠੀ-ਮੱਠੀ ਪੌਣ ਨਾਲ਼ ਉੱਡ-ਉੱਡ ਕੇ ਉਸਦੇ ਹੁਸੀਨ ਚਿਹਰੇ ਨੂੰ ਢਕ ਰਹੇ ਸਨ ਜਦੋਂ ਉਹ ਵਾਲ਼ਾਂ ਦੀ ਲਿਟ ਨੂੰ ਸਰਕਾਉਂਦੀ ਤਾਂ ਇੰਝ ਲੱਗਦਾ ਸੀ ਜਿਵੇਂ ਬੱਦਲ਼ਾਂ ਪਿੱਛੋਂ ਸਤਰੰਗੀ ਪੀਂਘ ਨਿੱਕਲ਼ ਆਈ ਹੋਵੇ।

"ਗਗਨ ਤੂੰ ਕਦੋਂ ਅੰਦਰ ਚਲੀ ਗਈ ਸੀ।" ਗੋਖੇ ਨੇ ਸ਼ਿਵਚਰਨ ਦੇ ਮੂੰਹ ਦੀ ਗੱਲ ਪਹਿਲਾਂ ਹੀ ਉਸਨੂੰ ਕਹਿ ਦਿੱਤੀ ਤਾਂ ਉਹ ਇਸ 'ਤੇ ਗੋਖੇ ਵੱਲ ਔਖਾ ਜਿਹਾ ਹੋ ਕੇ ਵੇਖਦਾ ਹੈ।

"ਮੈਨੂੰ ਤਾਂ ਆਈ ਨੂੰ ਅੱਧਾ ਘੰਟਾ ਹੋ ਚੁੱਕਿਆ।ਮੈਨੂੰ ਕੁਲਵੀਰ ਮੈਡਮ ਨੇ ਜਲਦੀ ਬੁਲਾ ਲਿਆ ਸੀ।ਉਨ੍ਹਾਂ ਨੇ ਮਹਿਮਾਨਾਂ ਨੂੰ ਰਸੀਵ ਕਰਨ ਤੇ ਉਨ੍ਹਾਂ ਦੇ ਵੈਲਕਮ ਬੈਜ ਲਗਾਉਣ ਦੀ ਡਿਊਟੀ ਮੇਰੀ ਤੇ ਮੇਰੀਆਂ ਹੀ ਜਮਾਤ ਵਾਲ਼ੀਆਂ ਹੋਰ ਕੁੜੀਆਂ ਦੀ ਲਗਾਈ ਆ।" ਉਹ ਖ਼ੁਸ਼ੀ ਤੇ ਚਾਅ ਨਾਲ਼ ਪੱਬਾਂ ਭਾਰ ਹੋ-ਹੋ ਕੇ ਦੱਸ ਰਹੀ ਸੀ।

"ਅੱਛਾ ! ਮੈਂ ਤਾਂ ਸੋਚਿਆ ਸੀ ਤੂੰ ਲੇਟ ਆਉਣਾ ਹੋਊ,ਤੂੰ ਦੱਸਣਾ ਵੀ ਤਾਂ ਜ਼ਰੂਰੀ ਨਹੀਂ ਸਮਝਿਆ।"

"ਆਹੋ,ਦੱਸ ਦੇਣਾ ਸੀ ,ਇਹ ਵਿਚਾਰਾ ਕਦੋਂ ਦਾ ਰੇੜ੍ਹੀ ਚੌਂਕ ਵਿੱਚ ਅੱਡੀਆਂ ਚੁੱਕ-ਚੁੱਕ ਦੇਖੀ ਜਾਂਦਾ।"

ਗੋਖੇ ਨੇ ਕਹਿ ਕੇ ਸ਼ਿਵਚਰਨ ਨੂੰ ਚਿੜ੍ਹਾਇਆ ਤਾਂ ਗਗਨ ਖਿੜ-ਖਿੜਾ ਕੇ ਹੱਸ ਪਈ।ਉਸਦਾ ਹਾਸਾ ਸ਼ਿਵਚਰਨ ਦੇ ਧੁਰ ਅੰਦਰ ਤੱਕ ਲਹਿ ਗਿਆ।ਉਹ ਗਗਨ ਦੀਆਂ ਅੱਖਾਂ ਤੋਂ ਨੀਵੀਂ ਨਹੀਂ ਸੀ ਹਟਾ ਰਿਹਾ।ਉਸਦੀਆਂ ਨਜ਼ਰਾਂ ਗਗਨ ਨੂੰ ਇਹ ਵੀ ਪੁੱਛਦੀਆਂ ਲੱਗ ਰਹੀਆਂ ਸਨ ਕਿ ਉਸਨੇ ਮਹਿਮਾਨਾਂ ਨੂੰ ਰਸੀਵ ਕਰਨ ਤੇ ਬੈਜ ਲਾਉਣ ਵਾਲ਼ੀ ਗੱਲ ਉਸਨੂੰ ਕਿਉਂ ਨਹੀਂ ਸੀ ਦੱਸੀ।ਉਸਦੀ ਦੇਖਣੀ ਵਿੱਚੋਂ ਨਰਾਜ਼ਗੀ ਸਪਸ਼ਟ ਝਲਕਦੀ ਸੀ।ਜਦੋਂ ਉਹ ਦੇਖੀ ਜਾ ਰਹੇ ਸਨ ਤਾਂ ਗੋਖੇ ਨੇ ਸਿਕੰਦਰ ਦੇ ਮੋਢੇ ਤੇ ਸਟਾਇਲ ਜਿਹਾ ਬਣਾ ਕੇ ਕੂਹਣੀ ਰੱਖਦਿਆਂ ਕਿਹਾ,"ਚੱਲੀਏ ਹੁਣ ਕੁ ਰੇੜ੍ਹੀ ਚੌਂਕ ਵਿੱਚ ਹੀ ਨਾਕਾ ਲਾਉਣ ਦਾ ਇਰਾਦਾ ਹੈ।"

ਸੁਣ ਕੇ ਦੋਵੇਂ ਨਿਮੋਝੂਣੇ ਜਿਹੇ ਹੋ ਗਏ। ਗੋਖਾ ਤੇ ਸਿਕੰਦਰ ਅੱਗੇ ਤੁਰ ਪਏ ਤੇ ਗਗਨ ਤੇ ਸ਼ਿਵਚਰਨ ਤੁਰਦੇ-ਤੁਰਦੇ ਲਾਇਬ੍ਰੇਰੀ ਦੇ ਲਾਅਨ ਵਿੱਚ ਪਹੁੰਚ ਗਏ ਸਨ।

"ਸ਼ਿਵ! ਮੈਨੂੰ ਕੁਲਵੀਰ ਮੈਡਮ ਨੇ ਇਹ ਡਿਊਟੀ ਦਿੰਦਿਆਂ ਇੰਝ ਕਿਉਂ ਕਿਹਾ ਸੀ 'ਪਲੀਜ਼ ..ਡਾਂਟ ਮਾਂਈਂਡ ਬੇਟਾ,ਤੇਰੀ ਡਿਉਟੀ ਲਾਉਣਾ ਮੇਰੀ ਮਜਬੂਰੀ ਏ'।"

"ਵੈਸੇ ਹੀ ਕਹਿਤਾ ਹੋਣੈ,ਤੂੰ ਬਹੁਤਾ ਹਿੱਸਾ ਨਹੀਂ ਨਾ ਲੈਂਦੀ।"

"ਹੋ ਸਕਦਾ,ਪਰ ਉਹ ਉਸ ਸਮੇਂ ਉਦਾਸ ਜਿਹੇ ਲੱਗੇ ਤੇ ਫਿਰ ਉਨ੍ਹਾਂ ਨੇ ਮੇਰਾ ਚੁੰਨੀ ਨਾਲ਼ ਸਿਰ ਢਕ ਦਿੱਤਾ,ਬਾਅਦ 'ਚ ਉਹ ਹੋਰ ਵੀ ਉਦਾਸ ਜਿਹੇ ਹੋ ਗਏ।"

"ਬਸ ਕਈ ਵਾਰੀ ਜ਼ਿੰਦਗੀ ਦੀਆਂ ਸੱਟਾਂ ਸਭ ਚਾਅ ਮਲਾਰਾਂ ਨੂੰ ਸੋਗੀ ਕਰ ਦਿੰਦੀਆਂ ਨੇ।"

"ਚੱਲ ਠੀਕ ਆ,ਮਿਲ਼ਦੇ ਆਂ ਫਿਰ ਬਾਅਦ 'ਚ।" ਗਗਨ ਨੇ ਹੌਲ਼ੀ ਜਿਹੀ ਪਿਆਰ ਨਾਲ਼ ਕਿਹਾ।

ਗਗਨ ਦੇ ਨਾਲ਼ ਦੀਆਂ ਕੁੜੀਆਂ ਨੇੜੇ ਖੜ੍ਹੀਆਂ ਉਸਦੀ ਉਡੀਕ ਕਰ ਰਹੀਆ ਸਨ। ਉਸਦੇ ਜਾਣ ਪਿੱਛੋਂ ਸ਼ਿਵਚਰਨ ਨੂੰ ਇਹ ਮਹਿਸੂਸ ਹੋ ਰਿਹਾ ਸੀ ਜਿਵੇਂ ਕੁਲਵੀਰ ਮੈਡਮ ਨੂੰ ਗਗਨ ਦੀ ਡਿਊਟੀ ਲਾਉਣ ਲਈ ਕਿਸੇ ਨੇ ਦਬਾਅ ਪਾਇਆ ਹੋਵੇ।

ਸਾਰੇ ਕਾਲਜ ਵਿੱਚ ਸਾਲਾਨਾ ਸਮਾਗਮ ਕਾਰਨ ਗਹਿਮਾ-ਗਹਿਮੀ ਹੋ ਗਈ ਸੀ। ਮੈਨੇਜਮੈਂਟ ਕਮੇਟੀ ਦੇ ਮੈਂਬਰਾਨ ਵੀ ਪਹੁੰਚ ਰਹੇ ਸਨ। ਸ਼ਰਮਾ ਜੀ ਸਭ ਨੂੰ ਅਟੈਂਡ ਕਰਕੇ ਵਾਰੀ-ਵਾਰੀ ਦਫ਼ਤਰ ਵਿੱਚ ਛੱਡ ਕੇ ਆ ਰਹੇ ਸਨ। ਬਹੁਤਾ ਸਟਾਫ਼ ਉਨ੍ਹਾਂ ਦੀ ਆਓ ਭਗਤ ਵਿੱਚ ਹੀ ਲੱਗਿਆ ਹੋਇਆ ਸੀ।

ਇਹ ਸਭ ਦੇਖ ਕੇ ਸ਼ਿਵਚਰਨ ਸੋਚ ਰਿਹਾ ਸੀ,"ਇਹੀ ਸਾਡੇ ਤੰਤਰ ਦੀ ਤਰਾਸਦੀ ਆ ਕਿ ਅਨਪੜ੍ਹ ਦਿਮਾਗ ਡਿਗਰੀਆਂ ਵਾਲ਼ਿਆਂ ਦੀ ਸੋਚ ਨੂੰ ਚਲਾ ਰਹੇ ਨੇ।"

ਚੇਅਰਮੈਨ ਦੀ ਗੱਡੀ ਗੇਟ 'ਤੇ ਪਹੁੰਚ ਚੁੱਕੀ ਸੀ। ਸਾਰਾ ਸਟਾਫ਼ ਗੇਟ ਵੱਲ ਨੂੰ ਰਿਸੀਵ ਕਰਨ ਜਾ ਰਿਹਾ ਸੀ। ਮੈਡਮ ਕੁਲਵੀਰ ਦੇ ਨਾਲ਼ ਗਗਨ ਤੇ ਹੋਰ ਕੁੜੀਆਂ ਵੀ ਪਲੇਟ ਅਤੇ ਫ਼ਲਾਵਰ ਲੈ ਕੇ ਗੇਟ 'ਤੇ ਪਹੁੰਚ ਚੁੱਕੀਆਂ ਸਨ। ਸਾਹਮਣੇ ਚੇਅਰਮੈਨ ਦੀ ਜਗ੍ਹਾ 'ਤੇ ਉਸਦਾ ਮੁੰਡਾ ਯੁਵਰਾਜ ਸਿੰਘ ਗੱਡੀ ਵਿੱਚੋਂ ਉੱਤਰ ਰਿਹਾ ਸੀ ਤੇ ਪ੍ਰੋਫ਼ੈਸਰ ਅਸਲਮ ਵੀ ਉਸਦੇ ਨਾਲ਼ ਸੀ। ਉਨ੍ਹਾਂ ਨੂੰ ਦੇਖ ਕੇ ਕੁਲਵੀਰ ਦਾ ਦਿਲ ਕੀਤਾ ਕੁੜੀਆਂ ਨੂੰ ਬਿਨਾਂ ਸਵਾਗਤ ਕੀਤੇ ਹੀ ਵਾਪਸ ਲੈ ਜਾਵੇ ਪਰ ਇਸ ਵਾਰ ਵੀ 'ਨੌਕਰੀ' ਤੇ 'ਨੌਕਰ' ਸ਼ਬਦ ਉਸਦੇ ਜ਼ਿਹਨ 'ਚ ਆ ਕੇ ਉਸਦੀ ਜ਼ਮੀਰ ਨੂੰ ਅੰਗੂਠਾ ਦਿਖਾ ਰਹੇ ਸਨ।

ਉਨ੍ਹਾਂ ਦੋਹਾਂ ਦੇ ਚਿਹਰੇ ਇੰਝ ਖਿੜੇ ਸਨ ਜਿਵੇਂ ਲੇਲ਼ੇ ਨੂੰ ਦੇਖ ਕੇ ਬਘਿਆੜ ਦੇ ਮੂੰਹ ਵਿੱਚ ਪਾਣੀ ਆ ਗਿਆ ਹੋਵੇ। ਗਗਨ ਦੇ ਬੁੱਲ੍ਹਾਂ ਦੀ ਕੁਦਰਤੀ ਮੁਸਕਾਨ ਕੁਲਵੀਰ ਮੈਡਮ ਦੇ ਅੰਦਰ ਡਰ ਜਿਹਾ ਪੈਦਾ ਕਰ ਰਹੀ ਸੀ। ਜਦੋਂ ਗਗਨ ਨੇ ਗੁਲਦਸਤਾ ਭੇਂਟ ਕੀਤਾ ਤਾਂ ਯੁਵਰਾਜ ਦਾ ਹੱਥ ਮੱਲੋ ਜ਼ੋਰੀ ਗਗਨ ਦੇ ਹੱਥ ਨੂੰ ਛੂਹ ਰਿਹਾ ਸੀ ਤੇ ਅਸਲਮ ਦੀਆਂ ਹੱਸਦੀਆਂ ਅੱਖਾਂ ਕੁਲਵੀਰ ਦੀ ਚਿੰਤਾ ਨੂੰ ਹੋਰ ਵੀ ਚਿੜਾ ਰਹੀਆਂ ਸਨ।

ਫ਼ੰਕਸ਼ਨ ਥੋੜ੍ਹੇ ਹੀ ਸਮੇਂ ਬਾਅਦ ਸ਼ੁਰੂ ਹੋ ਗਿਆ ਸੀ। ਵਿਦਿਆਰਥੀ ਕਲਾਕਾਰ ਆਪਣੀਆਂ ਤਿਆਰੀਆਂ ਵਿੱਚ ਜੁਟ ਗਏ ਸਨ। ਸਾਰੇ ਹੀ ਭਾਗ ਲੈਣ ਵਾਲ਼ੇ ਕਲਾਕਾਰ ਸਟੇਜ ਦੇ ਨਾਲ਼ ਲੱਗਦੇ ਕਮਰੇ ਵਿੱਚ ਹਾਜ਼ਰ ਸਨ। ਸਭ ਤੋਂ ਪਹਿਲਾਂ ਗਰੁੱਪ ਸ਼ਬਦ ਤੇ ਬਾਅਦ ਵਿੱਚ ਵੈਲਕਮ ਡਾਂਸ ਸ਼ੁਰੂ ਹੋਇਆ। ਡਾਂਸ ਵਿੱਚ ਗਗਨ ਨੇ ਹਿੱਸਾ ਲਿਆ ਸੀ। ਜਦੋਂ ਗਗਨ ਹਰੀ ਪਜਾਮੀ ਨਾਲ਼ ਲਾਲ ਰੰਗ ਦੀ ਫ਼ਰਾਕ ਤੇ ਨਾਗਣੀ ਵਰਗੀ ਗੁੱਤ ਕਰੀ ਸ਼ਿਵਚਰਨ ਨੂੰ ਮਿਲ਼ੀ ਤਾਂ ਉਸਦੀਆਂ ਧੜਕਣਾਂ ਬੇਕਾਬੂ ਹੋ ਗਈਆਂ। ਇੱਕ ਤਾਂ ਉਸਦਾ ਹੁਸਨ ਸ਼ਿਵਚਰਨ 'ਤੇ ਹਾਵੀ ਹੋ ਰਿਹਾ ਸੀ ਤੇ ਦੂਜਾ ਉਸਨੂੰ ਉਸ ਉੱਪਰ ਗੱਸਾ ਵੀ ਆ ਰਿਹਾ ਸੀ ਕਿ ਉਸਨੇ ਉਸਨੂੰ ਡਾਂਸ ਵਿੱਚ ਹਿੱਸਾ ਲੈਣ ਬਾਰੇ ਵੀ ਦੱਸਿਆ ਕਿਉਂ ਨਹੀਂ ਸੀ। ਉਸਨੇ ਉਸਦੇ ਕੋਲ਼ ਜਿਹੇ ਹੋ ਕੇ ਪੁੱਛਿਆ, "ਆਹ ਕੀ ਆ ?"

"ਸਰਪਰਾਈਜ਼...ਤੇਰੇ ਲਈ।"

ਉਹ ਆਖ ਸਟੇਜ 'ਤੇ ਚਲੀ ਗਈ। ਡਾਂਸ ਸ਼ੁਰੂ ਹੋ ਗਿਆ। ਯੁਵਰਾਜ ਗਗਨ ਦੀਆਂ ਅਦਾਵਾਂ ਨੂੰ ਬਹੁਤ ਹੀ ਭੈੜੀਆਂ ਨਜ਼ਰਾਂ ਨਾਲ਼ ਦੇਖ ਰਿਹਾ ਸੀ। ਪ੍ਰੋਫ਼ੈਸਰ ਅਸਲਮ ਕਾਫ਼ੀ ਸਮੇਂ ਤੋਂ ਫ਼ੋਨ 'ਤੇ ਹੀ ਬਿਜ਼ੀ ਆ ਰਿਹਾ ਸੀ

।ਯੁਵਰਾਜ ਜਦੋਂ ਗਗਨ ਨੂੰ ਇਸ ਤਰ੍ਹਾਂ ਦੇਖ ਰਿਹਾ ਸੀ ਤਾਂ ਸ਼ਿਵਚਰਨ ਦਾ ਮਨ ਕੀਤਾ ਉਸਦੀਆਂ ਅੱਖਾਂ ਕੱਢ ਲਵੇ।ਉਸਨੂੰ ਯੁਵਰਾਜ ਨਾਲ਼ੋਂ ਵੀ ਵਧੇਰੇ ਗੁੱਸਾ ਗਗਨ 'ਤੇ ਆ ਰਿਹਾ ਸੀ।ਸਿਕੰਦਰ ਸ਼ਿਵਚਰਨ ਤੋਂ ਵੀ ਵਧੇਰੇ ਔਖਾ ਮਹਿਸੂਸ ਕਰ ਰਿਹਾ ਸੀ ਪਰ ਗੋਖਾ ਲਚੜੇਵਾਂ ਕਰਦਾ ਹੋਇਆ ਗਗਨ ਦੇ ਡਾਂਸ ਨੂੰ ਸਵਾਦ ਲੈ-ਲੈ ਕੇ ਦੇਖ ਰਿਹਾ ਸੀ।

ਅਸਲਮ ਵਾਰ-ਵਾਰ ਉੱਠ ਕੇ ਬਾਹਰ ਨੂੰ ਜਾ ਰਿਹਾ ਸੀ।ਸ਼ਿਵਚਰਨ ਨੇ ਕਦੇ ਇਸ ਤਰ੍ਹਾਂ ਅਸਲਮ ਨੂੰ ਬੇਚੈਨੀ ਜਿਹੀ ਵਿੱਚ ਨਹੀਂ ਸੀ ਦੇਖਿਆ ਜਿਨਾਂ ਉਹ ਅੱਜ ਬੇਚੈਨ ਜਿਹਾ ਲੱਗ ਰਿਹਾ ਸੀ।ਇੰਝ ਲੱਗਦਾ ਸੀ ਜਿਵੇਂ ਬਘਿਆੜ ਨੂੰ ਲੇਲ਼ਾ ਵੀ ਆਕਰਸ਼ਿਤ ਨਾ ਕਰ ਪਾ ਰਿਹਾ ਹੋਵੇ।

ਜਦੋਂ ਗਗਨ ਡਾਂਸ ਤੋਂ ਬਾਅਦ ਸਟੇਜ ਤੋਂ ਉੱਤਰ ਕੇ ਗਰੀਨ ਰੂਮ ਵਿੱਚ ਗਈ ਤਾਂ ਸ਼ਿਵਚਰਨ ਨੇ ਉਦਾਸੀਆਂ ਨਜ਼ਰਾਂ ਰਾਹੀਂ ਉਸ ਨਾਲ਼ ਗਿਲਾ ਕੀਤਾ ਪਰ ਬੋਲਿਆ ਕੁਝ ਵੀ ਨਾ।ਉਸ ਨੂੰ ਇਸ ਤਰ੍ਹਾਂ ਦੇਖ ਗਗਨ ਵੀ ਉਦਾਸ ਜਿਹੀ ਹੋ ਗਈ।ਉਸ ਤੋਂ ਬਾਅਦ ਲਗਾਤਾਰ ਪ੍ਰੋਗਰਾਮ ਚੱਲ ਰਿਹਾ ਸੀ ਪਰ ਸ਼ਿਵਚਰਨ ਦੀ ਉਦਾਸੀ ਗੰਭੀਰਤਾ ਵਿੱਚ ਬਦਲ ਚੁੱਕੀ ਸੀ।

ਹੁਣ ਸਿਕੰਦਰ ਦੀ ਕਵਿਤਾ ਬੋਲਣ ਦੀ ਵਾਰੀ ਆ ਚੁੱਕੀ ਸੀ।ਸਿਕੰਦਰ ਵੀ ਭਾਵੇਂ ਸ਼ਿਵਚਰਨ ਨਾਲ਼ ਉਦਾਸ ਜਿਹਾ ਹੋ ਗਿਆ ਸੀ ਪਰ ਸਟੇਜ 'ਤੇ ਜਾ ਕੇ ਉਹ ਹਮੇਸ਼ਾ ਆਪਣੇ ਸ਼ਬਦਾਂ ਨੂੰ ਰੂਹ ਨਾਲ਼ ਹੀ ਪੇਸ਼ ਕਰਦਾ ਸੀ।ਉਹ ਸਟੇਜ ਤੋਂ ਬੋਲਦਾ ਹੈ,"ਜਦੋਂ ਤੱਕ ਅਸੀਂ ਆਪਣੀ ਸੋਚ ਵਿੱਚ ਮਨੁੱਖੀ ਪ੍ਰਵਿਰਤੀ ਦੀ ਹੋਂਦ ਨਹੀਂ ਲੈ ਆਉਂਦੇ ਉਦੋਂ ਤੱਕ ਜ਼ਿੰਦਗੀ ਦੇ ਮਾਅਨਿਆਂ ਨੂੰ ਨਹੀਂ ਸਮਝ ਸਕਦੇ।ਜ਼ਿੰਦਗੀ ਦੀ ਸਾਰਥਕਤਾ ਲਈ ਮਾਨਵਤਾ ਨੂੰ ਸਿਰਜਣਾ ਬਹੁਤ ਜ਼ਰੂਰੀ ਹੈ......ਸੋ ਹਾਜ਼ਰੀਨ! ਮੇਰੀ ਕਵਿਤਾ ਦਾ ਸਿਰਲੇਖ ਹੈ, 'ਮਾਨਵਤਾ'।"

"ਮਾਨਵਤਾ...ਮਨ ਵਿੱਚੋਂ
ਉਪਜੀ ਹੋਈ ਸ਼ੈਅ ਹੈ।
ਇਸੇ ਲਈ ਤਾਂ ਇਸ ਵਿੱਚ
ਕੁਦਰਤ ਵਰਗੀ ਲੈਅ ਹੈ।
ਕਰੀਂ ਨਾ ਤੰਗ ਇਸਨੂੰ,
ਕਰੀਂ ਨਾ ਭੰਗ ਇਸਨੂੰ,
ਇਸ ਤੋਂ ਮਨਫ਼ੀ ਹੋ ਕੇ
ਇਹ 'ਦੁਨੀਆਂ' ਤਾਂ ਬਸ
ਇੱਕ ਗ੍ਰਹਿ ਹੈ।"

ਸਾਰਾ ਪੰਡਾਲ ਸਿਕੰਦਰ ਦੀ ਕਵਿਤਾ ਵਿੱਚ ਗੁੰਮ ਗਿਆ ਸੀ ਪਰ ਅਸਲਮ ਤੇ ਯੁਵਰਾਜ ਦਾ ਧਿਆਨ ਕਵਿਤਾ ਦੀ ਬਜਾਇ ਗੱਲਾਂ ਵਿੱਚ ਸੀ।ਸਿਕੰਦਰ ਵੀ ਕਵਿਤਾ ਬੋਲਦਾ ਹੋਇਆ ਇਨ੍ਹਾਂ ਦੀਆ ਗਤੀ-ਵਿਧੀਆਂ ਤੋਂ ਔਖਾ ਜਿਹਾ ਹੋ ਰਿਹਾ ਸੀ।ਜਦੋਂ ਸਿਕੰਦਰ ਨੇ ਕਵਿਤਾ ਦੀਆਂ ਆਖਰੀ ਸਤਰਾਂ ਬੋਲੀਆਂ ਤਾਂ ਅਸਲਮ ਉੱਠ ਕੇ ਗੇਟ ਵੱਲ ਨੂੰ ਹੋ ਗਿਆ।

ਇਸ ਤੋਂ ਬਾਅਦ ਹੀ ਸ਼ਿਵਚਰਨ ਤੇ ਉਸਦੇ ਸਾਥੀਆਂ ਦੁਆਰਾ ਤਿਆਰ ਕੀਤੇ ਪਲੇਅ ਦੀ ਵਾਰੀ ਆ ਗਈ।ਉਨ੍ਹਾਂ ਦੇ ਪਲੇਅ ਨੇ ਸ੍ਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ ਸੀ।ਗਰੀਨ ਰੂਮ ਵਿੱਚ ਵੀ ਸ਼ਰਮਾ ਜੀ ਸ਼ਿਵਚਰਨ ਨੂੰ ਆਪਣੀ ਗਲ਼ਵੱਕੜੀ 'ਚ ਲੈ ਕੇ ਕਿੰਨਾ ਚਿਰ ਪਿਆਰ ਦਿੰਦੇ ਰਹੇ।ਗਲ਼ਵੱਕੜੀ ਵਿੱਚੋਂ ਹੀ ਉਸਦੀ ਨਜ਼ਰ ਸੁਲਤਾਨ 'ਤੇ ਜਾ ਪਈ।ਉਹ ਸ਼ਰਮਾ ਜੀ ਤੋਂ ਮੁਆਫ਼ੀ ਮੰਗ ਕੇ ਸਿੱਧਾ ਸੁਲਤਾਨ ਕੋਲ਼ ਜਾ ਪਹੁੰਚਿਆ।

"ਕੀ ਗੱਲ ਆ ਸੁਲਤਾਨ ?" ਸ਼ਿਵਚਰਨ ਨੇ ਪੁੱਛਿਆ।

"ਸੁੱਖ ਤਾਂ ਹੈ ?" ਸਿਕੰਦਰ ਨੇ ਵੀ ਨਾਲ਼ ਹੀ ਸਵਾਲ ਕਰ ਦਿੱਤਾ ਤੇ ਸੁਲਤਾਨ ਨੇ ਹਾਂ ਵਿੱਚ ਸਿਰ ਹਿਲਾਉਂਦਿਆਂ ਕਿਹਾ,"ਕਾਰੇ ਦਾ ਤਾਂ ਕੰਮ ਹੋ ਗਿਆ।"

“ਕਿਵੇਂ!....ਕੀ ਹੋ ਗਿਆ ?” ਸ਼ਿਵਚਰਨ ਤੇ ਸਿਕੰਦਰ ਦੇ ਇਕੱਠਿਆਂ ਦੇ ਹੀ ਮੂੰਹੋਂ ਨਿੱਕਲ਼ਿਆ।।

“ਉਸ ਕੋਲ਼ੋਂ ਡਰਗਸ ਫੜੀ ਗਈ......ਝੌਂਪੜੀ ’ਚ ਹੀ ਲੁਕਾਈ ਬੈਠਾ ਸੀ ਪਤੰਦਰ।”

“ਓ.ਕੇ! ਬਾਅਦ ’ਚ ਮਿਲ਼ਦੇ ਹਾਂ।”ਉਹ ਦੋਵੇਂ ਸੁਲਤਾਨ ਨੂੰ ਏਨਾ ਆਖ ਕੇ ਆਪ ਸ਼ਰਮਾ ਜੀ ਨਾਲ਼ ਕੰਮ ਵਿੱਚ ਜੁਟ ਗਏ।

ਸ਼ਾਮ ਨੂੰ ਫ਼ੰਕਸ਼ਨ ਦੀ ਸਮਾਪਤੀ ਮਗਰੋਂ ਉਹ ਸ਼ਰਮਾ ਜੀ ਨੂੰ ਰਾਮ-ਰਾਮ ਕਹਿ ਕੇ ਬਜ਼ਾਰ ਵੱਲ ਨੂੰ ਹੋ ਗਏ।ਕਾਲਜ ਵਿੱਚੋਂ ਹੁਣ ਸਾਰੇ ਜਾ ਚੁੱਕੇ ਸਨ।ਗਗਨ ਵੀ ਸ਼ਿਵਚਰਨ ਨੂੰ ਮਿਲਣ ਦੀ ਕੋਸ਼ਿਸ਼ ਕਰਦੀ ਰਹੀ ਪਰ ਉਸਦਾ ਧਿਆਨ ਕਾਰੇ ਵਾਲ਼ੀ ਘਟਨਾ ਵੱਲ ਹੀ ਹੋ ਗਿਆ ਸੀ।ਉਸਨੂੰ ਕਈ ਵਾਰ ਉਹ ਚੇਤੇ ਵੀ ਆਈ ਪਰ ਉਸਨੇ ਨਰਾਜ਼ਗੀ ਕਾਰਨ ਉਸਨੂੰ ਮਿਲਣ ਲਈ ਵੀ ਕੋਈ ਤਾਂਘ ਨਾ ਦਿਖਾਈ।ਵਿਚਾਰੀ ਗਗਨ ਉਦਾਸ-ਚਿੱਤ ਹੀ ਘਰ ਨੂੰ ਪਰਤ ਆਈ ।ਉਹ ਦੋਵੇਂ ਅੱਜ ਫਿਰ ਲੇਟ ਹੋ ਜਾਣ ਕਾਰਨ ਤੇ ਕਾਰੇ ਦੀ ਘਟਨਾ ਬਾਰੇ ਜਾਣਨ ਲਈ ਸੁਲਤਾਨ ਦੇ ਘਰ ਹੀ ਜਾਣ ਦਾ ਪ੍ਰੋਗਰਾਮ ਬਣਾ ਚੁੱਕੇ ਸਨ।

ਉਹ ਬਜ਼ਾਰ ਵਿੱਚ ਦੀ ਹੋ ਕੇ ਦਾਣਾ ਮੰਡੀ ਵੱਲ ਨੂੰ ਹੀ ਨਿੱਕਲ਼ ਗਏ।ਦਾਣਾ ਮੰਡੀ ਵਾਲ਼ੀ ਸਾਰੀ ਸੜਕ ’ਤੇ ਪੁਲਿਸ ਹੀ ਪੁਲਿਸ ਖੜ੍ਹੀ ਸੀ।ਸਾਰਾ ਬਜ਼ਾਰ ਵੀ ਪੁਲਿਸ ਛਾਉਣੀ ਵਿੱਚ ਤਬਦੀਲ ਹੋ ਗਿਆ ਜਾਪਦਾ ਸੀ।ਦਾਣਾ ਮੰਡੀ ਨਾਲ਼ ਹੀ ਐੱਸ.ਐੱਸ.ਪੀ ਦਾ ਦਫ਼ਤਰ ਸੀ।ਉੱਥੇ ਤਾਂ ਰੈਲੀ ਵਰਗਾ ਮਹੌਲ ਸੀ।ਲਗਭਗ ਸਾਰੇ ਅਖ਼ਬਾਰਾਂ ਦੇ ਪੱਤਰਕਾਰ ਤੇ ਟੀ.ਵੀ ਚੈਨਲ ਵਾਲ਼ੇ ਵੀ ਉੱਥੇ ਪਹੁੰਚੇ ਹੋਏ ਸਨ।

ਉਹ ਦੋਵੇਂ ਸੱਤ ਕੁ ਵਜੇ ਤੱਕ ਬਜ਼ਾਰ ਘੁੰਮਦੇ ਰਹੇ ਤੇ ਫਿਰ ਉਹ ਸੁਲਤਾਨ ਦੇ ਘਰ ਨੂੰ ਚਲੇ ਗਏ।ਬਜ਼ਾਰ ਦੀ ਘਟਨਾ ਦਾ ਅਸਰ ਤਰਕਸ਼ੀਲ ਚੌਂਕ ਵਿੱਚ ਵੀ ਸਾਫ਼ ਦਿਖਾਈ ਦੇ ਰਿਹਾ ਸੀ।ਸੁਲਤਾਨ ਵੀ ਉਨ੍ਹਾਂ ਨੂੰ ਚੌਂਕ ਵਿੱਚ ਹੀ ਮਿਲ਼ ਗਿਆ।ਉਹ ਉਨ੍ਹਾਂ ਨੂੰ ਨਾਲ਼ ਲੈ ਕੇ ਆਪਣੇ ਘਰ ਚਲਾ ਗਿਆ।

ਉਹ ਤਿੰਨੋ ਚੁਬਾਰੇ ਵਿੱਚ ਬੈਠੇ ਚਾਹ ਪੀ ਰਹੇ ਸਨ ਕਿਉਂਕਿ ਖਾਣਾ ਤਾਂ ਉਨ੍ਹਾਂ ਨੇ ਕਾਲਜ ਵਿੱਚ ਹੀ ਖਾ ਲਿਆ ਸੀ।ਚਾਹ ਦੀ ਘੁੱਟ ਭਰਦੇ ਹੋਏ ਸ਼ਿਵਚਰਨ ਨੇ ਸੁਲਤਾਨ ਤੋਂ ਪੁੱਛਿਆ,“ਇਹ ਕਾਰੇ ਵਾਲ਼ੀ ਗੱਲ ਕਿਵੇਂ ਸਿਰੇ ਚੜ੍ਹੀ ਯਾਰ ਸਮਝ ਨੀਂ ਆਉਂਦੀ......ਉਸ ਮੁੰਡੇ ਦੇ ਲੱਛਣ ਮੈਨੂੰ ਪਹਿਲਾਂ ਹੀ ਠੀਕ ਨਹੀਂ ਸੀ ਲੱਗਦੇ,ਪਤਾ ਨੀ ਕਿੰਨੀਆਂ ਕੁ ਜ਼ਿੰਦਗੀਆਂ ਗਾਲ਼ੀਆਂ ਹੋਣਗੀਆਂ।”

“ਹਾਂ ਯਾਰ ਇਹ ਕਿਵੇਂ ਹੋ ਗਿਆ ?” ਸਿਕੰਦਰ ਨੇ ਵੀ ਉਤਸੁਕਤਾ ਦਿਖਾਈ।

“ਇਹ ਇੰਝ ਹੀ ਹੋਣਾ ਸੀ,ਸਾਨੂੰ ਤਾਂ ਇਸ ਬਾਰੇ ਪਤਾ ਹੀ ਨ੍ਹੀਂ ਸੀ,ਇਹ ਤੁਹਾਡੇ ਦੁਆਰਾ ਦਿੱਤੀ ਇਨਫ਼ਰਮੇਸ਼ਨ ਦਾ ਹੀ ਨਤੀਜਾ ਏ।”

“ਸਾਡੀ ਇਨਫ਼ਰਮੇਸ਼ਨ ?”

“ਹੋਰ ਕੀ ? ਜੇ ਤੁਸੀ ਕੱਲ੍ਹ ਰਾਤ ਮੇਰੇ ਨਾਲ਼ ਗੱਲ ਨਾ ਕਰਦੇ ਤਾਂ ਸਾਨੂੰ ਤੇ ਸਾਡੀ ਸੁਸਾਇਟੀ ਨੂੰ ਕਿੱਥੋਂ ਪਤਾ ਲੱਗਣਾ ਸੀ।”

“ਵਾਹ! ਇਹ ਤਾਂ ਤੁਸੀ ਸਮਾਜ ਦੀ ਸੱਚ ਨਾਲ਼ ਹੀ ਭਲਾਈ ਕੀਤੀ ਆ..ਪਰ ਸੱਪ ਦੀ ਖੱਡ ’ਚ ਹੱਥ ਕਿਵੇਂ ਪਾਇਆ ?”ਸਿਕੰਦਰ ਨੇ ਤਾਰੀਫ਼ ਕਰਦੇ ਨੇ ਹੀ ਸਵਾਲ ਕੀਤਾ।

“ਮੈਂ ਤੁਹਾਡੇ ਵੱਲੋਂ ਦੱਸੀ ਗੱਲ ਸੰਤ ਕੁਮਾਰ ਜੀ ਨਾਲ਼ ਸਾਂਝੀ ਕੀਤੀ,ਸਵੇਰੇ ਹੀ ਉਨ੍ਹਾਂ ਨੇ ਨਵੇਂ ਐੱਸ.ਐੱਸ.ਪੀ ਰਣਯੋਧ ਸਿੰਘ ਨੂੰ ਫ਼ੋਨ ਲਾ ਲਿਆ,ਉਹ ਵੀ ਬੜੇ ਹਿੰਮਤੀ ਦੇਖੇ,ਰੇਡ ਮਾਰ ਕੇ ਹੀ ਸਾਹ ਲਿਆ...ਹਾਂ..ਸੰਤ ਕੁਮਾਰ ਜੀ ਵੀ ਉਨ੍ਹਾਂ ਦੇ ਨਾਲ਼ ਗਏ ਸਨ।”

“ਕਮਾਲ ਕਰਤੀ ਯਾਰ..।” ਸ਼ਿਵਚਰਨ ਦੇ ਮੂੰਹੋਂ ਆਪ ਮੁਹਾਰੇ ਹੀ ਨਿੱਕਲ਼ਿਆ।

“ਸੱਚੀਂ ਯਾਰ ਹੈ ਤਾਂ ਕਮਾਲ ਈ ਆ...ਜੇ ਇੰਝ ਹੋਣ ਲੱਗ ਜੇ ਤਾਂ ਸਮਾਜ ਦਾ ਸੁਧਾਰ ਹੋਜੂ...ਪਰ ਮਗਰ-ਮੱਛਾਂ ਨੂੰ ਹੱਥ ਨੀ ਪੈਂਦੇ...ਰਾਜਨੀਤਿਕ ਫ਼ੋਨ ਵੀ ਵਾਰ-ਵਾਰ ਆਈ ਜਾ ਰਹੇ ਸਨ,ਸੰਤ ਕੁਮਾਰ ਜੀ ਦੱਸਦੇ ਸੀ ਸ਼ਾਇਦ ਅਸਲਮ ਵੀ ਨੇਤਾਵਾਂ ਨਾਲ਼ ਸੰਪਰਕ ਕਰ ਰਿਹਾ ਸੀ।” ਸੁਲਤਾਨ ਨੇ ਦੱਸਦਿਆਂ ਆਖਿਆ।

"ਜ਼ਰੂਰ ਹੋਊ ਸੰਪਰਕ ਵਿੱਚ,ਉਹਦੇ ਤਾਂ ਹੋਸ਼ ਈ ਉੱਡੇ ਪਏ ਸੀ,ਮੈਂ ਸਟੇਜ ਤੋਂ ਉਹਦੀ ਬੂਥੀ 'ਤੇ ਬਾਰਾਂ ਵੱਜੇ ਦੇਖੇ ਨੇ।" ਸਿਕੰਦਰ ਨੇ ਸੁਲਤਾਨ ਦੀ ਗੱਲ ਦੀ ਪ੍ਰੋੜਤਾ ਕਰਦੇ ਨੇ ਆਖਿਆ।

"ਸਾਲ਼ੇ ਦੀ ਇਹਦੀ ਵੀ ਆਊ ਕਦੇ ਵਾਰੀ।" ਸ਼ਿਵਚਰਨ ਦੰਦ ਜਿਹੇ ਪੀਸ ਕੇ ਰਹਿ ਗਿਆ।

"ਅੱਜ ਤੇਰਾ ਗਗਨ ਨਾਲ਼ ਰਵੱਈਆ ਵੀ ਵਧੀਆ ਨ੍ਹੀਂ ਸੀ ਯਾਰ।" ਸਿਕੰਦਰ ਨੇ ਸ਼ਿਵਚਰਨ ਨੂੰ ਆਖਿਆ ਤਾਂ ਉਹ ਅੱਗੋਂ ਭੜਕ ਗਿਆ।

"ਕਿਹੋ ਜਿਹਾ ਕਰਾਂ ਰਵੱਈਆਂ ਉਸ ਨਾਲ਼ ,ਉਹਨੇ ਮੈਥੋਂ ਪਾਰਟੀਸਿਪੇਸ਼ਨ ਬਾਰੇ ਲੁਕੋ ਕਿਉਂ ਰੱਖਿਆ ਸੀ...ਉਹ ਸਾਲ਼ਾ ਯੁਵਰਾਜ ਉਹਦੀ ਸਕੈਨਿੰਗ ਕਰਨ ਲੱਗਿਆ ਹੋਇਆ ਸੀ..।"

ਸ਼ਿਵਚਰਨ ਬਹੁਤ ਗੁੱਸੇ ਵਿੱਚ ਸੀ।ਉਹ ਉੱਠ ਕੇ ਖੜ੍ਹਾ ਹੋ ਗਿਆ "ਮੈਨੂੰ ਉਸਦਾ ਗਗਨ ਨੂੰ ਤੱਕਣਾ ਠੀਕ ਨਹੀਂ ਲੱਗਿਆ ਤੇ ਜਦੋਂ ਉਹ ਜਾਂਦਾ ਹੋਇਆ ਗੱਡੀ ਵਿੱਚ ਬੈਠਿਆ ਤਾਂ ਬਹੁਤ ਔਖਾ ਵੀ ਦੇਖਦਾ ਸੀ,ਲੱਗਦਾ ਅਸਲਮ ਸਰ ਨੇ ਆਪਣਾ ਤੁਆਰਫ਼ ਚੰਗੀ ਤਰ੍ਹਾਂ ਕਰਵਾ ਦਿੱਤਾ ਉਸ ਨੂੰ।"

"ਗੁੱਸੇ ਨੂੰ ਮਾਰ ਯਾਰ,ਹੁਣ ਤੂੰ ਵੀ ਬਚ ਕੇ ਰਹੀਂ..ਇਹ ਹੱਡਾ-ਰੋੜੀ ਦੇ ਕੁੱਤੇ ਨੇ,ਖ਼ੂਨ ਲੱਗਿਆ ਇਨ੍ਹਾਂ ਦੇ ਮੂੰਹ ਨੂੰ।" ਸੁਲਤਾਨ ਨੇ ਸ਼ਿਵਚਰਨ ਨੂੰ ਬਿਠਾਉਂਦੇ ਹੋਏ ਕਿਹਾ।

ਰਾਤ ਬਹੁਤ ਹੋ ਗਈ ਸੀ।ਅਖ਼ੀਰ ਉਹ ਐੱਸ.ਐੱਸ.ਪੀ ਤੇ ਸੰਤ ਕੁਮਾਰ ਜੀ ਦੀਆਂ ਤਾਰੀਫ਼ਾਂ ਕਰਦੇ ਤੇ ਅਸਲਮ ,ਘੁੱਦਾ ਤੇ ਪਠਾਨੀਆ ਵਰਗਿਆਂ ਨੂੰ ਲਾਹਨਤਾਂ ਪਾਉਂਦੇ ਉਹ ਗੂੜ੍ਹੀ ਨੀਂਦ ਸੌਂ ਗਏ।

---

*

## ਕਾਂਡ-9

ਫ਼ੰਕਸ਼ਨ ਮਗਰੋਂ ਜਮਾਤਾਂ ਫ਼ਿਰ ਉਸੇ ਤਰ੍ਹਾਂ ਹੀ ਚੱਲ ਪਈਆਂ ਸਨ।ਅਸਲਮ ਤੇ ਉਸਦੇ ਸਾਥੀਆਂ ਨੂੰ ਕਾਰੇ ਦਾ ਫੜੇ ਜਾਣਾ ਕਿਸੇ ਵੀ ਤਰ੍ਹਾਂ ਮਨਜ਼ੂਰ ਨਹੀਂ ਸੀ ਹੋ ਰਿਹਾ।ਉਨ੍ਹਾਂ ਨੂੰ ਪੂਰਾ ਯਕੀਨ ਸੀ ਕਿ ਇਸ ਫੜ-ਫੜਾਈ ਵਿੱਚ ਸ਼ਿਵਚਰਨ ਦਾ ਜ਼ਰੂਰ ਕੋਈ ਹੱਥ ਹੈ।ਇਸ ਲਈ ਉਹ ਉਨ੍ਹਾਂ 'ਤੇ ਨਜ਼ਰ ਰੱਖਣ ਲੱਗ ਗਏ ਸਨ।ਉਨ੍ਹਾਂ ਨੇ ਆਨੇ-ਬਹਾਨੇ ਉਨ੍ਹਾਂ ਨੂੰ ਆਉਂਦੇ ਜਾਂਦੇ ਤੰਗ ਵੀ ਕਰਨਾ ਸ਼ੁਰੂ ਕਰ ਦਿੱਤਾ ਸੀ।

ਸ਼ਿਵਚਰਨ ਦੀ ਗਗਨ ਨਾਲ਼ ਨਰਾਜ਼ਗੀ ਜਿਉਂ ਦੀ ਤਿਉਂ ਚੱਲ ਰਹੀ ਸੀ।ਮਹੀਨੇ ਤੋਂ ਉੱਪਰ ਦਾ ਸਮਾਂ ਹੋ ਗਿਆ ਸੀ ਪਰ ਸ਼ਿਵਚਰਨ ਨੇ ਗਗਨ ਨਾਲ਼ ਕਦੇ ਸਿੱਧੇ ਮੂੰਹ ਗੱਲ ਨਹੀਂ ਸੀ ਕੀਤੀ।।ਉਹ ਉਸਦੀ ਨਰਾਜ਼ਗੀ ਦੇ ਵਿਯੋਗ ਵਿੱਚ ਪੀਲ਼ੀ ਪੈਂਦੀ ਜਾ ਰਹੀ ਸੀ।ਇੱਕ ਦਿਨ ਗਗਨ ਨੇ ਸਾਰੀ ਕਹਾਣੀ ਮੈਡਮ ਕੁਲਵੀਰ ਨੂੰ ਜਾ ਕੇ ਦੱਸ ਦਿੱਤੀ।ਮੈਡਮ ਨੇ ਸਾਰੀ ਗੱਲ ਧਿਆਨ ਨਾਲ਼ ਸੁਣੀ ਅਤੇ ਪਿਆਰ ਨਾਲ਼ ਬੁੱਕਲ਼ ਵਿੱਚ ਲੈਂਦੀ ਨੇ ਕਿਹਾ,"ਉਸਦੀ ਤੇਰੇ ਨਾਲ਼ ਇਹ ਨਰਾਜ਼ਗੀ ਤੇਰੇ ਨਾਲ਼ ਅੰਤਾਂ ਦਾ ਪਿਆਰ ਹੋਣ ਦਾ ਪ੍ਰਗਟਾਵਾ ਹੈ।ਤੂੰ ਫਿਕਰ ਨਾ ਕਰ,ਮੁਹੱਬਤੀ ਦੀਵਿਆਂ ਦੀ ਲੋਅ ਤੂਫ਼ਾਨਾਂ ਤੋਂ ਵੀ ਨਹੀਂ ਬੁਝਦੀ...ਹਾਂ ਨਿੱਕੇ-ਨਿੱਕੇ ਬਾਵਰੋਲ਼ੇ ਦੀਵਿਆਂ ਦਾ ਰੁੱਖ ਜ਼ਰੂਰ ਬਦਲ ਦਿੰਦੇ ਨੇ।"

ਕੁਲਵੀਰ ਮੈਡਮ ਇਹ ਕਹਿੰਦੀ ਆਪ ਉਦਾਸ ਜਿਹੀ ਹੋ ਗਈ ਸੀ ਪਰ ਉਸਦੇ ਅਲਫ਼ਾਜ਼ਾਂ ਨੇ ਗਗਨ ਦੇ ਮੁਹੱਬਤੀ ਵਿਸ਼ਵਾਸ ਨੂੰ ਹੋਰ ਵੀ ਦ੍ਰਿੜ ਕਰ ਦਿੱਤਾ ਸੀ।

ਅਗਲੇ ਦਿਨ ਮੈਡਮ ਨੇ ਸ਼ਿਵਚਰਨ ਨੂੰ ਕੋਲ਼ ਬੁਲਾ ਕੇ ਗਗਨ ਨਾਲ਼ ਉਸਦੀ ਨਰਾਜ਼ਗੀ ਬਾਰੇ ਗੱਲ ਕੀਤੀ ਅਤੇ ਉਸਨੇ ਦੱਸਿਆ ਕਿ ਉਸਨੂੰ ਫ਼ੰਕਸ਼ਨ ਵਿੱਚ ਹਿੱਸਾ ਲੈਣ ਬਾਰੇ ਖ਼ੁਦ ਵੀ ਨਹੀਂ ਪਤਾ ਸੀ।ਬਸ ਇੱਕ ਦੋ ਦਿਨ ਪਹਿਲਾਂ ਉਸਨੇ ਹੀ ਉਸਨੂੰ ਤਿਆਰ ਕੀਤਾ ਸੀ।

"ਪੁੱਤਰਾ! ਮੈਨੂੰ ਮਾਫ਼ ਕਰੀਂ।" ਆਖ ਉਸਨੇ ਅੱਖਾਂ ਭਰ ਲਈਆ ਤਾਂ ਉਹ ਇੱਕਦਮ ਪਸੀਜਿਆ ਗਿਆ।ਉਸਨੇ ਮੈਡਮ ਕੁਲਵੀਰ ਤੋਂ ਇਸ ਬਾਬਤ ਮੁਆਫ਼ੀ ਵੀ ਮੰਗੀ ਤਾਂ ਕੁਲਵੀਰ ਨੇ ਕਿਹਾ,"ਵਿਸ਼ਵਾਸ ਉਹ ਧਾਗਾ ਹੈ ਜਿਸ 'ਤੇ ਜ਼ਿੰਦਗੀ ਦੀ ਪਤੰਗ ਅਸਮਾਨੀਂ ਉਡਾਰੀਆਂ ਲਾ ਸਕਦੀ ਹੈ।"

"ਹਾਂ ਮੈਡਮ ਜੀ,ਮੈਂ ਇਸ ਧਾਗੇ ਨੂੰ ਦੇਖਿਆ ਪਰਖਿਆ ਹੀ ਨਹੀਂ ਸਗੋਂ ਹੰਢਾਇਆ ਵੀ ਆ।"

ਉਹ ਇਹ ਆਖਦਾ ਸੋਚਾਂ ਵਿੱਚ ਡੁੱਬ ਗਿਆ ਤੇ ਕੁਲਵੀਰ ਮੈਡਮ ਨੂੰ ਪੀਅਨ ਬੁਲਾਉਣ ਆ ਗਿਆ ਤੇ ਉਹ ਦਫ਼ਤਰ ਨੂੰ ਚਲੀ ਗਈ ਸੀ।ਉਹ ਸੋਚਾਂ ਵਿੱਚ ਡੁੱਬਿਆ ਜ਼ਿੰਦਗੀ ਦੇ ਉਸ ਪੰਨੇ 'ਤੇ ਚਲਿਆ ਗਿਆ।ਜਿੱਥੇ ਉਸਦਾ ਅੱਬੂ ਵਕੀਲਾ,ਆਸ਼ਾ ਤੇ ਸ਼ਿਵਚਰਨ ਨੂੰ ਰੇੜ੍ਹੇ 'ਤੇ ਬਿਠਾ ਕੇ ਚੰਗੇਰ ਤੋਂ ਪੰਡੋਰੀ ਵਾਲ਼ੇ ਰਾਹ ਪੈ ਗਿਆ ਸੀ।ਲੋਕਾਂ ਦਾ ਹਜ਼ੂਮ ਲਾਲਾ-ਲਾਲਾ ਕਰਦਾ ਉਨ੍ਹਾਂ ਦੇ ਮਗਰ ਆ ਰਿਹਾ ਸੀ।ਲੋਕਾਂ ਦੀਆਂ ਅਵਾਜ਼ਾਂ ਸੁਣ ਕੇ ਵਕੀਲੇ ਨੇ ਰੇੜ੍ਹਾ ਖੜ੍ਹਾ ਲਿਆ।ਜਦੋਂ ਲੋਕ ਉਨ੍ਹਾਂ ਕੋਲ਼ ਪਹੁੰਚੇ ਤਾਂ ਉਨ੍ਹਾਂ ਵਿੱਚੋਂ ਕਰਤਾਰੇ ਨੇ ਆਪਣੀ ਡਾਂਗ ਵਕੀਲੇ ਦੇ ਮਾਰਨ ਲਈ ਉਲਾਰੀ ਤਾਂ ਆਸ਼ਾ

ਉਸਦੇ ਮੂਹਰੇ ਹਿੱਕ ਤਣਦੀ ਹੋਈ ਬੋਲੀ,“ਕਰਤਾਰੇ ਵੀਰ! ਡਾਂਗ ਨੂੰ ਹੇਠਾਂ ਕਰ,ਵੈਸੇ ਮੈਨੂੰ......ਤੈਨੂੰ ਵੀਰ ਕਹਿੰਦੀ ਨੂੰ ਸ਼ਰਮ ਆਉਂਦੀ ਆ ਕਿਉਂਕਿ ਤੇਰੀਆਂ ਚਗ਼ਲ ਅੱਖਾਂ ਨੇ ਮੈਨੂੰ ਕਦੇ ਵੀ ਭੈਣ ਦਾ ਦਰਜਾ ਨਹੀਂ ਦਿੱਤਾ।”

ਕਰਤਾਰਾ ਡਾਂਗ ਹੇਠਾਂ ਕਰਦਾ ਦੋ ਕਦਮ ਪਿਛਾਂਹ ਹਟ ਗਿਆ ਤੇ ਉਹ ਉਸੇ ਰੌਂਅ ਵਿੱਚ ਬੋਲਦੀ ਗਈ,“ਇਸ ਭਾਰੀ ਭੀੜ ਵਿੱਚੋਂ ਬਹੁਤੀਆਂ ਚਗ਼ਲ ਅੱਖਾਂ ਦਾ ਸ਼ਿਕਾਰ ਹੋਈ ਆਂ ਮੈਂ ਤੇ ਹੁਣ ਓਹੀ ਮੇਰੀ ਇੱਜ਼ਤ ਦੀ ਰਾਖੀ ਕਰਨ ਆਏ ਨੇ।ਜਿਹੜੇ ਮੈਨੂੰ ਚਗ਼ਲ ਸਮਝਦੇ ਨੇ ਉਹ ਇਹ ਵੀ ਜਾਣ ਲੈਣ ਕਿ ਚਗ਼ਲਾਂ ਦੀ ਰਾਖੇ ਦੱਲੇ ਕਰਦੇ ਹੁੰਦੇ ਨੇ।”

ਆਸ਼ਾ ਦੀਆਂ ਗੱਲਾਂ ਸੁਣ ਸਭ ਦੀਆਂ ਧੌਣਾਂ ਨੀਵੀਆਂ ਹੋ ਗਈਆਂ।ਫਿਰ ਇੱਕ ਬਜ਼ੁਰਗ ਬੋਲਿਆ, “ਧੀਏ! ਅਸੀਂ ਤਾਂ ਤੇਰੇ ਪੁੱਤ ਦੀ ਫਿਕਰ ਕਰਦੇ ਆਂ,ਜਦੋਂ ਵਕੀਲੇ ਦੇ ਜਵਾਕ ਹੋ ਗਏ ਤੇਰੇ ਵਾਲ਼ਾ ਖ਼ਾਕ ਛਾਣਦਾ ਫਿਰੂ।”

“ਬਾਬਾ ਜੀ! ਮੇਰੇ ਤਾਂ ਸਹੁਰੇ ਨੇ ਵੀ ਮੈਨੂੰ ਰੋਹੀ ਦਾ ਨਲਕਾ ਸਮਝ ਕੇ ਪਿਆਸ ਬੁਝਾਉਣੀ ਚਾਹੀ ਸੀ,ਪਰ ਵਕੀਲਾ ਉਸ ਵਿਸ਼ਵਾਸ ਦਾ ਨਾਂ ਏ,ਜਿਸਦੇ ਆਸਰੇ ਮੈਂ ਸਾਗਰਾਂ ਨੂੰ ਵੀ ਤਰ ਜਾਣ ਦਾ ਹੀਆ ਕਰ ਸਕਦੀ ਆਂ।”

ਪਿੰਡ ਦੇ ਲੋਕ ਉੱਚਾ ਨੀਵਾਂ ਬੋਲਦੇ ਪਿੰਡ ਨੂੰ ਵਾਪਸ ਮੁੜ ਗਏ ।ਵਕੀਲੇ ਨੇ ਖੱਚਰ-ਰੇੜ੍ਹੇ ਨੂੰ ਪੰਡੋਰੀ ਵੱਲ ਮੋੜ ਲਿਆ।ਉਸਨੂੰ ਆਸ਼ਾ ਕੁਝ ਤਨਾਅ ਜਿਹੇ ’ਚ ਲੱਗੀ।ਇੰਝ ਲੱਗਦਾ ਸੀ ਜਿਵੇਂ ਸ਼ਿਵਚਰਨ ਦੇ ਖਾਕ ਛਾਣਨ ਵਾਲ਼ੀ ਗੱਲ ਨੇ ਉਸਨੂੰ ਪਸੀਜ ਕੇ ਰੱਖ ਦਿੱਤਾ ਹੋਵੇ ਤਾਂ ਵਕੀਲਾ ਸ਼ਿਵਚਰਨ ਨੂੰ ਬੁੱਕਲ ਵਿੱਚ ਲੈਂਦਾ ਹੋਇਆ ਆਸ਼ਾ ਨੂੰ ਕਹਿੰਦਾ ਹੈ, “ਆਸ਼ਾ! ਮੇਰਾ ਇਹ ਵਾਅਦਾ ਕਿ ਮੇਰੇ ਘਰ ਦੀ ਗੁਲਜ਼ਾਰ ਸਿਰਫ਼ ਗੁਲਜ਼ਾਰੀ ਹੀ ਰਹੇਗਾ।”

ਕੁਲਵੀਰ ਦਫ਼ਤਰ ਤੋਂ ਵਾਪਸ ਆ ਚੁੱਕੀ ਸੀ ਉਸਦੀ ਆਮਦ ਨੇ ਉਸਦੀ ਸੋਚਾਂ ਦੀ ਲੜੀ ਨੂੰ ਛਿਣ-ਭੰਗਰ ਕਰ ਦਿੱਤਾ ਸੀ।ਉਹ ਮੈਡਮ ਨੂੰ ਸਤਿ ਸ਼੍ਰੀ ਅਕਾਲ ਬੁਲਾ ਕੇ ਉੱਥੋਂ ਨਿੱਕਲ ਰਿਹਾ ਸੀ।ਉਸਦੇ ਮਾਸੂਮ ਜਿਹੇ ਚਿਹਰੇ ਨੂੰ ਦੇਖ ਕੇ ਕੁਲਵੀਰ ਨੂੰ ਇੰਝ ਲੱਗਿਆ ਜਿਵੇਂ ਉਹ ਬਚਪਨ ਤੋਂ ਹੀ ਉਸਨੂੰ ਜਾਣਦੀ ਹੋਵੇ।

ਸ਼ਿਵਚਰਨ ਦਾ ਗ਼ਰੀਬ ਤੇ ਝੁੱਗੀਆਂ ਵਾਲ਼ੇ ਬੱਚਿਆਂ ਪ੍ਰਤੀ ਅਥਾਹ ਪਿਆਰ ਸੁਲਤਾਨ ਲਈ ਪ੍ਰੇਰਣਾ ਬਣ ਗਿਆ ਸੀ।ਉਹ ਵੀ ਹੁਣ ਬੁਝੇ ਹੋਏ ਦੀਵਿਆਂ ਨੂੰ ਰੌਸ਼ਨੀ ਵੰਡਣ ਲਈ ਉਪਰਾਲੇ ਕਰ ਰਿਹਾ ਸੀ।ਕਾਰੇ ਦੇ ਫੜੇ ਜਾਣ ਮਗਰੋਂ ਸੁਲਤਾਨ ਨੇ ਉਨ੍ਹਾਂ ਦੀਆਂ ਝੋਪੜੀਆਂ ਵਿੱਚ ਜਾਣਾ ਸ਼ੁਰੂ ਕਰ ਦਿੱਤਾ ਸੀ।ਉਹ ਉਨ੍ਹਾਂ ਨੂੰ ਸ਼ਿਵਚਰਨ ਬਾਰੇ ਦੱਸਦਾ ਹੋਇਆ ਕਹਿੰਦਾ ਹੈ ਕਿ ਉਹ ਸਿਰਫ਼ ਤੁਹਾਡੇ ਭਵਿੱਖ ਨੂੰ ਰੁਸ਼ਨਾਉਣ ਲਈ ਆਇਆ ਸੀ।ਉਹ ਵੀ ਇਸ ਗੱਲ ਦਾ ਡਾਹਢਾ ਦੁੱਖ ਪ੍ਰਗਟਾ ਰਹੇ ਸਨ ਕਿ ਉਨ੍ਹਾਂ ਨੇ ਸ਼ਿਵਚਰਨ ਤੇ ਗਗਨ ਨੂੰ ਬਹੁਤ ਜਲੀਲ ਕੀਤਾ ਪਰ ਨਾਲ਼ ਹੀ ਉਹ ਕਾਰੇ ਨੂੰ ਕੋਸਣ ਲੱਗਦੇ ਕਿ ਜੋ ਹੋਇਆ ਉਹ ਸਭ ਕਾਰੇ ਨੇ ਹੀ ਕਰਵਾਇਆ ਸੀ।ਉਹ ਸਿਰਫ਼ ਆਪਣੇ ਬਚਾਅ ਲਈ ਇਨ੍ਹਾਂ ਨੂੰ ਇੱਥੋਂ ਕੱਢਣਾ ਚਾਹੁੰਦਾ ਸੀ।ਉਹ ਬਹੁਤ ਭੈਅ-ਮਾਨ ਜਿਹੇ ਹੋ ਰਹੇ ਸਨ।ਅਸਲ ’ਚ ਉਨ੍ਹਾਂ ਨੂੰ ਇਥੋਂ ਕੱਢਣ ਲਈ ਜਿਆਦਾ ਜ਼ੋਰ ਤਾਂ ਅਸਲਮ ਐਂਡ ਪਾਰਟੀ ਦਾ ਹੀ ਲੱਗਿਆ ਹੋਇਆ ਸੀ।

ਉੱਥੋਂ ਦੀਆਂ ਤ੍ਰੀਮਤਾਂ ਵਾਰ-ਵਾਰ ਸ਼ਿਵਚਰਨ ਤੇ ਗਗਨ ਨੂੰ ਬੁਲਾਉਣ ਖ਼ਾਤਰ ਸੁਲਤਾਨ ਨੂੰ ਕਹਿ ਰਹੀਆਂ ਸਨ।ਸੁਲਤਾਨ ਹੋਰ ਪ੍ਰਤੀਕਿਰਿਆ ਜਾਣਨ ਲਈ ਉੱਥੇ ਤਾਸ਼ ਖੇਡ ਰਹੇ ਬੰਦਿਆਂ ਵਿੱਚ ਜਾ ਬੈਠਾ ਤਾਂ ਮੱਦੀ ਨੇ ਤਾਸ਼ ਨੂੰ ਪਰ੍ਹਾਂ ਰੱਖਦਿਆਂ ਉਸਨੂੰ ਕਿਹਾ,“ਦੇਖ ਬਈ ਛੋਰੇ,ਸਾਨੇ ਬਹੁਤੀਆਂ ਪੜ੍ਹਾਈਆਂ ਲਿਖਾਈਆਂ ਦਾ ਗਿਆਨ ਕੋਈ ਨਾ,ਅਸਾਂ ਤਾਂ ਬਸ ਇਹੋ ਚਾਹਨੇ ਆਂ ਕਿ ’ਮ੍ਹਾਰੇ ਛੋਰੇ-ਛੋਰੀਆਂ ਪੜ੍ਹ ਲਿਖ ਕੇ ਚੰਗੇ ਇਨਸਾਨ ਬਣਨ...ਤੈਂ ਨੇ ਉਸ ਛੋਰੇ-ਛੋਰੀ ਕੋ ਵਾਪਸ ਲਿਆਣਾ ਹੈ...।”

ਸਾਰੇ ਆਦਮੀਆਂ ਨੇ ਹਾਮੀ ਭਰਕੇ ਫੈਸਲਾ ਪੱਕਾ ਕਰ ਦਿੱਤਾ।ਸੁਲਤਾਨ ਇਹ ਸਭ ਸੁਣ ਕੇ ਬਹੁਤ ਹੀ ਖ਼ੁਸ਼ ਹੋਇਆ।ਉਸ ਨੂੰ ਲੱਗ ਰਿਹਾ ਸੀ ਕਿ ਸ਼ਿਵਚਰਨ ਨੇ ਦਿਲ ਜਿੱਤ ਕੇ ਜੱਗ ਜਿੱਤ ਲਿਆ ਹੋਵੇ।ਖ਼ੁਸ਼ੀ ਵਿੱਚ ਉਹ ਉਸਨੂੰ ਮਹਾਨ ਸਿਕੰਦਰ ਤੋਂ ਵੀ ਮਹਾਨ ਲੱਗ ਰਿਹਾ ਸੀ।

ਸੁਲਤਾਨ ਨੇ ਸਿਕੰਦਰ ਨੂੰ ਵੀ ਇਸ ਕੰਮ ਲਈ ਬੁਲਾ ਲਿਆ ਸੀ।ਉਨ੍ਹਾਂ ਦੋਹਾਂ ਨੇ ਦਾਣਾ ਮੰਡੀ ਦੀਆਂ ਝੁੱਗੀਆਂ ਕੋਲ਼ ਇੱਕ ਹੋਰ ਤਰਪਾਲ-ਨੁਮਾ ਝੁੱਗੀ ਜਿਹੀ ਬਣਾ ਦਿੱਤੀ।ਇਹ ਇੱਕ ਨਿੱਕਾ ਜਿਹਾ ਸਕੂਲ ਬਣ ਗਿਆ ਸੀ।ਇਸ ਵਿੱਚ ਕੰਧ ਵਾਲ਼ੇ ਪਾਸੇ ਇੱਕ ਕਾਗ਼ਜ਼ੀ ਬਲੈਕ-ਬੋਰਡ ਟੰਗ ਦਿੱਤਾ।ਕਾਇਦੇ-ਕਿਤਾਬਾਂ ਵੀ ਲਿਆ ਕੇ ਰੱਖ ਦਿੱਤੀਆਂ ਸਨ।

ਇਸ ਨਵੇਂ ਮਹੌਲ ਨੇ ਝੁੱਗੀਆਂ ਦੇ ਨਿਵਾਸੀਆਂ ਤੇ ਬੱਚਿਆਂ ਵਿੱਚ ਹੁਲਾਸ ਭਰ ਦਿੱਤਾ।ਬਾਲਾਂ ਦੀਆਂ ਮਾਵਾਂ ਬਾਲਾਂ ਨੂੰ ਚਾਈਂ-ਚਾਈਂ ਨੁਹਾ ਧੁਆ ਰਹੀਆਂ ਸਨ।।ਸਿਕੰਦਰ ਤੇ ਸੁਲਤਾਨ ਉਨ੍ਹਾਂ ਦੇ ਭਵਿੱਖ ਰੁਸ਼ਨਾਉਣ ਦੇ ਇਸ ਸਾਕਾਰਾਤਮਕ ਫੈਸਲੇ ਤੋਂ ਹੈਰਾਨ ਸਨ।ਸਿਕੰਦਰ ਸੁਲਤਾਨ ਨੂੰ ਕਹਿ ਰਿਹਾ ਸੀ,"ਯਾਰ ਇਨ੍ਹਾਂ ਦਾ ਹੁਲਾਸ ਦੱਸਦਾ ਕਿ ਸ਼ਿਵਚਰਨ ਤੇ ਗਗਨ ਨੂੰ ਪਹਿਲਾਂ ਇੱਥੋਂ ਕੱਢਣ ਲਈ ਸੱਚੀਂ ਕਿਸੇ ਕੋਝੀ ਚਾਲ ਦਾ ਸ਼ਿਕਾਰ ਹੋਏ ਹੋਣਗੇ ਇਹ ਲੋਕ,ਇਨ੍ਹਾਂ ਦੀਆਂ ਇਹ ਤਿਆਰੀਆਂ ਇਨ੍ਹਾਂ ਦੇ ਪਛਤਾਵੇ ਦਾ ਪ੍ਰਗਟਾਵਾ ਲੱਗਦੀਆਂ ਨੇ।"

ਸੁਲਤਾਨ ਵੀ ਇੰਝ ਹੀ ਮਹਿਸੂਸ ਕਰ ਰਿਹਾ ਸੀ।

ਸ਼ਿਵਚਰਨ ਕਈ ਦਿਨਾਂ ਬਾਅਦ ਕਾਲਜ ਪਰਤਿਆ ਸੀ।ਸਾਰਿਆਂ ਨੇ ਹੀ ਉਸਦੇ ਅੱਬੂ ਦਾ ਹਾਲ-ਚਾਲ ਪੁੱਛਿਆ।ਗਗਨ ਨੂੰ ਤਾਂ ਅੱਜ ਇੰਝ ਲੱਗ ਰਿਹਾ ਸੀ ਜਿਵੇਂ ਕਾਲਜ ਦੀ ਰੌਣਕ ਵਾਪਸ ਪਰਤ ਆਈ ਹੋਵੇ।ਉਹ ਅੱਜ ਸਵੇਰ ਤੋਂ ਸ਼ਿਵਚਰਨ ਦੇ ਨਾਲ਼ ਹੀ ਘੁੰਮ ਫਿਰ ਰਹੀ ਸੀ।ਅੱਜ ਉਹ ਵੀ ਗਗਨ ਦੀਆਂ ਗੱਲਾਂ ਦਾ ਹੁੰਗਾਰਾ ਖ਼ੁਸ਼ੀ-ਖ਼ੁਸ਼ੀ ਦੇ ਰਿਹਾ ਸੀ।ਜਿਵੇਂ ਮੀਂਹ ਪੈਣ ਤੋਂ ਬਾਅਦ ਨਿੱਕਲ਼ਿਆ ਸੂਰਜ ਹੋਰ ਵੀ ਹਸੀਨ ਜਿਹਾ ਲਗਦਾ ਹੁੰਦਾ ਓਵੇਂ ਹੀ ਇਨ੍ਹਾਂ ਪ੍ਰੇਮੀਆਂ ਦਾ ਨਿੱਕਾ ਜਿਹਾ ਮਨ-ਮੁਟਾਅ ਉਨ੍ਹਾਂ ਦੀ ਮੁਹੱਬਤ ਨੂੰ ਹੋਰ ਵੀ ਨਿਖ਼ਾਰ ਰਿਹਾ ਸੀ।

ਅੱਜ ਇਹੀ ਨਜ਼ਾਰਾ ਉਨ੍ਹਾਂ ਦੇ ਚਿਹਰਿਆਂ 'ਤੋਂ ਸਾਫ਼ ਦਿਖ ਰਿਹਾ ਸੀ ਪਰ ਘੁੱਦੇ ਹੁਰੀਆਂ ਨੂੰ ਬਹੁਤ ਤਕਲੀਫ਼ ਹੋ ਰਹੀ ਸੀ ਕਿਉਂਕਿ ਉਹ ਕਾਰੇ ਵਰਗੇ ਦਲਾਲ ਨੂੰ ਗਵਾ ਚੁੱਕੇ ਸਨ ਤੇ ਇਹ ਸਦਮਾ ਉਨ੍ਹਾਂ ਅੰਦਰ ਬਦਲੇ ਦੀ ਭਾਵਨਾ ਪੈਦਾ ਕਰ ਰਿਹਾ ਸੀ।ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਜਿਸ ਜੰਗਲ਼ ਨੂੰ ਉਹ ਸਾੜਨ ਲੱਗੇ ਨੇ ਉਨ੍ਹਾਂ ਦਾ ਆਪਣਾ ਵਜ਼ੂਦ ਵੀ ਉਸ ਨਾਲ਼ ਹੀ ਜੁੜਿਆ ਹੋਇਆ ਹੈ,ਬਸ ਇਸ ਤਰ੍ਹਾਂ ਉਹਨਾਂ ਨੇ ਵੀ ਸਮੇਂ ਦੀਆਂ ਅੱਖਾਂ 'ਤੇ ਵੀ ਪੱਟੀ ਬੰਨ੍ਹ ਦਿੱਤੀ ਸੀ...ਪਰ ਸਮੇਂ ਨੂੰ ਕੌਣ ਰੋਕ ਸਕਿਆ।

ਅੱਜ ਸਿਕੰਦਰ ਨੇ ਵੀ ਕਾਲਜ ਵਿੱਚ ਮਹੌਲ ਨੂੰ ਪੂਰਾ ਸਿਰਜਿਆ ਹੋਇਆ ਸੀ ਕਿਉਂਕਿ ਉਹ ਤੇ ਸੁਲਤਾਨ,ਸ਼ਿਵਚਰਨ ਤੇ ਗਗਨ ਨੂੰ ਮੰਡੀ ਵਿੱਚ ਲੈ ਕੇ ਜਾਣਾ ਚਾਹੁੰਦੇ ਸਨ।ਉੱਥੋਂ ਦਾ ਮਹੌਲ ਵੀ ਭਾਵਨਾਤਮਕ ਜਿਹਾ ਬਣਿਆ ਹੋਇਆ ਸੀ।ਉੱਥੋਂ ਦੇ ਬੇਨਾਮੇ ਵਸਨੀਕ ਉਨ੍ਹਾਂ ਦੀ ਉਡੀਕ ਲਈ ਸਭ ਤਿਆਰੀਆਂ ਕਰੀ ਬੈਠੇ ਸਨ।ਤਰਪਾਲਨੁਮਾ,ਨਿੱਕੇ ਜਿਹੇ ਸਕੂਲ ਨੂੰ ਗ਼ੁਬਾਰਿਆਂ ਨਾਲ਼ ਸਜਾਇਆ ਹੋਇਆ ਸੀ।ਨੰਨ੍ਹੀਆ ਕਰੂੰਬਲ਼ਾਂ ਸ਼ਬਦ ਰੂਪੀ ਬੋਹੜ ਬਣਨ ਲਈ ਸਜੀਆਂ ਫਿਰ ਰਹੀਆਂ ਸਨ।ਤ੍ਰੀਮਤਾਂ ਨੇ ਵੀ ਆਪਣੇ ਜ਼ਿੰਦਗੀ ਦੇ ਬੀਜਾਂ ਲਈ ਮਨ ਦੇ ਧਰਾਤਲ ਨੂੰ ਉਪਜਾਊ ਬਣਾ ਕੇ ਆਪਣੇ ਆਪੇ ਨੂੰ ਸਮਰਪਿਤ ਕਰ ਦਿੱਤਾ ਸੀ।

ਸਿਕੰਦਰ ਨੇ ਆਖ਼ਰੀ ਪੀਰੀਅਡ ਸਮੇਂ ਸ਼ਿਵਚਰਨ ਤੇ ਗਗਨ ਨੂੰ ਦੱਸਿਆ ਕਿ ਅੱਜ ਕਪਾਹ ਮੰਡੀ ਵਿੱਚ ਨਾਟਕ ਖੇਡਿਆ ਜਾਣਾ ਹੈ।ਇਸ ਲਈ ਉਹ ਦੋਹਾਂ ਨੂੰ ਜਾਣ ਲਈ ਕਹਿ ਰਿਹਾ ਸੀ।ਪਰ ਗਗਨ ਨੇ ਕਪਾਹ ਮੰਡੀ ਸੁਣਦੇ ਸਾਰ ਹੀ ਮੱਥੇ ਤਿਉੜੀ ਪਾ ਲਈ ਤੇ 'ਚਗ਼ਲ' ਸ਼ਬਦ ਉਸਦੇ ਮਨ ਵਿੱਚ ਜ਼ਹਿਰ ਵਾਂਗ ਘੁਲ਼ ਗਿਆ।ਸ਼ਿਵਚਰਨ ਨੇ ਵੀ ਜਾਣ ਲਈ ਕੋਈ ਦਿਲਚਸਪੀ ਨਾ ਦਿਖਾਈ ਪਰ ਸਿਕੰਦਰ ਯਤਨ ਕਰਦਾ ਆਖ ਰਿਹਾ ਸੀ,"ਯਾਰ! ਮੇਰੇ ਨਾਲ਼ ਹੀ ਆ ਜਾਓ ਅੱਜ,ਮੈਂ ਵੀ ਤਾਂ ਥੋੜੇ ਨਾਲ਼ ਜਾਂਦਾ ਹੀ ਰਹਿਨਾ।"

ਉਸਦਾ ਤਰਲਾ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰ ਰਿਹਾ ਸੀ।ਗੋਖਾ ਵੀ ਉਸ ਵਕਤ ਉਨ੍ਹਾਂ ਕੋਲ਼ ਆ ਗਿਆ ਸੀ ਪਰ ਸਿਕੰਦਰ ਨਹੀਂ ਸੀ ਚਾਹੁੰਦਾ ਕਿ ਉਸਨੂੰ ਇਸ ਗੱਲ ਦਾ ਪਤਾ ਲੱਗੇ ਕਿਉਂਕਿ ਉਹ ਤਾਂ ਹਮੇਸ਼ਾ ਹੀ ਉਨ੍ਹਾਂ ਦਾ ਮਜਾਕ ਉਡਾਉਂਦਾ ਰਹਿੰਦਾ ਸੀ।ਜਦੋਂ ਸ਼ਿਵਚਰਨ ਨੇ ਸਲਾਹ ਦਿੱਤੀ ਕਿ ਉਹ ਗੋਖੇ ਨਾਲ਼ ਚਲਿਆ ਜਾਵੇ ਤਾਂ ਗੋਖਾ ਝੱਟ ਤਿਆਰ ਹੋ ਗਿਆ।ਸਿਕੰਦਰ ਉਦਾਸ ਜਿਹਾ ਹੋ ਕੇ ਗੋਖੇ ਨਾਲ਼ ਹੀ ਤੁਰ ਪਿਆ।ਗਗਨ ਤੇ ਸ਼ਿਵਚਰਨ,ਸਿੰਘ ਸਭਾ ਗੁਰਦੁਆਰੇ ਵੱਲ ਨੂੰ ਮੁੜ ਗਏ ਤੇ ਸਿਕੰਦਰ ਤੇ ਗੋਖਾ ਗੱਡਾਖਾਨਾ ਚੌਂਕ ਤੋਂ ਹਸਪਤਾਲ ਵੱਲ ਨੂੰ ਮੁੜ ਗਏ।ਸਿਕੰਦਰ ਉਦਾਸ-ਚਿੱਤ ਸੋਚ ਰਿਹਾ ਸੀ ਕਿ ਉਹ ਹੁਣ ਸ਼ਾਇਦ ਮੰਡੀ ਵੱਲ ਕਦੇ ਨਹੀਂ ਪਰਤਣਗੇ ਪਰ ਨਾਲ਼ ਹੀ ਉਹ ਇਹ ਵੀ ਸੋਚਦਾ ਜਾ ਰਿਹਾ ਸੀ ਕਿ ਮੰਡੀ ਵਿੱਚ ਸੁਲਤਾਨ, ਨਿੱਕੇ ਬੱਚੇ ਤੇ ਉਨ੍ਹਾਂ ਦੇ ਮਾਪੇ ਉਸਦਾ ਕਿੰਨੀ ਸ਼ਿੱਦਤ ਨਾਲ਼ ਇੰਤਜ਼ਾਰ ਕਰ ਰਹੇ ਹੋਣਗੇ।ਮੈਂ ਕਿਵੇਂ ਜਾ ਕੇ ਕਹਾਂਗਾ ਕਿ ਉਨ੍ਹਾਂ ਦੇ ਮਸੀਹੇ ਉਨ੍ਹਾਂ ਨਾਲ਼ ਸਦਾ ਲਈ ਨਰਾਜ਼ ਹੋ ਗਏ ਹਨ।

ਉਹ ਅਜੇ ਦਾਣਾ ਮੰਡੀ ਤੋਂ ਪਿੱਛੇ ਹੀ ਸਨ।ਗੋਖਾ ਅਠਖੇਲੀਆਂ ਕਰਦਾ ਸਿਕੰਦਰ ਨੂੰ ਛੇੜਦਾ ਜਾ ਰਿਹਾ ਸੀ ਪਰ ਸਿਕੰਦਰ ਉਸ ਤੋਂ ਚਿੜ੍ਹ ਰਿਹਾ ਸੀ।ਜਦੋਂ ਉਹ ਥੋੜ੍ਹਾ ਅੱਗੇ ਗਏ ਤਾਂ ਸਿਕੰਦਰ ਨੇ ਦੇਖਿਆ ਕਿ ਸ਼ਿਵਚਰਨ ਤੇ ਗਗਨ ਵੀ ਉਨ੍ਹਾਂ ਦੇ ਅੱਗੇ ਜਾ ਰਹੇ ਸਨ।ਸਿਕੰਦਰ ਉਨ੍ਹਾਂ ਨੂੰ ਦੇਖ ਕੇ ਇੱਕਦਮ ਰੁਕ ਗਿਆ ਤ ਉਸਨੇ ਗੋਖੇ ਨੂੰ ਵੀ ਰੁਕਣ ਦਾ ਇਸ਼ਾਰਾ ਕੀਤਾ।ਗੋਖਾ ਡਰ ਕੇ ਸਿਕੰਦਰ ਦੇ ਪਿੱਛੇ ਜਿਹੇ ਹੋ ਗਿਆ।ਉਸਨੇ ਸਿੰਕਦਰ ਨੂੰ ਸਹਿਮ ਕੇ ਜਿਹੇ

ਪੁੱਛਿਆ,"ਕੀ ਹੋ ਗਿਆ ?" ਤਾਂ ਉਸਨੇ ਉਨ੍ਹਾਂ ਵੱਲ਼ ਇਸ਼ਾਰਾ ਕਰ ਦਿੱਤਾ।ਉਹ ਉਸਦੇ ਅੱਗੇ ਹੋ ਕੇ ਕਹਿਣ ਲੱਗਾ,"ਯਾਰ ਤੂੰ ਤਾਂ ਮੇਰੀ ਜਾਨ ਹੀ ਕੱਢ ਦਿੱਤੀ ਸੀ ਇਨ੍ਹਾਂ ਜਨੌਰਾਂ ਪਿੱਛੇ।"

ਸਿਕੰਦਰ ਨੇ ਉਸਨੂੰ ਚੁਪ-ਚਾਪ ਉਨ੍ਹਾਂ ਦੇ ਮਗਰ ਤੁਰਨ ਨੂੰ ਕਿਹਾ ਤਾਂ ਉਹ ਵੀ ਸਿਕੰਦਰ ਵਾਂਗ ਉਨ੍ਹਾਂ ਦੇ ਮਗਰ ਹੌਲ਼ੀ-ਹੌਲ਼ੀ ਤੁਰਨ ਲੱਗ ਗਿਆ।

ਸ਼ਿਵਚਰਨ ਤੇ ਗਗਨ ਵੀ ਐੱਸ.ਐੱਸ.ਪੀ ਦਫ਼ਤਰ ਦੇ ਸਾਹਮਣਿਓਂ ਦਾਣਾ ਮੰਡੀ ਦੇ ਸ਼ੈੱਡਾਂ ਦੇ ਪਿੱਛੋਂ ਦੀ ਕਪਾਹ ਮੰਡੀ ਵੱਲ ਨੂੰ ਮੁੜ ਗਏ।ਉਨ੍ਹਾਂ ਨੂੰ ਸਿਕੰਦਰ ਤੇ ਗੋਖੇ ਦੇ ਪਿੱਛੇ ਹੋਣ ਦਾ ਚਿੱਤ-ਚੇਤਾ ਵੀ ਨਹੀਂ ਸੀ।ਉਹ ਜਦੋਂ ਕਪਾਹ ਮੰਡੀ ਪਹੁੰਚੇ ਤਾਂ ਕੋਈ ਨਾਟਕ ਵਾਲ਼ਾ ਮਹੌਲ ਨਾ ਹੋਣ 'ਤੇ ਬੜੇ ਹੈਰਾਨ ਹੋਏ।ਉਹ ਦੋਵੇਂ ਸੋਚ ਰਹੇ ਸੀ ਕਿ ਸਿਕੰਦਰ ਉਨ੍ਹਾਂ ਨਾਲ਼ ਇਸ ਤਰ੍ਹਾਂ ਦਾ ਮਜ਼ਾਕ ਤਾਂ ਨਹੀਂ  ਸੀ ਕਰ ਸਕਦਾ।ਉਹ ਇੱਕ ਦੂਜੇ ਵੱਲ ਸਵਾਲੀਆ ਨਜ਼ਰਾਂ ਨਾਲ਼ ਦੇਖਦੇ ਹੋਏ ਹੋਰ ਅੱਗੇ ਵਧ ਗਏ।ਸਭ ਪਾਸੇ ਸ਼ਾਂਤੀ ਸੀ।ਕੋਈ ਵੀ ਨਜ਼ਰ ਨਹੀਂ ਆ ਰਿਹਾ ਸੀ।ਫਿਰ ਉਨ੍ਹਾਂ ਨੇ ਸਾਹਮਣੇ ਤਰਪਾਲ-ਨੁਮਾ ਝੌਂਪੜੀ ਵੱਲ ਦੇਖਿਆ ਜਿਸ ਦੇ ਦਰਵਾਜ਼ੇ 'ਤੇ ਗੁਬਾਰੇ ਤੇ ਰਿਬਨ ਲਟਕ ਰਹੇ ਸਨ ਤੇ 'ਵੈਲਕਮ' ਲਿਖਿਆ ਹੋਇਆ ਸੀ।ਉਹ ਸੋਚਦੇ ਹੋਏ ਅੱਗੇ ਵਧੇ ਤੇ ਜਦੋਂ ਉਹ ਜਕਦੇ-ਜਕਦੇ ਝੌਂਪੜੀ ਅੰਦਰ ਦਾਖ਼ਲ ਹੋਏ ਤਾਂ ਅੰਦਰ ਵੜਦੇ ਹੀ ਚਾਰੇ ਪਾਸਿਓਂ ਉਨ੍ਹਾਂ ਉੱਪਰ ਫੁੱਲਾਂ ਦੀ ਵਰਖਾ ਹੋਣ ਲੱਗ ਪਈ ਤੇ ਨਿੱਕੀਆਂ-ਨਿੱਕੀਆਂ ਜਿੰਦੜੀਆਂ ਕਿਲਕਾਰੀਆਂ ਮਾਰਦੀਆਂ ਉਨ੍ਹਾਂ ਦੀਆਂ ਲੱਤਾਂ ਨੂੰ ਆ ਚਿੰਬੜੀਆਂ।ਉਹ ਹੈਰਾਨ ਪਰੇਸ਼ਾਨ ਸਨ।ਐਨੇ ਨੂੰ ਸਭ ਤ੍ਰੀਮਤਾਂ ਮਰਦ ਵੀ ਉੱਥੇ ਆ ਗਏ।ਉਨ੍ਹਾ ਦੇ ਪਿੱਛੇ ਸੁਲਤਾਨ,ਸਿਕੰਦਰ ਤੇ ਗੋਖਾ ਵੀ ਖੜੇ ਖ਼ੁਸ਼ੀ ਮਹਿਸੂਸ ਕਰ ਰਹੇ ਸਨ।

ਗਗਨ ਤੇ ਸ਼ਿਵਚਰਨ ਝੌਂਪੜੀ ਵਿੱਚ ਵਿਛੀ ਹੋਈ ਪੱਲੀ 'ਤੇ ਹੀ ਬੈਠ ਗਏ।ਬੱਚੇ ਮੋਹ 'ਚ ਭਿੱਜੇ ਉਨ੍ਹਾਂ ਦੇ ਅੱਗੇ ਪਿੱਛੇ ਖੜ੍ਹੇ ਸਨ।ਸਾਰੇ ਹੀ ਇਸ ਨਜ਼ਾਰੇ ਨੂੰ ਹਸਰਤ ਭਰੀਆਂ ਨਜ਼ਰਾਂ ਨਾਲ਼ ਦੇਖ ਰਹੇ ਸਨ।ਗਗਨ ਵਾਰੀ-ਵਾਰੀ ਬੱਚਿਆਂ ਨੂੰ ਪਿਆਰ ਦੇ ਰਹੀ ਸੀ।ਸ਼ਿਵਚਰਨ ਅੱਖਾਂ ਪੂੰਝਦਾ ਹੋਇਆ ਸਿਕੰਦਰ ਤੇ ਸੁਲਤਾਨ ਕੋਲ਼ ਪਹੁੰਚਿਆ।ਉਸਨੇ ਦੋਹਾਂ ਨੂੰ ਗਲ਼-ਵੱਕੜੀ ਪਾ ਲਈ।ਉਸਦੀ ਗਲ਼-ਵੱਕੜੀ ਵਿੱਚ ਅੰਤਾਂ ਦਾ ਮੋਹ ਸੀ।ਗਲ਼-ਵੱਕੜੀ ਵਿੱਚੋਂ ਹੀ ਉਸਦੀ ਨਿਗ੍ਹਾ ਗੋਖੇ 'ਤੇ ਗਈ ਜੋ ਦਾਣਾ ਮੰਡੀ ਵੱਲ ਮੂੰਹ ਕਰੀ ਕੌਲ਼ੇ ਨਾਲ਼ ਲੱਗਿਆ ਖੜ੍ਹਾ ਸੀ।ਸ਼ਿਵਚਰਨ ਉਸ ਕੋਲ ਗਿਆ ਤਾਂ ਉਹ ਭੁੱਬਾਂ ਮਾਰ-ਮਾਰ ਕੇ ਰੋ ਰਿਹਾ ਸੀ।ਰੋਂਦਾ-ਰੋਂਦਾ ਹੀ ਉਹ ਸ਼ਿਵਚਰਨ ਦੇ ਗਲ਼ ਨੂੰ ਚੁੰਬੜ ਕੇ ਕਹਿ ਰਿਹਾ ਸੀ,"ਯਾਰੋ ਮੈਨੂੰ ਥੋਡੇ 'ਤੇ ਮਾਣ ਆ,ਮੇਰੀਆਂ ਭੁੱਲਾਂ ਲਈ ਮੈਨੂੰ ਮਾਫ਼ ਕਰਿਓ।"

ਉਸਨੇ ਸ਼ਿਵਚਰਨ ਨੂੰ ਹੋਰ ਵੀ ਕਸ ਕੇ ਜੱਫ਼ੀ ਵਿੱਚ ਘੁੱਟ ਲਿਆ ਸੀ।

ਗਗਨ ਦਾ ਧਿਆਨ ਜਦੋਂ ਔਰਤ ਦੀ ਕੁੱਛੜ ਚੁੱਕੀ ਬੱਚੀ ਵੱਲ ਗਿਆ ਤਾਂ ਉਹ ਵੀ ਗੋਦੀ ਵਿੱਚੋਂ ਖਿਸਕ ਕੇ ਉਸ ਵੱਲ ਦੌੜ ਆਈ।ਇਹ ਉਹ ਨਿੱਕੀ ਜਿਹੀ ਹੀ ਕੁੜੀ ਸੀ ਜਿਸਨੂੰ ਉਸਨੇ ਇੱਕ ਵਾਰ ਗੋਦੀ ਚੁੱਕ ਕੇ ਚਾਕਲੇਟ ਖਵਾਇਆ ਸੀ।ਗਗਨ ਉਸਦੇ ਪਿਆਰ ਤੇ ਉਸਦੀ ਯਾਦ ਦੇ ਸਦਕੇ ਜਾ ਰਹੀ ਸੀ।ਚਾਰੇ ਪਾਸੇ ਖ਼ੁਸ਼ੀ ਦੀਆਂ ਕਿਲਕਾਰੀਆਂ ਗੂੰਜਣ ਲੱਗ ਗਈਆਂ ਸਨ।ਇਹ ਤਰਪਾਲ-ਨੁਮਾ ਝੌਂਪੜੀ ਵੱਡੀਆਂ ਉਮੀਦਾਂ ਵਾਲ਼ੇ ਨਿੱਕੇ ਜਿਹੇ ਸਕੂਲ ਦਾ ਰੂਪ ਧਾਰਨ ਕਰ ਚੁੱਕੀ ਸੀ।

ਇਸ ਦਿਨ ਤੋਂ ਬਾਅਦ ਗੋਖਾ ਜੋ ਹਰ ਸਮੇਂ ਲਚੜੇਵਾਂ ਜਿਹਾ ਹੀ ਕਰਦਾ ਰਹਿੰਦਾ ਸੀ,ਬਹੁਤ ਸਿਆਣਾ ਤੇ ਸੂਝਵਾਨ ਹੋ ਗਿਆ ਸੀ।ਘਰੋਂ ਰੱਜਦੇ-ਪੁੱਜਦੇ ਘਰ ਦਾ ਹੋਣ ਕਰਕੇ ਸ਼ਿਵਚਰਨ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਾਜ ਭਲਾਈ ਦੇ ਕਾਰਜਾਂ ਵਿੱਚ ਆਰਥਿਕ ਪੱਖੋਂ ਮਦਦ ਵੀ ਕਰਨ ਲੱਗ ਗਿਆ ਸੀ।ਉਸ ਲਈ ਸਮਾਜ ਭਲਾਈ ਪੂਜਾ ਕਰਨ ਵਾਂਗ ਹੋ ਗਈ ਸੀ।ਉਹ ਖ਼ੁਦ ਵੀ ਤੇ ਉਸਦਾ ਪਰਿਵਾਰ ਵੀ ਇਸ ਤਰ੍ਹਾਂ ਦੀ ਹੀ ਸੋਚ ਦਾ ਧਾਰਨੀ ਹੋ ਗਿਆ ਸੀ।ਪਿੰਡ ਨੇ ਉਸਦੇ ਬਾਪੂ ਨੂੰ ਸਕੂਲ ਦੀ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਸੀ।ਉਸਦੇ ਬਾਪੂ ਦੀ ਦੇਖ-ਰੇਖ ਹੇਠ ਸਕੂਲ ਦੀ ਨੁਹਾਰ ਹੀ ਬਦਲ ਗਈ ਸੀ।

ਗੋਖਾ ਵੀ ਸ਼ਿਵਚਰਨ ਤੇ ਗਗਨ ਦੀ ਮਦਦ ਲਈ ਹਮੇਸ਼ਾ ਹੀ ਤਤਪਰ ਰਹਿੰਦਾ ਸੀ।ਉਸਨੇ 'ਗੁਰੂ ਦਾ ਗੋਲਕ ਗ਼ਰੀਬ ਦਾ ਮੂੰਹ' ਦੀ ਧਾਰਨਾ ਨੂੰ ਬਦਲ ਕੇ 'ਗ਼ਰੀਬ ਵਿਦਿਆਰਥੀ ਦੀ ਮਦਦ ਹੀ ਗੁਰੂ ਦੀ ਗੋਲਕ' ਦੀ ਧਾਰਨਾ ਪੈਦਾ ਕਰ ਦਿੱਤੀ ਸੀ।ਉਸਦਾ ਬਦਲਾਅ ਸਾਬਿਤ ਕਰਦਾ ਸੀ ਕਿ ਹੁਣ ਅਜਿਹੇ ਪਾਰਸਾਂ ਦੀ ਲੋੜ ਨਹੀਂ ਜੋ ਮਿੱਟੀ ਨੂੰ ਸੋਨਾ ਕਰਨ,ਸਗੋਂ ਸਮਾਜ ਨੂੰ  ਅਜਿਹੀਆਂ ਸ਼ਖ਼ਸੀਅਤਾਂ  ਦੀ ਲੋੜ ਹੈ ਜੋ ਆਪਣੇ ਗੁਣਾਂ ਨਾਲ਼ ਹੋਰਾਂ ਨੂੰ ਵੀ ਚਾਨਣ-ਮੁਨਾਰਾ ਬਣਾ ਦੇਣ।ਇੱਥੇ ਸੱਚ-ਮੁੱਚ ਹੀ ਸ਼ਿਵਚਰਨ ਨੇ ਗੋਖੇ ਤੇ ਹੋਰ ਕਈਆਂ ਲਈ ਵਿੱਲਖਣ ਪਾਰਸ ਵਾਲ਼ਾ ਹੀ ਕੰਮ ਕਰ ਵਿਖਾਇਆ ਸੀ।

ਸਿਕੰਦਰ ਦਾ ਜੀਵਨ ਬਹੁਤ ਹੀ ਰੁਝੇਵਿਆਂ ਭਰਿਆ ਸੀ ਪਰ ਉਹ ਆਪਣੇ ਰੁਝੇਵਿਆਂ ਨੂੰ ਆਪਣੇ ਆਪ ’ਤੇ ਕਦੇ ਹਾਵੀ ਨਹੀਂ ਸੀ ਹੋਣ ਦਿੰਦਾ।ਹਰ ਕੰਮ ਨੂੰ ਉਹ ਫ਼ਰਾਖ਼-ਦਿਲੀ ਨਾਲ਼ ਕਰਦਾ ਸੀ।ਸੁਸਾਇਟੀ ਦੇ ਕੰਮਾਂ ਵਿੱਚ ਹਿੱਸਾ ਲੈਂਦਾ,ਪੜ੍ਹਾਈ ਵੀ ਜ਼ਾਰੀ ਰੱਖਦਾ ਤੇ ਪਰਿਵਾਰ ਦਾ ਵੀ ਬਾਖ਼ੂਬੀ ਖ਼ਿਆਲ ਰੱਖ ਰਿਹਾ ਸੀ।ਅਕੇਵਾਂ ਤੇ ਥਕੇਵਾਂ ਸ਼ਬਦ ਉਸ ਲਈ ਅਜਨਬੀ ਜਿਹੇ ਸਨ।

ਗੋਖੇ ਦੀ ਮਦਦ ਨਾਲ਼ ਹੁਣ ਉਸਨੇ ਪਿੰਡ ਦੇ ਅੱਡੇ ਵਿੱਚ ਫ਼ੋਟੋ-ਸਟੇਟ ਦੀ ਮਸ਼ੀਨ ਰੱਖ ਲਈ ਸੀ।ਪ੍ਰੋਫ਼ੈਸਰ ਸ਼ਰਮਾ ਤੇ ਮੈਡਮ ਕੁਲਵੀਰ ਕਾਲਜ ਵਿੱਚ ਉਸਦੀ ਮਦਦ ਕਰਦੇ ਤੇ ਉਹ ਉਸ ਲਈ ਹਾਜ਼ਰ ਹੋਏ ਬਿਨਾਂ ਹੀ ਨੋਟਿਸ ਬਗੈਰਾ ਦਾ ਪ੍ਰਬੰਧ ਕਰ ਦਿੰਦੇ ਸਨ।ਹੁਣ ਉਹ ਕਾਲਜ ਘੱਟ ਜਾਂਦਾ ਸਗੋਂ ਦੁਕਾਨ ’ਤੇ ਜਿਆਦਾ ਬੈਠਦਾ ਸੀ।ਉਹ ਆਪਣੀਆਂ ਭੈਣਾਂ ਦੇ ਵਿਆਹ ਲਈ ਹੁਣ ਹੋਰ ਵੀ ਸੰਜੀਦਗੀ ਨਾਲ਼ ਸੋਚਦਾ ਵਧੇਰੇ ਕੰਮ ਕਰਨ ਲੱਗ ਗਿਆ ਸੀ।

---

## ਕਾਂਡ-10

ਸ਼ਿਵਚਰਨ ਤੇ ਗਗਨ ਦੀ ਮੁਹੱਬਤ ਭਰੀ ਦੋਸਤੀ ਝੁੱਗੀਆਂ ਵਿਚਲੇ ਨੰਨ੍ਹੇ ਬੱਚਿਆਂ ਲਈ ਜੀਵਨ ਸੇਧ ਦਾ ਸਬੱਬ ਬਣ ਰਹੀ ਸੀ।ਕਈ ਮਹੀਨੇ ਗੁਜ਼ਰ ਚੁੱਕੇ ਸਨ।ਬੱਚਿਆਂ ਰੂਪੀ ਨੰਨ੍ਹੀਆਂ ਕਲਮਾਂ ਨੂੰ ਵੀ ਕਰੂੰਬਲ਼ਾਂ ਫੁੱਟ ਆਈਆਂ ਸਨ।ਗੋਖਾ,ਸਿਕੰਦਰ ਤੇ ਸੁਲਤਾਨ ਵੀ ਇਨ੍ਹਾਂ ਨੂੰ ਬੋਹੜ ਬਣਾਉਣ ਦੀ ਜਿਗਿਆਸਾ ਹਿਤ ਸਾਂਭਣ ਲੱਗੇ ਹੋਏ ਸਨ।ਉਹ ਹੋਰ ਦੂਰੋਂ ਨੇੜਿਓਂ ਵੀ ਇਹੋ ਜਿਹੇ ਬੱਚਿਆਂ ਨੂੰ ਤਰਪਾਲਨੁਮਾ ਸਕੂਲ ਵਿੱਚ ਲਿਆਉਣ ਲੱਗ ਪਏ ਸਨ।ਸਮਾਜ ਭਲਾਈ ਸੁਸਾਇਟੀ ਦੇ ਹੋਰ ਵਲੰਟੀਅਰ ਵੀ ਇਨ੍ਹਾਂ ਨਾਲ਼ ਇਸ ਮੋਰਚੇ ’ਤੇ ਆ ਕੇ ਨਾਲ਼ ਖੜ੍ਹੇ ਹੋਏ ਸਨ। ਆਪਸੀ ਸਾਂਝ,ਹਿੰਮਤ ਤੇ ਸਮੁੱਚੇ ਯਤਨਾਂ ਨੇ ਇਨ੍ਹਾਂ ਬੱਚਿਆਂ ਦਾ ਭਵਿੱਖ ਸੁਰੱਖਿਆ ਵਿੱਚ ਲੈ ਲਿਆ ਸੀ।

ਸੁਲਤਾਨ ਦੀ ਦੂਰ ਅੰਦੇਸ਼ੀ ਸੋਚ ਨੇ ਇਸ ਸਕੂਲ ਦੀ ਪਨੀਰੀ ਨੂੰ ਸ਼ਹਿਰ ਦੇ ਕਈ ਸਰਕਾਰੀ ਪ੍ਰਾਇਮਰੀ ਸਕੂਲ਼ਾਂ ਨਾਲ਼ ਜੋੜ ਦਿੱਤਾ ਸੀ।ਇਨ੍ਹਾਂ ਸਕੂਲਾਂ ਵਿੱਚ ਪੜ੍ਹਾਉਂਦੇ ਅਧਿਆਪਕ ਨਿਰਮਲ ਸਿੰਘ,ਵਰਿੰਦਰ ਸਿੰਘ ਤੇ ਅਮ੍ਰਿਤਪਾਲ ਸਿੰਘ,ਸੰਤ ਕੁਮਾਰ ਜੀ ਦੇ ਗੂੜ੍ਹੇ ਦੋਸਤ ਹੋਣ ਕਾਰਨ ਤੇ ਸਮਾਜ ਭਲਾਈ ਕਾਰਜਾਂ ਵਿੱਚ ਜੁੜੇ ਹੋਣ ਕਾਰਨ ਉਹ ਸ਼ਿਵਚਰਨ ਦੀ ਗਿਆਨ ਵੰਡਣ ਦੀ ਲਹਿਰ ਨੂੰ ਹੋਰ ਵੀ ਹੁਲਾਰਾ ਦੇ ਰਹੇ ਸਨ।

ਸ਼ਿਵਚਰਨ ਤੇ ਗਗਨ ਕਾਲਜ ਮਗਰੋਂ ਦਾ ਥੋੜ੍ਹਾ ਸਮਾਂ ਲਗਾਤਾਰ ਹੀ ਇਨ੍ਹਾਂ ਬੱਚਿਆਂ ਨੂੰ ਦੇਣ ਲੱਗ ਗਏ ਸਨ।ਝੁੱਗੀਆਂ ਵਿੱਚੋਂ ਹੁਣ ਲਗਭਗ ਕੋਈ ਵੀ ਬੱਚਾ ਬਾਹਰ ਕੰਮ ਕਰਨ ਨਾ ਜਾਂਦਾ।ਭਾਵੇਂ ਕਾਗ਼ਜ਼ ਚੁਗਣਾ ਜਾਂ ਹੋਰ ਅਜਿਹੇ ਕੰਮ ਖ਼ਤਮ ਤਾਂ ਨਹੀਂ ਸੀ ਹੋਏ ਪਰ ਉਹ ਸ਼ਿਵਚਰਨ ਦੇ ਅੱਗੋਂ ਪਿੱਛੋਂ ਹੋਣ ਲੱਗ ਗਏ ਸਨ।ਬੱਚਿਆ ਦੇ ਮਾਂ-ਬਾਪ ਆਪਣੀਆਂ ਜ਼ਿਮੇਵਾਰੀਆਂ ਬੜੇ ਚਾਵਾਂ ਨਾਲ਼ ਨਿਭਾ ਰਹੇ ਸਨ।ਭਾਵੇਂ ਉਨ੍ਹਾਂ ਦੀ ਗ਼ਰੀਬੀ ਉਨ੍ਹਾਂ ਦੇ ਕਾਰਜਾਂ ਵਿੱਚ ਭਟਕਣਾ ਪੈਦਾ ਕਰਦੀ ਸੀ ਪਰ ਉਨ੍ਹਾਂ ਦੀ ਜ਼ਿੰਦਾਦਿਲੀ ਉਨ੍ਹਾਂ ਨੂੰ ਮੰਜ਼ਲਾਂ ਤੱਕ ਪਹੁੰਚਣ ਦਾ ਸਿਰਨਾਵਾਂ ਦਿਖਾ ਰਹੀ ਸੀ।

ਉਹ ਦੋਵੇਂ ਨਿੱਕੇ ਘਰਾਂ ਦੇ ਵੱਡੇ ਤੇ ਸਨਮਾਨਯੋਗ ਜੀਆਂ ਵਾਂਗ ਹੋ ਗਏ ਸਨ।ਉੱਥੋਂ ਦੀਆਂ ਮਰਦ ਔਰਤਾਂ ਹੁਣ ਘਰ ਦੇ ਦੁੱਖ ਸੁੱਖ ਵੀ ਉਨ੍ਹਾ ਨਾਲ਼ ਸਾਂਝੇ ਕਰ ਲੈਂਦੀਆਂ ਸਨ।ਹੁਣ ਉੱਥੋਂ ਦੇ ਤਾਸ਼ ਖੇਡਣ ਵਾਲ਼ੇ ਮਰਦ ਵੀ ਆਪੋ-ਆਪਣੇ ਕੰਮਾਂ ’ਤੇ ਜਾਣ ਲੱਗ ਪਏ ਸਨ।ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਦੇਸ਼ ਭਰਪੂਰ ਮਨੁੱਖਾਂ ਨੇ ਜੀਵਨ ਦੀ ਗੱਡੀ ਨੂੰ ਸੁਨਹਿਰੀ ਭਵਿੱਖ ਦੇ ਰਾਹਾਂ ’ਤੇ ਲੈ ਆਂਦਾ ਹੋਵੇ ਕਿਉਂਕਿ ਉਨ੍ਹਾਂ ਨੇ ਮਨੁੱਖਾਂ ਅੰਦਰ ਇੱਕ ਜਾਗ੍ਰਿਤੀ ਪੈਦਾ ਕਰ ਦਿੱਤੀ ਸੀ ਕਿ ਆਪਣੇ ਬੱਚਿਆਂ ਲਈ ਸੁਨਹਿਰੀ ਭਵਿੱਖ ਸਿਰਜਣ ਵਾਲ਼ੇ ਲੋਕ ਹੀ ਇਸ ਸਮਾਜ ਦੀ ਸਿਰਜਣਾ ਵਿੱਚ ਯੋਗਦਾਨ ਪਾ ਸਕਦੇ ਹਨ।

ਸ਼ਿਵਚਰਨ ਆਪਣੀ ਸੋਚ ਤੇ ਸੰਦੇਸ਼ ਰਾਹੀਂ ਦੱਸਣਾ ਚਾਹੁੰਦਾ ਸੀ ਕਿ ਵਿਕਾਸ ਸੜਕਾਂ,ਇਮਾਰਤਾਂ ਬਣਾਉਣ ਨਾਲ਼ ਨਹੀਂ ਤੇ ਨਾ ਹੀ ਇਹ ਸਿਮ ਤੇ ਮੋਬਾਇਲ ਫ਼ੋਨ ਤੇ ਵਾਈਫ਼ਾਈ ਫਰੀ ਕਰਨ ਨਾਲ਼ ਹੋਣਾ ਸਗੋਂ ਵਿਕਾਸ ਲਈ ਤੇ ਸਮਾਜ ਦੀ ਸਿਰਜਣਾ ਲਈ ਸਾਨੂੰ ਗੌਲ਼ੇ-ਅਣਗੌਲ਼ੇ ਮਨਾਂ ਤੱਕ ਪਹੁੰਚਣਾ ਪੈਣਾ।ਉਨ੍ਹਾਂ ਦੇ ਮਨ ਦੀਆਂ ਅੰਦਰਲੀਆਂ ਪਰਤਾਂ ਵਿੱਚ ਜਿਗਿਆਸਾ ਪੈਦਾ ਕਰਨੀ ਪੈਣੀ ਆਂ।ਇਨਸਾਨ ਸਿਰਜਣੇ ਪੈਣੇ ਨੇ,ਜ਼ਮੀਰ ਨੂੰ ਜਿਉਂਦਾ ਕਰਨਾ ਪੈਣਾ।ਸਵੈ-

ਵਿਸ਼ਵਾਸ ਤੋਂ ਲੈ ਕੇ ਵਿਸ਼ਵਾਸ ਤੱਕ ਦੇ ਸਫ਼ਰ ਨੂੰ ਇਮਾਨਦਾਰੀ ਨਾਲ਼ ਤੈਅ ਕਰਨਾ ਪੈਣਾ।ਜਿਸਮਾਂ ਦੀ ਬੋਅ ਨਾਲ਼ੋਂ ਇਨਸਾਨੀ ਤੇ ਇਖ਼ਲਾਕੀ ਕਦਰਾਂ ਕੀਮਤਾਂ ਪੈਦਾ ਕਰਨੀਆਂ ਪੈਣੀਆਂ।ਵੱਖਰੀਆਂ-ਵੱਖਰੀਆਂ ਧਰਤਾਂ ਤੇ ਪਰਤਾਂ ਰਹਿਤ ਸਮਾਜ ਹੀ ਵਿਕਾਸ ਦੀ ਸੁਚੱਜੀ ਨਸਲ ਦਾ ਬੀਅ ਹੋ ਸਕਦਾ।ਕਰਮ ਰਹਿਤ ਮਨੁੱਖਾਂ ਨੂੰ ਕਰਮ ਨਾਲ਼ ਜੋੜਨਾ ਪੈਣਾ,ਕਰਮ ਤੇ ਹਾਵੀ ਹੋ ਰਹੀ ਧਰਮ ਦੀ ਕੱਟੜ ਪ੍ਰਵਿਰਤੀ ਨੂੰ ਪੂਰਨ ਰੂਪ ਵਿੱਚ ਅਸਵੀਕਾਰ ਕਰਨਾ ਹੋਵੇਗਾ।ਪੱਥਰਾਂ ਦੀਆਂ ਧਾਰਮਿਕ ਇਮਾਰਤਾਂ ਸਿਰਜਣ ਦੀ ਬਜਾਇ ਕਰਮ ਧਰਮ ਦੀ ਵਾਸਤਵਿਕ ਪਰਿਭਾਸ਼ਾ ਦੱਸਣੀ ਹੋਵੇਗੀ।ਇਸ ਤਰ੍ਹਾਂ ਦੇ ਸ਼ੁਭ-ਕਰਮ ਹੀ ਕੁ-ਕਰਮਾਂ ’ਤੇ ਭਾਰੀ ਪੈ ਸਕਦੇ ਹਨ।ਜਿਨਾਂ ਸਮਾਂ ਸ਼ਬਦ ਵਿਹੂਣੇ ਲੋਕਾਂ ਦੀ ਹੋਂਦ ਰਹੇਗੀ ਓਨਾ ਸਮਾਂ ਸਮਾਜ ਕੁ-ਕਰਮਾਂ ਦੀ ਮਾਰ ਹਮੇਸ਼ਾ ਹੀ ਝੱਲਦਾ ਰਹੇਗਾ।ਬਸ ਸ਼ਿਵਚਰਨ ਕੁ-ਕਰਮ ਰਹਿਤ ਅਧਾਰ ਸਿਰਜਣ ਦੀ ਤਮੰਨਾ ਰੱਖਦਾ ਸੀ।

ਸ਼ਿਵਚਰਨ ਤੇ ਗਗਨ ਦੇ ਇਸ ਸ਼ਬਦੀ ਕਰਮ ਦੀ ਸ਼ੁਰੂਆਤ ਹੁਣ ਜਜ਼ਬਾਤੀ ਹੋਂਦ ਤੋਂ ਉੱਪਰ ਉੱਠ ਕੇ ਸਮਾਜ ਵਿੱਚ ਸ਼ਾਖਾਵਾਂ ਦਾ ਰੂਪ ਧਾਰਨ ਕਰ ਗਈ ਸੀ।ਅਧਿਆਪਕ ਨਿਰਮਲ ਸਿੰਘ ਤੇ ਵਰਿੰਦਰ ਸਿੰਘ ਦੇ ਯਤਨ ਇਸਨੂੰ ਹੋਰ ਉਚੇਰਾ ਲਿਜਾ ਰਹੇ ਸਨ।ਬਰਨਾਲ਼ੇ ਦੀ ਕਪਾਹ ਮੰਡੀ ਦੀ ਚਰਚਾ ਹੁਣ ਪ੍ਰੋਫ਼ੈਸਰ ਅਸਲਮ ਤੇ ਡਰਗਸ ਗੈਂਗ ਲਈ ਅਸਹਿਣਯੋਗ ਹੋ ਰਹੀ ਸੀ।ਰਾਜਨੀਤਿਕ ਨੇਤਾਵਾਂ ਲਈ ਇਹ ਸ਼ਬਦੀ ਪ੍ਰਸ਼ਾਦ ਹੁਣ ਜ਼ਹਿਰਨੁਮਾ ਸਾਬਤ ਹੋ ਰਿਹਾ ਸੀ ਕਿਉਂਕਿ ਹੁਣ ਸ਼ਾਇਦ ਸ਼ਬਦ ਦੀ ਸੁਰੱਖਿਆ ਉਨ੍ਹਾਂ ਨੂੰ ਉਹ ਕੁਝ ਨਹੀਂ ਕਰਨ ਦੇਵੇਗੀ ਜਿਸ ਦੀ ਉਹ ਇੱਛਾ ਰੱਖਦੇ ਸਨ।ਇਸ ਲਈ ਉਹ ਸਮਝਦੇ ਸਨ ਕਿ ਵੋਟ ਤੇ ਨੋਟ ਹੋ ਸਕਦਾ ਹੁਣ ਵਿਰੋਧਾਭਾਸ ਦੀ ਸਥਿਤੀ ਗ੍ਰਹਿਣ ਕਰ ਲੈਣ।ਪ੍ਰੋਫ਼ੈਸਰ ਅਸਲਮ ਨੇ ਘੁੱਦੇ ਤੇ ਪਠਾਨੀਏ ਨੂੰ ਇਹ ਕਹਿੰਦੇ ਹੋਏ ਭੜਾਸ ਕੱਢੀ,“ਇਸ ਸ਼ਿਵਚਰਨ ਦੀ ਜੁੰਡਲ਼ੀ ਨੇ ਬੜਾ ਤੰਗ ਕੀਤਾ ਯਾਰ।”

“ਕੀ ਗੱਲ ਹੋ ਗਈ ਜੀ ? ਅੱਜ ਬਹੁਤ ਦੁਖੀ ਜਿਹੇ ਲੱਗਦੇ ਹੋ।” ਘੁੱਦੇ ਨੇ ਅਸਲਮ ਦੀ ਗੱਲ ਸੁਣਦਿਆਂ ਹੀ ਪੁੱਛਿਆ।

“ਹਾਂ ਪੁੱਤਰੋ ! ਹੁਣ ਸਾਡੇ ਐਸ਼ ਕਰਨ ਦੀ ਉਮਰ ਗਈ,ਇਹ ਵੋਟਾਂ ਤੇ ਨੋਟਾਂ ਵਾਲ਼ੇ ਹੁਣ ਸਾਨੂੰ ਨਿਕੰਮੇ ਸਮਝਣ ਲੱਗ ਪਏ ਨੇ।”

“ਪਰ ਜਨਾਬ,ਆਪਾਂ ਤਾਂ ਕੰਮ ਕਰੀ ਜਾਨੇ ਆਂ ਉਨ੍ਹਾਂ ਲਈ।” ਪਠਾਨੀਆ ਚਾਹ ਵਾਲ਼ਾ ਖਾਲੀ ਕੱਪ ਰੱਖਦਾ ਹੋਇਆ ਬੋਲਿਆ।

“ਪਰ ਆਹ ਝੁੱਗੀਆਂ ਦੀ ਚਰਚਾ ਸਾਡੀਆਂ ਸੇਵਾਵਾਂ ਦੀ ਬਲੀ ਦੇ ਰਹੀ ਆ,ਇਹ ਲੋਕ ਇਨ੍ਹਾਂ ਵੋਟਾਂ ਤੇ ਨੋਟਾਂ ਵਾਲ਼ਿਆਂ ਨੂੰ ਹੁਣ ਮੂੰਹ ਨੀ ਲਾਉਣਗੇ ਤੇ ਉਹ...... ਸਾਨੂੰ ਮੂੰਹ ਨੀ ਲਾਉਣਗੇ।” ਅਸਲਮ ਗੁੱਸੇ ਵਿੱਚ ਦੰਦ ਪੀਸ ਰਿਹਾ ਸੀ।

“ਇਨ੍ਹਾਂ ਦਾ ਵੀ ਕੰਡਾ ਕੱਢਣਾ ਹੀ ਪੈਣਾ।” ਪਠਾਨੀਏ ਨੇ ਮੁੱਕਾ ਵੱਟਦੇ ਨੇ ਕਿਹਾ।

“ਕਾਰੇ ਦਾ ਕੰਡਾ ਵੀ ਇਨ੍ਹਾਂ ਨੇ ਹੀ ਕੱਢਿਆ ਸੀ।” ਘੁੱਦਾ ਬੋਲਿਆ।

ਅਸਲਮ ਆਪਣੇ ਘਰ ਦੇ ਲਾਅਨ ਵਿੱਚ ਬੈਠਾ ਇਨ੍ਹਾਂ ਨਾਲ਼ ਚਾਹ ਪੀ ਰਿਹਾ ਸੀ।ਉਸਦਾ ਸਾਰਾ ਪਰਿਵਾਰ ਦਿੱਲੀ ਹੀ ਰਹਿੰਦਾ ਸੀ।ਪਰਿਵਾਰ ਵਿੱਚ ਪਤਨੀ ਤੇ ਦੋ ਬੇਟੀਆਂ ਹੀ ਸਨ।ਉਸਦੀਆਂ ਬੇਟੀਆਂ ਦਿੱਲੀ ਪੜ੍ਹਦੀਆਂ ਹੋਣ ਕਾਰਨ ਉਨ੍ਹਾਂ ਦੀ ਮਾਂ ਉੱਥੇ ਹੀ ਉਨ੍ਹਾਂ ਨਾਲ਼ ਰਹਿੰਦੀ ਸੀ।ਅਸਲਮ ਇਕੱਲਾ ਹੀ ਵੱਡੇ ਸਾਰੇ ਘਰ ਵਿੱਚ ਐਸ਼-ਪ੍ਰਸਤੀ ਕਰਦਾ ਸੀ।ਉਹ ਕਦੇ ਮਹੀਨੇ ਦੋ ਮਹੀਨੇ ਬਾਅਦ ਗੇੜਾ ਮਾਰਦੀਆਂ ਸਨ।ਜਿੰਨੇ ਦਿਨ ਉਹ ਇੱਥੇ ਰਹਿੰਦੀਆਂ ਤਾਂ ਇਹ ਘੁੱਦੇ,ਪਠਾਨੀਏ ਹੁਰੀਂ ਕਦੇ ਘਰ ਨਾ ਆਉਂਦੇ।ਅਸਲਮ ਨਹੀਂ ਸੀ ਚਾਹੁੰਦਾ ਕਿ ਉਸਦੀਆਂ ਬੇਟੀਆਂ ਤੇ ਪਤਨੀ ਇਨ੍ਹਾਂ ਦੇ ਸਾਹਮਣੇ ਆਉਣ ਕਿਉਂਕਿ ਅੱਗ ਲਾਉਣ ਵਾਲ਼ੇ ਹਮੇਸ਼ਾ ਆਪਣੇ ਪੱਲਿਆਂ ਨੂੰ ਬਚਾ ਕੇ ਰੱਖਣ ਦੀ ਕੋਸ਼ਿਸ਼ ਕਰਦੇ ਹਨ ਪਰ ਕਈ ਵਾਰੀ ਅੱਗ ਲਾਉਣ ਵਾਲ਼ਾ ਤਾਂ ਬਚ ਜਾਂਦਾ ਪਰ ਆਪਣੇ ਪੱਲਿਆਂ ਨੂੰ ਨਹੀਂ ਬਚਾ ਪਾਉਂਦਾ।

ਹੁਣ ਉਹ ਤਿੰਨੋ ਬੈਠੇ ਹੀ ਸਨ ਕਿ ਘਰ ਅੰਦਰੋਂ ਇੱਕ ਅੱਲ੍ਹੜ ਜਿਹੀ ਮੁਟਿਆਰ ਜੋ ਨੌਕਰਾਣੀ ਸੀ, ਚਾਹ ਦੀ ਟਰੇਅ ਚੁੱਕਣ ਆਈ ਤਾਂ ਘੁੱਦੇ ਨੇ ਅਸਲਮ ਨੂੰ ਇਸ਼ਾਰਾ ਕਰਦੇ ਹੋਏ ਪੁੱਛਿਆ,“ਇਸਦਾ ਕੰਡਾ ਵੀ ਕੱਢ ਲਈਏ ਜੀ ?”

ਬਸ ਇਸ਼ਾਰੇ ਦੀ ਹੀ ਲੋੜ ਸੀ ਕਿ ਵਹਿਸ਼ੀਪੁਣੇ ਦੀ ਦੌੜ ਥੋੜ੍ਹੇ ਸਮੇਂ ਵਿੱਚ ਹੀ ਜਿੱਤ ਲਈ ਗਈ।

ਗਗਨ ਤੇ ਸ਼ਿਵਚਰਨ ਦੇ ਕੰਮ ਦੀ ਸ਼ਲਾਘਾ ਕਾਲਜ ਤੱਕ ਪੁੱਜ ਗਈ ਸੀ।ਉਹ ਸਾਰੇ ਹੀ ਝੁੱਗੀਆਂ ਵਾਲ਼ੇ ਬੱਚਿਆਂ ਦੇ ਮਸੀਹੇ ਬਣ ਚੁੱਕੇ ਸਨ।ਜਿੱਥੇ ਕਾਲਜ ਵਿੱਚ ਉਨ੍ਹਾਂ ਦੀ ਸ਼ਲਾਘਾ ਹੁੰਦੀ ਸੀ ਉੱਥੇ ਅਸਲਮ ਐਂਡ ਪਾਰਟੀ ਵੱਲੋਂ ਰੱਜ ਕੇ ਕੋਸਿਆ ਵੀ ਜਾਂਦਾ ਸੀ।ਉਨ੍ਹਾ ਦੇ ਵਿਚਕਾਰ ਦਾ ਪਾੜਾ ਦਿਨੋ-ਦਿਨ ਵਧਦਾ ਜਾ ਰਿਹਾ ਸੀ।ਸ਼ਰਮਾ ਜੀ ਤੇ ਮੈਡਮ ਕੁਲਵੀਰ ਉਨ੍ਹਾਂ ਦੀ ਹਰ ਪ੍ਰਕਾਰ ਨਾਲ਼ ਮਦਦ ਕਰ ਰਹੇ ਸਨ।ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮਨੁੱਖਾਂ ਦਾ ਇਹ ਕਾਫ਼ਲਾ ਸ਼ਬਦੀ ਵਿਕਾਸ ਦਾ ਮੁੱਢ ਜ਼ਰੂਰ ਬੰਨ੍ਹੇਗਾ।

ਸ਼ਰਮਾ ਜੀ ਆਪਣੇ ਸਹਿਯੋਗੀ ਪ੍ਰੋਫ਼ੈਸਰਾਂ ਨਾਲ਼ ਗੱਲ ਕਰਦੇ ਆਖ ਰਹੇ ਸਨ ਕਿ, "ਜਿਸ ਉਮਰ ਵਿੱਚ ਬੱਚਿਆਂ ਨੂੰ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਥੁੜਾਂ ਰਹਿੰਦੀਆਂ ਹਨ,ਉਸ ਉਮਰ ਵਿੱਚ ਇਨ੍ਹਾਂ ਨੰਨ੍ਹੇ ਪਰਿੰਦਿਆਂ ਨੇ ਅਕਾਸ਼ੀ ਆਲ੍ਹਣੇ ਪਾਉਣ ਦੀ ਠਾਣ ਲਈ ਏ,ਵਾਹ ਬਈ ! ਜਿਉਂਦੇ ਰਹੋ।"

ਉਧਰ ਵੋਟਾਂ ਤੇ ਨੋਟਾਂ ਵਾਲ਼ੀਆਂ ਪਾਰਟੀਆਂ ਕੋਲ਼ ਬੈਠੇ ਘੁੱਦਾ ਤੇ ਪਠਾਨੀਆ ਫ਼ਿਕਰਮੰਦ ਹੋ ਰਹੇ ਸਨ।ਯੁਵਰਾਜ ਨੇ ਨੇਤਾ ਦੀਆਂ ਨਜ਼ਰਾਂ ਨਾਲ਼ ਨਜ਼ਰਾਂ ਮਿਲ਼ਾਉਂਦੇ ਹੋਏ ਘੁੱਦੇ ਤੇ ਪਠਾਨੀਏ ਤੋਂ ਪੁੱਛਿਆ,"ਕੀ ਭਵਿੱਖਬਾਣੀ ਆਂ ਆਪਣੀਆਂ ਵੋਟਾਂ ਦੀ ?"

"ਬਹੁਤ ਤਰਸਯੋਗ ਆ ਜੀ।"

"ਉਹ ਕਿਵੇਂ ?"

"ਸ਼ਿਵਚਰਨ ਨੇ ਝੁੱਗੀਆਂ ਨੂੰ ਸਾਡੇ ਵਿਰੋਧੀ ਕਰ ਛੱਡਿਆ ਜੀ,ਸਾਡੀਆਂ ਪੱਕੀਆਂ ਵੋਟਾਂ ਵੀ ਕਿਨਾਰਾ ਕਰ ਰਹੀਆਂ ਨੇ,ਨਾਲ਼ੇ ਐੱਸ.ਐੱਸ.ਪੀ ਨੇ ਵੀ ਸਾਡੀਆਂ ਨੀਂਦਾਂ 'ਤੇ ਡਾਕਾ ਮਾਰਿਆ ਹੋਇਆ ਏ।"ਘੁੱਦੇ ਨੇ ਉਦਾਸੀ ਭਰੇ ਲਹਿਜੇ ਵਿੱਚ ਕਿਹਾ।

ਯੁਵਰਾਜ ਇੱਕਦਮ ਭੜਕ ਕੇ ਬੋਲਿਆ,"ਤਾਂ ਕੀ ਸਾਡੇ ਨੇਤਾ ਹੁਣ ਨੇਤਾ ਨਹੀਂ ਰਹਿਣਗੇ ?"

ਨੇਤਾ ਜੀ ਉੱਠ ਕੇ ਬਾਲਕੋਨੀ ਵਿੱਚ ਚਲੇ ਗਏ ਤੇ ਫਿਰ ਸੋਚਦੇ ਹੋਏ ਬੋਲੇ,"ਇਨ੍ਹਾਂ ਨੂੰ ਤੁਸੀਂ ਕਿਸੇ ਇੰਡੀਅਨ ਚੌਖਟੇ ਵਿੱਚ ਫਿੱਟ ਕਰੋ ਤੇ ਐੱਸ.ਐੱਸ.ਪੀ ਸਾਹਿਬ ਨੂੰ ਮੈਂ ਇੱਥੋਂ ਕਰਵਾਉਨਾ ਤਬਦੀਲ।"

"ਚਲੋ ਬਈ ਲੱਗ ਜੋ ਕੰਮ 'ਤੇ।" ਯੁਵਰਾਜ ਉਨ੍ਹਾਂ ਨੂੰ ਥਾਪੀਆਂ ਦਿੰਦਾ ਹੋਇਆ ਗੇਟ ਤੱਕ ਛੱਡ ਗਿਆ ਸੀ।ਹੁਣ ਉਹ ਸ਼ਿਵਚਰਨ ਨੂੰ ਇੰਡੀਅਨ ਚੌਖਟੇ ਵਿੱਚ ਫਿੱਟ ਕਰਨ ਦੀਅ ਤਰਕੀਬਾਂ ਸੋਚ ਰਹੇ ਸਨ।

*

ਅੱਜ ਸ਼ਿਵਚਰਨ ਦਾ ਮਨ ਉਚਾਟ ਜਿਹਾ ਹੋਇਆ ਪਿਆ ਸੀ।ਉਹ ਜਦੋਂ ਕਾਲਜ ਹੁੰਦਾ ਤਾਂ ਇਸ ਤਰ੍ਹਾਂ ਦੀ ਹਾਲਤ ਵਿੱਚ ਉਹ ਕਾਲਜ ਦੇ ਨੇੜੇ ਦੀ ਮਸੀਤ ਵਿੱਚ ਨਮਾਜ਼ ਅਦਾ ਕਰਨ ਚਲਿਆ ਜਾਂਦਾ ਹੁੰਦਾ ਸੀ।ਗਗਨ ਨੂੰ ਉਸਦੇ ਜਾਣ ਬਾਰੇ ਅਕਸਰ ਪਤਾ ਹੀ ਹੁੰਦਾ ਸੀ।ਉਹ ਭਾਵੇਂ ਧਾਰਮਿਕਤਾ ਨੂੰ ਕੱਟੜ ਰੂਪ ਵਿੱਚ ਨਹੀਂ ਸੀ ਲੈਂਦਾ ਪਰ ਆਤਮਿਕ ਸ਼ਾਂਤੀ ਲਈ ਉਹ ਜ਼ਰੂਰ ਕਦੇ-ਕਦੇ ਮਸੀਤ ਵਿੱਚ ਚਲਾ ਜਾਂਦਾ ਸੀ।ਉਹ ਮੁਸਲਿਮ ਰਹੁ-ਰੀਤਾਂ ਵਿੱਚ ਪਲ਼ਿਆ ਹੋਣ ਕਾਰਨ ਇਨ੍ਹਾਂ ਨੂੰ ਬਹੁਤ ਪਿਆਰ ਤੇ ਸਤਿਕਾਰ ਦਿੰਦਾ ਸੀ।ਉਹ ਅੱਜ ਵੀ ਮਸੀਤ ਨੂੰ ਤੁਰ ਗਿਆ ਸੀ।

ਉਹ ਜਦੋਂ ਮਸੀਤ ਨੂੰ ਜਾ ਰਿਹਾ ਸੀ।ਘੁੱਦਾ ਤੇ ਪਠਾਨੀਆ ਵੀ ਆਪਣੇ ਨਾਲ਼ ਹੋਰ ਮੁੰਡਿਆਂ ਨੂੰ ਲੈ ਕੇ ਉਸਦੇ ਮਗਰ-ਮਗਰ ਜਾ ਰਹੇ ਸਨ।ਰਸਤੇ ਵਿੱਚ ਉਹ ਹੋਰ ਲੋਕਾਂ ਨੂੰ ਵੀ ਮਸੀਤ ਵਿੱਚ ਇੱਕ ਕਾਫ਼ਿਰ ਦੇ ਪ੍ਰਵੇਸ਼ ਕਰਨ ਬਾਰੇ ਸੁਚੇਤ ਕਰਦੇ ਜਾ ਰਹੇ ਸਨ।

ਸ਼ਿਵਚਰਨ ਮਸੀਤ ਅੰਦਰ ਚਲਾ ਗਿਆ।ਅੰਦਰ ਬਹੁਤ ਸ਼ਾਂਤੀ ਸੀ।ਉਹ ਮਾਨਸਿਕ ਤੌਰ 'ਤੇ ਇੱਥੇ ਆ ਕੇ ਹਮੇਸ਼ਾ ਹੀ ਸਕੂਨ ਜਿਹਾ ਮਹਿਸੂਸ ਕਰਦਾ ਸੀ।ਉਹ ਸ਼ਾਂਤੀ ਤੇ ਸਕੂਨ ਨਾਲ਼ ਨਮਾਜ਼ ਅਦਾ ਕਰ ਰਿਹਾ ਸੀ।ਮਸੀਤ ਅੰਦਰ ਹਾਜ਼ਰ ਲੋਕਾਂ ਦੀ ਮੌਜੂਦਗੀ ਉਸਦੀ ਮਾਨਸਿਕ ਸ਼ਾਂਤੀ ਨੂੰ ਹੋਰ ਵੀ ਹਾਂ ਪੱਖੀ ਹੁੰਗਾਰਾ ਦੇ ਰਹੀ ਸੀ ਪਰ ਬਾਹਰ

ਇਕੱਤਰ ਹੋਈ ਭੀੜ ਖਿੱਚੀਆਂ ਧਾਰਮਿਕ ਲਕੀਰਾਂ ਨੂੰ ਹੋਰ ਪਕੇਰਾ ਕਰਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੀ ਸੀ।ਉਸਨੂੰ ਬਾਹਰੋਂ ਆਉਂਦੀਆਂ ਉੱਚੀਆਂ-ਉੱਚੀਆਂ ਅਵਾਜ਼ਾਂ ਸੁਣ ਕੇ ਘਬਰਾਹਟ ਜਿਹੀ ਮਹਿਸੂਸ ਹੋਣ ਲੱਗ ਪਈ।ਉਸਨੂੰ ਇੰਝ ਲੱਗਦਾ ਸੀ ਜਿਵੇਂ ਉਸਦੀ ਮਾਨਸਿਕ ਸ਼ਾਂਤੀ ਵਿੱਚ ਅੱਜ ਜਵਾਰਭਾਟਾ ਆਉਣ ਵਾਲ਼ਾ ਹੋਵੇ।

ਉਹ ਜਿਉਂ ਹੀ ਘਬਰਾਹਟ ਜਿਹੀ ਵਿੱਚ ਹੀ ਮਨ ਦੀ ਸ਼ਾਤੀ ਨੂੰ ਅਸ਼ਾਂਤਚਿਤ ਲੈ ਕੇ ਮਸੀਤ ਤੋਂ ਬਾਹਰ ਨਿੱਕਲ਼ਿਆ ਤਾਂ ਪਠਾਨੀਏ ਨੇ ਭੀੜ ਦੇ ਅੱਗੇ ਹੁੰਦਿਆਂ ਸਵਾਲ ਕੀਤਾ,

"ਤੂੰ ਇੱਥੇ ਕੀ ਕਰਦਾਂ ਓਏ ?"

"ਮੈਂ ਤਾਂ ਨਮਾਜ਼ ਅਦਾ ਕਰਨ ਆਇਆ ਸੀ।" ਸ਼ਿਵਚਰਨ ਨੇ ਬੜੀ ਹਲੀਮੀ ਜਿਹੀ ਨਾਲ਼ ਜਵਾਬ ਦਿੱਤਾ।

"ਤੂੰ ਤਾਂ ਹਿੰਦੂ ਏਂ।"

"ਮੈਂ ਮੁਸਲਮਾਨ ਵਕੀਲ ਮੁਹੰਮਦ ਦਾ ਪੁੱਤਰ ਹਾਂ ਤੇ ਮੇਰੀ ਪਰਵਰਿਸ਼ ਮੁਸਲਮਾਨ ਪਰਿਵਾਰ ਵਿੱਚ ਹੀ ਹੋਈ ਆ।"

"ਮੈਂ ਪਰਿਵਾਰ ਦੀ ਗੱਲ ਨੀ ਕਰਦਾ,ਤੂੰ ਮੁਸਲਮਾਨ ਏਂ ?" ਭੀੜ ਵੀ ਪਠਾਨੀਏ ਦੀ ਹਾਂ ਵਿੱਚ ਹਾਂ ਮਿਲ਼ਾ ਰਹੀ ਸੀ।

"ਹਾਂ ਮੈਂ ਮੁਸਲਮਾਨ ਹਾਂ।"

"ਪਰ ਤੇਰਾ ਨਾਂ ਤਾਂ ਸ਼ਿਵਚਰਨ ਏ।"

"ਨਾਂ ਕਿਸੇ ਇਨਸਾਨ ਦੀ ਧਾਰਮਿਕ ਪਛਾਣ ਨਹੀਂ ਹੁੰਦੀ,ਹਰ ਜਾਗਦੀ ਜ਼ਮੀਰ ਵਾਲ਼ਾ ਇਨਸਾਨ ਪੱਕਾ ਤੇ ਸੱਚਾ ਮੁਸਲਮਾਨ ਵੀ ਹੋ ਸਕਦਾ ਹੈ ਤੇ ਹਿੰਦੂ ਵੀ,ਸਿੱਖ ਵੀ ਹੋ ਸਕਦਾ ਤੇ ਇਸਾਈ ਵੀ।ਇਨਸਾਨੀਅਤ ਵਾਲ਼ਾ ਮਨੁੱਖ ਹਰ ਮਜ਼੍ਹਬ ਲਈ ਇਨਸਾਨੀਅਤ ਰੱਖਦਾ......ਮੈਂ ਤਾਂ ਫੇਰ ਅੱਲਾਹ ਦੀ ਬੰਦਗੀ ਕਰਦਾ ਜੁਆਨ ਹੋਇਆਂ।"

"ਤੇਰੀ ਜ਼ੁਬਾਨ ਇੱਥੇ ਵੀ ਨੀ ਰੁਕਦੀ,ਚੱਲ ਦਿਖਾ ਕਿ ਤੂੰ ਮੁਸਲਮਾਨ ਏਂ।"

"ਪਰ ਮੈਂ ਇਹ ਕਿਵੇਂ ਦਿਖਾ ਸਕਦਾਂ ?" ਉਸਨੇ ਹੈਰਾਨੀ ਭਰੇ ਲਹਿਜੇ ਵਿੱਚ ਕਿਹਾ ਤਾਂ ਭੀੜ ਵੀ ਉਸਨੂੰ ਸਾਬਤ ਕਰਨ ਲਈ ਲਲਕਾਰ ਰਹੀ ਸੀ।

"ਅੱਛਾ ਇਹ ਵੀ ਦੱਸਣਾ ਪਊ ?" ਭੀੜ 'ਚੋਂ ਇੱਕਠੀਆਂ ਹੀ ਅਵਾਜ਼ਾਂ ਆਈਆਂ।

"ਏਸ ਕਾਫ਼ਿਰ ਨੂੰ ਏਨਾ ਵੀ ਨੀ ਪਤਾ।"

ਦੇਖਦੇ ਹੀ ਦੇਖਦੇ ਸਾਰੀ ਭੀੜ ਉਸ ਉੱਤੇ ਇੰਝ ਝਪਟ ਪਈ ਸੀ ਜਿਵੇਂ ਲੇਲ਼ੇ ਨੂੰ ਭੇੜੀਏ ਟੁੱਟ ਕੇ ਪੈ ਜਾਣ।ਚਾਰੇ ਪਾਸੇ ਹਾਹਾ-ਕਾਰ ਮੱਚ ਗਈ।ਲੋਕ ਗਲ਼ੀ ਵਿੱਚ ਉਸਨੂੰ ਘੜੀਸੀ ਫਿਰ ਰਹੇ ਸਨ।ਉਸਦੇ ਸਾਰੇ ਕੱਪੜੇ ਪਾੜ ਦਿੱਤੇ ਗਏ।ਉਸਦੇ ਮੱਥੇ 'ਚੋਂ ਖ਼ੂਨ ਵਗ ਰਿਹਾ ਸੀ ਤੇ ਉਹ ਉੱਥੋਂ ਨਿਕਲਣ ਦੀ ਬੇਕਾਰ ਕੋਸ਼ਿਸ਼ ਕਰ ਰਿਹਾ ਸੀ ਪਰ ਸਭ ਕੁਛ ਉਸਦੇ ਵੱਸ ਤੋਂ ਬਾਹਰ ਹੋ ਚੁੱਕਿਆ ਸੀ।ਉਸਦੇ ਤੇੜ ਫ਼ਟੀ ਹੋਈ ਪੈਂਟ ਲਮਕ ਰਹੀ ਸੀ। ਉਸਦੇ ਕਮੀਜ਼ ਦੇ ਲੋਕਾਂ ਨੇ ਰੁਮਾਲ ਬਣਾ ਦਿੱਤੇ ਸਨ।ਦੇਖਦੇ ਹੀ ਦੇਖਦੇ ਉਸਨੂੰ ਅਲਫ਼ ਨੰਗਾ ਕਰ ਦਿੱਤਾ ਗਿਆ।ਉਸਦੇ ਨੜਿਓਂ ਭੀੜ ਨੂੰ ਚੀਰਦਾ ਹੋਇਆ ਇੱਕ ਉੱਚੀ ਅਵਾਜ਼ ਵਿੱਚ ਨਾਅਰਾ ਗੂੰਜਿਆ "ਇਹ ਕਾਫ਼ਿਰ ਏ।"

ਬਸ ਫਿਰ ਕੀ ਸੀ ਪਲਾਂ 'ਚ ਹੀ ਉਸਦੇ ਸਾਰੇ ਅੰਗਾਂ ਨੂੰ ਲਹੂ ਨਾਲ਼ ਲਥਪਥ ਕਰ ਦਿੱਤਾ ਸੀ।

ਉਹ ਸ਼ਿਵਚਰਨ ਤੋਂ ਗੁਲਜ਼ਾਰੀ ਤਾਂ ਬਚਪਨ ਵਿੱਚ ਅਸਾਨੀ ਨਾਲ਼ ਹੀ ਬਣ ਗਿਆ ਸੀ ਪਰ 'ਸੁੰਨਤ' ਵਰਗੀ ਰਸਮ ਬਾਰੇ ਵਕੀਲੇ ਨੇ ਕਦੇ ਸੋਚਿਆ ਨਹੀਂ ਸੀ ਤੇ ਆਸ਼ਾ ਇਸ ਤੋਂ ਵਾਕਿਫ਼ ਨਹੀਂ ਸੀ।ਸ਼ਿਵਚਰਨ ਬਚਪਨ ਤੋਂ ਹੀ ਖ਼ੁਦ ਨੂੰ ਗੁਲਜ਼ਾਰੀ ਕਹਾਉਣ ਵਿੱਚ ਖ਼ੁਸ਼ੀ ਮਹਿਸੂਸ ਕਰਦਾ ਸੀ ਤੇ ਮੁਸਲਮਾਨ ਬਣਨ ਵਿੱਚ ਚਾਅ ਵੀ ਮਹਿਸੂਸ ਕਰਦਾ ਸੀ ਕਿਉਂਕਿ ਉਸਦਾ ਭਗਵਾਨ ਖ਼ੁਦ ਵਕੀਲਾ ਇੱਕ ਮੁਸਲਮਾਨ ਸੀ।ਪਰ ਅੱਜ ਉਸਨੂੰ ਮੁਸਲਮਾਨ ਸਾਬਤ ਕਰਨ ਲਈ ਏਨਾ ਵੱਡਾ ਇਮਤਿਹਾਨ ਦੇਣਾ ਪਵੇਗਾ ਸ਼ਾਇਦ ਹੀ ਕਦੇ ਉਸਨੇ ਇਸ ਬਾਰੇ ਸੋਚਿਆ ਹੋਣਾ।

ਭੀੜ ਦੀ ਹਾਹਾ-ਕਾਰ ਨੇ ਦੰਗਿਆਂ ਵਰਗਾ ਮਹੌਲ ਬਣਾ ਦਿੱਤਾ ਸੀ।ਕਾਲਜ ਤੱਕ ਜਦੋਂ ਇਹ ਚੀਕ ਪੁਕਾਰ ਪਹੁੰਚੀ ਤਾਂ ਗੋਖੇ ਤੇ ਸਿਕੰਦਰ ਨੂੰ ਇਹ ਗੱਲ ਸਮਝਣ ਵਿੱਚ ਬਹੁਤੀ ਦੇਰ ਨਾ ਲੱਗੀ।ਸ਼ਿਵਚਰਨ ਦੇ ਖ਼ਿਆਲ ਨੇ ਉਨ੍ਹਾਂ ਨੂੰ ਚਿੰਤਾ ਵਿੱਚ ਪਾ ਦਿੱਤਾ।ਉਹ ਜਦੋਂ ਤੱਕ ਉੱਥੇ ਪਹੁੰਚੇ ਤਾਂ ਭੀੜ ਖਿਸਕ ਚੁੱਕੀ ਸੀ ਅਤੇ ਘੁੱਦਾ ਤੇ ਪਠਾਨੀਆ ਵੀ ਆਪਣਾ ਇੰਡੀਅਨ ਚੌਖਟਾ ਫਿੱਟ ਕਰਕੇ ਰਫੂ-ਚੱਕਰ ਹੋ ਚੁੱਕੇ ਸਨ।ਸ਼ਿਵਚਰਨ ਲਹੂ ਦੀ ਲੋਥ ਬਣਿਆ ਮਸੀਤ ਵਾਲ਼ੀ ਗਲ਼ੀ ਵਿੱਚ ਪਿਆ ਤੜਫ਼ ਰਿਹਾ ਸੀ।ਸਿਕੰਦਰ ਨੇ ਸ਼ਿਵਚਰਨ ਨੂੰ ਦੇਖ ਕੇ ਦੁਹੱਥੜਾ ਮਾਰਿਆ, "ਮਾਰਤਾ ਓਏ ਜ਼ਾਲਮਾਂ ਨੇ।"

ਸਿਕੰਦਰ ਤੇ ਗੋਖੇ ਨੇ ਆਪਣੀਆਂ-ਆਪਣੀਆਂ ਕਮੀਜ਼ਾਂ ਉਤਾਰ ਕੇ ਉਸ ਨੂੰ ਤਨ ਤੋਂ ਕੱਜ ਲਿਆ ਸੀ।ਉਹ ਦੋਵੇਂ ਹੀ ਖ਼ੂਨ ਵਿੱਚ ਲਥਪਥ ਹੋ ਗਏ ਸਨ।ਲਹੂ ਦੀ ਲੋਥ ਨੂੰ ਚੁੱਕੀ ਧਾਹਾਂ ਮਾਰਦੇ ਸਰਕਾਰੀ ਹਸਪਤਾਲ਼ ਵੱਲ ਨੂੰ ਜਾ ਰਹੇ ਸਨ।ਭੀੜ ਉਨ੍ਹਾਂ ਦੇ ਨਾਲ਼ ਜੁੜਦੀ ਹੀ ਜਾ ਰਹੀ ਸੀ।ਪੁਲਿਸ ਨੇ ਸਾਰੇ ਹੀ ਸ਼ਹਿਰ ਨੂੰ ਹੋਰ ਅਣਸੁਖਾਵੀਂ ਘਟਨਾ ਦੇ ਡਰ ਤੋਂ ਛਾਉਣੀ ਵਿੱਚ ਬਦਲ ਦਿੱਤਾ ਸੀ।ਉਸਨੂੰ ਸਿੱਧਾ ਹੀ ਐਮਰਜੈਂਸੀ ਵਿੱਚ ਲਿਜਾਇਆ ਗਿਆ।ਸ਼ਰਮਾ ਜੀ ਸਮੇਤ ਕਾਲਜ ਦਾ ਬਹੁਤਾ ਸਟਾਫ਼ ਵੀ ਉੱਥੇ ਪਹੁੰਚ ਚੁੱਕਿਆ ਸੀ ਤੇ ਅਸਲਮ ਵੀ ਇੱਕ ਨੁੱਕਰੇ ਜਿਹੇ ਖੜ੍ਹਾ ਅੰਦਰੋਂ ਫੁੱਟ ਰਹੀ ਅਗੰਮੀ ਖ਼ੁਸ਼ੀ ਨੂੰ ਦਬਾ ਕੇ ਹਮਦਰਦੀ ਪ੍ਰਗਟ ਕਰਨ ਦਾ ਯਤਨ ਕਰ ਰਿਹਾ ਸੀ।

ਸਾਰੇ ਕਾਲਜ ਦੇ ਵਿਦਿਆਰਥੀ ਸਾਹ ਰੋਕੀ ਹਸਪਤਾਲ਼ ਦੇ ਲਾਅਨ ਵਿੱਚ ਬੈਠੇ ਉਸਦੀ ਤੰਦਰੁਸਤੀ ਲਈ ਅਰਦਾਸ ਕਰ ਰਹੇ ਸਨ ਕਿਉਂਕਿ ਉਹ ਦਿਲਾਂ 'ਤੇ ਰਾਜ ਕਰਨ ਵਾਲ਼ਾ ਗੱਭਰੂ ਸੀ ਜੋ ਹਰੇਕ ਦੀਆਂ ਤਕਲੀਫ਼ਾਂ ਨੂੰ ਸੱਚ ਨਾਲ਼ ਹੀ ਡੀਕ ਲਾ ਕੇ ਪੀਣ ਦੀ ਸਮਰੱਥਾ ਰੱਖਦਾ ਸੀ।ਕੁਲਵੀਰ ਮੈਡਮ ਨੇ ਆ ਕੇ ਦੱਸਿਆ ਤਾਂ ਗਗਨ ਇਹ ਸੁਣਦੇ ਸਾਰ ਹੀ ਕਾਲਜ ਦੇ ਗੇਟ 'ਤੇ ਹੀ ਅੱਧ-ਬੇਹੋਸ਼ ਜਿਹੀ ਹੋ ਗਈ।ਇਸ ਲਈ ਉਹ ਹੋਰਨਾਂ ਕੁੜੀਆਂ ਨਾਲ਼ ਉਸਨੂੰ ਆਪਣੇ ਘਰ ਛੱਡ ਆਈ।ਉਹ ਭਾਵੇਂ ਹਸਪਤਾਲ਼ ਆਉਣ ਦੀ ਜ਼ਿੱਦ ਕਰ ਰਹੀ ਸੀ ਪਰ ਉਸਦੀ ਹਾਲਤ ਵੀ ਪੂਰੀ ਸਥਿਰ ਨਹੀਂ ਸੀ।ਸੁਲਤਾਨ ਵਕੀਲੇ ਨੂੰ ਲੈ ਕੇ ਹਸਪਤਾਲ਼ ਪਹੁੰਚ ਚੁੱਕਿਆ ਸੀ।ਡਾਕਟਰ ਕਈ ਘੰਟੇ ਜੱਦੋ-ਜਹਿਦ ਕਰਨ ਉਪਰੰਤ ਬਾਹਰ ਆ ਗਏ ਸਨ ਪਰ ਉਸਦੀ ਹਾਲਤ ਅਜੇ ਵੀ ਖ਼ਤਰੇ ਵਿੱਚ ਹੀ ਦੱਸੀ ਜਾ ਰਹੀ ਸੀ।

ਗਗਨ ਦਾ ਤਾਇਆ ਤੇ ਉਸਦੇ ਪਿਤਾ ਜੀ ਗਗਨ ਕੋਲ਼ ਪਹੁੰਚ ਚੁੱਕੇ ਸਨ।ਤਿੰਨ-ਚਾਰ ਘੰਟਿਆਂ ਵਿੱਚ ਹੀ ਸਾਰੇ ਸ਼ਹਿਰ ਦੀ ਭੀੜ ਹਸਪਤਾਲ਼ ਅੱਗੇ ਜੁੜ ਚੁੱਕੀ ਸੀ।ਲੋਕਾਂ ਨੂੰ ਜਦੋਂ ਵਕੀਲੇ ਦੇ ਸ਼ਿਵਚਰਨ ਨਾਲ਼ ਰਿਸ਼ਤੇ ਦਾ ਪਤਾ ਲੱਗਿਆ ਤਾਂ ਮੁਸਲਮ ਲੋਕ ਵੀ ਹੁਣ ਸ਼ਿਵਚਰਨ ਲਈ ਦੁਆਵਾਂ ਕਰ ਰਹੇ ਸਨ।

ਝੁੱਗੀਆਂ ਦੇ ਵਾਸੀ ਵੀ ਆਪਣੀਆਂ ਟੱਬਰੀਆਂ ਸਮੇਤ ਸ਼ਿਵਚਰਨ ਦੇ ਤੰਦਰੁਸਤ ਹੋਣ ਦੀ ਖ਼ਬਰ ਨੂੰ ਸੁਣਨ ਲਈ ਕਾਹਲ਼ੇ ਸਨ।ਚਾਰੇ ਪਾਸੇ ਪੁਲਿਸ ਹਰਲ-ਹਰਲ ਕਰਦੀ ਫਿਰਦੀ ਸੀ ਪਰ ਧਰਮ ਦੇ ਠੇਕੇਦਾਰਾਂ ਨੂੰ ਇਸ ਗੱਲ ਦੀ ਸਮਝ ਨਹੀਂ ਪੈ ਰਹੀ ਸੀ ਕਿ ਕਿਸ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ।ਸ਼ਾਇਦ ਇਹ ਧਾਰਮਿਕ ਦੁਚਿੱਤੀ ਹੀ ਅਗਲੀ ਮਾੜੀ ਘਟਨਾ ਨਾ ਵਾਪਰਨ ਦਾ ਸਬੱਬ ਸੀ ਨਹੀਂ ਤਾਂ ਵੋਟਾਂ ਦੀ ਆਦਤ ਹੀ ਬਣ ਗਈ ਹੈ,ਮਸਲੇ ਨੂੰ ਉਲਝਾ ਕੇ ਸਿਆਸੀ ਲਾਹਾ ਲੈਣ ਦੀ।ਇੱਥੇ ਸ਼ਿਵਚਰਨ ਦੀ ਸ਼ਖਸੀਅਤ ਨੇ ਇੰਡੀਅਨ ਚੌਖਟੇ ਨੂੰ ਵੀ ਅਣਫ਼ਿੱਟ ਕਰਕੇ ਰੱਖ ਦਿੱਤਾ ਸੀ।

ਵਕੀਲਾ ਚੁੱਪ-ਚਾਪ ਸੋਚਾਂ ਵਿੱਚ ਡੁੱਬਿਆ ਬੈਠਾ ਸੀ ਤੇ ਖ਼ੁਦ ਨੂੰ ਕੋਸ ਰਿਹਾ ਸੀ,"ਮੈਂ ਸ਼ਿਵਚਰਨ ਨੂੰ ਮਨ ਤੋਂ ਤਾਂ ਭਾਵੇਂ ਗੁਲਜ਼ਾਰੀ ਬਣਾ ਦਿੱਤਾ ਸੀ ਪਰ ਤਨ ਤੋਂ ਅਜੇ ਵੀ ਉਹ ਗੰਗਾ-ਜਮੁਨਾ ਦੇ ਸੰਗਮ ਵਰਗਾ ਹੀ ਸੀ,ਕਾਸ਼! ਮੈਂ ਸ਼ਿਵਚਰਨ ਨੂੰ ਸ਼ਿਵਚਰਨ ਹੀ ਰਹਿਣ ਦਿੱਤਾ ਹੁੰਦਾ।"

ਉਹ ਬੈਠਾ ਸੋਚ ਹੀ ਰਿਹਾ ਸੀ ਤਾਂ ਗੋਖੇ ਨੇ ਨਰਸ ਨੂੰ ਬੇਨਤੀ ਕੀਤੀ ਕਿ ਉਸਦਾ ਅੱਬਾ ਉਸਨੂੰ ਖਿੜਕੀ ਦੇ ਸ਼ੀਸ਼ੇ ਰਾਹੀਂ ਹੀ ਦੇਖਣਾ ਚਾਹੁੰਦਾ ਹੈ ਤਾਂ ਵਕੀਲਾ ਸ਼ਿਵਚਰਨ ਨੂੰ ਦੇਖ ਕੇ ਇੱਕਦਮ ਤ੍ਰਭਕ ਜਿਹੇ ਗਿਆ।ਉਸਨੂੰ ਉਹ ਦ੍ਰਿਸ਼ ਅੱਖਾਂ ਅੱਗੇ ਘੁੰਮਣ ਲੱਗ ਗਿਆ।ਜਦੋਂ ਆਸ਼ਾ ਦੇ ਹਿੰਦੂ ਧਰਮ ਦੀ ਹੋਣ ਕਾਰਨ ਮੁਸਲਿਮ ਰਹੁ-ਰੀਤਾਂ ਦੇ ਵਿੱਚ ਸ਼ਾਮਲ ਹੋਣ ਦੀ ਜ਼ਿੱਦ 'ਤੇ ਗਹਿ-ਗੱਚ ਲੜਾਈ ਹੋਈ ਸੀ ਤੇ ਵਕੀਲੇ ਦਾ ਸਿਰ ਪਾਟ ਗਿਆ ਸੀ ।ਵਕੀਲੇ ਦੇ ਅੱਬੂ ਤੋਂ ਇਹ ਸਦਮਾ ਸਹਾਰ ਨਾ ਹੋਇਆ ਤੇ ਉਸਨੂੰ ਅਧਰੰਗ ਦਾ ਦੌਰਾ ਪੈ ਗਿਆ ਤੇ ਉਹ ਛਮਾਹੀਂ ਮੰਜੇ 'ਤੇ ਪੈ ਕੇ ਅੱਲਾਹ ਨੂੰ ਪਿਆਰਾ ਹੋ ਗਿਆ ਸੀ।

ਸਮੇਂ ਦੀ ਇਸ ਕੜਵਾਹਟ ਦੀ ਯਾਦ ਵਿੱਚ ਹੁਣ ਸ਼ਿਵਚਰਨ ਨੂੰ ਦੇਖ ਕੇ ਉਸਦੇ ਨੈਣੋਂ ਹੰਝੂ ਵਹਿ ਤੁਰੇ ਤੇ ਹੁਣ ਉਹ ਆਪਣੇ ਪਿਤਾ ਦੇ ਦਰਦ ਨੂੰ ਬਾਖ਼ੂਬੀ ਮਹਿਸੂਸ ਕਰ ਰਿਹਾ ਸੀ। ਉਸੇ ਵਕਤ ਹੀ ਨਰਸ ਨੇ ਸ਼ਿਵਚਰਨ ਦੇ ਹੋਸ਼ ਵਿੱਚ ਆਉਣ ਦੀ ਖ਼ਬਰ ਉਨ੍ਹਾਂ ਨੂੰ ਆ ਦੱਸੀ।

ਜਦੋਂ ਵਕੀਲੇ ਨੂੰ ਸਿਕੰਦਰ ਤੇ ਗੋਖਾ ਅੰਦਰ ਲਿਜਾ ਰਹੇ ਸਨ ਤਾਂ ਭੀੜ ਵਿੱਚੋਂ ਅਰਦਾਸਾਂ ਤੇ ਦੁਆਵਾਂ ਉਸਦੇ ਕੰਨੀਂ ਪੈ ਰਹੀਆਂ ਸਨ।ਭੀੜ ਨੇ ਸਾਬਤ ਕਰ ਦਿੱਤਾ ਸੀ ਕਿ ਸ਼ਿਵਚਰਨ ਸੱਚ-ਮੁੱਚ ਲੋਕਾਂ ਦੇ ਦਿਲਾਂ ਦਾ ਮਸੀਹਾ ਹੈ।ਹੋਲ਼ੀ-ਹੌਲ਼ੀ ਭੀੜ ਘਟਦੀ ਗਈ।ਹੁਣ ਉਹ ਹੋਸ਼ ਵਿੱਚ ਸੀ ਪਰ ਜ਼ਖ਼ਮਾਂ ਦੀ ਚੀਸ ਉਸ ਲਈ ਅਸਹਿ ਹੋ ਰਹੀ ਸੀ।

ਮੈਡਮ ਕੁਲਵੀਰ ਜਦੋਂ ਅੰਦਰ ਆਈ ਤਾਂ ਵਕੀਲਾ ਵੀ ਉਸ ਕੋਲ਼ ਹੀ ਬੈਠਾ ਸੀ।ਮੈਡਮ ਨੂੰ ਦੇਖ ਕੇ ਸ਼ਿਵਚਰਨ ਦੀਆਂ ਅੱਖਾਂ ਵਿੱਚ ਚਮਕ ਆ ਗਈ।ਪਰ ਉਸਦੀਆਂ ਸਵਾਲੀਆ ਨਜ਼ਰਾਂ ਮੈਡਮ ਨੂੰ ਕਈ ਸਵਾਲ ਕਰ ਰਹੀਆਂ ਸਨ ਤਾਂ ਉਨ੍ਹਾਂ ਦੇ ਜਵਾਬ ਵਿੱਚ ਮੈਡਮ ਨੇ ਸਿਰਫ਼ ਐਨਾ ਹੀ ਕਿਹਾ,"ਤੂੰ ਵਕੀਲ ਦੀ ਮੁਹੱਬਤ ਦਾ ਬੀਅ ਏਂ ਪੁੱਤਰਾ! ਮੌਤ ਤੈਨੂੰ ਕਿਵੇਂ ਹਰਾ ਸਕਦੀ ਏ ?"

ਸੁਣ ਕੇ ਵਕੀਲਾ ਇੱਕਦਮ ਖੜ੍ਹਾ ਹੋ ਗਿਆ।ਉਹ ਮੈਡਮ ਨੂੰ ਸਵਾਲ ਕਰਨ ਹੀ ਲੱਗਿਆ ਸੀ ਕਿ ਉਸੇ ਸਮੇਂ ਗਗਨ ਨਾਲ਼ ਉਸਦੇ ਪਿਤਾ ਜੀ ਤੇ ਤਾਇਆ ਜੀ ਪੁੱਜ ਗਏ।ਗਗਨ ਦੀਆਂ ਭੁੱਬਾਂ ਤੇ ਕੁਰਲਾਹਟ ਨੇ ਸ਼ਿਵਚਰਨ ਨੂੰ ਹੌਸਲਾ ਰੱਖਣ ਲਈ ਮਜਬੂਰ ਕਰ ਦਿੱਤਾ ਸੀ।

ਹਰ ਕੋਈ ਉਸ ਲਈ ਦੁਆਵਾਂ ਮੰਗ ਰਿਹਾ ਸੀ।ਭੀੜ ਦੁਆਰਾ ਕੀਤੀ ਗਈ ਸਨਾਖ਼ਤ ਦੇ ਅਧਾਰ ਉੱਪਰ ਘੁੱਦੇ ਤੇ ਪਠਾਨੀਏ ਨੂੰ ਦੰਗੇ ਕਰਵਾਉਣ ਦੀ ਸਾਜ਼ਿਸ਼ ਤਹਿਤ ਤੇ ਇਰਾਦਾ ਕਤਲ ਦੀਆਂ ਧਾਰਾਵਾਂ ਲਾ ਕੇ ਗ੍ਰਿਫ਼ਤਾਰ ਕੀਤਾ ਜਾ ਚੁੱਕਿਆ ਸੀ।

ਪਰ ਹੁਣ ਸੱਚੇ-ਸੁੱਚੇ ਅਫ਼ਸਰ ਰਣਯੋਧ ਸਿੰਘ ਐੱਸ.ਐੱਸ.ਪੀ ਦੀ ਬਦਲੀ ਕਰਵਾ ਕੇ ਝੋਲ਼ੀ ਚੁੱਕ ਅਫ਼ਸਰ ਨੂੰ ਜੁਆਇਨ ਕਰਵਾ ਦਿੱਤਾ ਗਿਆ ਸੀ।

ਕੁਲਵੀਰ ਨੇ ਸ਼ਿਵਚਰਨ ਨੂੰ ਆਪਣੇ ਘਰ ਹੀ ਇਲਾਜ਼ ਲਈ ਰੱਖ ਲਿਆ ਸੀ।ਉਹ ਕਾਲਜ ਦੇ ਨਾਲ਼ ਲੱਗਦੀ ਗਲ਼ੀ ਵਿੱਚ ਹੀ ਰਹਿੰਦੀ ਸੀ।

ਵਕੀਲਾ ਅੱਜ ਜਦੋਂ ਕੁਲਵੀਰ ਮੈਡਮ ਦੇ ਘਰ ਪਹੁੰਚਿਆ ਤਾਂ ਸ਼ਿਵਚਰਨ ਪੋਰਚ ਵਿੱਚ ਬੈਠਾ ਕਿਤਾਬ ਪੜ੍ਹ ਰਿਹਾ ਸੀ।ਵਕੀਲੇ ਨੇ ਉਸ ਕੋਲ਼ ਬੈਠ ਕੇ ਉਸਦਾ ਹਾਲ-ਚਾਲ ਪੁੱਛਿਆ ਪਰ ਕੁਲਵੀਰ ਨੂੰ ਦੇਖ ਕੇ ਉਸਦੇ ਮਨ ਵਿੱਚ ਉਸਦੇ ਕਹੇ ਬੋਲ,"ਤੂੰ ਵਕੀਲ ਦੀ ਮੁਹੱਬਤ ਦਾ ਬੀਅ ਏਂ ਪੁੱਤਰਾ!" ਵਾਰ-ਵਾਰ ਆ ਰਹੇ ਸਨ।ਉਸਨੇ ਝਿਜਕਦੇ ਜਿਹੇ ਮੈਡਮ ਨੂੰ ਸਵਾਲ ਕੀਤਾ,"ਤੁਸੀਂ ਵਕੀਲੇ ਤੇ ਵਕੀਲੇ ਦੀ ਮੁਹੱਬਤ ਨੂੰ ਕਿਵੇਂ ਜਾਣਦੇ ਹੋ ਜੀ ?"

ਕੁਲਵੀਰ ਇਹ ਸੁਣ ਕੇ ਠਠੰਬਰ ਜਿਹੇ ਗਈ ਤੇ ਫਿਰ ਸੰਭਲ਼ਦੀ ਹੋਈ ਬੋਲੀ,"ਮੈਂ ਵਕੀਲ ਦੀ ਮੁਹੱਬਤ ਆਸ਼ਾ ਨੂੰ ਬਹੁਤ ਨੇੜਿਓਂ ਜਾਣਦੀ ਹਾਂ,ਅਸੀਂ ਇੱਕੱਠੀਆਂ ਹੀ ਪੜ੍ਹੀਆਂ ਸੀ...ਮੈਂ ਸ਼ਿਵਚਰਨ ਬਾਰੇ ਤਾਂ ਨਹੀਂ ਸੀ ਜਾਣਦੀ ਪਰ ਮਹਿਸੂਸ ਹਮੇਸ਼ਾ ਕਰਦੀ ਸੀ ਕਿ ਜ਼ਰੂਰ ਸਾਡਾ ਦੋਹਾਂ ਦਾ ਕੋਈ ਨੇੜੇ ਦਾ ਸਾਕ ਏ...ਇਹ ਸਭ ਉਸ ਦਿਨ ਤੁਹਾਨੂੰ ਮਿਲ਼ ਕੇ ਯਕੀਨ ਵਿੱਚ ਬਦਲ ਗਿਆ ਸੀ।ਮੈਂ ਚੰਗੇਰ ਤੋਂ ਹੀ ਹਾਂ।ਕਈ ਸਾਲਾਂ ਤੋਂ ਇੱਥੇ ਹੀ ਪੜ੍ਹਾਉਂਦੀ ਹਾਂ ਤੇ ਇੱਥੇ ਹੀ ਰਹਿੰਦੀ ਹਾਂ।ਸ਼ਿਵਚਰਨ ਸੱਚ-ਮੁੱਚ ਤੁਹਾਡੇ ਦੋਹਾਂ ਦੀ ਸ਼ਖ਼ਸੀਅਤ ਦਾ ਸੁਮੇਲ ਏ।"

ਵਕੀਲੇ ਨੂੰ ਆਪਣੇ ਆਪ 'ਤੇ ਮਾਣ ਮਹਿਸੂਸ ਹੋ ਰਿਹਾ ਸੀ।ਸ਼ਿਵਚਰਨ ਨੂੰ ਵੀ ਹੁਣ ਕੁਲਵੀਰ ਉਸਦੀ ਮਾਂ ਵਰਗੀ ਲੱਗਣ ਲੱਗ ਗਈ ਸੀ।ਉਸਦੀ ਗਲ਼ਵੱਕੜੀ 'ਚੋਂ ਹੁਣ ਉਸਨੂੰ ਮਾਂ ਵਰਗਾ ਨਿੱਘ ਮਹਿਸੂਸ ਹੁੰਦਾ ਸੀ।ਉਹ ਖ਼ੁਦ ਨੂੰ ਖ਼ੁਸ਼ਕਿਸਮਤ ਸਮਝ ਰਿਹਾ ਸੀ ਕਿਉਂਕਿ ਮਾਂ ਤੇ ਗੁਰੂ ਦੇ ਸੁਮੇਲ ਵਾਲ਼ੀ ਸ਼ਖ਼ਸ਼ੀਅਤ ਹੁਣ ਉਸਦੇ ਅੰਗ-ਸੰਗ ਸੀ।

---

*

## ਕਾਂਡ-11

"ਗਾਗੋ ਪੁੱਤ! ਸ਼ਿਵਚਰਨ ਦਾ ਹਾਲ ਦੇਖ ਕੇ ਮੈਨੂੰ ਤੇਰੀ ਡਾਹਢੀ ਫਿਕਰ ਹੋਣ ਲੱਗ ਪਈ ਏ,ਤੇਰੇ ਪਿਤਾ ਜੀ ਵੀ ਕਈ ਦਿਨਾਂ ਤੋਂ ਇਸੇ ਚਿੰਤਾ ਵਿੱਚ ਬੇਅਰਾਮੀ ਜਿਹੀ ਮਹਿਸੂਸ ਕਰ ਰਹੇ ਨੇ।"

"ਮਾਤਾ ਜੀ! ਸੱਚ ਦੱਸਾਂ......ਮੈਨੂੰ ਵੀ ਫਿਕਰ ਜਿਹੀ ਤਾਂ ਹੋਣ ਲੱਗ ਪਈ ਏ,ਸ਼ਿਵਚਰਨ ਵਰਗੀ ਸ਼ਖਸੀਅਤ ਫੁੱਲਾਂ ਲਾਇਕ ਹੈ ਨਾ ਕਿ ਕੰਡਿਆਂ ਦੇ,ਪਰ ਦੁਸ਼ਟਾਂ ਨੇ ਵਿਚਾਰੇ ਨੂੰ ਮਾਰਨ ਵਿੱਚ ਕੋਈ ਕਸਰ ਨੀ ਛੱਡੀ,ਇਹ ਸਭ ਉਨ੍ਹਾਂ ਕੁੱਤਿਆਂ ਦੀ ਹੀ ਦੇਣ ਏ।"

"ਕਿੰਨਾ ਦੀ ਧੀਏ ?"

"ਓਹੀ ਜੋ ਜੇਲ੍ਹ 'ਚ ਨੇ ਝੋਲ਼ੀ ਚੁਕ,ਦਲਾਲ......ਹਰਾਮਜ਼ਾਦੇ।"

"ਤੂੰ ਬਚ ਕੇ ਰਹੀਂ ਪੁੱਤ! ਜਿਨਾਂ ਦਾ ਬੀਅ ਨਾਸ਼ ਹੋਜੇ ਉਨ੍ਹਾਂ ਦਾ ਵਿਸ਼ਵਾਸ ਨੀ ਕਰੀਦਾ।"

ਮਾਂ ਦੀਆਂ ਗੱਲਾਂ 'ਚੋਂ ਮਮਤਾ ਤੇ ਫਿਕਰ ਦੋਵੇਂ ਝਲਕ ਰਹੇ ਸਨ।

ਭਾਵੇਂ ਘੁੱਦਾ ਤੇ ਪਠਾਨੀਆ ਹੁਣ ਜੇਲ ਵਿੱਚ ਸਨ ਪਰ ਪਤਾ ਨੀ ਕਿਉਂ ਗਗਨ ਦੇ ਮਨ ਨੂੰ ਇਹ ਭਰੋਸਾ ਨਹੀਂ ਸੀ ਕਿ ਉਹ ਜਿਆਦਾ ਦੇਰ ਜੇਲ਼ ਵਿੱਚ ਰਹਿਣਗੇ।ਉਹ ਯੁਵਰਾਜ ਤੇ ਅਸਲਮ ਦੀ ਨੀਅਤ ਨੂੰ ਫ਼ੰਕਸ਼ਨ ਵਾਲ਼ੇ ਦਿਨ ਹੀ ਭਾਂਪ ਗਈ ਸੀ।ਹੁਣ ਪੁਲਿਸ ਵੀ ਉਨ੍ਹਾਂ ਦੀ ਹੀ ਬੋਲੀ ਬੋਲਦੀ ਸੀ।

ਗਗਨ ਦੇ ਸਾਰੇ ਪਰਿਵਾਰ ਨੂੰ ਸ਼ਿਵਚਰਨ ਨਾਲ਼ ਹੋਈ ਇਸ ਦੁਰਘਟਨਾ ਨੇ ਝੰਜੋੜ ਕੇ ਰੱਖ ਦਿੱਤਾ ਸੀ।

ਬੀਰਬਲ ਵੀ ਸ਼ਿਵਚਰਨ ਬਾਰੇ ਕਹਿ ਰਿਹਾ ਸੀ,"ਬਈ ਜਿੰਨੇ ਲੋਕ ਉਸਦੀ ਤਕਲੀਫ਼ 'ਚ ਉਸ ਨਾਲ਼ ਖੜ੍ਹੇ ਸੀ,ਆਹ ਭੈਣ ਮਰਾਗੇ ਨੇਤਾ ਸਾਰੀ ਉਮਰ ਨੀ 'ਕੱਠੇ ਕਰ ਸਕਦੇ.....ਭਗਵਾਨ ਉਸਦੀ ਉਮਰ ਲੰਮੀ ਕਰੇ।"

ਗਗਨ ਦਾ ਪਿਤਾ ਵੀ ਹੁੰਗਾਰਾ ਭਰ ਰਿਹਾ ਸੀ।ਗਗਨ ਨੂੰ ਸ਼ਿਵਚਰਨ ਬਾਰੇ ਸੋਹਣੀਆਂ-ਸੋਹਣੀਆਂ ਗੱਲਾਂ ਸੁਣ ਕੇ ਸਕੂਨ ਜਿਹਾ ਆ ਰਿਹਾ ਸੀ।ਉਸਦਾ ਚਿਹਰਾ ਖ਼ੁਸ਼ੀ ਨਾਲ਼ ਉਦੋਂ ਹੋਰ ਵੀ ਸੂਹਾ ਹੋ ਗਿਆ ਜਦੋਂ ਉਸਦੇ ਤਾਏ ਨੇ

ਕਿਹਾ,"ਬਈ ਗ਼ਰੀਬਾਂ ਦੀਆਂ ਦੁਆਵਾਂ ਰੱਬ ਹੁੰਦੀਆ ਨੇ,ਲੋਕਾਂ ਦੇ ਮੂੰਹੋਂ ਗਾਗੋ ਧੀ ਲਈ ਵੀ 'ਸੀਸਾਂ ਹੀ ਨਿੱਕਲ਼ਦੀਆਂ ਸਨ।"

ਉਸਦਾ ਪਿਤਾ ਇਹ ਗੱਲ ਸੁਣ ਕੇ ਹੋਰ ਵੀ ਹੈਰਾਨ ਹੋ ਗਿਆ ਕਿ ਬੀਰਬਲ ਵੀ ਧੀਆਂ ਨੂੰ ਏਨਾ ਪਿਆਰ ਤੇ ਸਤਿਕਾਰ ਦੇ ਸਕਦਾ।ਉਹ ਉਸ ਵੇਲ਼ੇ ਤਾਂ ਹੋਰ ਵੀ ਪਸੀਜਿਆ ਗਿਆ ਜਦੋਂ ਉਹ ਤੁਰਦਾ ਹੋਇਆ ਆਖ ਗਿਆ ਸੀ,"ਕੀਹਦਾ ਦਿਲ ਕਰਦਾ ਧੀਆਂ ਨੂੰ ਮਾਰਨ ਨੂੰ, ਭੈੜੀ ਦੁਨੀਆਂ ਦਾ ਡਰ ਹੀ ਕਤਲ ਕਰਵਾ ਦਿੰਦਾ।"

ਉਸਨੇ ਤੁਰੇ ਜਾਂਦੇ ਨੇ ਹਉਂਕਾ ਲਿਆ।ਇਹ ਸਭ ਗਗਨ ਨੇ ਵੀ ਕੋਲ਼ੋਂ ਲੰਘਦੀ ਨੇ ਸੁਣ ਲਿਆ ਸੀ।ਬੀਰਬਲ ਦੀਆਂ ਗੱਲਾਂ ਸੁਣ ਕੇ ਅੱਜ ਗਗਨ ਦਾ ਮਨ ਕੀਤਾ ਕਿ ਉਹ ਉਸਦੇ ਗਲ਼ ਲੱਗ ਕੇ ਉਸਨੂੰ ਉਹ ਪਿਆਰ ਤੇ ਸਤਿਕਾਰ ਦੇਵੇ ਜੋ ਕਦੇ ਵੀ ਉਸਨੇ ਉਸਨੂੰ ਨਹੀਂ ਦਿੱਤਾ ਸੀ।

ਸ਼ਿਵਚਰਨ ਜਿੰਨੇ ਦਿਨ ਹਸਪਤਾਲ਼ ਰਿਹਾ,ਓਨੇ ਦਿਨ ਹੀ ਦਾਣਾ ਮੰਡੀ ਵਿੱਚ ਰਹਿਣ ਵਾਲ਼ੇ ਲੋਕਾਂ ਦੀ ਭੀੜ ਲੱਗੀ ਰਹੀ।ਉਹ ਭਾਵੇਂ ਕੋਲ਼ ਆਉਣ ਤੋਂ ਹਿਚਕਚਾਉਂਦੇ ਰਹੇ ਪਰ ਉਨ੍ਹਾਂ ਦੀ ਰੋਜ਼ਾਨਾ ਦੀ ਹਾਜ਼ਰੀ ਸ਼ਿਵਚਰਨ ਪ੍ਰਤੀ ਡਾਹਢੇ ਮੋਹ ਦਾ ਪ੍ਰਗਟਾਵਾ ਸੀ।

ਸ਼ਿਵਚਰਨ ਦੇ ਸਕੂਲ ਦਾ ਮੋਰਚਾ ਹੁਣ ਸੁਲਤਾਨ ਤੇ ਉਸਦੇ ਸਾਥੀਆਂ ਨੇ ਸੰਭਾਲ਼ ਕੇ ਇਹ ਸਾਬਤ ਕਰ ਦਿੱਤਾ ਸੀ ਕਿ ਜੁਝਾਰੂ ਲੋਕ ਖੱਬਲ਼ ਦੀਆਂ ਤਿੜ੍ਹਾਂ ਵਰਗੇ ਹੁੰਦੇ ਹਨ,ਜਿਨ੍ਹਾਂ ਨੂੰ ਜਿਨਾ ਮਰਜੀ ਖ਼ਤਮ ਕਰ ਲਓ ਫਿਰ ਵੀ ਕਿਸੇ ਨਾ ਕਿਸੇ ਤਰੀਕੇ ਇਨ੍ਹਾਂ ਦੀ ਕੋਈ ਨਾ ਕੋਈ ਤਿੜ੍ਹ ਫੁੱਟ ਹੀ ਆਉਂਦੀ ਹੈ।

ਥੋੜ੍ਹੀ ਤੰਦਰੁਸਤੀ ਮਗਰੋਂ ਵਕੀਲਾ ਸ਼ਿਵਚਰਨ ਨੂੰ ਜਾਗੋਵਾਲ਼ ਲੈ ਆਇਆ।ਉਹ ਮਾਂ-ਬਾਪ ਦੋਹਾਂ ਦਾ ਪਿਆਰ ਨਿਭਾਉਂਦਾ ਉਸਦੀ ਸੇਵਾ ਕਰ ਰਿਹਾ ਸੀ।ਉਹ ਦੁੱਧ ਗਰਮ ਕਰਦਾ ਉਸਦੀ ਤਕਲੀਫ਼ ਬਾਰੇ ਸੋਚ ਕੇ ਆਪਣਾ ਦਿਲ ਛੋਟਾ ਕਰ ਰਿਹਾ ਸੀ,"ਮੈਂ ਕਦੇ ਧਰਮ ਨੂੰ ਇਨਸਾਨੀਅਤ ਤੋਂ ਵੱਡਾ ਨਹੀਂ ਸੀ ਸਮਝਦਾ,ਇਨਸਾਨੀਅਤ ਤਾਂ ਸਾਰੇ ਧਰਮਾਂ ਕਰਮਾਂ ਦਾ ਸੰਯੋਗ ਹੁੰਦੀ ਏ ਪਰ ਕੀ ਪਤਾ ਸੀ ਲੋਕ ......ਮਨ ਤੋਂ ਧਾਰਮਿਕ ਹੋਣ ਦੀ ਬਜਾਇ ਤਨ ਤੋਂ ਧਾਰਮਿਕ ਹੋਣ ਨੂੰ ਵਧੇਰੇ ਤਰਜੀਹ ਦਿੰਦੇ ਨੇ,ਕਿੰਨਾ ਵੱਡਾ ਸੰਤਾਪ ਭੋਗਿਆ ਮੇਰੇ ਗੁਲਜ਼ਾਰੀ ਨੇ।"

ਉਹ ਸੋਚਦਾ ਵਕੀਲਾਂ ਦੀ ਯਾਦ ਵਿੱਚ ਖੋ ਗਿਆ ਜਦੋਂ ਉਹ ਸ਼ਿਵਚਰਨ ਬਾਰੇ ਗੱਲਾਂ ਕਰ ਰਹੀ ਹੁੰਦੀ ਹੈ।

"ਸ਼ਿਵਚਰਨ ਨੂੰ ਤੁਸੀਂ ਗੁਲਜ਼ਾਰੀ ਬਣਾ ਕੇ ਮੇਰੀ ਰੂਹ ਨੂੰ ਸਕੂਨ ਦਿੱਤਾ ਏ,ਪਰ ਹੁਣ ਮੇਰਾ ਮਨ ਕਰਦਾ ਮੈਂ ਤੁਹਾਡੀ ਝੋਲ਼ੀ ਵਿੱਚ ਇੱਕ ਹੋਰ ਗੁਲਜ਼ਾਰੀ ਵਰਗਾ ਹੀ ਤੋਹਫ਼ਾ ਪਾ ਦੇਵਾਂ।"

"ਅੱਛਾ! ਇਹ ਕਿਉਂ ਤੇ ਕਿਵੇਂ ਸੋਚਿਆ ?"

"ਤੁਸੀਂ ਮੇਰੀ ਜ਼ਿੰਦਗੀ ਨੂੰ ਚਾਰ ਚੰਨ ਲਾਏ ਨੇ,ਮੈਂ ਇੱਕ ਚੰਨ ਤੁਹਾਡੀ ਜ਼ਿੰਦਗੀ ਲਈ ਨਹੀਂ ਦੇ ਸਕਦੀ ?"

"ਪਰ..ਮੋਹਤਰਮਾ! ਇਸ ਚੰਨ ਦੀ ਕਦੇ ਸੰਭਾਵਨਾ ਨਹੀਂ ਹੋ ਸਕਦੀ।"

"ਕਿਉਂ ਨਹੀਂ ਹੋ ਸਕਦੀ ਜਨਾਬ ?" ਵਕੀਲਾਂ ਨੇ ਉਸਨੂੰ ਬਾਹਾਂ ਦਾ ਵਲੇਵਾਂ ਪਾਉਂਦੀ ਨੇ ਸ਼ਰਾਰਤੀ ਅੰਦਾਜ਼ ਵਿੱਚ ਕਿਹਾ।

"ਬਸ ਯਾਰ, ਮੈਂ ਤੇਰੇ ਨਾਲ਼ ਵਾਅਦਾ ਖ਼ਿਲਾਫ਼ੀ ਨਹੀਂ ਕਰ ਸਕਦਾ।"

"ਉਹ ਉਸ ਸਮੇਂ ਦੀ ਲੋੜ ਸੀ...ਹੁਣ... ਇਹ ਇਸ ਸਮੇਂ ਦੀ ਲੋੜ ਆ।"

"ਮੈਂ ਗੁਲਜ਼ਾਰੀ ਲਈ ਆਪਣਾ ਸਭ ਕੁਛ ਤਿਆਗ ਦਿੱਤਾ, ਇਸ ਲਈ ਇਹ ਸੰਭਵ ਨਹੀਂ।"

"ਮੈਨੂੰ ਨੀ ਪਤਾ ...ਕੀ ਤਿਆਗ ਦਿੱਤਾ ?"

"ਇਸ ਸੰਭਾਵਨਾ ਵਾਲ਼ਾ ਸਭ...ਕੁਛ।"

"ਸਭ ਕੁਛ.. ਮਤਲਬ।"

"ਸਭ......ਕੁਛ।"

ਉਸਨੇ ਵਕੀਲਾਂ ਦਾ ਹੱਥ ਫੜ ਕੇ ਉਸਦੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ ਅਤੇ ਫਿਰ ਦੂਜੇ ਪਾਸੇ ਮੂੰਹ ਘੁਮਾ ਲਿਆ ਤਾਂ ਵਕੀਲਾਂ ਨੇ ਉਸਦਾ ਮੂੰਹ ਦੋਵੇਂ ਹੱਥਾਂ ਵਿੱਚ ਲੈ ਕੇ ਆਪਣੇ ਵੱਲ ਘੁਮਾਉਂਦਿਆਂ ਪੁੱਛਿਆ,

"ਦੱਸੋ ਤਾਂ ਸਹੀ...ਕੀ ਛੁਪਾ ਰਹੇ ਹੋ ਮੈਥੋਂ ?"

"ਵਕੀਲਾਂ!...ਮੈਂ ਤੇਰੇ ਨਾਲ਼ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ.....ਆਪਣੀ ਨਸਬੰਦੀ ਕਰਵਾ ਦਿੱਤੀ ਸੀ।"

ਸੁਣਦੇ ਸਾਰ ਹੀ ਵਕੀਲਾਂ ਦੇ ਮੂੰਹੋਂ ਹੈਰਾਨੀ ਨਾਲ਼ ਨਿੱਕਲਿਆ,"ਏਨੀ ਵੱਡੀ ਕੁਰਬਾਨੀ!"

ਇੱਕ ਤਰ੍ਹਾਂ ਨਾਲ਼ ਉਸਦੀ ਚੀਕ ਹੀ ਨਿੱਕਲ਼ ਗਈ।

ਉਹ ਉੱਠਣ ਲੱਗੀ ਤਾਂ ਚੱਕਰ ਖਾ ਕੇ ਟੇਬਲ ਵੱਲ ਨੂੰ ਟੇਢੀ ਹੋ ਗਈ ਤੇ ਟੇਬਲ 'ਤੇ ਪਏ ਸਾਰੇ ਭਾਂਡੇ ਟਣ-ਟਣ ਕਰਦੇ ਦੂਰ ਤੱਕ ਰੁੜ੍ਹ ਗਏ।ਇਸ ਟਣ-ਟਣ ਦੇ ਖ਼ਿਆਲ ਨੇ ਹੀ ਉਸਦੀ ਸੋਚਾਂ ਦੀ ਲੜੀ ਨੂੰ ਤੋੜ ਦਿੱਤਾ ।ਹੁਣ ਉਸਨੇ ਦੇਖਿਆ ਕਿ ਦੁੱਧ ਦਾ ਉਬਾਲ਼ ਪਤੀਲੀ ਤੋਂ ਉਸਦੇ ਪੈਰਾਂ ਤੱਕ ਪਹੁੰਚ ਚੁੱਕਾ ਸੀ।ਉਹ ਆਪਣੀਆਂ ਨਮ ਅੱਖਾਂ ਨੂੰ ਪੂੰਝਦਾ ਸ਼ਿਵਚਰਨ ਵੱਲ ਨੂੰ ਜਾ ਰਿਹਾ ਸੀ।

ਗਗਨ ਵੀ ਆਪਣੇ ਬੀਰਬਲ ਤਾਏ ਨਾਲ਼ ਸ਼ਿਵਚਰਨ ਦਾ ਪਤਾ ਲੈਣ ਲਈ ਜਾਗੋਵਾਲ਼ ਆਈ।ਉਸਦਾ ਤਾਇਆ ਵੀ ਵਕੀਲੇ ਤੇ ਸ਼ਿਵਚਰਨ ਨੂੰ ਮਿਲ਼ ਕੇ ਬਹੁਤ ਖ਼ੁਸ਼ ਹੋਇਆ।ਗਗਨ ਨੂੰ ਮਿਲ਼ ਕੇ ਸ਼ਿਵਚਰਨ ਨੂੰ ਇੰਝ ਲੱਗਿਆ ਜਿਵੇਂ ਉਸਦੇ ਅੱਲ੍ਹੇ ਜ਼ਖ਼ਮਾਂ 'ਤੇ ਵੀ ਖ਼ਰੀਂਡ ਆ ਗਿਆ ਹੋਵੇ।ਉਹ ਵੀ ਉਸਨੂੰ ਟਿਕਟਿਕੀ ਲਾ ਕੇ ਇੰਝ ਵੇਂਹਦੀ ਰਹੀ ਜਿਵੇਂ ਉਸਦੀਆਂ ਸਾਰੀਆਂ ਹੀ ਤਕਲੀਫ਼ਾਂ ਨੂੰ ਆਪਣੀਆ ਅੱਖਾਂ ਨਾਲ਼ ਹੀ ਦੂਰ ਕਰਨਾ ਚਾਹੁੰਦੀ ਹੋਵੇ।

ਸ਼ਿਵਚਰਨ ਹੁਣ ਕਾਫ਼ੀ ਠੀਕ ਹੋ ਗਿਆ ਸੀ।ਕਾਲਜ ਵੀ ਜਾਣ ਲੱਗ ਗਿਆ ਸੀ ਤੇ ਕਦੀ-ਕਦੀ ਗਗਨ ਨਾਲ਼ ਕਪਾਹ ਮੰਡੀ ਸਕੂਲ ਵਿੱਚ ਵੀ ਗੇੜਾ ਮਾਰ ਆਉਂਦਾ।ਜਿਸ ਦਿਨ ਉਹ ਠੀਕ ਹੋਣ ਤੋਂ ਬਾਅਦ ਪਹਿਲੀ ਵਾਰ ਕਪਾਹ ਮੰਡੀ ਗਿਆ ਤਾਂ ਬੱਚੇ ਤੇ ਉਨ੍ਹਾਂ ਦੇ ਮਾਪਿਆਂ ਨੇ ਏਨੀ ਮੁਹੱਬਤ ਨਾਲ ਸਵਾਗਤ ਕੀਤਾ ਕਿ ਉਸਨੂੰ ਇੰਝ ਲੱਗਿਆ ਜਿਵੇਂ ਉਨ੍ਹਾਂ ਦੇ ਪਿਆਰ ਤੇ ਦੁਆਵਾਂ ਨੇ ਹੀ ਉਸਨੂੰ ਜੀਵਨ ਦਾਨ ਦਿੱਤਾ ਹੋਵੇ।

ਅਸਲਮ ਹੁਰੀਆਂ ਦੇ ਸ਼ਿਵਚਰਨ ਨੂੰ ਮਾਰਨ ਦੇ ਯਤਨ ਵਰਗੇ ਵਿਰੋਧੀ ਕਾਰਜ ਨੇ ਉਸਨੂੰ ਤੇ ਉਸਦੇ ਸਾਥੀਆਂ ਨੂੰ ਚਮਕਦੇ ਸਿਤਾਰੇ ਬਣਾ ਦਿੱਤਾ ਸੀ।ਇਸ ਕੰਮ ਵਿੱਚ ਮੀਡੀਏ ਦੀ ਭੂਮਿਕਾ ਵੀ ਸਾਰਥਕ ਰਹੀ ਸੀ ਜਦੋਂ ਕਿ ਵਿਕਾਊ ਬੋਲੀ ਕਦੇ ਲੋਰੀਆਂ ਦਾ ਅਹਿਸਾਸ ਨਹੀਂ ਕਰਵਾਉਂਦੀ ਹੁੰਦੀ।

ਕਾਲਜ ਵਿੱਚ ਪੇਪਰਾਂ ਉਪਰੰਤ ਨਵੀਆਂ ਜਮਾਤਾਂ ਸ਼ੁਰੂ ਹੋ ਰਹੀਆਂ ਸਨ।ਸਿਕੰਦਰ,ਗੋਖਾ,ਸ਼ਿਵਚਰਨ ਤੇ ਗਗਨ ਹੁਣ ਬੀ.ਏ ਦੇ ਤੀਜੇ ਸਾਲ ਵਿੱਚ ਦਾਖ਼ਲ ਹੋ ਗਏ ਸਨ।ਕਾਲਜ ਵਿੱਚ ਉਨ੍ਹਾਂ ਦੀ ਹੁਣ ਤੂਤੀ ਬੋਲਦੀ ਸੀ।ਘੁੱਦੇ ਤੇ ਪਠਾਨੀਆ ਦੇ ਜੇਲ੍ਹ ਜਾਣ ਕਰਕੇ ਅਸਲਮ ਤੇ ਉਨ੍ਹਾਂ ਦੇ ਸਾਥੀਆਂ ਦੇ ਹੁਣ ਹੌਸਲੇ ਟੁੱਟੇ ਜਿਹੇ ਗਏ ਸਨ।ਬਹੁਤੇ ਵਿਦਿਆਰਥੀਆਂ ਨੇ ਉਨ੍ਹਾਂ ਨਾਲ਼ ਮੇਲ਼-ਜੋਲ਼ ਵੀ ਬੰਦ ਕਰ ਦਿੱਤਾ ਸੀ।ਉਹ ਜਿਵੇਂ ਲੋਕ ਕਹਿੰਦੇ ਹੁੰਦੇ ਨੇ ਕਿ ਸੱਪ ਕੰਜ ਲਾਹੁਣ ਪਿੱਛੋਂ ਸੁਸਤ ਜਿਹਾ ਹੋ ਜਾਂਦਾ ਹੈ।ਉਹ ਉਸ ਤਰ੍ਹਾਂ ਹੀ ਲੱਗ ਰਹੇ ਸਨ ਪਰ ਸੱਪ ਕਦੋਂ ਫਣ ਖੜ੍ਹਾ ਕਰ ਲਵੇ ਇਸਦਾ ਵੀ ਕੋਈ ਭਰੋਸਾ ਨਹੀਂ ਕੀਤਾ ਜਾ ਸਕਦਾ ਸੀ।

ਪ੍ਰਿੰਸ ਵੀ ਕਾਲਜ ਵਿੱਚ ਨਵਾਂ-ਨਵਾਂ ਦਾਖ਼ਲ ਹੋਇਆ ਸੀ।ਉਹ ਸ਼ਿਵਚਰਨ ਨੂੰ ਮਿਲਣ ਵਿੱਚ ਬਹੁਤ ਦਿਲਚਸਪੀ ਜਿਹੀ ਦਿਖਾ ਰਿਹਾ ਸੀ।ਕਈ ਵਾਰੀ ਉਸਨੇ ਉਸ ਨਾਲ਼ ਗੱਲ ਵੀ ਕਰਨੀ ਚਾਹੀ ਪਰ ਉਹ ਫਿਰ ਨੇੜੇ ਆ ਕੇ ਚੁੱਪ ਜਿਹੀ ਵੱਟ ਲੈਂਦਾ ਸੀ।ਉਸਨੇ ਕਾਲਜ ਵਿੱਚ ਹੋਰਾਂ ਵਿਦਿਆਰਥੀਆਂ ਤੋਂ ਵੀ ਸ਼ਿਵਚਰਨ ਬਾਰੇ ਪੁੱਛ ਪੜਤਾਲ਼ ਕੀਤੀ। ਸਭ ਪਤਾ ਕਰਨ ਮਗਰੋਂ ਵੀ ਉਸਨੇ ਕੋਈ ਗੱਲ ਸਾਂਝੀ ਨਹੀਂ ਕੀਤੀ ਸੀ।

ਪ੍ਰਿੰਸ ਰਾਮਪੁਰੇ ਤੋਂ ਮਜ਼ਦੂਰ ਪਰਿਵਾਰ ਦਾ ਲੜਕਾ ਸੀ।ਉਸਦਾ ਬਾਪੂ,ਗਿਰਧਾਰੀ ਲਾਲ ਬਾਣੀਏ ਦੀ ਆੜ੍ਹਤ ਦੀ ਦਕਾਨ 'ਤੇ ਨੌਕਰੀ ਕਰਦਾ ਸੀ।ਬਾਣੀਏ ਦੇ ਮੁੰਡੇ ਦੀ ਰਾਮਪੁਰੇ ਦੇ ਮੇਨ ਬਜ਼ਾਰ ਵਿੱਚ ਪ੍ਰਚੂਨ ਦੀ ਦੁਕਾਨ ਸੀ।ਪ੍ਰਿੰਸ ਆਪਣੇ ਪਰਿਵਾਰ ਦੀ ਆਰਥਿਕ ਮਦਦ ਲਈ ਪ੍ਰਚੂਨ ਦੀ ਦੁਕਾਨ 'ਤੇ ਚਲਿਆ ਜਾਂਦਾ ਸੀ।

ਇੱਕ ਦਿਨ ਉਸਨੂੰ ਗਿਰਧਾਰੀ ਦੇ ਮੁੰਡੇ ਨੇ ਪੁਰਾਣੇ ਮਕਾਨ ਵਿੱਚੋਂ ਦੁਕਾਨ ਦਾ ਸਮਾਨ ਲੈਣ ਲਈ ਮੋਟਰ ਸਇਕਲ ਵਾਲ਼ੀ ਟਰਾਲ਼ੀ ਜਿਹੀ ਦੇ ਕੇ ਭੇਜ ਦਿੱਤਾ,ਨਾਲ਼ ਹੀ ਛੋਟੂ ਉਸ ਨਾਲ਼ ਚਲਿਆ ਗਿਆ,ਜਿਹੜਾ ਕਿ ਉਸ ਦੁਕਾਨ

'ਤੇ ਚਿਰਾਂ ਤੋਂ ਕੰਮ ਕਰਦਾ ਸੀ।ਉਨ੍ਹਾਂ ਨੇ ਇੱਕ ਗਲ਼ੀ ਦੇ ਬਾਹਰ ਹੀ ਮੋਟਰ ਸਾਇਕਲ ਰੋਕ ਦਿੱਤੀ ਤੇ ਆਪ ਦੋਨੋਂ ਗਲ਼ੀ ਵਿਚਲੇ ਮਕਾਨ ਵਿੱਚ ਚਲੇ ਗਏ।

ਮਕਾਨ ਨੂੰ ਬਾਹਰੋਂ ਜਿੰਦਰਾ ਵੱਜਿਆ ਹੋਇਆ ਸੀ।ਜਿੰਦਰਾ ਖੋਲ੍ਹਿਆ ਤਾਂ ਛੱਤ ਤੇ ਪਏ ਲੋਹੇ ਦੇ ਜਾਲ਼ ਵਿੱਚੋਂ ਰੌਸ਼ਨੀ ਆ ਰਹੀ ਸੀ।ਜਿੰਦਰੇ ਤੋਂ ਤਾਂ ਇੰਝ ਲੱਗਦਾ ਸੀ ਜਿਵੇਂ ਕਈ ਦਿਨ ਬਾਅਦ ਖੋਲ੍ਹਿਆ ਹੋਵੇਗਾ ਪਰ ਘਰ ਦੇ ਅੰਦਰਲੀ ਸਫ਼ਾਈ ਉੱਥੇ ਕਿਸੇ ਦੇ ਰਹਿਣ ਦਾ ਸੰਕੇਤ ਦੇ ਰਹੀ ਸੀ।ਛੱਤ 'ਤੇ ਹੁੰਦੀ ਪੈੜਚਾਲ ਤੇ ਭਾਂਡਿਆਂ ਦੇ ਖੜਾਕ ਨੇ ਪ੍ਰਿੰਸ ਨੂੰ ਸ਼ਸ਼ੋਪੰਜ ਵਿੱਚ ਪਾ ਦਿੱਤਾ ਸੀ।ਉਹ ਸੋਚ ਰਿਹਾ ਸੀ,"ਬਾਹਰੋਂ ਜ਼ਿੰਦਰਾ ਤੇ ਅੰਦਰੋਂ ਕਿਸੇ ਦੀ ਰਿਹਾਇਸ਼ ਕਿਸ ਤਰ੍ਹਾਂ ਸੰਭਵ ਹੋ ਸਕਦੀ ਹੈ?"

ਉਹ ਜਕੋ-ਤਕੀ ਕਰਦਾ ਹੋਇਆ ਛੱਤ 'ਤੇ ਜਾਣ ਹੀ ਲੱਗਿਆ ਸੀ ਕਿ ਛੋਟੂ ਨੇ ਜਲਦੀ ਜਾਣ ਲਈ ਅਵਾਜ਼ ਮਾਰ ਦਿੱਤੀ।ਛੋਟੂ ਪੌੜੀਆਂ ਤੋਂ ਉਸਦੀ ਬਾਂਹ ਫੜ ਕੇ ਹੇਠਾਂ ਲੈ ਆਇਆ।ਉਨ੍ਹਾਂ ਨੇ ਸਮਾਨ ਚੁੱਕਿਆ ਤੇ ਘਰ ਨੂੰ ਬਾਹਰੋਂ ਜਿੰਦਰਾ ਮਾਰ ਕੇ,ਮੋਟਰ ਸਇਕਲ ਚੁੱਕ ਕੇ ਦੁਕਾਨ ਨੂੰ ਪਰਤ ਆਏ।ਪ੍ਰਿੰਸ ਦਾ ਧਿਆਨ ਅਜੇ ਵੀ ਘਰ ਦੀ ਛੱਤ 'ਤੇ ਸੀ।"ਬਾਹਰ ਜਿੰਦਰਾ ਤੇ ਅੰਦਰ ਰਿਹਾਇਸ਼" ਵਾਲ਼ੀ ਗੱਲ ਉਸ ਲਈ ਇੱਕ ਗੁੱਝਾ ਭੇਦ ਬਣ ਗਈ ਸੀ।ਉਸ ਦਿਨ ਉਹ ਘਰ ਆ ਕੇ ਵੀ ਸੋਚਦਾ ਰਿਹਾ ਪਰ ਉਸਨੇ ਆਪਣੇ ਬਾਪੂ ਤੋਂ ਇਸ ਬਾਰੇ ਪੁੱਛਣਾ ਵਾਜਬ ਨਹੀਂ ਸਮਝਿਆ।

ਉਸ ਮਕਾਨ ਵਿੱਚੋਂ ਸਮਾਨ ਲੈ ਕੇ ਆਉਣਾ ਕੋਈ ਪੱਕਾ ਕਾਰਜ਼ ਨਹੀਂ ਸੀ ਕਿਉਂਕਿ ਉੱਥੇ ਤਾਂ ਵਾਧੂ ਜਿਹਾ ਸਮਾਨ ਹੀ ਰੱਖਿਆ ਹੁੰਦਾ ਸੀ।ਕੀਮਤਾਂ ਦੇ ਵਧਣ ਘਟਣ ਦੀ ਸੰਭਾਵਨਾ ਇਸ ਘਰ ਨੂੰ ਖ਼ਾਲੀ ਅਤੇ ਲੋੜ ਤੋਂ ਜ਼ਿਆਦਾ ਭਰ ਦਿੰਦੀ ਸੀ।ਕਈ ਦਿਨਾਂ ਬਾਅਦ ਅੱਜ ਫਿਰ ਪ੍ਰਿੰਸ ਛੋਟੂ ਨਾਲ਼ ਸਮਾਨ ਲੈ ਕੇ ਆਉਣ ਲਈ ਉਸੇ ਪੁਰਾਣੇ ਘਰ ਵਿੱਚ ਗਿਆ।ਅੱਜ ਉਸਦੀ ਕਾਹਲ਼ ਉਸਨੂੰ ਤੇਜੀ ਨਾਲ਼ ਮਕਾਨ ਵੱਲ ਖਿੱਚ ਕੇ ਲਿਜਾ ਰਹੀ ਸੀ।ਛੋਟੂ ਸਮਾਨ ਇਕੱਠਾ ਕਰਨ ਲੱਗ ਗਿਆ ਤੇ ਪ੍ਰਿੰਸ ਮੌਕਾ ਪਾ ਕੇ ਜਲਦੀ ਨਾਲ਼ ਪੌੜੀਆਂ ਚੜ੍ਹ ਕੇ ਛੱਤ 'ਤੇ ਚਲਾ ਗਿਆ।।ਉਸਦਾ ਛੱਤ ਉੱਪਰ ਰਿਹਾਇਸ਼ ਹੋਣ ਦਾ ਸ਼ੱਕ ਉਸ ਸਮੇਂ ਯਕੀਨ ਵਿੱਚ ਬਦਲ ਗਿਆ,ਜਦੋਂ ਉਹ ਸਾਹਮਣੇ ਇਕ ਬਜ਼ੁਰਗ ਔਰਤ ਨੂੰ,ਫਰਵਰੀ ਮਹੀਨੇ ਦੀ ਕੋਸੀ-ਕੋਸੀ ਧੁੱਪ ਵਿੱਚ ਇਕ ਬਜ਼ੁਰਗ ਦੇ ਸਿਰ 'ਤੇ ਤੇਲ ਮਾਲ਼ਸ਼ ਕਰਦੀ ਨੂੰ ਦੇਖਦਾ ਹੈ।ਉਸਨੂੰ ਦੇਖ ਕੇ ਬਜ਼ੁਰਗ ਮਰਦ ਕੰਧ ਦਾ ਸਹਾਰਾ ਲੈ ਕੇ ਬੈਠ ਗਿਆ ਅਤੇ ਔਰਤ ਹੈਰਾਨ ਹੁੰਦੀ ਬੋਲੀ,"ਕੀ ਗੱਲ ਹੈ ਪੁੱਤਰ ?"

ਉਸਦੇ ਸਵਾਲ ਦਾ ਉਸਨੂੰ ਜਦੋਂ ਕੋਈ ਜਵਾਬ ਨਹੀਂ ਔੜਿਆ ਤਾਂ ਉਹ ਹਕਲਾਉਂਦਾ ਜਿਹਾ ਬੋਲਿਆ, "ਮੈਂ..ਮੈਂ ..ਮੈਂ ਤਾਂ ਜੀ ਸਮਾਨ ਲੈਣ ਆਇਆ ਸੀ।"

ਉਹ ਪਿੱਛੇ ਮੁੜਨ ਲੱਗਿਆ ਤਾਂ ਉਸਨੇ ਸਾਹਮਣੇ ਚੁਬਾਰੇ ਵਿੱਚ ਤਸਵੀਰ ਲੱਗੀ ਹੋਈ ਦੇਖੀ,ਜਿਸ 'ਤੇ 'ਸਵਰਗਵਾਸੀ ਚਿਰੰਜੀ ਲਾਲ' ਲਿਖਿਆ ਹੋਇਆ ਸੀ।ਛੋਟੂ ਦੀਆਂ ਅਵਾਜ਼ਾਂ ਸੁਣ ਕੇ ਉਹ ਤੇਜ਼ੀ ਨਾਲ਼ ਹੇਠਾਂ ਉੱਤਰ ਗਿਆ।ਛੋਟੂ ਨੇ ਉਸਦੇ ਉੱਪਰ ਜਾਣ 'ਤੇ ਨਰਾਜ਼ਗੀ ਪ੍ਰਗਟਾਈ ਪਰ ਉਸਨੇ ਤਰਲੇ ਜਿਹੇ ਨਾਲ਼ ਉਸਨੂੰ ਦੁਕਾਨ 'ਤੇ ਨਾ ਦੱਸਣ ਲਈ ਮਨਾ ਲਿਆ ਸੀ।

ਹੁਣ ਜਦੋਂ ਦਾ ਉਹ ਕਾਲਜ ਲੱਗਿਆ ਸੀ।ਉਹ ਸ਼ਿਵਚਰਨ ਨੂੰ ਦੇਖ ਕੇ ਹਰ ਵਾਰ ਇਹੀ ਮਹਿਸੂਸ ਕਰਦਾ ਸੀ ਜਿਵੇਂ ਉਹ ਉਸਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹੋਵੇ।ਪ੍ਰਿੰਸ ਆਪਣੀ ਇਹ ਸ਼ੱਕ ਕੱਢਣ ਲਈ ਉਸਦੀ ਪੈੜ ਨੱਪਦਾ ਰਹਿੰਦਾ ਸੀ।ਇੱਕ ਦਿਨ ਗਗਨ ਤੇ ਸ਼ਿਵਚਰਨ ਜਦੋਂ ਕਾਲਜ ਤੋਂ ਨਿੱਕਲ਼ ਰਹੇ ਸੀ ਤਾਂ ਉਨ੍ਹਾਂ ਦੇ ਪਿੱਛੇ-ਪਿੱਛੇ ਪ੍ਰਿੰਸ ਵੀ ਆ ਰਿਹਾ ਸੀ।ਉਹ ਦੋਵੇਂ ਬਾਂਸਾਂ ਵਾਲੇ ਮੋਰਚੇ ਵਾਲੀ ਗਲ਼ੀ ਹੋ ਕੇ ਅੱਗੇ ਚੋੜਾ ਬਜ਼ਾਰ ਹੁੰਦੇ ਹੋਏ ਕੱਚਾ ਕਾਲਜ ਰੋਡ 'ਤੇ ਜਾ ਚੜ੍ਹੇ।ਪ੍ਰਿੰਸ ਬੱਸ-ਸਟੈਂਡ ਜਾਣ ਦੀ ਬਜਾਇ ਹਮੇਸ਼ਾ ਹੀ ਕਚਹਿਰੀ ਚੌਂਕ ਤੋਂ ਰਾਮਪੁਰੇ ਵਾਲ਼ੀ ਬਸ ਫੜਦਾ ਹੁੰਦਾ ਸੀ।ਬੱਸ- ਸਟੈਂਡ ਭਾਵੇਂ ਉਸਨੂੰ ਨੇੜੇ ਪੈਂਦਾ ਸੀ ਪਰ ਕਚਹਿਰੀ ਚੌਂਕ ਵਾਲ਼ੀ ਵਾਟ ਹੁਣ ਉਸਦੇ ਪੈਰੀਂ ਲੱਗ ਗਈ ਸੀ।

ਉਹ ਅਜੇ ਕੱਚਾ ਕਾਲਜ ਰੋਡ 'ਤੇ ਥੋੜ੍ਹੀ ਦੂਰ ਹੀ ਗਏ ਸੀ।ਉਨ੍ਹਾਂ ਨੂੰ ਪ੍ਰਿੰਸ ਦੇ ਪਿੱਛੇ ਆਉਣ ਦਾ ਕੋਈ ਵੀ ਖ਼ਿਆਲ ਨਹੀਂ ਸੀ।ਜਦੋਂ ਉਹ ਟੈਲੀਫ਼ੋਨ ਐਕਸਚੇਂਜ ਦੇ ਕੋਲ਼ ਆ ਰਹੇ ਟਰੱਕ ਨੂੰ ਪਾਸ ਕਰਵਾਉਣ ਲਈ ਰੁਕੇ ਤਾਂ ਪ੍ਰਿੰਸ ਵੀ ਉਨ੍ਹਾਂ ਦੇ ਨਾਲ਼ ਰਲ਼ ਗਿਆ।ਉਸ ਨੇ ਕੋਲ਼ ਜਾ ਕੇ ਸ਼ਿਵਚਰਨ ਨੂੰ ਹੌਲ਼ੀ ਜਿਹੀ ਪੁੱਛਿਆ,"ਬਾਈ! ਤੁਸੀਂ ਰਾਮਪੁਰੇ ਤੋਂ ਹੋ ?"

"ਨਹੀਂ,ਮੈਂ ਤਾਂ ਜਾਗੋਵਾਲ਼ ਤੋਂ ਹਾਂ।" ਹੈਰਾਨ ਜਿਹਾ ਹੋ ਕੇ ਸ਼ਿਵਚਰਨ ਨੇ ਜਵਾਬ ਦਿੱਤਾ।

"ਅੱਛਾ ਜੀ! ਤਾਂ ਫਿਰ ਠੀਕ ਆ।" ਆਖ ਕੇ ਉਹ ਤੇਜ਼ੀ ਨਾਲ਼ ਕਚਹਿਰੀ ਵੱਲ ਨੂੰ ਚਲਿਆ ਗਿਆ ਪਰ ਉਸਦੀ ਭਟਕਣਾ ਅਜੇ ਵੀ ਸ਼ਾਂਤ ਨਹੀਂ ਸੀ ਹੋਈ।

ਗਗਨ ਤੇ ਸ਼ਿਵਚਰਨ ਬੱਚਿਆਂ ਕੋਲ਼ ਕਪਾਹ ਮੰਡੀ ਚਲੇ ਗਏ।ਸ਼ਿਵਚਰਨ ਜਦੋਂ ਮਾੜੇ ਹਾਲਾਤਾਂ ਵਿੱਚੋਂ ਗੁਜ਼ਰਿਆ ਸੀ ਤਾਂ ਉਸਨੇ ਇਨ੍ਹਾਂ ਲੋਕਾਂ ਨੂੰ ਉਸ ਲਈ ਦੁਆਵਾਂ ਕਰਦੇ ਬਹੁਤ ਨੇੜਿਓਂ ਤੱਕਿਆ ਸੀ।ਉਸਦਾ ਮੋਹ ਹੁਣ ਇਨ੍ਹਾਂ ਲੋਕਾਂ ਨਾਲ਼ ਹੋਰ ਵੀ ਗਹਿਰਾ ਹੋ ਗਿਆ ਸੀ।

ਸ਼ਿਵਚਰਨ ਦੀ ਮੁਹੱਬਤੀ ਸਾਂਝ ਗਗਨ ਲਈ ਇਸ਼ਕ ਹਕੀਕੀ ਹੋ ਗਈ ਸੀ।ਉਹ ਦਿਲ ਦੀਆਂ ਧੜਕਣਾਂ ਨੂੰ ਵੀ ਏਨੀ ਸੰਜੀਦਗੀ ਨਾਲ਼ ਸਾਂਭ ਕੇ ਰੱਖਦੀ ਕਿ ਕਿਤੇ ਉਸਦੇ ਕੰਨੀਂ ਨਾ ਪੈ ਜਾਣ ਕਿਉਂਕਿ ਉਹ ਹੁਣੇ ਹੀ ਸ਼ਿਵਚਰਨ ਦੇ ਪੈਰਾਂ ਵਿੱਚ ਮੁਹੱਬਤੀ ਬੇੜੀਆਂ ਪਾ ਕੇ ਉਸਨੂੰ ਮੰਜ਼ਲਾਂ ਤੋਂ ਦੂਰ ਨਹੀਂ ਸੀ ਕਰਨਾ ਚਾਹੁੰਦੀ।ਉਸਨੂੰ ਪਤਾ ਸੀ ਕਿ ਉਸਨੇ ਵੀ ਸ਼ਿਵਚਰਨ ਦੀ ਧੜਕਣ 'ਚ ਰੈਣ ਬਸੇਰਾ ਕਰ ਰੱਖਿਆ ਹੈ।

ਉਹ ਦੋਵੇਂ ਬੱਚਿਆਂ ਨੂੰ ਪੜ੍ਹਾਉਣ ਪਿੱਛੋਂ ਬੱਸ-ਸਟੈਂਡ ਜਾ ਕੇ ਮਨਾਲ਼ ਵਾਲ਼ੀ ਬਸ ਚੜ੍ਹ ਗਏ।ਬਸ 'ਚ ਬੈਠ ਕੇ ਗਗਨ ਨੇ ਉਸਨੂੰ ਪੁੱਛਿਆ,"ਰਾਮਪੁਰੇ ਬਾਰੇ ਉਹ ਮੁੰਡਾ ਕੀ ਕਹਿ ਰਿਹਾ ਸੀ ?"

"ਮੈਨੂੰ ਤਾਂ ਆਪ ਨੀ ਸਮਝ ਆਈ,ਕਹਿੰਦਾ ਸੀ,ਤੂੰ ਰਾਮਪੁਰੇ ਤੋਂ ਆਂ ?"

ਉਹ ਦੋਵੇਂ ਗੱਲਾਂ ਕਰਦੇ ਰਹੇ।ਗਗਨ ਖੁਰਮਾਣੀ ਦੇ ਬੱਸ-ਅੱਡੇ 'ਤੇ ਉੱਤਰ ਗਈ।ਉੱਥੇ ਉਸਦਾ ਬੀਰਬਲ ਤਾਇਆ ਉਸਨੂੰ ਲੈਣ ਲਈ ਖੜ੍ਹਾ ਸੀ।ਹੁਣ ਬੀਰਬਲ ਤੇ ਗਗਨ ਦਾ ਤਾਏ ਭਤੀਜੀ ਵਾਲ਼ਾ ਰਿਸ਼ਤਾ ਬਹੁਤ ਗੂੜ੍ਹਾ ਹੋ ਗਿਆ ਸੀ ਕਿਉਂਕਿ ਹੁਣ ਉਹ ਬੀਰਬਲ ਦੇ ਅੰਦਰਲੇ ਸੁਹਜ ਇਨਸਾਨ ਨੂੰ ਬਹੁਤ ਹੀ ਨੇੜਿਓਂ ਦੇਖ ਚੁੱਕੀ ਸੀ।

ਸ਼ਿਵਚਰਨ ਬੱਸ ਵਿੱਚ ਬੈਠਾ ਮਨਾਲ਼ ਵੱਲ ਨੂੰ ਜਾ ਰਿਹਾ ਸੀ।ਉਹ ਇਹ ਹੀ ਸੋਚੀ ਜਾ ਰਿਹਾ ਸੀ ਕਿ ਪ੍ਰਿੰਸ ਨੇ ਉਸਨੂੰ ਇਸ ਤਰ੍ਹਾਂ ਕਿਉਂ ਪੁੱਛਿਆ।ਉਹ ਆਪਣੇ ਆਪ ਨਾਲ਼ ਹੀ ਗੱਲਾਂ ਕਰਦਾ ਰਿਹਾ ਤੇ ਅਖ਼ੀਰ ਮਨਾਲ ਦੇ ਅੱਡੇ 'ਤੇ ਜਾ ਉੱਤਰਿਆ।ਉਹ ਤੁਰ ਕੇ ਮਿੱਠੇਵਾਲ਼ ਦੇ ਰਾਹ ਹੋ ਕੇ ਦਿਨ ਦੇ ਛਿਪਾਅ ਨਾਲ਼ ਜਾਗੋਵਾਲ਼ ਪਹੁੰਚ ਗਿਆ।

ਜਦੋਂ ਉਹ ਦਰਵਾਜ਼ਿਓਂ ਅੰਦਰ ਲੰਘਿਆ ਤਾਂ ਸਿਕੰਦਰ ਬੈਠਾ ਉਸਦੇ ਅੱਬੂ ਨਾਲ਼ ਚਾਹ ਪੀ ਰਿਹਾ ਸੀ।ਵਕੀਲਾ ਉਸਨੂੰ ਦੇਖਦੇ ਹੀ ਉੱਠ ਖੜ੍ਹਿਆ ਤੇ ਉਸਨੂੰ ਬੈਠਦੇ ਨੂੰ ਹੀ ਪਾਣੀ ਦਾ ਗਿਲਾਸ ਲਿਆ ਫੜਾਇਆ।ਸ਼ਿਵਚਰਨ ਨੇ ਗਲਾਸ ਫੜਦੇ ਨੇ ਕਿਹਾ,"ਅੱਬੂ ਸ਼੍ਰੀ ਕਿੰਨੀ ਵਾਰ ਕਿਹਾ ਤੁਹਾਨੂੰ ਕਿ ਮੈਂ ਪਾਣੀ ਖ਼ੁਦ ਹੀ ਪੀ ਲਿਆ ਕਰਾਂਗਾ,ਤੁਸੀਂ ਤਾਂ ਪਹਿਲਾਂ ਹੀ ਮੇਰੀ ਬਥੇਰੀ ਸੇਵਾ ਕਰ ਚੁੱਕੇ ਹੋ,ਮੈਂ ਆਪਣੀ ਵਾਰੀ ਪਤਾ ਨੀ ਨਿਭਾ ਪਾਵਾਂਗਾ ਕਿ ਨਹੀਂ।"

"ਹੋਰ ਬਾਈ ਸਿਕੰਦਰ ਕੀ ਹਾਲ ਆ ?" ਉਸਨੇ ਗਲਾਸ ਹੇਠਾਂ ਰੱਖਦੇ ਹੋਏ ਸਿਕੰਦਰ ਦੇ ਮੋਢੇ 'ਤੇ ਹੱਥ ਰੱਖਦੇ ਕੇ ਕਿਹਾ।

"ਠੀਕ ਆ ਬਾਈ,ਸਭ ਵਧੀਆ...ਤੂੰ ਸੁਣਾ।"

"ਬਸ ਠੀਕ ਆ,ਆਹ ਲੈ ਤੇਰੇ ਨੋਟਿਸ।" ਉਸਨੇ ਲਿਫ਼ਾਫ਼ਾ ਸਿਕੰਦਰ ਨੂੰ ਫੜਾਉਂਦਿਆਂ ਕਿਹਾ।

ਸਿਕੰਦਰ ਕੰਪਿਊਟਰ ਦਾ ਕੰਮ ਕਰਕੇ ਪਰਿਵਾਰ ਦਾ ਖਰਚਾ ਚਲਾਉਂਦਾ ਸੀ ਤੇ ਸ਼ਿਵਚਰਨ ਉਸਨੂੰ ਪ੍ਰੋਫ਼ੈਸਰਾਂ ਤੇ ਦੋਸਤਾਂ ਕੋਲੋਂ ਨੋਟਿਸ ਇਕੱਤਰ ਕਰਕੇ ਲਿਆ ਦਿੰਦਾ ਸੀ। ਸਿਕੰਦਰ ਨੇ ਸ਼ਿਵਚਰਨ ਤੋਂ ਨੋਟਿਸ ਲਏ ਅਤੇ ਸਾਇਕਲ ਚੁੱਕ ਕੇ ਛਾਪੇ ਨੂੰ ਤੁਰ ਪਿਆ ਪਰ ਦਰਵਾਜ਼ੇ ਕੋਲ਼ ਜਾ ਕੇ ਸਇਕਲ ਖੜ੍ਹਾ ਕੇ ਫਿਰ ਵਾਪਸ ਆ ਗਿਆ,"ਯਾਰ ਮੈਂ ਤਾਂ ਦੱਸਣਾ ਹੀ ਭੁੱਲ ਗਿਆ ਸੀ,ਆਪਣਾ ਗੋਖਾ ਬਾਈ ਕਮਾਲ ਕਰੀ ਜਾਂਦਾ।ਕੱਲ੍ਹ ਛਾਪੇ ਸਕੂਲ ਵਿੱਚ ਬੱਚਿਆਂ ਨੂੰ ਵਰਦੀਆਂ ਤੇ ਸਟੇਸ਼ਨਰੀ ਵੰਡੀ ਤੇ ਲੋੜਵੰਦ ਵਿਦਿਆਰਥੀਆਂ ਦੀ ਫ਼ੀਸ ਭਰਨ ਲਈ ਵੀ ਕਹਿ ਦਿੱਤਾ।"

"ਵਾਹ ਬਈ ਵਾਹ! ਸਾਡਾ ਸ਼ਰਾਰਤੀ ਯਾਰ ਵੀ ਕਮਾਲ ਦਾ ਨਿੱਕਲ਼ਿਆ।"

"ਸਟੇਜ ਤੋਂ ਜਿਹੜੀ ਗੱਲ ਉਸਨੇ ਆਖੀ,ਸੁਣ ਕੇ ਮੇਰੀ ਤਾਂ ਰੂਹ ਹੀ ਗਦ-ਗਦ ਹੋ ਗਈ,ਕਹਿੰਦਾ ਮੇਰਾ ਤਾਂ ਉਸਤਾਦ ਸ਼ਿਵਚਰਨ ਹੀ ਆ,ਮੈਂ ਤਾਂ ਉਹਦੀਆਂ ਪੈੜਾਂ ਨੱਪਦਾ ਹੀ ਕਰੀ ਜਾਨਾ ਇਹੋ ਜਿਹੇ ਕੰਮ।"

"ਅੱਛਾ! ਜਿਉਂਦੇ ਰਹੋ ਯਾਰੋ,ਬਸ ਤੁਹਾਡੇ ਜਿਹੇ ਸਾਥੀਆਂ ਦਾ ਪਿਆਰ,ਦੁਆਵਾਂ ਤੇ ਮੋਢੇ ਨਾਲ਼ ਮੋਢਾ ਲਾ ਕੇ ਖੜ੍ਹਨਾ ਹੀ ਮੈਨੂੰ ਪ੍ਰੇਰਤ ਕਰਦਾ।" ਕਹਿੰਦਿਆਂ ਉਸਨੇ ਛਾਤੀ ਫੁਲਾ ਲਈ।

"ਅੱਛਾ, ਮੈਂ ਚੱਲਦਾਂ।" ਕਹਿ ਕੇ ਸਿਕੰਦਰ ਛਾਪੇ ਦੇ ਰਾਹ ਪੈ ਗਿਆ।

ਸ਼ਿਵਚਰਨ ਅੰਦਰ ਗਿਆ ਤਾਂ ਵਕੀਲਾ ਰੋਟੀਆਂ ਪਕਾ ਰਿਹਾ ਸੀ।ਉਸਨੇ ਸ਼ਿਵਚਰਨ ਨੂੰ ਅਵਾਜ਼ ਮਾਰਦੇ ਕਿਹਾ,"ਗੁਲਜ਼ਾਰੀ ਪੁੱਤ! ਰੋਟੀ ਨਾਲ਼ੋ-ਨਾਲ਼ ਖਾ ਲੈ,ਸਵੇਰ ਦੀ ਖਾਧੀ ਹੋਣੀ ਆਂ ਤੇਰੀ।"

"ਹਾਂ ਜੀ ਖਾ ਲੈਨਾ।" ਉਸਨੇ ਕੱਪੜੇ ਬਦਲਦੇ ਨੇ ਅੰਦਰੋਂ ਹੀ ਜਵਾਬ ਦਿੱਤਾ।

"ਤੇਰਾ ਵਿਅਹ ਵੀ ਹੁਣ ਜਲਦੀ ਕਰ ਦੇਣਾ,ਕਦੋਂ ਤੱਕ ਖਾਈ ਜਾਏਂਗਾ ਆਪਣੇ ਪਿਓ ਦੀਆਂ ਖੰਘਰ ਜਿਹੀਆਂ ਮੰਨੀਆਂ।"

"ਤੇਰੇ ਹੱਥ ਵਾਲ਼ੀ ਰੋਟੀ, ਬਾਪੂ! ਮੈਨੂੰ ਚੂਰੀ ਲੱਗਦੀ ਆ,ਤੇਰੇ ਬਿਨਾਂ ਦੁਨੀਆਂ ਇਹ ਸਾਰੀ, ਮੈਨੂੰ ਅਧੂਰੀ ਲੱਗਦੀ ਆ।"

ਸ਼ਿਵਚਰਨ ਦੇ ਬੋਲ ਸੁਣ ਕੇ ਵਕੀਲੇ ਦੇ ਚਿਹਰੇ 'ਤੇ ਰੌਣਕ ਆ ਗਈ।ਉਸਨੇ ਰੋਟੀ ਪਾਉਂਦੇ ਨੇ ਵਕੀਲੇ ਦੇ ਨੇੜੇ ਹੁੰਦਿਆਂ ਕਿਹਾ,"ਕੋਈ ਨਾ ਅੱਬੂ ਜੀ ਕਰਵਾ ਲਵਾਂਗੇ ਵਿਆਹ ਵੀ,ਅਜੇ ਤਾਂ ਬਹਤ ਕੁਛ ਕਰਨਾ ਬਾਕੀ ਆ।"

ਦੋਹਾਂ ਨੇ ਰੋਟੀ ਖਾਧੀ।ਅੱਜ ਕਈ ਦਿਨਾਂ ਬਾਅਦ ਰੱਜ ਕੇ ਗੱਲਾਂ ਕੀਤੀਆਂ ਤੇ ਫਿਰ ਕੋਠੇ ਤੇ ਮੰਜੇ ਚੜ੍ਹਾਏ ਅਤੇ ਤਾਰਿਆਂ ਭਰੇ ਅਸਮਾਨ ਦੀ ਗੋਦ ਵਿੱਚ ਸੌਂ ਗਏ।

"ਸ਼ਿਵਚਰਨ ਪੁੱਤ! ਆਪਣੇ ਅੱਬੂ ਦਾ ਖ਼ਿਆਲ ਰੱਖੀਂ,ਇਹ ਦੇਵਤਾ ਪੁਰਸ਼ ਇਨਸਾਨ ਏ, ਸਾਰੀ ਜ਼ਿੰਦਗੀ ਤੇ ਜ਼ਿੰਦਗੀ ਦੇ ਚਾਅ ਇਹਨੇ ਸਾਡੇ ਲੇਖੇ ਲਾ ਦਿੱਤੇ ਨੇ,ਇਸ ਮਰਦ ਨੇ ਗੁਲਜ਼ਾਰੀ ਲਈ ਆਪਣੇ 'ਚੋਂ ਖ਼ੁਦ ਨੂੰ ਹੀ ਮਨਫ਼ੀ ਕਰਤਾ ਸੀ।"

"ਹਾਂ ਅੰਮੀ, ਮੈਂ ਪੂਰਾ ਖ਼ਿਆਲ ਰੱਖੂੰ...ਪਰ ਤੁਹਾਨੂੰ ਵੀ ਕੁਛ ਨੀ ਹੁੰਦਾ।"

"ਨਹੀ ਪੁੱਤ,ਮੇਰੇ ਅੰਦਰੋਂ ਸਭ ਕੁਛ ਗਲ਼ ਚੁੱਕਿਆ ਏ, ਇਹ ਨਾਮੁਰਾਦ ਟੀ.ਬੀ ਮੈਨੂੰ ਥੋੜੇ ਤੋਂ ਦੂਰ ਲਿਜਾ ਰਹੀ ਆ......ਪੁੱਤ ਇੱਕ ਗੱਲ ਹੋਰ,ਰਾਮਪੁਰੇ ਤੇਰੇ ਦਾਦਾ-ਦਾਦੀ ਜਿਉਂਦੇ ਨੇ ਅਜੇ,ਨਹੁੰਆਂ ਨਾਲ਼ੋਂ ਮਾਸ ਨੀ ਟੁੱਟਦਾ ਹੁੰਦਾ।ਉਨ੍ਹਾਂ ਦਾ ਵੀ ਪਤਾ ਲੈ ਲਈਂ,ਟੁੱਟਗੇ ਹੋਣੈ ਆਂ ਉਹ ਵੀ......ਪੁੱਤ ਪੋਤਿਆਂ ਦੇ ਵਿਛੋੜੇ ਪੱਥਰਾਂ ਨੂੰ ਵੀ ਗਾਲ਼ ਦਿੰਦੇ ਨੇ......ਆਹੋ ਰਾਮਪੁਰੇ ਜਾ ਆਈਂ ਕਦੇ...।"

ਸ਼ਿਵਚਰਨ ਉੱਭੜਵਾਹੇ ਉੱਠਿਆ।ਉਸਨੂੰ ਬੀਂਡਿਆਂ ਦੀ ਟੀਂ-ਟੀਂ ਤੇ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਤੋਂ ਬਿਨਾ ਕੁਛ ਵੀ ਨਹੀਂ ਸੀ ਸੁਣ ਰਿਹਾ।ਉਹ ਪਸੀਨੇ ਨਾਲ਼ ਭਿੱਜਿਆ ਪਿਆ ਸੀ।ਉਸਨੂੰ ਧੌਂਕਣੀ ਜਿਹੀ ਲੱਗੀ ਪਈ ਸੀ ਤੇ ਉਸਦਾ ਗਲ਼ ਸੁੱਕਿਆ ਪਿਆ ਸੀ।ਉਸਨੇ ਕੋਲ਼ ਪਏ ਘੜੇ ਵਿੱਚੋਂ ਪਾਣੀ ਦੇ ਦੋ ਗਲਾਸ ਭਰ ਕੇ ਪੀਤੇ ਤਾਂ ਉਸਦਾ ਸਾਹ ਟਿਕਾਣੇ ਆਇਆ।

ਉਸਨੂੰ ਸੁਪਨਾ ਆਇਆ ਸੀ।ਇਸ ਸੁਪਨੇ ਨੇ ਉਸਦੇ ਦਿਨ ਭਰ ਦੇ ਸਾਰੇ ਸਵਾਲਾਂ ਨੂੰ ਸੁਲਝਾ ਦਿੱਤਾ ਸੀ।ਉਸਦੇ ਦਿਨ ਭਰ ਸੋਚਣ ਕਾਰਨ ਮਨ ਚੋਂ ਧੁੰਦਲੀਆਂ ਹੋਈਆਂ ਗੱਲਾਂ ਨੂੰ ਸੁਪਨੇ ਨੇ ਉਘਾੜ ਕੇ ਉਸਦੇ ਅੱਗੇ ਰੱਖ ਦਿੱਤਾ ਸੀ।ਉਸਨੂੰ ਹੁਣ ਇੰਝ ਲੱਗ ਰਿਹਾ ਸੀ ਜਿਵੇਂ ਉਸਦੀ ਮਾਂ ਉਸਦੇ ਅੰਗ-ਸੰਗ ਹੀ ਹੋਵੇ।ਉਸਨੂੰ ਇਹ ਗੱਲ ਭੋਰਾ ਵੀ ਸਮਝਣ ਵਿੱਚ ਦੇਰ ਨਾ ਲੱਗੀ ਕਿ ਉਸਦਾ ਰਾਮਪੁਰੇ ਨਾਲ਼ ਕੀ ਸਬੰਧ ਹੈ।ਪਰ ਇੱਕ ਗੱਲ ਅਜੇ ਵੀ ਉਸ ਅੱਗੇ ਸਵਾਲ ਬਣ ਕੇ ਖੜ੍ਹੀ ਸੀ ਕਿ ਪ੍ਰਿੰਸ ਨੂੰ ਇਸ ਬਾਰੇ ਕਿਵੇਂ ਪਤਾ ਲੱਗਿਆ ਕਿ ਉਸਦਾ ਰਾਮਪੁਰੇ ਨਾਲ਼ ਕੋਈ ਸਬੰਧ ਹੈ।

ਵਕੀਲਾ ਅਜੇ ਸੁੱਤਾ ਹੀ ਪਿਆ ਸੀ ਪਰ ਸ਼ਿਵਚਰਨ ਨੂੰ ਹੁਣ ਨੀਂਦ ਖੁੱਲ੍ਹ ਜਾਣ ਕਾਰਨ ਨੀਂਦ ਨਹੀਂ ਸੀ ਆ ਰਹੀ।ਆਪਣੀ ਮਾਂ ਦੇ ਕਹੇ ਬੋਲ ਉਸਨੂੰ ਵਾਰ-ਵਾਰ ਯਾਦ ਆ ਰਹੇ ਸਨ।ਉਹ ਬਹੁਤ ਸਮਾਂ ਤਾਰਿਆਂ ਦੇ ਬਣਦੇ ਅਕਾਰਾਂ ਨੂੰ ਦੇਖਦਾ ਰਿਹਾ ਜਿਵੇਂ ਵਕੀਲਾਂ ਅਜੇ ਵੀ ਤਾਰਾ ਬਣ ਕੇ ਉਸ ਨਾਲ਼ ਗੱਲਾਂ ਕਰ ਰਹੀ ਹੋਵੇ।ਕਈ ਤਾਰੇ ਤਾਂ ਉਸਨੂੰ ਸੱਚ-ਮੁੱਚ ਹੀ ਵਕੀਲਾਂ ਦੀਆਂ ਅੱਖਾਂ ਵਰਗੇ ਲੱਗ ਰਹੇ ਸਨ ਤੇ ਉਸਨੂੰ ਮਮਤਾ ਦੀ ਖਿੱਚ ਪਾ ਰਹੇ ਸਨ।

ਗੁਆਢੀਆਂ ਦੇ ਘਰੋਂ ਹੁਣ ਖੱਚਰਾਂ ਦੇ ਘੁੰਗਰੂ ਛਣਕਣ ਲੱਗ ਗਏ ਸਨ।ਉਹ ਆਪਣੇ ਰੇੜ੍ਹੇ ਲੈ ਕੇ ਪਥੇਰ ਨੂੰ ਚੱਲ ਪਏ ਸਨ।ਉਨ੍ਹਾਂ ਦੀ ਛਣਕਾਹਟ ਨੇ ਉਸਨੂੰ ਬਿਸਤਰ ਚੋਂ ਉਠਾ ਦਿੱਤਾ ਸੀ ਕਿਉਂਕਿ ਨੀਂਦ ’ਚੋਂ ਤਾਂ ਉਹ ਪਹਿਲਾਂ ਹੀ ਜਾਗ ਚੁੱਕਿਆ ਸੀ।ਹੌਲ਼ੀ-ਹੌਲ਼ੀ ਉਸਨੂੰ ਉਸਦਾ ਦਾਦਕਾ ਘਰ ਵੀ ਚੇਤੇ ਆ ਰਿਹਾ ਸੀ।ਉਸਦਾ ਧੁੰਦਲਾ ਜਿਹਾ ਬਚਪਨ ਉਸਦੀਆਂ ਯਾਦਾਂ ਵਿੱਚੋਂ ਆਪਣੇ ਨਕਸ਼ ਉਘਾੜ ਰਿਹਾ ਸੀ।ਹੁਣ ਉਹ ਸੈਰ ਕਰਦਾ ਹੋਇਆ ਦਸੌਂਧਾ ਸਿੰਘ ਵਾਲ਼ੇ ਵੱਲ ਨੂੰ ਮੁੜ ਕੇ ਉਸ ਮੋਟਰ ’ਤੇ ਪਹੁੰਚ ਗਿਆ।ਜਿੱਥੇ ਉਹ ਆਪਣੇ ਦੋਸਤਾਂ ਨਾਲ਼ ਕਦੇ-ਕਦੇ ਜਾ ਬੈਠਦਾ ਹੁੰਦਾ ਸੀ।ਇਹ ਮੋਟਰ ਉਸਦੇ ਮਿੱਤਰ ਸੁਰਜੀਤੇ ਦੀ ਸੀ ।ਉਹ ਕੁਛ ਸਮਾਂ ਬੰਦ ਹੋ ਚੁੱਕੇ ਖੂਹ ਦੀ ਗਾਧੀ ਤੇ ਬੈਠਾ ਰਿਹਾ।ਉਹ ਅਕਸਰ ਗਾਧੀ ’ਤੇ ਹੀ ਬੈਠਦਾ ਹੁੰਦਾ ਸੀ।ਅਲੋਪ ਹੋ ਰਹੀਆਂ ਚੀਜਾਂ ਨਾਲ਼ ਤਾਂ ਉਹ ਮੁਹੱਬਤ ਹੀ ਪਾ ਲੈਂਦਾ ਸੀ।

ਉਹ ਘਰ ਪਰਤ ਕੇ ਜਲਦੀ ਨਾਲ਼ ਤਿਆਰ ਹੋ ਕੇ ਬਿਨਾ ਕੁਛ ਖਾਧੇ ਪੀਤੇ ਹੀ ਕਾਲਜ ਨੂੰ ਚਲਿਆ ਗਿਆ।ਉਹ ਅੱਜ ਸਮੇਂ ਤੋਂ ਘੰਟਾ ਪਹਿਲਾਂ ਹੀ ਨਿੱਕਲ਼ ਗਿਆ ਸੀ।ਵਕੀਲਾ ਵੀ ਉਸਦੀ ਇਸ ਗੱਲ ’ਤੇ ਹੈਰਾਨ ਸੀ ਪਰ ਉਸਨੂੰ ਉਸਦੇ ਕੰਮਾਂ ਬਾਰੇ ਪਤਾ ਹੀ ਸੀ।ਇਸ ਲਈ ਉਸਨੇ ਬਹੁਤਾ ਨਾ ਗੌਲ਼ਿਆ।

ਉਹ ਅੱਜ ਬਸ ਸਟੈਂਡ ਨਾ ਜਾ ਕੇ ਸਗੋਂ ਤਰਕਸ਼ੀਲ ਚੌਂਕ ਵਿੱਚ ਹੀ ਉੱਤਰ ਗਿਆ।ਉੱਥੋਂ ਸੰਗਰੂਰ ਵਾਲ਼ੀ ਬਸ ਫੜ ਕੇ ਕਚਹਿਰੀ ਚੌਂਕ ਚਲਿਆ ਗਿਆ।ਉਹ ਬਠਿੰਡੇ ਵੱਲੋਂ ਆਉਂਦੀ ਹਰੇਕ ਬੱਸ ਵੱਲ ਭੱਜ ਕੇ ਜਾਂਦਾ ਕਿਉਂਕਿ ਉਸਨੂੰ ਅੱਜ ਪ੍ਰਿੰਸ ਦੀ ਉਡੀਕ ਸੀ।ਉਸ ਨੂੰ ਮਿਲ਼ ਕੇ ਉਹ ਰਾਮਪੁਰੇ ਵਾਲ਼ੇ ਸਵਾਲ ਨੂੰ ਗੁੰਝਲ਼ ਮੁਕਤ ਕਰਨਾ ਚਾਹੁੰਦਾ ਸੀ।ਅਨੇਕਾਂ ਹੀ ਬੱਸਾਂ ਗੁਜ਼ਰ ਚੁੱਕੀਆਂ ਸਨ ਪਰ ਕਿਸੇ ਵੀ ਬੱਸ ਵਿੱਚੋਂ ਅਜੇ ਤੱਕ ਪ੍ਰਿੰਸ ਨਹੀਂ ਸੀ ਉੱਤਰਿਆ ।ਉਹ ਜਿੰਨੀ ਸ਼ਿੱਦਤ ਨਾਲ਼ ਉਸਦੀ ਉਡੀਕ ਕਰ ਰਿਹਾ ਸੀ ਉਸਦੀ ਬੇਚੈਨੀ ਓਨੀ ਹੀ ਵਧਦੀ ਜਾ ਰਹੀ ਸੀ।।ਦਿਨ ਕਾਫ਼ੀ ਵੱਡਾ ਹੋ ਚੁੱਕਿਆ ਸੀ।ਉਸਨੂੰ ਪ੍ਰਿੰਸ ਦੇ ਅੱਜ ਨਾ ਆਉਣ ਦਾ ਵਿਸ਼ਵਾਸ ਵੀ ਪੱਕਾ ਹੋ ਗਿਆ ਸੀ।ਉਹ ਮਾਯੂਸ ਜਿਹਾ ਹੋ ਕੇ ਐੱਸ.ਡੀ ਕਾਲਜ਼ ਵੱਲ ਨੂੰ ਮੁੜ ਆਇਆ।ਉਸਨੂੰ ਵਾਰ-ਵਾਰ ਪ੍ਰਿੰਸ ਦਾ ਹੀ ਖ਼ਿਆਲ ਆ ਰਿਹਾ ਸੀ।

ਉਹ ਕੱਚਾ ਕਾਲਜ ਰੋਡ ’ਤੇ ਕਾਹਲੀ ਨਾਲ਼ ਕਾਲਜ ਵੱਲ ਨੂੰ ਜਾ ਰਿਹਾ ਸੀ ਪਰ ਉਸਦਾ ਮਨ ਅੱਜ ਕਾਲਜ ਜਾਣ ਲਈ ਨਹੀਂ ਕਰ ਰਿਹਾ ਸੀ।ਮਾਂ ਦੇ ਸੁਪਨੇ ਨੇ ਸ਼ਿਵਚਰਨ ਅੰਦਰ ਰਾਮਪੁਰੇ ਦੀ ਖਿੱਚ ਪੈਦਾ ਕਰ ਦਿੱਤੀ ਸੀ।ਗੱਡਾਖ਼ਾਨਾ ਚੌਂਕ ਵਿੱਚ ਪਹੁੰਚ ਕੇ ਉਹ ਕਾਲਜ ਦੀ ਬਜਾਇ ਬਾਲਮੀਕ ਚੌਂਕ ਵੱਲ ਨੂੰ ਮੁੜ ਗਿਆ ਤੇ ਫਿਰ ਬੱਸ-ਸਟੈਂਡ ਜਾ ਪਹੁੰਚਿਆ।ਉਹ ਬੱਸ-ਸਟੈਂਡ ਦੇ ਅੰਦਰ ਨੂੰ ਜਾ ਰਿਹਾ ਸੀ ਤੇ ਸਿਕੰਦਰ ਅੰਦਰੋਂ ਬਾਹਰ ਨੂੰ ਆ ਰਿਹਾ ਸੀ।ਉਸਨੇ ਦੂਰੋਂ ਹੀ ਉਸਨੂੰ ਅਵਾਜ਼ ਦਿੱਤੀ,

“ਆ ਰਿਹਾਂ ਕਿ ਜਾ ਰਿਹਾਂ ?”

“ਜਾ ਰਿਹਾਂ।” ਸ਼ਿਵਚਰਨ ਨੇ ਦੋ ਟੁਕ ਜਵਾਬ ਦਿੱਤਾ।

“ਕਿਉਂ ?”

“ਬਸ ਅੱਜ ਮਨ ਬੇਚੈਨ ਜਿਹਾ ਹੋਇਆ ਪਿਆ, ਤੂੰ ਕਿਵੇਂ ਆਇਆਂ ਅੱਜ ? ਕੱਲ੍ਹ ਤਾਂ ਨੋਟਿਸ ਦਿੱਤੇ ਆ ਤੈਨੂੰ।”

“ਚੱਲ ਆ ਤੇਰੀ ਬੇਚੈਨੀ ਦੂਰ ਕਰਾਂ ,ਆਜਾ ਮੇਰੇ ਨਾਲ਼।” ਸਿਕੰਦਰ ਨੇ ਉਸਦੇ ਕੋਲ਼ ਹੁੰਦੇ ਕਿਹਾ।

“ਪਰ ਕਿੱਥੇ ?”

ਉਹ ਸ਼ਿਵਚਰਨ ਦੀ ਬਾਂਹ ਫੜਕੇ ਲੁਧਿਆਣੇ ਵਾਲ਼ੀ ਬਸ ਚੜ੍ਹ ਗਿਆ ਤੇ ਦੋਵੇਂ ਤਰਕਸ਼ੀਲ ਚੌਂਕ ਜਾ ਉੱਤਰੇ।ਸਿਕੰਦਰ ਨੇ ਉੱਤਰਦਿਆਂ ਹੀ ਕਿਹਾ,“ਮੈਂ ਤਾਂ ਇੱਥੇ ਹੀ ਉਤਰਨਾ ਸੀ ਧਗੜਿਆਂ ਨੇ ਬਸ ਈ ਨੀ ਰੋਕੀ।”

ਸ਼ਿਵਚਰਨ ਉਸਨੂੰ ਪੁੱਛ ਰਿਹਾ ਸੀ ਕਿ ਉਹ ਚੱਲੇ ਕਿੱਥੇ ਨੇ ਪਰ ਸਿਕੰਦਰ “ਤੁਰਿਆ ਆ।” ਕਹਿ ਕੇ ਉਸਨੂੰ ਨਾਲ਼ ਲਈ ਜਾ ਰਿਹਾ ਸੀ।ਉਹ ਦੋਵੇਂ ਸਮਾਜ ਭਲਾਈ ਸੁਸਾਇਟੀ ਦੇ ਦਫ਼ਤਰ ਪੁੱਜ ਗਏ ।ਅੰਦਰ ਦਾਖ਼ਲ ਹੋਏ ਤਾਂ ਬਹੁਤ ਚਹਿਲ-ਪਹਿਲ ਸੀ।ਸੁਲਤਾਨ ਉਨ੍ਹਾਂ ਨੂੰ ਦੇਖ ਕੇ ਉਨ੍ਹਾਂ ਕੋਲ਼ ਆ ਗਿਆ ਤੇ ਹੱਥ ਮਿਲ਼ਾਉਂਦਾ ਬੋਲਿਆ,“ਚੰਗਾ ਕੀਤਾ ਸ਼ਿਵਚਰਨ ਨੂੰ ਵੀ ਨਾਲ਼ ਲੈ ਆਇਆ,ਆਜੋ ਅੰਦਰ ਲੰਘ ਆਓ।”

ਉਨ੍ਹਾਂ ਦੇ ਚਾਹ ਪੀਂਦੇ ਹੀ ਸਮਾਗਮ ਸ਼ੁਰੂ ਹੋ ਗਿਆ ਸੀ।ਸੰਤ ਕੁਮਾਰ ਜੀ ਨੇ ਸਮਾਗਮ ਦੀ ਰੂਪ ਰੇਖਾ ਤੇ ਉਦੇਸ਼ ਦੱਸਦਿਆਂ ਕਿਹਾ,“ਇਹ ਸਮਾਗਮ ਉਨ੍ਹਾਂ ਲੋੜਵੰਦਾਂ ਲਈ ਰੱਖਿਆ ਗਿਆ ਹੈ ਜੋ ਹਾਦਸਾਗ੍ਰਸਤ ਹੋ ਕੇ ਆਪਣੇ

ਅੰਗ ਗਵਾ ਚੁੱਕੇ ਹਨ ਪਰ ਜ਼ਿੰਦਗੀ ਨੂੰ ਕਰਮ ਕਰਕੇ ਜਿਉਣਾ ਚਾਹੁੰਦੇ ਨੇ ਨਾ ਕਿ ਬੋਝ ਬਣਕੇ।ਦਾਨੀ ਸੱਜਣਾਂ ਦੀ ਮਦਦ ਨਾਲ਼ ਅਸੀਂ ਸਾਰੇ ਮੈਂਬਰ ਉਨ੍ਹਾਂ ਦੇ ਜੀਵਨ ਨੂੰ ਸਾਰਥਕ ਬਣਾਉਣਾ ਚਾਹੁੰਦੇ ਹਾਂ,ਜਿਸ ਵਿਅਕਤੀ ਨੂੰ ਜਿਸ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਊ ਉਸਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ। ”

ਸੰਤ ਕੁਮਾਰ ਜੀ ਦੀਆ ਦੱਸੀਆਂ ਗੱਲਾਂ ਨੇ ਸ਼ਿਵਚਰਨ ਨੂੰ ਕੀਲ ਕੇ ਰੱਖ ਦਿੱਤਾ।ਇਨ੍ਹਾਂ ਦੇ ਕਾਰਜ ਸ਼ਿਵਚਰਨ ਤੇ ਉਸਦੇ ਸਾਥੀਆਂ ਲਈ ਵੀ ਸਕੂਨ ਦਾ ਸਬੱਬ ਬਣ ਰਹੇ ਸਨ।ਦਾਨੀ ਸੱਜਣਾਂ ਵਿੱਚ ਜਦੋਂ ਗੋਖੇ ਨੂੰ ਖੜ੍ਹੇ ਦੇਖਿਆ ਤਾਂ ਉਨ੍ਹਾਂ ਦੇ ਮਨ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ ।ਹੁਣ ਉਹ ਉਨ੍ਹਾਂ ਲਈ ‘ਗੋਖਾ’ ਨਾ ਹੋ ਕੇ ਸਗੋਂ ‘ਸ.ਗੁਰਮੁਖ ਸਿੰਘ ਸੋਢਾ’ ਹੋ ਗਿਆ ਸੀ।ਸਮਾਗਮ ਵਿੱਚ ਪਹੁੰਚੇ ਲੋੜਵੰਦਾਂ ਦੇ ਮਨ ਵਿੱਚ ਹੁਲਾਸ ਤੇ ਮੂੰਹ ਵਿੱਚ ਦੁਆਵਾਂ ਸਨ।

ਸੰਤ ਕੁਮਾਰ ਜੀ ਨੇ ਅਖ਼ੀਰ ਵਿੱਚ ਦੱਸਿਆ,“ਇਸ ਵਾਰ ਸ਼ਹੀਦ-ਏ-ਆਜ਼ਮ ਸ ਭਗਤ ਸਿੰਘ ਦਾ ਜਨਮ ਦਿਨ ‘ਚੇਤਨਾ ਦਿਵਸ’ ਦੇ ਰੂਪ ਵਿੱਚ ਮਨਾਇਆ ਜਾਵੇਗਾ ਅਤੇ ਇਸ ਵਿੱਚ ਸਭ ਤੋਂ ਖ਼ਾਸ ਗੱਲ ਹੋਵੇਗੀ ਕਿ ਇਸ ਦਫ਼ਤਰ ਵਿੱਚ ‘ਵਕੀਲ ਮੁਹੰਮਦ ਜਾਗੋਵਾਲ਼’ ਦੁਆਰਾ ਬਣਾਇਆ ਸ਼ਹੀਦ ਭਗਤ ਸਿੰਘ ਦਾ ਬੁੱਤ ਵੀ ਸਥਾਪਿਤ ਕੀਤਾ ਜਾਵੇਗਾ। ”

ਸੰਤ ਕੁਮਾਰ ਜੀ ਦੇ ਇਨ੍ਹਾਂ ਸ਼ਬਦਾਂ ਨਾਲ਼ ਪੰਡਾਲ਼ ਤਾੜੀਆਂ ਨਾਲ਼ ਗੂੰਜ ਉੱਠਿਆ।ਸ਼ਿਵਚਰਨ ਤੋਂ ਆਪਣੇ ਅੱਬੂ ਬਾਰੇ ਸੁਣ ਕੇ ਖ਼ੁਸ਼ੀ ਸੰਭਾਲ਼ੀ ਨਹੀਂ ਸੀ ਜਾਂਦੀ।ਪਰ ਉਹ ਮਨ ਵਿੱਚ ਹੀ ਬੁੱਤ ਪੂਜਾ ਬਾਰੇ ਸੋਚ ਰਿਹਾ ਸੀ, “ਇਨ੍ਹਾਂ ਦੇ ਬੁੱਤ ਜ਼ਰੂਰੀ ਨੇ ਜਾਂ ਵਿਚਾਰ। ”

ਸਮਾਗਮ ਦੀ ਸਮਾਪਤੀ ਮਗਰੋਂ ਉਹ ਕਾਫ਼ੀ ਸਮਾਂ ਕਿਤਾਬਾਂ ਦੀ ਸਟਾਲ ’ਤੇ ਖੜ੍ਹੇ ਕਿਤਾਬਾਂ ਦੇਖਦੇ ਰਹੇ ਪਰ ਪੈਸਿਆਂ ਦੀ ਥੁੜੋਂ ਕੋਈ ਕਿਤਾਬ ਨਾ ਖਰੀਦ ਸਕੇ।

ਸਾਰੇ ਰਾਹ ਉਹ ਸੁਸਾਇਟੀ ਦੇ ਕੰਮਾਂ ਤੇ ਗੋਖੇ ਦੀਆਂ ਗੱਲਾਂ ਕਰਦੇ ਆਏ।ਛਾਪੇ ਤੋਂ ਜਾਗੋਵਾਲ਼ ਆਉਂਦਿਆਂ ਜਿੱਥੇ ਅੱਜ ਉਸਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਡਾਹਢੀ ਖ਼ੁਸ਼ੀ ਹੋ ਰਹੀ ਸੀ ਉੱਥੇ ਪ੍ਰਿੰਸ ਦੇ ਕਾਲਜ ਨਾ ਆਉਣ ਕਰਕੇ ਆਪਣੇ ਰਾਤ ਵਾਲ਼ੇ ਸੁਪਨੇ ਦੇ ਅਧੂਰੇ ਰਹਿ ਜਾਣ ਕਾਰਨ ਉਦਾਸੀ ਵੀ ਸੀ।

ਅੱਜ ਉਹ ਜਿਨਾ ਜਲਦੀ ਘਰੋਂ ਗਿਆ ਸੀ,ਓਨਾ ਜਲਦੀ ਘਰ ਵੀ ਪਰਤ ਆਇਆ ਸੀ।ਘਰ ਆਉਂਦਿਆਂ ਸਾਰ ਹੀ ਉਸਨੇ ਵਕੀਲੇ ਦੇ ਹੱਥਾਂ ਨੂੰ ਚੁੰਮ ਲਿਆ ਤੇ ਇੰਝ ਮਹਿਸੂਸ ਕੀਤਾ ਜਿਵੇਂ “ਭਗਤ ਸਿੰਘ’ ਦੇ ਬੁੱਤ ਦੀ ਸਿਰਜਣਾ ਕਰਨ ਵਾਲ਼ੇ ਹੱਥਾਂ ਨੂੰ ਚੁੰਮ ਕੇ ‘ਸ.ਭਗਤ ਸਿੰਘ’ ਨੂੰ ਸੱਚੀ ਸ਼ਰਧਾਂਜਲੀ ਦੇ ਦਿੱਤੀ ਹੋਵੇ।

ਹੁਣ ਉਹ ਇਸ ਗੱਲ ’ਤੇ ਵੀ ਖ਼ੁਸ਼ ਸੀ ਕਿ ਉਹ ਅੱਜ ਵਕੀਲੇ ਨੂੰ ਆਪਣੇ ਹੱਥਾਂ ਨਾਲ਼ ਚਾਹ ਬਣਾ ਕੇ ਪਿਲ਼ਾਏਗਾ ਜੋ ਅਕਸਰ ਹੀ ਉਹ ਨਹੀਂ ਸੀ ਕਰ ਪਾਉਂਦਾ।

---

*

## ਕਾਂਡ-12

ਰਾਮਪੁਰੇ ਦੀ ਤਾਂਘ ਸ਼ਿਵਚਰਨ ਨੂੰ ਰੋਜ਼ਾਨਾ ਹੀ ਸਵੱਖਤੇ ਬਰਨਾਲ਼ੇ ਵੱਲ ਤੋਰ ਦਿੰਦੀ ਸੀ।ਅੱਜ ਤੀਜਾ ਦਿਨ ਹੋ ਗਿਆ ਸੀ,ਉਸਨੂੰ ਕਚਹਿਰੀ ਚੌਂਕ ਵਿੱਚੋਂ ਪ੍ਰਿੰਸ ਦੀ ਉਡੀਕ ਕਰਕੇ ਵਾਪਸ ਮੁੜਦੇ ਨੂੰ।ਉਹ ਕਾਲਜ ਆ ਕੇ ਵੀ ਨਾ ਪੜ੍ਹ ਪਾਉਂਦਾ।ਬਸ ਪ੍ਰਿੰਸ ਦੀ ਉਡੀਕ ਉਸਦੇ ਮਨ ਵਿੱਚ ਧੂਹ ਪਾਈ ਰੱਖਦੀ।ਪਰ ਉਹ ਧੁਨ ਦਾ ਪੱਕਾ ਸੀ।ਉਹ ਹਰ ਇੱਕ ਕੰਮ ਤੇ ਹਰ ਇੱਕ ਗੱਲ ਨੂੰ ਜਨੂੰਨੀ ਰੂਪ ਦੇ ਦਿੰਦਾ ਸੀ।ਬਸ ਇਹੋ ਜਨੂੰਨ ਉਸਨੂੰ ਦੂਸਰਿਆਂ ਨਾਲ਼ੋਂ ਵਿਲੱਖਣ ਬਣਾਉਂਦਾ ਸੀ।

ਜਦੋਂ ਉਹ ਕਚਹਿਰੀ 'ਚੋਂ ਮੁੜਦਾ ਹੋਇਆ ਸੁਨਿਆਰਿਆਂ ਵਾਲ਼ੀ ਗਲ਼ੀ 'ਚੋਂ ਨਿੱਕਲ਼ ਕੇ ਬਜ਼ਾਰ ਵੜਿਆ ਤਾਂ ਸਾਹਮਣੇ ਕਿਤਾਬਾਂ ਵਾਲ਼ੀ ਦੁਕਾਨ 'ਤੇ ਗਗਨ ਖੜ੍ਹੀ ਕੁਝ ਖਰੀਦ ਰਹੀ ਸੀ।ਉਹ ਜਦੋਂ ਉਸਦੇ ਕੋਲ਼ ਦੀ ਲੰਘਣ ਲੱਗਿਆ ਤਾਂ ਉਸਨੇ ਮਿੱਠੀ ਜਿਹੀ ਅਵਾਜ਼ ਵਿੱਚ ਕਿਹਾ,"ਕੀ ਗੱਲ ਸ਼ਿਵ ਜੀ, ਹੁਣੇ ਹੀ ਪਾਸਾ ਵੱਟ ਲੰਘ ਚੱਲੇ,ਅਜੇ ਤਾਂ ਸਾਰੀ ਜ਼ਿੰਦਗੀ ਝੱਲਣਾ ਮੈਨੂੰ।"

ਸ਼ਿਵਚਰਨ ਅਚਾਨਕ ਉਸਨੂੰ ਦੇਖ ਕੇ ਤੇ ਦੂਜੀ ਉਸਦੀ ਗੱਲ ਸੁਣ ਕੇ ਠਠੰਬਰ ਜਿਹੇ ਗਿਆ।ਏਨੀ ਬੇਬਾਕ ਜਿਹੀ ਗੱਲ ਆਖ ਕੇ ਗਗਨ ਵੀ ਨਿਮੋਝੂਣੀ ਜਿਹੀ ਹੋ ਗਈ।ਉਹ ਉਸਦੇ ਨੇੜੇ ਆ ਕੇ ਬੋਲੀ,"ਕੀ ਗੱਲ ਆ ਸ਼ਿਵਚਰਨ! ਅੱਜ ਤੇਰਾ ਚਿਹਰਾ ਉੱਤਰਿਆ ਜਿਹਾ ਕਿਉਂ ਲਗਦਾ? ਜਿਵੇਂ ਕਈ ਦਿਨਾਂ ਦੀ ਨੀਂਦ ਅੱਖਾਂ ਵਿੱਚ ਸਾਂਭੀ ਫਿਰਦਾ ਹੁੰਨਾ।"

ਸ਼ਿਵਚਰਨ ਚੁੱਪ ਰਿਹਾ ਤੇ ਫਿਰ ਉਹ ਦੋਵੇਂ ਕਾਲਜ ਵੱਲ ਨੂੰ ਤੁਰ ਪਏ।ਗਗਨ ਬੋਲੀ ਹੀ ਜਾ ਰਹੀ ਸੀ।ਪਰ ਸ਼ਿਵਚਰਨ ਹਾਂ ਹੂੰ ਕਰਦਾ ਜਵਾਬ ਦੇਈ ਜਾ ਰਿਹਾ ਸੀ।ਉਹ ਤਾਂ ਇਹ ਸਮਝਦਾ ਹੀ ਸੀ ਕਿ ਉਸਦੀ ਬੇਚੈਨੀ ਪ੍ਰਿੰਸ ਦੇ ਨਾ ਆਉਣ ਕਰਕੇ ਹੀ ਸੀ।

ਉਹ ਕਾਲਜ ਪਹੁੰਚ ਗਏ।ਗਗਨ ਮਨੋਵਿਗਿਆਨ ਦੀ ਜਮਾਤ ਲਗਾਉਣ ਚਲੀ ਗਈ ਅਤੇ ਸ਼ਿਵਚਰਨ ਕੁਲਵੀਰ ਮੈਡਮ ਕੋਲ਼ ਚਲਿਆ ਗਿਆ।ਉਸਨੇ ਮੈਡਮ ਨੂੰ ਕਿਤਾਬਾਂ ਵਾਪਸ ਕਰ ਦਿੱਤੀਆਂ ਪਰ ਨਵੀਂ ਕੋਈ ਕਿਤਾਬ ਵੀ ਜ਼ਾਰੀ ਨਾ ਕਰਵਾਈ।ਮੈਡਮ ਵੀ ਦੇਖ ਕੇ ਹੈਰਾਨ ਸੀ ਕਿਉਂਕਿ ਉਹ ਜਦੋਂ ਵੀ ਕਿਤਾਬਾਂ ਵਾਪਸ ਕਰਦਾ ਸੀ ਤਾਂ ਨਵੀਂ ਕਿਤਾਬ ਨਾਲ਼ ਹੀ ਜ਼ਾਰੀ ਕਰਵਾ ਲੈਂਦਾ ਸੀ।ਪਰ ਅੱਜ ਕੁਲਵੀਰ ਮੈਡਮ ਨੂੰ ਉਸਦੀ ਕਿਤਾਬਾਂ ਪ੍ਰਤੀ ਬੇਧਿਆਨੀ ਜਿਹੀ

ਲੱਗਦੀ ਸੀ।ਉਹ ਲਾਇਬ੍ਰੇਰੀ ਵਿੱਚੋਂ ਚੁੱਪ ਕਰਕੇ ਬਾਹਰ ਆ ਗਿਆ ਅਤੇ ਕਾਲਜੋਂ ਨਿੱਕਲ਼ ਕੇ ਸਿੱਧਾ ਬਜ਼ਾਰ ਵੱਲ ਨੂੰ ਹੋ ਗਿਆ।

ਉਹ ਮੇਨ ਬਜ਼ਾਰ ਵਿੱਚੋਂ ਹੋਣ ਦੀ ਬਜਾਇ ਗਲ਼ੀਆਂ ਵਿੱਚ ਦੀ ਗੱਡਾਖ਼ਾਨਾ ਚੌਂਕ ਵਿੱਚ ਜਾ ਕੇ ਸੋਚਣ ਲੱਗ ਗਿਆ ਕਿ ਹੁਣ ਕਿੱਧਰ ਨੂੰ ਜਾਇਆ ਜਾਵੇ।ਉਹ ਕਦੇ ਬੱਚਿਆਂ ਨੂੰ ਪੜ੍ਹਾਉਣ ਬਾਰੇ ਸੋਚਦਾ ਤੇ ਕਦੇ ਪਿੰਡ ਵਾਪਸ ਜਾਣ ਬਾਰੇ।ਅਖ਼ੀਰ ਉਹ ਸਮਾਜ ਭਲਾਈ ਸੁਸਾਇਟੀ ਦੇ ਦਫ਼ਤਰ ਜਾਣ ਦੀ ਸੋਚ ਕੇ ਬਾਲਮੀਕ ਚੌਂਕ ਨੂੰ ਮੁੜ ਗਿਆ।ਉਹ ਪ੍ਰਿੰਸ ਬਾਰੇ ਸੋਚਦਾ ਹੀ ਜਾ ਰਿਹਾ ਸੀ ਕਿ ਐੱਸ.ਡੀ. ਸਕੂਲ ਦੇ ਅੱਗੇ ਉਹ ਉਸਨੂੰ ਆਉਂਦਾ ਦਿਖ ਗਿਆ।ਉਸ ਦੇ ਮੂੰਹੋਂ ਸੁਤੇ-ਸਿਧ ਹੀ ਉਸਦਾ ਨਾਂ ਲੈ ਕੇ ਅਵਾਜ਼ ਮਾਰੀ ਗਈ।ਉਸਨੂੰ ਉਸਦੀ ਹਾਕ ਨਾ ਸੁਣੀ ਤਾਂ ਉਸਨੇ ਸੜਕ ਪਾਰ ਕਰਕੇ ਪ੍ਰਿੰਸ ਦੀ ਬਾਂਹ ਫੜ ਲਈ।ਉਹ ਇਕਦਮ ਪਿੱਛੇ ਮੁੜਿਆ ਤੇ ਸ਼ਿਵਚਰਨ ਨੂੰ ਦੇਖ ਕੇ ਹੈਰਾਨ ਹੋਇਆ,

"ਸ਼ਿਵਚਰਨ ਬਾਈ ਜੀ !"

"ਤੂੰ ਤਾਂ ਸੁਣਦਾ ਹੀ ਨੀ, ਮੈਂ ਕਦੋਂ ਦਾ ਹਾਕਾਂ ਮਾਰੀ ਜਾਨਾ।"

"ਸੌਰੀ ਬਾਈ ਸੁਣਿਆ ਨੀ ਸੀ।"

"ਚੱਲ ਕੋਈ ਨਾ,...ਹੁਣ ਕਾਲਜ ਚੱਲਿਆਂ ?"

"ਹਾਂ ਜੀ।"

"ਛੱਡ ਹੁਣ ਕਾਲਜ ਜਾ ਕੇ ਕੀ ਕਰਨਾ......ਆਪਾਂ ਬੈਠਦੇ ਹਾਂ ਕਿਤੇ।" ਸ਼ਿਵਚਰਨ ਨੇ ਉਸਦਾ ਹੱਥ ਫੜਦੇ ਨੇ ਕਿਹਾ।

"ਹਾਂ ਚੱਲੋ ਆਪਾਂ ਚਿੰਟੂ ਪਾਰਕ ਚੱਲਦੇ ਹਾਂ,ਉੱਥੋਂ ਹੀ ਮੈਂ ਕਚਹਿਰੀ ਚੌਂਕ ਨੂੰ ਚਲਿਆ ਜਾਊਂਗਾ।"

"ਪਰ ਤੂੰ ਅੱਜ ਇੱਧਰੋਂ ਕਿੱਧਰੋਂ ਆ ਰਿਹਾ ਸੀ ?" ਤੁਰੇ ਜਾਂਦੇ ਹੀ ਸ਼ਿਵਚਰਨ ਨੇ ਪ੍ਰਿੰਸ ਨੂੰ ਪੁੱਛਿਆ।

"ਪੁੱਛੋ ਨਾ ਬਾਈ,ਅੱਜ ਬੱਸ ਹੀ ਨੀ ਰੋਕੀ ਕਚਹਿਰੀ ਚੌਂਕ,ਇਸ ਲਈ ਬੱਸ-ਸਟੈਂਡ ਤੋਂ ਹੀ ਆ ਰਿਹਾਂ।"

ਉਹ ਹੋਰ ਇਸ ਤਰ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਹਸਪਤਾਲ਼ ਲੰਘ ਗਏ।

ਸ਼ਿਵਚਰਨ ਨੇ ਪ੍ਰਿੰਸ ਨੂੰ ਪੁੱਛਦਿਆਂ ਫਿਰ ਕਿਹਾ,"ਕਿੱਥੇ ਰਿਹਾ ਏਨੇ ਦਿਨ ?"

"ਏਨੇ ਦਿਨ!" ਪ੍ਰਿੰਸ ਨੇ ਹੈਰਾਨੀ ਜਿਹੀ ਨਾਲ਼ ਪੁੱਛਿਆ।

"ਹੋਰ ਕੀ,ਕਈ ਦਿਨ ਹੋਗੇ ਤੈਨੂੰ ਮਿਲ਼ੇ ਨੂੰ।" ਸ਼ਿਵਚਰਨ ਨੇ ਕਾਹਲ਼ੀ ਜਿਹੀ ਵਿੱਚ ਹੀ ਆਖ ਦਿੱਤਾ।

ਉਹ ਹੁਣ ਚਿੰਟੂ ਪਾਰਕ ਪੁੱਜ ਚੁੱਕੇ ਸਨ।ਉਹ ਇਕਾਂਤ ਜਿਹੇ ਵਿੱਚ ਬੈਠ ਗਏ।ਵੈਸੇ ਵੀ ਦੁਪਹਿਰ ਵੇਲ਼ੇ ਤਾਂ ਇੱਥੇ ਸ਼ਾਤੀ ਹੀ ਹੁੰਦੀ ਹੈ।ਸ਼ਾਮ ਨੂੰ ਤਾਂ ਬੱਚੇ,ਬਜ਼ੁਰਗ ਇਸ ਪਾਰਕ ਦੀ ਰੌਣਕ ਵਧਾ ਦਿੰਦੇ ਨੇ ਤੇ ਰਾਤ ਨੂੰ ਜੋੜੀਆਂ ਸੈਰ ਕਰਨ ਆਉਂਦੀਆਂ ਹਨ।ਇਹ ਪਾਰਕ ਲੋਕਾਂ ਦੇ ਦੁੱਖ-ਸੁੱਖ ਕਰਨ ਲਈ ਵੀ ਵਿਸ਼ੇਸ਼ ਥਾਂ ਹੈ ।ਇੱਥੇ ਸਰਕਾਰੀ ਮੁਲਾਜ਼ਮ,ਬੇਰੁਜ਼ਗਾਰ ਅਤੇ ਵਿਦਿਆਰਥੀ ਸੰਘ ਵੀ ਆਪਣੀਆਂ ਮੀਟਿੰਗਾਂ ਕਰ ਲੈਂਦੇ ਨੇ।ਇਹ ਮੁਹੱਬਤੀ ਰਿਸ਼ਤਿਆਂ ਨੂੰ ਵੀ ਪਵਿੱਤਰਤਾ ਨਾਲ਼ ਕੁਛ ਪਲ ਬਿਤਾਉਣ ਲਈ ਪਨਾਹ ਦੇ ਦਿੰਦਾ ਹੈ।

ਉਹ ਕੁਛ ਸਮਾਂ ਬੈਠੇ ਇੱਧਰ ਓਧਰ ਦੀਆਂ ਗੱਲਾਂ ਕਰਦੇ ਰਹੇ।ਪ੍ਰਿੰਸ ਨੂੰ ਇਸ ਗੱਲ ਦੀ ਜੋਹ ਜ਼ਰੂਰ ਸੀ ਕਿ ਉਹ ਰਾਮਪੁਰੇ ਬਾਰੇ ਹੀ ਜਾਣਨਾ ਚਾਹੁੰਦਾ।ਉਸਨੇ ਸ਼ਿਵਚਰਨ ਵੱਲ ਦੇਖਦਿਆਂ ਕਿਹਾ,"ਬਾਈ ਮੇਰਾ ਇੰਤਜ਼ਾਰ ਤਾਂ ਨੀ ਕਰਦੇ ਸੀ ?"

"ਹਾਂ ਯਾਰ ਪ੍ਰਿੰਸ,ਬਹੁਤ ਇੰਤਜ਼ਾਰ ਕੀਤਾ ਤੇਰਾ,ਰੋਜ਼ ਹੀ ਤੈਨੂੰ ਮਿਲਣ ਲਈ ਕਚਹਿਰੀ ਚੌਂਕ ਚਲਿਆ ਜਾਂਦਾ ਸੀ।ਹੁਣ ਵੀ ਇਸੇ ਭਟਕਣਾ 'ਚ ਹੀ ਫਿਰਦਾ ਸੀ ਜਦ ਨੂੰ ਤੂੰ ਆਉਂਦਾ ਦਿਖ ਗਿਆ।"

"ਕਿਤੇ ਰਾਮਪੁਰੇ ਤਾਂ ਨੀ ਕੋਈ ਯਾਦ ਆ ਗਿਆ।" ਪ੍ਰਿੰਸ ਨੇ ਉਸਦੀਆਂ ਅੱਖਾਂ 'ਚ ਝਾਕਦੇ ਨੇ ਕਿਹਾ।

"ਤੈਨੂੰ ਕਿਵੇਂ ਪਤਾ ਕਿ ਮੇਰਾ ਰਾਮਪੁਰੇ ਨਾਲ਼ ਕੋਈ ਰਿਸ਼ਤਾ ਹੈ ? ਤੂੰ ਉਸ ਦਿਨ ਵੀ ਮੈਨੂੰ ਇਹ ਸਵਾਲ ਕੀਤਾ ਸੀ"

"ਕਿਉਂਕਿ ਮੈਂ ਤੇਰੇ ਚਿਹਰੇ ਨੂੰ ਰਾਮਪੁਰੇ ਕਿਸੇ ਕੰਧ 'ਤੇ ਟੰਗੇ ਦੇਖਿਆ ਸੀ ਪਰ ਉਸ 'ਤੇ ਉੱਕਰਿਆ 'ਸਵਰਗਵਾਸੀ ਚਿਰੰਜੀ ਲਾਲ' ਮੈਨੂੰ ਤੇਰੇ ਤੋਂ ਦੂਰ ਵੀ ਕਰ ਦਿੰਦਾ ਸੀ।"

"ਚਿਰੰਜੀ ਲਾਲ! ਉਹ ਤਾਂ ਮੇਰੇ ਪਿਤਾ ਜੀ ਨੇ...ਸੱਚੀਂ ਮੇਰੀ ਸ਼ਕਲ ਉਨ੍ਹਾਂ ਨਾਲ਼ ਮਿਲ਼ਦੀ ਆ ?" ਉਸਨੇ ਪੱਬਾਂ ਭਾਰ ਹੁੰਦਿਆਂ ਪ੍ਰਿੰਸ ਨੂੰ ਪੁੱਛਿਆ ਤਾਂ ਉਸਨੂੰ ਉਸਦੇ ਸਵਾਲ ਵਿੱਚੋਂ ਪਿਤਾ ਮੋਹ ਵਿੱਚ ਉੱਠਦੀ ਹੂਕ ਮਹਿਸੂਸ ਹੋਈ।

"ਹਾਂ ਬਾਈ ਸੱਚੀਂ ਜੇ ਉਸ 'ਤੇ ਸ਼ਿਵਚਰਨ ਵੀ ਉੱਕਰਿਆ ਹੁੰਦਾ ਤਾਂ ਫ਼ਰਿਸ਼ਤੇ ਵੀ ਭੁਲੇਖਾ ਖਾ ਜਾਂਦੇ।"

ਸ਼ਿਵਚਰਨ ਨੇ ਪ੍ਰਿੰਸ ਦੇ ਹੋਰ ਨੇੜੇ ਹੋ ਕੇ ਅੱਖਾਂ ਵੱਡੀਆਂ ਕਰਕੇ ਕਿਹਾ,"ਹੋਰ ਕੌਣ-ਕੌਣ ਏ ਉੱਥੇ ?"

"ਬਸ ਤੇਰੇ ਦਾਦਾ-ਦਾਦੀ ਹੀ ਨੇ,ਮੈਂ ਉਨ੍ਹਾਂ ਨੂੰ ਮਿਲਣ ਦੇ ਚੱਕਰ 'ਚ ਹੀ ਦੋ ਦਿਨ ਨੀ ਆ ਸਕਿਆ।"

"ਮੇਰੀ ਵੀ ਭਟਕਣਾ ਖਿੱਚੀ ਫਿਰਦੀ ਆ ਮੈਨੂੰ...ਪਲੀਜ਼ ਛੋਟੇ ਵੀਰ ਮੈਨੂੰ ਉੱਥੇ ਲੈ ਚੱਲ।"

"ਬਹੁਤ ..ਔਖਾ।" ਪ੍ਰਿੰਸ ਨੇ ਸੋਚ ਕੇ ਕਿਹਾ।

"ਔਖਾ ?..ਪਰ ਕਿਉਂ ?" ਸ਼ਿਵਚਰਨ ਨੇ ਹੈਰਾਨੀ ਨਾਲ਼ ਪੁੱਛਿਆ।

"ਕਿਉਂਕਿ ਉਹ ਆਪਣੇ ਹੀ ਘਰ ਵਿੱਚ ਹੀ ਨਜ਼ਰਬੰਦ ਨੇ,ਜਿੱਥੇ ਆਲ਼ੇ-ਦੁਆਲ਼ੇ ਕੋਈ ਨਹੀਂ ਰਹਿੰਦਾ,ਜੇ ਕੋਈ ਰਹਿੰਦਾ ਵੀ ਹੋਊ ਉਸਦਾ ਇਨ੍ਹਾਂ ਵਿਚਾਰਿਆਂ ਨਾਲ਼ ਕੋਈ ਸਬੰਧ ਨਹੀਂ ਹੋਣਾ।ਘਰ ਨੂੰ ਹਮੇਸ਼ਾ ਹੀ ਜਿੰਦਰਾ ਵੱਜਿਆ ਰਹਿੰਦਾ,ਜੇ ਜਿੰਦਰਾ ਟੁੱਟਿਆ ਤਾਂ ਸਭ ਤੋਂ ਪਹਿਲਾਂ ਮੈਂ ਹੀ ਫੜਿਆ ਜਾਣਾ,ਛੋਟੂ ਨੂੰ ਤਾਂ ਪਹਿਲਾਂ ਹੀ ਮੇਰੇ 'ਤੇ ਸ਼ੱਕ ਰਹਿੰਦੀ ਆ।"

ਸੁਣ ਕੇ ਸ਼ਿਵਚਰਨ ਅੰਦਰ ਤੱਕ ਪਸੀਜਿਆ ਗਿਆ।ਉਸਨੇ ਪ੍ਰਿੰਸ ਨੂੰ ਪੁੱਛਿਆ,"ਤੂੰ ਕਦੋਂ ਮਿਲ਼ਿਆ ਸੀ ਦਾਦਾ-ਦਾਦੀ ਨੂੰ ?"

"ਮੈਂ ਅੱਜ ਸਵੇਰੇ ਹੀ ਮਿਲ਼ ਕੇ ਆਇਆਂ,ਤੈਨੂੰ ਵੇਖਣ ਮਗਰੋਂ ਮੇਰੇ ਅੰਦਰ ਸੱਚ ਜਾਣਨ ਦੀ ਜਿਗਿਆਸਾ ਹੋਰ ਵਧ ਗਈ ਸੀ।ਉਸ ਦਿਨ ਤੁਸੀਂ ਆਖਿਆ ਸੀ ਕਿ ਰਾਮਪੁਰੇ ਨਾਲ਼ ਤੁਹਾਡਾ ਕੋਈ ਸਬੰਧ ਨਹੀਂ,ਤੁਹਾਡੀ ਇਸ ਗੱਲ ਨੇ ਮੇਰੀ ਤੜਫ਼ ਹੋਰ ਵੀ ਤੇਜ਼ ਕਰ ਦਿੱਤੀ ਸੀ।"

ਪ੍ਰਿੰਸ ਨੇ ਉਸਦੇ ਦਾਦਾ ਦਾਦੀ ਨਾਲ਼ ਹੋਈ ਮੁਲਾਕਾਤ ਬਾਰੇ ਦੱਸਦਿਆਂ ਕਿਹਾ ਕਿ ਉਹ ਅੱਜ ਸਵੱਖਤੇ ਹੀ ਦੁਕਾਨ 'ਤੇ ਚਲਿਆ ਗਿਆ।ਸੇਠ ਨੇ ਤਾਂ ਲੇਟ ਆਉਣਾ ਸੀ।ਛੋਟੂ ਹੀ ਦੁਕਾਨ 'ਤੇ ਸੀ। ਉਸ ਤੋਂ ਅੱਖ ਬਚਾ ਕੇ ਉਸਨੇ ਚਾਬੀਆਂ ਜੇਬ 'ਚ ਪਾ ਲਈਆਂ ਤੇ ਉਸ ਘਰ ਦਾ ਦਰਵਾਜ਼ਾ ਜਾ ਖੋਲ੍ਹਿਆ।ਡਰ ਨਾਲ਼ ਉਸਦੀਆਂ ਲੱਤਾਂ ਕੰਬ ਰਹੀਆ ਸਨ ਕਿਉਂਕਿ ਜਿੰਦਰਾ ਖੋਲ੍ਹਣਾ ਉਸਨੂੰ ਹਵਾਲਾਤ ਪਹੁੰਚਾ ਸਕਦਾ ਸੀ।ਉਹ ਪੌੜੀਆਂ ਚੜ੍ਹ ਕੇ ਕੋਠੇ ਉੱਪਰ ਚਲਿਆ ਗਿਆ।ਦੋਵੇਂ ਬਜ਼ੁਰਗ ਇਕੱਲਤਾ 'ਚ ਚੁੱਪ-ਚਾਪ ਬੈਠੇ ਸਨ।ਉਹ ਉਸਨੂੰ ਦੇਖ ਕੇ ਬਹੁਤ ਹੈਰਾਨ ਹੋਏ।ਬਜ਼ੁਰਗ ਔਰਤ ਨੇ ਹੈਰਾਨੀ ਨਾਲ਼ ਪੁੱਛਿਆ,"ਪੁੱਤਰ! ਤੂੰ ਕੌਣ ਏਂ ?"

"ਮੈਂ ਦੁਕਾਨ 'ਤੇ ਨੌਕਰ ਹਾਂ,ਮਾਤਾ ਜੀ।" ਉਸਦਾ ਡਰਦੇ ਦਾ ਬੋਲ ਨਹੀਂ ਸੀ ਨਿੱਕਲ਼ ਰਿਹਾ।

"ਪਰ ਤੂੰ ਹਮੇਸ਼ਾ ਉੱਪਰ ਹੀ ਕਿਉਂ ਆ ਜਾਨਾ ? ਕੋਈ ਹੋਰ ਉੱਪਰ ਆਉਣ ਦੀ ਹਿੰਮਤ ਨਹੀਂ ਕਰਦਾ।"

"ਆਹ ਕੰਧ 'ਤੇ ਟੰਗੀ ਤਸਵੀਰ ਹੀ ਇਸ ਵਾਰ ਤਾਂ ਖਿੱਚ ਲਿਆਈ ਮੈਨੂੰ, ......ਮਾਤਾ ਜੀ! ਕੌਣ ਏ ਇਹ ਸਖਸ਼?" ਉਸਨੇ ਕਿਹਾ।

"ਮੇਰਾ ਪੁੱਤਰ ਚਿਰੰਜੀ ਏ......ਵਰ੍ਹਿਆਂ ਪਹਿਲਾਂ ਇਕੱਲਿਆਂ ਛੱਡ ਗਿਆ ਸੀ ਸਾਨੂੰ।" ਮਾਤਾ ਨੇ ਹਉਂਕਾ ਲੈਂਦੀ ਨੇ ਕਿਹਾ।ਉਸਨੇ ਅੱਖਾਂ ਭਰਨ ਦੀ ਕੋਸ਼ਿਸ਼ ਕੀਤੀ ਪਰ ਇਉਂ ਲੱਗਦਾ ਸੀ ਜਿਵੇਂ ਉਸਦੀਆਂ ਅੱਖਾਂ ਦੇ ਕੋਇਆਂ ਦਾ ਸਾਰਾ ਪਾਣੀ ਵਹਿ ਚੁੱਕਿਆ ਹੋਵੇ।

ਪ੍ਰਿੰਸ ਨੇ ਫੇਰ ਸਵਾਲ ਕੀਤਾ,"ਫਿਰ ਸ਼ਿਵਚਰਨ ਕੌਣ ਏ? ਦੋਹਾਂ ਦੀ ਸ਼ਕਲ ਹੂ-ਬ-ਹੂ ਮਿਲ਼ਦੀ ਏ ?"

"ਸ਼ਿਵਚਰਨ!" ਦੋਹਾਂ ਬਜ਼ੁਰਗਾਂ ਦੇ ਮੂੰਹੋਂ ਹੈਰਾਨੀ ਨਾਲ਼ ਨਿੱਕਲ਼ਿਆ ਤੇ ਨਾਲ਼ ਹੀ ਉਨ੍ਹਾਂ ਦੂਜਾ ਸਵਾਲ ਕੀਤਾ ,"ਪਰ ਤੂੰ ਕਿਵੇਂ ਜਾਣਦਾ ਏਂ ?"

ਪ੍ਰਿੰਸ ਨੇ ਸ਼ਿਵਚਰਨ ਬਾਰੇ ਸਭ ਕੁਛ ਦੱਸਿਆ ਤਾਂ ਉਹ ਦੋਵੇਂ ਜੀਅ ਫੋੜੇ ਵਾਂਗ ਫਿੱਸ ਗਏ।ਹੰਝੂਆਂ ਦਾ ਸੈਲਾਬ ਆ ਗਿਆ ।ਹੁਣ ਪ੍ਰਿੰਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਅੱਖਾਂ ਦੇ ਸੁੱਕੇ ਕੋਏ ਕਿਸ ਤਰ੍ਹਾਂ ਝਰਨੇ ਵਾਂਗ ਵਗਣ ਲੱਗ ਗਏ ਸਨ।ਉਹ ਖ਼ੁਦ ਨੂੰ ਕੋਸਦੇ ਹੋਏ ਸ਼ਿਵਚਰਨ ਨੂੰ ਦੁਆਵਾਂ ਦੇ ਰਹੇ ਸਨ।ਉਨ੍ਹਾਂ ਅੰਦਰ ਸ਼ਿਵਚਰਨ ਨੂੰ ਇੱਕ ਵਾਰ ਮਿਲਣ ਦਾ ਤਰਲਾ ਸੀ।ਉਨ੍ਹਾਂ ਨੇ ਤਰਲੇ ਨਾਲ਼ ਕਿਹਾ,"ਉਹਨੂੰ ਕਹੀਂ,ਬਈ ਇੱਕ ਵਾਰ ਆ ਕੇ ਪਛਤਾਵੇ ਦੀ ਜੁਆਲਾ 'ਤੇ ਪਾਣੀ ਤਾਂ ਪਾ ਜਾਵੇ।"

"ਪਰ ਉਸਨੂੰ ਤਾਂ ਤੁਹਾਡੇ ਬਾਰੇ ਪਤਾ ਹੀ ਨਹੀਂ, ਆਪਣਾ ਪਿੰਡ ਜਾਗੋਵਾਲ਼ ਹੀ ਦੱਸਦਾ।"

"ਹਾਂ ਉਹ ਹੀ ਦੱਸੂਗਾ......ਜਾਗੋਵਾਲ਼......ਉਸਨੂੰ ਭਗਵਾਨ ਵਰਗਾ ਪਿਉ ਜੋ ਮਿਲ਼ ਗਿਆ ਸੀ,ਪਰ ਕਈ ਵਰ੍ਹਿਆਂ ਤੋਂ ਸਾਨੂੰ ਉਸ ਬਾਰੇ ਕੁਛ ਵੀ ਨਹੀਂ ਸੀ ਪਤਾ...ਉਹਨੂੰ ਕਹੀਂ ਆਪਣੀ ਮਾਂ ਨੂੰ ਲੈ ਆਵੇ......ਅਸੀਂ ਕੀਤੇ ਕੁਚੱਜੇ ਕੰਮਾਂ ਦੀ ਮਾਫ਼ੀ ਤਾਂ ਮੰਗ ਲਈਏ।

ਦੋਹੇਂ ਬਜ਼ੁਰਗ ਧਾਹਾਂ ਮਾਰ ਮਾਰ ਕੇ ਰੋ ਰਹੇ ਸਨ।ਕੁਛ ਪਲ ਤੱਕ ਤਾਂ ਸਿਸਕੀਆ ਦੀ ਅਵਾਜ਼ ਸੁਣਦੀ ਰਹੀ।ਪਰ ਫਿਰ ਔਰਤ ਦੇ ਬੁੱਲ੍ਹਾਂ 'ਚੋਂ ਕੰਬਦੀ ਜਿਹੀ ਅਵਾਜ਼ 'ਚ ਨਿੱਕਲ਼ਿਆ,"ਕਹੀਂ ਇਨ੍ਹਾਂ ਦੁਸ਼ਟਾਂ ਤੋਂ ਬਚ ਕੇ ਆਵੇ,ਕੋਈ ਖ਼ਤਰਾ ਮੁੱਲ ਨਾ ਲਵੇ......ਨਹੀਂ ਤਾਂ ਜਿਉਂਦਾ ਵਸਦਾ ਰਹੇ,ਸਾਡਾ ਕੀ ਆ...... ਨਦੀ ਕਿਨਾਰੇ ਰੁੱਖੜਾ।"

ਪ੍ਰਿੰਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਹੜ੍ਹ ਵਗ ਰਿਹਾ ਸੀ।ਸ਼ਿਵਚਰਨ ਆਪਣੇ ਹੰਝੂਆਂ ਨੂੰ ਸੰਭਾਲ਼ਦਾ ਹੋਇਆ ਭੁੱਬਾਂ ਮਾਰ ਰਿਹਾ ਸੀ।ਪ੍ਰਿੰਸ ਨੇ ਹੰਝੂਆਂ ਨਾਲ਼ ਭਾਰੀ ਹੋਈ ਅਵਾਜ਼ ਨੂੰ ਖੰਘੂਰਾ ਜਿਹਾ ਮਾਰ ਕੇ ਠੀਕ ਕਰਦਿਆਂ ਕਿਹਾ,"ਬਸ ਵੀਰੇ,ਦੁਕਾਨ 'ਤੇ ਸੇਠ ਦੇ ਪਹੁੰਚਣ ਤੋਂ ਪਹਿਲਾਂ ਹੀ ਚਾਬੀਆਂ ਕੀਲੀ 'ਤੇ ਟੰਗ ਆਇਆਂ,ਜਦੋਂ ਵੀ ਤੁਹਾਡਾ ਦਿਲ ਕੀਤਾ ਮਿਲਣ ਨੂੰ...... ਮੈਂ ਹਾਜ਼ਰ ਹਾਂ।"

ਸ਼ਿਵਚਰਨ ਨੇ ਉਸਨੂੰ ਘੁੱਟ ਕੇ ਗਲ਼ਵੱਕੜੀ ਵਿੱਚ ਲੈ ਲਿਆ ਅਤੇ ਉਸਨੂੰ ਅੱਜ ਹੀ ਮਿਲਣ ਦੀ ਇੱਛਾ ਜਤਾਈ ਪਰ ਉਸਨੂੰ ਮਜ਼ਬੂਰੀ ਦੱਸਦੇ ਹੋਏ ਪਰਸੋਂ ਨੂੰ ਮਿਲਾਉਣ ਲਈ ਆਖ ਦਿੱਤਾ।ਉਸਨੇ ਦੱਸਿਆ ਕਿ ਉਸ ਦਿਨ ਐਤਵਾਰ ਹੋਵੇਗਾ।ਸੇਠ ਦਾ ਸਾਰਾ ਪਰਿਵਾਰ ਐਤਵਾਰ ਨੂੰ ਭਦੌੜ ਮੱਥਾ ਟੇਕਣ ਲਈ ਜਾਂਦਾ ਹੁੰਦਾ।ਦੁਕਾਨ 'ਤੇ ਕੇਵਲ ਛੋਟੂ ਹੀ ਹੋਵੇਗਾ ।ਇਸ ਲਈ ਚਾਬੀ ਚੁੱਕਣੀ ਵੀ ਸੌਖੀ ਰਹੂਗੀ।ਸ਼ਿਵਚਰਨ ਨੇ ਉਤਸੁਕਤਾ ਨਾਲ਼ ਪੁੱਛਿਆ,"ਕਿੰਨੇ ਵਜੇ ਆਵਾਂ ਮੈ ਫਿਰ ?"

"ਬਾਈ ਤੂੰ ਦਸ ਕੁ ਵਜੇ ਆਜੀਂ,ਮੈਂ ਤੈਨੂੰ ਬੱਸ-ਸਟੈਂਡ ਤੋਂ ਹੀ ਲੈ ਲਵਾਂਗਾ..ਪਰ ਇਸ ਗੱਲ ਦਾ ਜ਼ਰੂਰ ਖ਼ਿਆਲ ਰੱਖੀਂ ਕਿ ਤੇਰਾ ਚਿਹਰਾ ਬਹੁਤ ਸਾਰੇ ਸਵਾਲ ਖੜ੍ਹੇ ਕਰ ਸਕਦਾ।"

"ਠੀਕ ਆ ਮੈਂ ਦਸ ਵਜੇ ਪਹੁੰਚ ਜਾਵਾਂਗਾ।" ਸ਼ਿਵਚਰਨ ਨੇ ਉਸਦਾ ਹੱਥ ਫੜ ਕੇ ਧੰਨਵਾਦ ਕਰਦਿਆਂ ਕਿਹਾ।

ਪ੍ਰਿੰਸ ਕਚਹਿਰੀ ਚੌਂਕ ਨੂੰ ਚਲਿਆ ਗਿਆ ਅਤੇ ਸ਼ਿਵਚਰਨ ਕਪਾਹ ਮੰਡੀ ਸਕੂਲ ਵੱਲ ਨੂੰ।ਗਗਨ ਵੀ ਕਾਲਜ ਤੋਂ ਬਾਅਦ ਉੱਥੇ ਹੀ ਆ ਗਈ।ਕੁਛ ਸਮੇਂ ਬਾਅਦ ਹੀ ਮਾਸਟਰ ਵਰਿੰਦਰ ਸਿੰਘ ਵੀ ਉੱਥੇ ਪਹੁੰਚ ਗਿਆ।ਉਹ ਉਨ੍ਹਾਂ ਨੂੰ ਆਖ ਰਿਹਾ ਸੀ,"ਤੁਹਾਡੇ ਜਵਾਕ ਪੰਜਾਬੀ ਬਹੁਤ ਸੋਹਣੀ ਪੜ੍ਹਦੇ ਲਿਖਦੇ ਨੇ,ਬੋਲਦੇ ਵੀ ਬਹੁਤ ਸੋਹਣੀ ਨੇ,ਇਨ੍ਹਾਂ ਦੇ ਘਰਾਂ ਵਿੱਚ ਆ ਕੇ ਹੈਰਾਨੀ ਹੁੰਦੀ ਆ,ਬਈ ਇਹ ਪਰਵਾਸੀ ਹੋ ਕੇ ਵੀ ਪੰਜਾਬੀ ਬੋਲੀ ਨੂੰ ਸੱਚੇ ਦਿਲੋਂ ਅਪਣਾਈ ਜਾਂਦੇ ਨੇ ਤੇ ਆਹ ਸਾਡੇ ਆਲ਼ੇ ਆਪਣੀ ਮਾਂ ਬੋਲੀ ਹੀ ਭੁਲਾਈ ਜਾਂਦੇ ਨੇ।"

ਗਗਨ ਤੇ ਸ਼ਿਵਚਰਨ ਨੂੰ ਆਪਣੇ ਬੱਚਿਆਂ ਦੀ ਵਡਿਆਈ ਸੁਣ ਕੇ ਮਾਣ ਜਿਹਾ ਮਹਿਸੂਸ ਹੋਇਆ।ਉਹ ਉਸਦੇ ਜਾਣ ਤੋਂ ਬੱਸ-ਸਟੈਂਡ ਨੂੰ ਚਲੇ ਗਏ।ਰਸਤੇ ਵਿੱਚ ਗਗਨ ਨੇ ਸ਼ਿਵਚਰਨ ਨੂੰ ਦੱਸਦਿਆਂ ਕਿਹਾ ਕਿ,"ਮਾਤਾ ਜੀ ਤੈਨੂੰ ਬਹੁਤ ਯਾਦ ਕਰਦੇ ਨੇ।ਤੇਰਾ ਫਿਕਰ ਵੀ ਕਰਦੇ ਰਹਿੰਦੇ ਨੇ।ਸਾਰਾ ਪਰਿਵਾਰ ਹੀ ਤੈਨੂੰ ਬਹੁਤ ਯਾਦ ਕਰਦਾ......ਕਦੇ ਸਾਡੇ ਵੱਲ ਵੀ ਗੇੜਾ ਮਾਰ ਜਾਇਓ।"

"ਅੱਛਾ! ਏਨਾ ਯਾਦ ਕਰਦੇ ਆ ਮੈਨੂੰ ?" ਉਸਨੇ ਮਜਾਕੀਆ ਜਿਹੇ ਲਹਿਜ਼ੇ ਨਾਲ਼ ਪੁੱਛਿਆ।

"ਹੋਰ ਕੀ ਮੈਂ ਝੂਠ ਬੋਲਦੀ ਆਂ।" ਗਗਨ ਉਸਦੇ ਮਜਾਕ ਤੋਂ ਔਖੀ ਜਿਹੀ ਹੋ ਕੇ ਪਿਆਰ ਜਿਤਾਉਂਦੀ ਬੋਲ਼ੀ।

"ਉਹ ਹੀ ਯਾਦ ਕਰਦੇ ਨੇ......ਤੂੰ ਨੀ ਯਾਦ ਕਰਦੀ ਹੁੰਦੀ ?"

"ਯਾਦ ਤਾਂ ਉਨ੍ਹਾਂ ਨੂੰ ਕਰੀਦਾ ਜੋ ਭੁੱਲੇ ਹੋਣ।"

ਉਸਨੇ ਕਹਿੰਦੀ ਨੇ ਸ਼ਿਵਚਰਨ ਦੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ।ਦੋਹਾਂ ਦੇ ਦਿਲਾਂ ਦੀ ਧੜਕਣ ਅਛੋਪਲ਼ੇ ਜਿਹੇ ਹੀ ਤੇਜ਼ੀ ਫੜ ਗਈ।ਫਿਰ ਸੰਭਲ਼ਦੇ ਹੋਏ ਸ਼ਿਵਚਰਨ ਬੋਲਿਆ,"ਕੱਲ੍ਹ ਛੁੱਟੀ ਕਰਦੇ ਆਂ...... ਤੇ ਤੇਰੇ ਘਰ ਆ ਜਾਨੇ ਆਂ।"

"ਪੱਕਾ ?"ਗਗਨ ਨੇ ਖ਼ੁਸ਼ੀ 'ਚ ਉੱਛਲ਼ਦੀ ਨੇ ਹੈਰਾਨ ਹੋ ਕੇ ਪੁੱਛਿਆ।

"ਹਾਂ ਯਾਰ,ਪੱਕਾ।"

ਗਗਨ ਬੱਸ 'ਚ ਬੈਠ ਕੇ ਦੂਰ ਤੱਕ ਉਸ ਵੱਲ ਹੱਥ ਹਿਲਾਉਂਦੀ ਰਹੀ।ਸ਼ਿਵਚਰਨ ਨੂੰ ਵੀ ਹੁਣ ਆਪਣੇ ਆਪ 'ਚੋਂ ਰਸਭਿੰਨੀ ਜਿਹੀ ਖ਼ੁਸ਼ਬੂ ਆ ਰਹੀ ਸੀ।

ਦੂਸਰੇ ਦਿਨ ਸਵੇਰੇ ਉਹ ਮਨਾਲ਼ ਤੋਂ ਬਸ ਫੜ ਕੇ ਖੁਰਮਾਣੀ ਦੇ ਅੱਡੇ 'ਤੇ ਜਾ ਉੱਤਰਿਆ।ਇਹ ਅੱਡਾ ਖੁਰਮਾਣੀ ਤੋਂ ਕਿਲੋਮੀਟਰ ਕੁ ਦੀ ਵਿੱਥ 'ਤੇ ਸੀ।ਉਹ ਤੁਰਿਆ ਜਾਂਦਾ ਸੋਚ ਰਿਹਾ ਸੀ ਕਿ ਪਤਾ ਨੀ ਉਸਦਾ ਜਾਣਾ ਉਹਨਾਂ ਨੂੰ ਚੰਗਾ ਲੱਗੂ ਕਿ ਨਹੀਂ।ਫਿਰ ਉਹ ਆਪ ਹੀ ਆਪਣੇ ਆਪ ਨੂੰ ਸਵਾਲ ਜਿਹਾ ਕਰਦਾ,"ਕਿਹੋ ਜਿਹਾ ਸਮਾਂ ਆ ਗਿਆ ਯਾਰ ਵਿਆਹ ਤੋਂ ਪਹਿਲਾਂ ਹੀ ਬਿਨ ਬੁਲਾਏ ਸਹੁਰੇ ਘਰ ਪਹੁੰਚ ਜਾਣਾ ਕੋਈ ਚੰਗੀ ਗੱਲ ਏ ?"

ਫਿਰ ਆਪ ਹੀ ਜਵਾਬ ਦਿੰਦਾ ਹੋਇਆ ਆਖਦਾ,"ਤੂੰ ਫਿਕਰ ਨਾ ਕਰ ਆਪਣੇ ਤਾਂ ਪਿਤਾ ਪੁਰਖੀ ਰਿਵਾਜ ਆ,ਬਾਪੂ ਬੇਬੇ ਨੂੰ ਰੇੜ੍ਹੇ 'ਤੇ ਹੀ ਬਿਠਾ ਲਿਆਇਆ ਸੀ,ਬੇਬੇ ਵੀ ਚਾਈਂ-ਚਾਈਂ ਬੈਠ ਕੇ ਆ ਗਈ ਸੀ ...ਪਰ ਜਵਾਬ ਆਪਣੇ ਵਾਲ਼ੀ ਵੀ ਨੀ ਦਿੰਦੀ।"

ਉਹ ਆਪ ਹੀ ਠਹਾਕਾ ਜਿਹਾ ਲਗਾ ਕੇ ਹੱਸ ਪਿਆ ਤੇ ਫਿਰ ਨਾਲ਼ ਹੀ ਗੰਭੀਰ ਜਿਹਾ ਹੋ ਗਿਆ, "ਮੁਹੱਬਤ ਫੇਰਿਆਂ......ਚਾਰ ਲਾਵਾਂ ਤੇ ਕਬੂਲ ਹੈ ਕਬੂਲ ਹੈ ਦੀ ਮਹੁਤਾਜ ਹੀ ਤਾਂ ਨਹੀਂ ਹੁੰਦੀ।ਇਸਦੀ ਖ਼ੁਸ਼ਬੂ ਨੂੰ ਮਾਪਿਆ,ਰੋਕਿਆ ਜਾਂ ਜਕੜਿਆ ਨਹੀਂ ਜਾ ਸਕਦਾ।"

ਉਹ ਸੋਚਦਾ ਪਿੰਡ ਦੀ ਫਿਰਨੀ ਮੁੜ ਗਿਆ ।ਪੁੱਛ-ਪੁਛਾ ਕੇ ਘਰ ਪਹੁੰਚਿਆ।ਦਰਵਾਜ਼ਾ ਖੜਕਾਇਆ ਤਾਂ ਗਗਨ ਦੀ ਛੋਟੀ ਭੈਣ ਸ਼ਗਨ ਨੇ ਦਰਵਾਜ਼ਾ ਖੋਲ੍ਹਿਆ।ਉਹ ਦਰਵਾਜ਼ਾ ਖੋਲ੍ਹਦੇ ਹੀ ਬੋਲੀ,"ਸ਼ਿਵਚਰਨ ਜੀ !"

"ਹਾਂ ਜੀ,ਤੁਸੀਂ ਕੌਣ ?"

"ਮੈਂ ਗਗਨ ਦੀਦੀ ਦੀ ਛੋਟੀ ਭੈਣ......ਸ਼ਗਨ।"

"ਅੱਛਾ ਜੀ! ਜਿਉਂਦੇ ਰਹੋ।"

"ਏਥੇ ਹੀ ਗੱਲਾਂ ਮਾਰੀ ਜਾਏਂਗੀ ਕਿ ਅੰਦਰ ਵੀ ਆਉਣ ਦੇਵੇਂਗੀ।"

ਗਗਨ ਦੀ ਮਾਤਾ ਨੇ ਮਿੱਠੀ ਜਿਹੀ ਘੂਰੀ ਦਿੰਦੇ ਹੋਏ ਸ਼ਗਨ ਨੂੰ ਕਿਹਾ।ਉਸਦਾ ਪਿਤਾ ਵੀ ਕੋਲ਼ ਆ ਗਿਆ।ਸ਼ਿਵਚਰਨ ਨੇ ਗਗਨ ਦੇ ਮਾਤਾ ਪਿਤਾ ਦੇ ਗੋਡੀਂ ਹੱਥ ਲਾਏ।ਦੋਹਾਂ ਨੇ ਉਸਨੂੰ ਪਿਆਰ ਦਿੱਤਾ।ਗਗਨ ਕੋਠੇ ਤੋਂ ਪੌੜੀਆਂ ਉੱਤਰ ਕੇ ਆਈ ਤਾਂ ਉਸਦੇ ਚਿਹਰੇ 'ਤੇ ਅੱਜ ਵੱਖਰਾ ਹੀ ਨੂਰ ਸੀ।ਉਸਨੂੰ ਅੱਜ ਉਹ ਪਹਿਲਾਂ ਨਾਲ਼ੋਂ ਵੱਖਰੀ ਜਿਹੀ ਲੱਗੀ ਤੇ ਉਹ ਮਨ ਹੀ ਵਿੱਚ ਸੋਚ ਰਿਹਾ ਸੀ,"ਸਾਦਗੀ ਚਿਹਰੇ ਨੂੰ ਹੋਰ ਵੀ ਚਾਰ ਚੰਨ ਲਾ ਦਿੰਦੀ ਏ।"

ਗਗਨ ਉਸਦੇ ਕੋਲ਼ ਆ ਕੇ ਬੋਲੀ,"ਕੀ ਸੋਚ ਰਹੇ ਹੋ ਜਨਾਬ ?"

ਸ਼ਿਵਚਰਨ ਝਿਜਕਦਾ ਜਿਹਾ ਬੋਲਿਆ,"ਕੁਛ ਨੀ ਬਸ......ਐਵੇਂ ਹੀ।"

ਉਨ੍ਹਾਂ ਸਾਰਿਆਂ ਨੇ ਹੀ ਇਕੱਠੇ ਚਾਹ ਪੀਤੀ ਤੇ ਫਿਰ ਮਾਤਾ ਦੇ ਕਹਿਣ 'ਤੇ ਗਗਨ ਉਸਨੂੰ ਕੋਠੇ ਉੱਪਰ ਆਪਣਾ ਕਮਰਾ ਦਿਖਾਉਣ ਲੈ ਗਈ।ਉਸਦਾ ਕਮਰਾ ਉਸ ਵਾਂਗ ਹੀ ਸਾਦਗੀ ਭਰਪੂਰ ਸੀ।ਬਾਹਰ ਦੂਰ ਤੱਕ ਕੁਦਰਤੀ ਨਜ਼ਾਰੇ ਦਿਖਦੇ ਸਨ।ਕਮਰਾ ਰੌਸ਼ਨੀ ਨਾਲ਼ ਭਰਿਆ-ਭਰਿਆ ਲੱਗਦਾ ਸੀ।ਗਗਨ ਬੈੱਡ 'ਤੇ ਬੈਠ ਗਈ ਤੇ ਸ਼ਿਵਚਰਨ ਕੋਲ਼ ਪਈ ਕੁਰਸੀ 'ਤੇ ਬੈਠ ਗਿਆ।ਗਗਨ ਖ਼ੂਬਸੂਰਤ ਜਿਹੇ ਅੰਦਾਜ਼ ਵਿੱਚ ਬੋਲੀ,"ਸ਼ਿਵ ਥੈਂਕ ਯੂ......ਆਉਣ ਲਈ।"

"ਇਟਸ ਓ.ਕੇ...ਪਰ ਤੂੰ ਕਦੇ ਆਉਣ ਲਈ ਕਿਹਾ ਹੀ ਨਹੀਂ ਸੀ।"

"ਓ ਸੌਰੀ...ਪਤਾ ਨੀ...ਕਿਉਂ ਨੀ ਕਿਹਾ।"

"ਚੱਲ ਕੋਈ ਗੱਲ ਨੀ।"

"ਸ਼ਿਵ ਤੂੰ ਉਦਾਸ ਨਾ ਹੋਇਆ ਕਰ,ਤੇਰੀ ਉਦਾਸੀ ਮੇਰੀ ਰੂਹ ਨੂੰ ਜ਼ਖ਼ਮੀ ਕਰ ਦਿੰਦੀ ਆ,ਕੱਲ੍ਹ ਵੀ ਤੂੰ ਬਿਨਾਂ ਦੱਸੇ ਹੀ ਚਲਿਆ ਗਿਆ ਸੀ ਕਾਲਜ ਤੋਂ।"

"ਤੂੰ ਮੇਰੀ ਉਦਾਸੀ ਦੀ ਫਿਕਰ ਨਾ ਕਰਿਆ ਕਰ,ਮੇਰੀ ਹੋਂਦ ਤਾਂ ਕੈਕਟਸ ਵਰਗੀ ਆ ਹਰ ਕੋਈ ਚੁੱਕ ਕੇ ਘਰ ਵੀ ਲੈ ਜਾਣਾ ਲੋਚਦੈ......ਪਰ ਕੰਡਿਆਂ ਤੋਂ ਵੀ ਡਰਦਾ ਰਹਿੰਦਾ।"

"ਨਹੀਂ,ਤੂੰ ਕੈਕਟਸ ਨਹੀਂ......ਤੂੰ ਤਾਂ ਤੁਲਸੀ ਦੇ ਬੂਟੇ ਵਰਗਾ ਏਂ...ਜੀਹਨੂੰ ਮੈਂ ਹਰ ਵੇਲ਼ੇ ਲੋੜਦੀ ਹਾਂ......ਜੀਹਦੀ ਹਰ ਵੇਲ਼ੇ ਪਰਿਕਰਮਾ ਕਰਨਾ ਲੋਚਦੀ ਹਾਂ.........ਤੂੰ ਤਾਂ ਮੇਰੇ ਦਿਲ ਦੇ ਵਿਹੜੇ ਦਾ ਸ਼ਿੰਗਾਰ ਏਂ...।"

ਉਹ ਸੁਤੇ ਸਿਧ ਹੀ ਕਿੰਨਾ ਕੁਝ ਆਖ ਗਈ।ਵਜਦ 'ਚ ਭਿੱਜੀ ਨੂੰ ਪਤਾ ਵੀ ਨੀ ਲੱਗਿਆ ਕਿ ਕਦੋਂ ਉਹ ਬੈੱਡ ਤੋਂ ਉੱਤਰ ਕੇ ਉਸਦੀ ਕੁਰਸੀ ਕੋਲ਼ ਫ਼ਰਸ਼ 'ਤੇ ਗੋਡੇ ਟੇਕ ਕੇ ਬੈਠ ਗਈ ਸੀ।ਸ਼ਿਵਚਰਨ ਦਾ ਚਿਹਰਾ ਲਾਲ ਹੋ ਗਿਆ ਸੀ।ਉਸਨੂੰ ਆਪਣੇ ਕੰਨਾਂ ਵਿੱਚੋਂ ਸੇਕ ਨਿੱਕਲ਼ਦਾ ਮਹਿਸੂਸ ਹੋ ਰਿਹਾ ਸੀ।ਉਹ ਗਲ਼ੇ ਨੂੰ ਖੰਘਾਰਦੇ ਜਿਹੇ ਬੋਲਿਆ,"ਮੈਨੂੰ ਪਤਾ, ਤੇਰੀ ਮੁਹੱਬਤ ਮੇਰੀ ਪਰਿਕਰਮਾ ਕਰਦੀ ਰਹਿੰਦੀ ਆ..ਪਰ ਕਦੀ ਤੂੰ ਮੇਰੀ ਧੜਕਣ ਨੂੰ ਸੁਣਿਆ ? ਇਹ ਸਿਰਫ਼ ਗਗਨ ਹੀ ਗਗਨ ਪੁਕਾਰਦੀ ਏ......ਹਾਂ ਜ਼ਿਮੇਵਾਰੀਆਂ ਇਸ ਅਵਾਜ਼ ਨੂੰ ਮੱਧਮ ਕਰ ਦਿੰਦੀਆਂ ਨੇ।"

"ਸੱਚੀਂ ?"

"ਹਾਂ..ਮੁੱਚੀਂ।"

"ਓ ਥੈਂਕ ਯੂ ਸ਼ਿਵ!...ਖ਼ੁਸ਼ ਕੀਤਾ ਈ।"

ਉਹ ਖ਼ੁਸ਼ੀ ਵਿੱਚ ਚਿਲਾਈ ਤਾਂ ਸ਼ਿਵਚਰਨ ਉਦਾਸ-ਚਿੱਤ ਹੀ ਬੋਲਿਆ,"ਯਾਰ ਪਲੀਜ਼! ਇਸ ਰਿਸ਼ਤੇ ਨੂੰ ਖ਼ਾਮੋਸ਼ ਹੀ ਰਹਿਣ ਦੇਈਂ,ਮੇਰੀਆਂ ਜ਼ਿਮੇਵਾਰੀਆਂ ਇਸ ਤੋਂ ਅਗਲੇ ਰਿਸ਼ਤੇ ਨੂੰ ਪਨਾਹ ਨਹੀਂ ਦੇ ਸਕਣਗੀਆਂ।"

"ਘਰ 'ਚ ਸਿਰਫ਼ ਤੇਰਾ ਹੀ ਜ਼ਿਕਰ ਹੁੰਦਾ ਰਹਿੰਦਾ,ਮੰਮੀ-ਡੈਡੀ,ਤਾਇਆ-ਤਾਈ ਸਭ ਤੈਨੂੰ ਬਹੁਤ ਪਿਆਰ ਕਰਦੇ ਨੇ,ਸ਼ਗਨ ਤਾਂ ਬਸ ਤੇਰੀਆਂ ਹੀ ਗੱਲਾਂ ਨੂੰ ਵਾਰ-ਵਾਰ ਸੁਣਨ ਲਈ ਤਿਆਰ ਰਹਿੰਦੀ ਆ।"

"ਬਸ ਇਹੀ ਵਿਸ਼ਵਾਸ ਮੇਰੀ ਪ੍ਰੇਰਣਾ ਹੈ......ਮੈਂ ਹੋਰ ਕਿਸੇ ਰਿਸ਼ਤੇ ਲਈ ਆਪਣੀ ਪ੍ਰੇਰਣਾ ਨੂੰ ਗਵਾਉਣਾ ਨਹੀਂ ਚਾਹਾਂਗਾ।"

"ਮਾਂ ਨੂੰ ਤੂੰ ਬਹੁਤ ਚੰਗਾ ਲੱਗਦਾ ਏਂ,ਮੈਂ ਉਸਦੀ ਖ਼ਾਮੋਸ਼ ਇੱਛਾ ਨੂੰ ਵਾਚਦੀ ਰਹਿੰਦੀ ਹਾਂ।"

"ਹਾਂ ਧੀਆਂ ਤਾਂ ਮਾਵਾਂ ਦੀਆਂ ਆਦਰਾਂ ਹੁੰਦੀਆਂ ਨੇ,ਜੇ ਦਿਲ ਧੀ ਦਾ ਧੜਕਦਾ ਹੋਵੇ ਤਾਂ ਅਵਾਜ਼ ਮਾਂ ਨੂੰ ਸੁਣਦੀ ਹੁੰਦੀ ਆ,ਧੀ ਦੇ ਪਹਿਲੇ ਪਿਆਰ ਦੀ ਕਨਸੋਅ ਸਭ ਤੋਂ ਪਹਿਲਾਂ ਮਾਂ ਦੇ ਹੀ ਕੰਨੀਂ ਪੈਂਦੀ ਆ...ਧੀ ਲੱਖ ਪਰਦੇ ਕੱਜ ਲਵੇ...।"

"ਪੁੱਤਰਾਂ ਦਾ ਨੀ ਪਤਾ ਲੱਗਦਾ ?" ਗਗਨ ਨੇ ਕਿਹਾ।

"ਨਹੀਂ...ਪੁੱਤਾਂ ਕੋਲ਼ ਮਸਨੂਈ ਵਲਵਲੇ ਹੁੰਦੇ ਨੇ ਜੋ ਵਾਸਤਵਿਕ ਵਲਵਲਿਆਂ ਨੂੰ ਪਰਦੇ 'ਚ ਕੱਜ ਦਿੰਦੇ ਨੇ......ਪਰ ਮੇਰੇ ਕੋਲ਼ ਤਾਂ ਮਾਂ ਵੀ ਨੀ ਹੈਗੀ।" ਉਸੁਨੇ ਹਉਂਕਾ ਲੈਂਦੇ ਨੇ ਕਿਹਾ।

"ਪਰ ਦਾਦੀ ਮਾਂ...।" ਉਸਦੇ ਮੂੰਹੋਂ ਸੁਭਾਵਿਕ ਹੀ ਨਿੱਕਲ਼ ਗਿਆ ਤੇ ਗਗਨ ਨੇ ਸੁਣ ਲਿਆ ਤਾਂ ਉਸਨੇ ਸ਼ਿਵਚਰਨ ਨੂੰ ਦੁਹਰਾ ਕੇ ਪੁੱਛਿਆ,"ਦਾਦੀ ਮਾਂ ਕੀ......ਦੱਸੋ ਪਲੀਜ਼।"

"ਕੁਛ ਨਹੀਂ ਬਸ..." ਆਖਦਾ ਉਹ ਆਪਣੇ ਅੰਦਰੋਂ ਫੁੱਟਣ ਵਾਲ਼ੇ ਚਸ਼ਮੇ ਨੂੰ ਬਹਾਦਰੀ ਨਾਲ਼ ਰੋਕ ਗਿਆ।ਗਗਨ ਨੇ ਉਸਨੂੰ ਝੱਟ ਆਪਣੀ ਗਲ਼-ਵੱਕੜੀ ਵਿੱਚ ਲੈ ਲਿਆ।ਉਸਦੀ ਇਸ ਨਿੱਘੀ ਗਲ਼-ਵੱਕੜੀ ਨੇ ਉਸਦੇ ਅੰਦਰਲੇ ਸੈਲਾਬ ਨੂੰ ਮਾਰੂਥਲ ਵਿੱਚ ਡਿੱਗੀ ਕਣੀ ਵਾਂਗ ਸੋਖ ਲਿਆ ਪਰ ਉਹ ਧੜਕਣਾਂ ਤੇਜ ਹੋਣ ਤੋਂ ਪਹਿਲਾਂ ਹੀ ਇੱਕ ਦੂਜੇ ਤੋਂ ਵੱਖ ਹੋ ਗਏ।

ਫਿਰ ਸ਼ਿਵਚਰਨ ਨੇ ਰਾਮਪੁਰੇ ਰਹਿੰਦੇ ਆਪਣੇ ਦਾਦਾ-ਦਾਦੀ ਬਾਰੇ ਉਸਨੂੰ ਦੱਸ ਦਿੱਤਾ।ਉਸਨੇ ਇਹ ਵੀ ਦੱਸਿਆ ਕਿ ਇਹ ਸਭ ਪ੍ਰਿੰਸ ਤੋਂ ਹੀ ਪਤਾ ਲੱਗਿਆ ਤਾਂ ਗਗਨ ਨੇ ਪੁੱਛਿਆ,"ਪਰ ਉਸਨੇ ਤੈਨੂੰ ਕਿਵੇਂ ਪਛਾਣਿਆ?"

"ਕੁਦਰਤ ਕੋਈ ਨਾ ਕੋਈ ਸੰਦੇਸ਼ ਤਾਂ ਦਿੰਦੀ ਆ ਵਿਖਰੇ ਹੋਇਆਂ ਨੂੰ ਜੁੜਨ ਦਾ...ਟੁੱਟਿਆਂ ਨੂੰ ਘੜਨ ਦਾ...ਆਪਣਿਆਂ ਨੂੰ ਪੜ੍ਹਨ ਦਾ।ਬਸ ਉਸੇ ਸੰਦੇਸ਼ ਦੇ ਰੂਪ ਵਿੱਚ ਕੁਦਰਤ ਨੇ ਮੇਰੀ ਸ਼ਕਲ ਮੇਰੇ ਪਿਤਾ ਜੀ ਵਰਗੀ ਬਣਾ ਦਿੱਤੀ ਤੇ ਮੇਰਾ ਸਬੱਬ ਰਾਮਪੁਰੇ ਨਾਲ਼ ਫਿਰ ਤੋਂ ਜੋੜ ਦਿੱਤਾ।" ਸ਼ਿਵਚਰਨ ਨੇ ਉਸਨੂੰ ਚਾਅ ਨਾਲ਼ ਦੱਸਿਆ।

"ਚੱਲੀਏ ਆਪਾਂ ਉਨ੍ਹਾਂ ਨੂੰ ਮਿਲਣ ਰਾਮਪੁਰੇ ?"

"ਨਹੀਂ ..ਉੱਥੇ ਪਹੁੰਚਣਾ ਤਾਂ ਅਜੇ ਮੇਰੇ ਲਈ ਵੀ ਇੱਕ ਚੁਣੌਤੀ ਏ,ਉਹ ਖ਼ੁਦ ਆਪਣੇ ਹੀ ਘਰ ਵਿੱਚ ਨਜ਼ਰਬੰਦ ਨੇ...ਪਦਾਰਥ ਦੇ ਲਾਲਚ ਨੇ ਰਿਸ਼ਤਿਆਂ ਨੂੰ ਕੁਰਕ ਕੀਤਾ ਹੋਇਆ ਏ।"

"ਤੂੰ ਕਦੋਂ ਜਾਣਾ ?" ਗਗਨ ਨੇ ਉਦਾਸ ਹੁੰਦੀ ਨੇ ਪੁੱਛਿਆ।

"ਮੈਂ ਕੱਲ੍ਹ ਨੂੰ ਪ੍ਰਿੰਸ ਨਾਲ਼ ਬਣਾਇਆ ਪ੍ਰੋਗਰਾਮ......ਬਹੁਤ ਹੀ ਬੀਬਾ ਮੁੰਡਾ ਏ।"

ਗਗਨ ਨੇ ਸੁਣ ਕੇ ਤਸੱਲੀ ਪ੍ਰਗਟਾਈ।ਦੋਹਾਂ ਨੂੰ ਇੱਕਲਿਆਂ ਬੈਠਿਆਂ ਕਾਫ਼ੀ ਸਮਾਂ ਹੋ ਗਿਆ ਸੀ ।ਉਸੇ ਵਕਤ ਸ਼ਿਵਚਰਨ ਨੇ ਗਗਨ ਦਾ ਹੱਥ ਆਪਣੇ ਹੱਥ ਵਿੱਚ ਲੈਂਦੇ ਨੇ ਕਿਹਾ,"ਗਗਨ! ਇਹ ਵਾਅਦਾ ਕਰ ਕਿ ਸਾਡਾ ਰਿਸ਼ਤਾ ਕਦੇ ਸਾਡੀਆਂ ਜ਼ਿਮੇਵਾਰੀਆਂ ਵਿੱਚ ਰੁਕਾਵਟ ਨਹੀਂ ਬਣੇਗਾ......ਤੂੰ ਆਪਣੇ ਚਾਵਾਂ ਤੇ ਭਾਵਾਂ ਨੂੰ ਕਾਬੂ ਵਿੱਚ ਰੱਖੇਂਗੀ,ਬਾਕੀ...... ਸਮੇਂ ਨੂੰ ਦੇਖ ਕੇ ਹੀ ਉਲੀਕਾਂਗੇ ਆਪਣਾ ਭਵਿੱਖ ..।"

"ਹਾਂ ਸ਼ਿਵ...... ਪਰੌਮਿਸ ਏ,ਯਕੀਨ ਰੱਖ।" ਕਹਿ ਕੇ ਉਸਨੇ ਆਪਣਾ ਹੱਥ ਉਸਦੇ ਹੱਥ 'ਤੇ ਟਿਕਾ ਦਿੱਤਾ।

ਹੁਣ ਦੋਹਾਂ ਦੀ ਰੂਹ ਖਿੜ ਗਈ ਸੀ।ਦੋਹਾਂ ਨੂੰ ਆਪਣੇ-ਆਪਣੇ ਅੰਦਰੋਂ ਮੁਹੱਬਤ ਦਾ ਚਸ਼ਮਾ ਰਿਸਦਾ ਹੋਇਆ ਮਹਿਸੂਸ ਹੋ ਰਿਹਾ ਸੀ।ਉਸੇ ਸਮੇਂ ਸ਼ਗਨ ਉਨ੍ਹਾਂ ਨੂੰ ਰੋਟੀ ਖਾਣ ਲਈ ਬੁਲਾਉਣ ਆ ਗਈ।ਉਹ ਉਸ ਨਾਲ਼ ਲਾਡ ਕਰਦੇ ਹੇਠਾਂ ਉੱਤਰ ਆਏ।ਸਾਰਿਆਂ ਨੇ ਇਕੱਠਿਆਂ ਹੀ ਰੋਟੀ ਖਾਧੀ।ਜਦੋਂ ਉਹ ਜਾਣ ਲੱਗਿਆ ਤਾਂ ਬੀਰਬਲ ਤਾਇਆ ਵੀ ਉੱਥੇ ਆ ਗਿਆ।ਉਹ ਸ਼ਿਵਚਰਨ ਨੂੰ ਗਲ਼-ਵੱਕੜੀ 'ਚ ਲੈ ਕੇ ਬੋਲਿਆ,"ਜਿਉਂਦਾ ਰਹਿ ਪੁੱਤਰਾ! ਮੈਨੂੰ ਤੇਰੇ ਆਉਣ ਬਾਰੇ ਦੱਸਿਆ ਹੀ ਨਹੀਂ ਕਿਸੇ ਨੇ।"

ਗਗਨ ਨੇ ਨਿੰਮੋਝੂਣੀ ਜਿਹੀ ਹੁੰਦੀ ਨੇ ਕਿਹਾ,"ਬਸ ਤਾਇਆ ਜੀ......ਮੈਂ ਹੀ ਭੁੱਲ ਗਈ ਸੀ।"

"ਚੱਲ ਕੋਈ ਨੀ ਸ਼ੇਰ ਪੁੱਤ।"

"ਹੁਣ ਕਿੱਧਰ ਨੂੰ ?" ਤਾਏ ਨੇ ਸ਼ਿਵਚਰਨ ਨੂੰ ਪੁੱਛਿਆ ਤਾਂ ਉਸਨੇ ਦੱਸਿਆ ਕਿ ਉਹ ਹੁਣ ਜਾਗੋਵਾਲ਼ ਨੂੰ ਜਾ ਰਿਹਾ ਹੈ।ਉਸਨੇ ਉਸਦੇ ਅੱਬੂ ਦਾ ਹਾਲ-ਚਾਲ ਪੁੱਛਿਆ ਤੇ ਫਿਰ ਉਸਨੂੰ ਉਹ ਆਪ ਮੇਨ ਰੋਡ ਵਾਲ਼ੇ ਅੱਡੇ 'ਤੇ ਬੱਸ ਚੜ੍ਹਾਉਣ ਲਈ ਚਲਿਆ ਗਿਆ।

ਗਗਨ ਸ਼ਿਵਚਰਨ ਨੂੰ ਤੋਰ ਕੇ ਫਿਰ ਆਪਣੇ ਕਮਰੇ ਵਿੱਚ ਕੋਠੇ 'ਤੇ ਚਲੀ ਗਈ।ਛਿਪਦੇ ਸੂਰਜ ਦੀ ਲਾਲੀ ਉਸਦੇ ਕਮਰੇ ਨੂੰ ਖ਼ੂਬਸੂਰਤ ਬਣਾ ਰਹੀ ਸੀ।ਸ਼ੀਸ਼ੇ ਮੂਹਰੇ ਖੜ੍ਹ ਕੇ ਉਹ ਸ਼ਿਵਚਰਨ ਦੀ ਹੋਂਦ ਨੂੰ ਮਹਿਸੂਸ ਕਰਦੀ ਕਿੰਨਾ ਹੀ ਸਮਾਂ ਆਪਣੀਆਂ ਗੱਲ੍ਹਾਂ 'ਤੇ ਪੈਂਦੀ ਲਾਲੀ ਨੂੰ ਫੜ-ਫੜ ਕੇ ਖ਼ੁਸ਼ ਹੁੰਦੀ ਰਹੀ।ਉਹ ਇੰਝ ਮਹਿਸੂਸ ਕਰ ਰਹੀ ਸੀ ਜਿਵੇਂ ਸੂਰਜ ਆਪਣੀਆਂ ਕਿਰਨਾਂ ਨਹੀਂ ਸਗੋਂ ਸ਼ਿਵਚਰਨ ਆਪਣੀ ਮੁਹੱਬਤ ਦੀਆਂ ਕਿਰਨਾਂ ਉਸਦੇ ਵਜ਼ੂਦ ਵਿੱਚ ਭਰ ਰਿਹਾ ਹੋਵੇ।ਉਹ ਉਸਦੀ ਮੁਹੱਬਤ ਦੀ ਲੋਅ ਨੂੰ ਆਪਣੇ ਅਹਿਸਾਸਾਂ ਵਿੱਚ ਮਹਿਸੂਸ ਕਰਦੀ ਬਹੁਤ ਖ਼ੁਸ਼ ਹੋ ਰਹੀ ਸੀ ਪਰ ਅਤੀਤ ਦੇ ਦੀਵਿਆਂ ਨੂੰ ਬੁਝਣ ਤੋਂ ਬਚਾਉਣ ਲਈ ਉਹ ਅਰਦਾਸਾਂ ਵੀ ਕਰ ਰਹੀ ਸੀ ਤੇ ਉਸਦਾ ਮਨ ਵੀ ਹੁਣ ਰਾਮਪੁਰੇ ਨਾਲ਼ ਵੀ ਜੁੜਿਆ ਗਿਆ ਸੀ।

---

*

## ਕਾਂਡ-13

ਸ਼ਿਵਚਰਨ ਜਦੋਂ ਦਾ ਗਗਨ ਦੇ ਪਿੰਡ ਖੁਰਮਾਣੀ ਤੋਂ ਘਰ ਪਰਤਿਆ ਸੀ,ਉਸਦਾ ਖ਼ਿਆਲ ਰਾਮਪੁਰੇ ਉਸਦੇ ਦਾਦਾ-ਦਾਦੀ ਨਾਲ਼ ਹੀ ਜੁੜਿਆ ਹੋਇਆ ਸੀ।ਉਹ ਸਾਰੀ ਹੀ ਰਾਤ ਇਹੀ ਸੋਚਦਾ ਰਿਹਾ ਕਿ ਅੱਬੂ ਨੂੰ ਦਾਦਾ-ਦਾਦੀ ਬਾਰੇ ਦੱਸਿਆ ਜਾਵੇ ਕਿ ਨਾ।ਕਦੇ ਉਹ ਉੱਠ ਕੇ ਵਕੀਲੇ ਨੂੰ ਜਗਾਉਣ ਲੱਗਦਾ ਤੇ ਫੇਰ ਗੇੜਾ ਕੱਢ ਕੇ ਸੌਂ ਜਾਂਦਾ।ਇਸ ਦੁਚਿੱਤੀ ਕਾਰਨ ਉਸਦੀ ਸਾਰੀ ਰਾਤ ਬੇਚੈਨੀ ਜਿਹੀ ਵਿੱਚ ਹੀ ਲੰਘੀ।

ਅੱਜ ਉਹ ਸੈਰ ਕਰਨ ਵੀ ਨਾ ਗਿਆ।ਰਾਮਪੁਰੇ ਜਾਣ ਲਈ ਉਹ ਸਵੱਖਤੇ ਹੀ ਤਿਆਰ ਹੋ ਗਿਆ।ਪਰ ਉਸਦੇ ਮਨ ਵਿੱਚ ਇਸ ਗੱਲ ਦਾ ਧੁੜਕੂ ਵੀ ਸੀ ਕਿ ਜੇ ਅੱਬੂ ਨੇ ਪੁੱਛ ਲਿਆ ਤਾਂ ਉਹ ਕੀ ਜਵਾਬ ਦੇਵੇਗਾ ਕਿਉਂਕਿ ਉਸਨੇ ਕਦੇ ਵੀ ਵਕੀਲੇ ਕੋਲ਼ ਝੂਠ ਨਹੀਂ ਸੀ ਬੋਲਿਆ।ਜਦੋਂ ਹੀ ਉਹ ਤਿਆਰ ਹੋ ਕੇ ਸਾਇਕਲ ਕੋਲ਼ ਗਿਆ ਤਾਂ ਵਕੀਲੇ ਨੇ ਉਸਨੂੰ ਅਵਾਜ਼ ਮਾਰੀ,"ਗੁਲਜ਼ਾਰੀ!..ਪੁੱਤ ਅੱਜ ਸਵੇਰੇ ਹੀ ਕਿੱਥੇ ਚੱਲਿਆਂ,ਨਾਲ਼ੇ ਅੱਜ ਤਾਂ ਐਤਵਾਰ ਆ।"

"ਅੱਜ ਅਸੀਂ ਦੋਸਤਾਂ ਨੇ ਇਕੱਠੇ ਹੋਣਾ ਜੀ।"

"ਸਿਕੰਦਰ ਹੁਰੀਂ ਵੀ ਜਾਣਗੇ।" ਵਕੀਲੇ ਨੇ ਪੁੱਛਿਆ।

"ਹਾਂ... ਜੀ।" ਉਸਨੇ ਝਿਜਕਦੇ ਨੇ ਕਿਹਾ।

"ਚੱਲ ਠੀਕ ਆ ਆਜਾ ਦਹੀਂ ਨਾਲ਼ ਪਰੌਂਠਾ ਤਾਂ ਖਾ ਜਾਹ।"

"ਜੇ ਕੋਈ ਕੰਮ ਹੈ ਤਾਂ ਮੈਂ ਨਹੀਂ ਜਾਂਦਾ ਜੀ।" ਉਸਨੇ ਪਰੌਠਾ ਖਾਂਦੇ ਨੇ ਵਕੀਲੇ ਨੂੰ ਕਿਹਾ।

"ਨਹੀਂ ਪੁੱਤ ਕੋਈ ਕੰਮ ਨੀ, ਤੂੰ ਚਲਿਆ ਜਾਹ,ਨਾਲ਼ੇ ਕੰਮ ਤਾਂ ਹੋਈ ਜਾਣੇ ਆ।"

ਉਹ ਸਾਇਕਲ ਚੁੱਕ ਕੇ ਮਨਾਲ਼ ਵੱਲ ਨੂੰ ਮੁੜ ਗਿਆ।ਵਕੀਲੇ ਨੇ ਉਸਨੂੰ ਮੁੜਦੇ ਨੂੰ ਦੇਖ ਲਿਆ ਸੀ।ਇੱਕ ਵਾਰੀ ਤਾਂ ਉਸਨੂੰ ਖ਼ਿਆਲ ਆਇਆ ਕਿ ਉਸਨੇ ਤਾਂ ਸਿਕੰਦਰ ਨਾਲ਼ ਜਾਣਾ ਸੀ ਪਰ ਫਿਰ ਉਸਨੇ ਇਸ ਗੱਲ ਨੂੰ ਹੋਊ-ਗਵਾਊ ਕਰ ਛੱਡਿਆ।

ਸ਼ਿਵਚਰਨ ਮਨਾਲ਼ ਤੋਂ ਬਸ ਫ਼ੜ ਕੇ ਬਰਨਾਲ਼ੇ ਨੂੰ ਚੱਲ ਪਿਆ।ਖੁਰਮਾਣੀ ਅੱਡੇ ਕੋਲ਼ ਜਾ ਕੇ ਉਸਨੂੰ ਗਗਨ ਦਾ ਖ਼ਿਆਲ ਆਇਆ।ਅੱਜ ਉਸਨੂੰ ਇਸ ਅੱਡੇ ਨਾਲ਼ੋਂ ਪਹਿਲਾਂ ਨਾਲੋਂ ਵੱਧ ਪਿਆਰ ਆਇਆ।ਕਿੰਨੀ ਦੇਰ ਤੱਕ ਉਹ ਮੁੜ-ਮੁੜ ਕੇ ਖੁਰਮਾਣੀ ਵੱਲ ਹੀ ਤੱਕਦਾ ਰਿਹਾ ਜਿਵੇਂ ਉਸਦੇ ਅੰਤਰ ਮਨ ਨੂੰ ਗਗਨ ਦੀ ਪਰਛਾਈ ਨਜ਼ਰ ਆਉਂਦੀ ਹੋਵੇ।

ਬਰਨਾਲ਼ੇ ਤਰਕਸ਼ੀਲ ਚੌਂਕ ਵਿੱਚੋਂ ਹੀ ਉਸਨੇ ਬਠਿੰਡੇ ਵਾਲ਼ੀ ਬਸ ਫ਼ੜ ਲਈ ਤੇ ਪੌਣੇ ਦਸ ਵਜੇ ਉਹ ਰਾਮਪੁਰੇ ਦੇ ਬਸ ਅੱਡੇ ਜਾ ਉੱਤਰਿਆ।ਸਾਰੇ ਰਾਹ ਉਹ ਵਕੀਲੇ ਬਾਰੇ ਹੀ ਸੋਚਦਾ ਰਿਹਾ ਕਿਉਂਕਿ ਵਕੀਲੇ ਨਾਲ਼ ਝੂਠ ਬੋਲ ਕੇ ਆਉਣਾ ਉਸਨੂੰ ਆਪ ਨੂੰ ਹੀ ਚੰਗਾ ਨਹੀਂ ਸੀ ਲੱਗ ਰਿਹਾ।ਉਹ ਬਸ ਅੱਡੇ ਵਿੱਚ ਇੱਕ ਪਾਸੇ ਜਿਹੇ ਹੋ ਕੇ ਬੈਠ ਗਿਆ ਤੇ ਬਾਹਰ ਵੱਲ ਲਗਾਤਾਰ ਟਿਕਟਿਕੀ ਲਾ ਕੇ ਦੇਖਣ ਲੱਗ ਗਿਆ।ਇਹ ਪੰਦਰਾਂ ਮਿੰਟ ਪ੍ਰਿੰਸ ਦੀ ਉਡੀਕ ਕਰਨੀ ਉਸਨੂੰ ਪਹਾੜ ਚੜ੍ਹਨ ਵਾਂਗ ਲੱਗ ਰਹੀ ਸੀ ਕਿਉਂਕਿ ਚਿੰਤਾ ਕਾਰਨ ਉਸਦੇ ਬੈਠੇ ਦੇ ਹੀ ਸਾਹ ਫੁੱਲੀ ਜਾ ਰਹੇ ਸਨ।ਉਸ ਦੇ ਮਨ ਵਿੱਚ ਤਰ੍ਹਾਂ-ਤਰ੍ਹਾਂ ਦੇ ਖ਼ਿਆਲ ਘੁੰਮ ਰਹੇ ਸਨ ਪਰ ਅੱਜ ਉਸਨੂੰ ਰਾਮਪੁਰੇ ਨਾਲ਼ ਮੋਹ ਜਿਹਾ ਵੀ ਜਾਗ ਰਿਹਾ ਸੀ ਕਿਉਂਕਿ ਮੂਲ ਰੂਪ ਵਿੱਚ ਤਾਂ ਉਹ ਇੱਥੋਂ ਦਾ ਹੀ ਜੰਮਪਲ ਸੀ।

ਸਮਾਂ ਦਸ ਤੋਂ ਟੱਪ ਚੁੱਕਿਆ ਸੀ ਪਰ ਪ੍ਰਿੰਸ ਅਜੇ ਤੱਕ ਕਿਧਰੇ ਵੀ ਨਜ਼ਰ ਨਹੀਂ ਸੀ ਆ ਰਿਹਾ।ਉਸਦੇ ਅੰਦਰਲਾ ਡਰ ਹੋਰ ਗਹਿਰਾ ਹੁੰਦਾ ਜਾ ਰਿਹਾ ਸੀ।ਉਹ ਇਸ ਗੱਲ ਕਰਕੇ ਵੀ ਫਿਕਰ ਕਰ ਰਿਹਾ ਸੀ ਕਿ ਕਿਤੇ ਵਿਚਾਰਾ ਪ੍ਰਿੰਸ ਚਾਬੀ ਚੁੱਕਣ ਲੱਗਿਆ ਹੀ ਨਾ ਫੜ ਲਿਆ ਗਿਆ ਹੋਵੇ।ਉਹ ਇਹ ਵੀ ਸੋਚ ਰਿਹਾ ਸੀ ਕਿ,"ਕੀ ਪਤਾ ਉਨਾਂ ਨੇ ਅੱਜ ਚਾਬੀਆਂ ਉੱਥੇ ਟੰਗੀਆਂ ਹੀ ਨਾ ਹੋਣ।"...... "ਉਨ੍ਹਾਂ ਦਾ ਮੱਥਾ ਟੇਕਣ ਜਾਣਾ ਹੀ ਕੈਂਸਲ ਨਾ ਹੋ ਗਿਆ ਹੋਵੇ।" "ਵਿਚਾਰਾ ਮੇਰੇ ਕਰਕੇ ਰੋਜ਼ੀ ਰੋਟੀ ਤੋਂ ਹੀ ਨਾ ਜਾਵੇ।"

ਸੋਚਦੇ-ਸੋਚਦੇ ਜਦੋਂ ਉਸਨੇ ਅੱਡੇ ਵਿੱਚ ਲੱਗੇ ਟਾਇਮ-ਪੀਸ 'ਤੇ ਨਿਗ੍ਹਾ ਮਾਰੀ ਤਾਂ ਉਸ ਉੱਪਰ ਸਾਢੇ ਦਸ ਹੋ ਚੁੱਕੇ ਸਨ।ਹੁਣ ਉਸਦੀ ਬੇਚੈਨੀ ਵਧਦੀ ਹੀ ਜਾ ਰਹੀ ਸੀ।ਪ੍ਰਿੰਸ ਬਾਰੇ ਸੋਚ-ਸੋਚ ਕੇ ਉਸਨੂੰ ਤ੍ਰੇਲ਼ੀਆਂ ਆ ਰਹੀਆ ਸਨ।

ਇਹ ਇਸ ਤਰ੍ਹਾਂ ਦੀ ਮਨੋਸਥਿਤੀ ਸੀ ਜਿਸ ਵਿੱਚ ਉਸਨੂੰ ਸਾਕਾਰਾਤਮਕ ਗੱਲਾਂ ਨਹੀਂ ਸੀ ਸੁੱਝ ਰਹੀਆਂ।ਉਸਦੇ ਮਨ ਦੀ ਸਥਿਤੀ ਪੈਂਡੂਲਮ ਵਰਗੀ ਹੋ ਗਈ ਸੀ।ਉਹ ਕਾਹਲ਼ੀ ਨਾਲ਼ ਬਸ ਅੱਡੇ ਤੋਂ ਬਾਹਰ ਨੂੰ ਤੁਰ ਪਿਆ ਤਾਂ ਅੱਗੋਂ ਪ੍ਰਿੰਸ ਸਾਇਕਲ ਨੂੰ ਭਜਾਈ ਹੀ ਆ ਰਿਹਾ ਸੀ।ਉਹ ਜਦੋਂ ਸ਼ਿਵਚਰਨ ਦੇ ਕੋਲ਼ੋਂ ਦੀ ਲੰਘਣ ਲੱਗਿਆ ਤਾਂ ਉਸਨੇ ਉਸਦੇ ਪਿੱਛੇ ਹਾਕ ਮਾਰੀ,"ਓਏ!...ਪ੍ਰਿੰਸ!..." ਤਾਂ ਉਸਨੇ ਸਾਇਕਲ ਉੱਥੇ ਹੀ ਜਾਮ ਕਰ ਦਿੱਤਾ ।ਉਸਨੇ ਇੱਧਰ-ਉੱਧਰ ਦੇਖ ਕੇ ਸਾਇਕਲ ਫਿਰ ਅਗਾਂਹ ਤੋਰ ਲਿਆ ਤਾਂ ਸ਼ਿਵਚਰਨ ਨੇ ਫੇਰ ਖਿਝ ਕੇ ਹਾਕ ਮਾਰੀ,"ਓਏ ਜਨੌਰ!...ਮੈਂ ਹਾਂ...ਸ਼ਿਵਚਰਨ।"

ਸ਼ਿਵਚਰਨ ਨੇ ਆਪਣੇ ਚਿਹਰੇ ਨੂੰ ਲੁਕਾਉਣ ਲਈ ਸਿਰ 'ਤੇ ਰੁਮਾਲ ਬੰਨ੍ਹ ਰੱਖਿਆ ਸੀ ਤੇ ਅੱਖਾਂ ਉੱਪਰ ਐਨਕ ਲਗਾ ਰੱਖੀ ਸੀ।ਇਸ ਕਰਕੇ ਪਹਿਲਾਂ ਪ੍ਰਿੰਸ ਤੋਂ ਉਹ ਪਛਾਣਿਆ ਨਹੀਂ ਸੀ ਗਿਆ।ਉਸਨੇ ਹੁਣ ਇੱਕ ਦਮ

ਹੀ ਬਰੇਕ ਮਾਰੇ।ਉਸਦਾ ਸਾਇਕਲ ਪੂਰਾ ਘੁੰਮ ਗਿਆ ਤੇ ਉਹ ਮਸਾਂ ਹੀ ਡਿੱਗਦਾ-ਡਿੱਗਦਾ ਬਚਿਆ।ਉਸਨੇ ਸਾਇਕਲ ਨੂੰ ਮੋੜ ਕੇ ਸ਼ਿਵਚਰਨ ਕੋਲ਼ ਖੜ੍ਹਾ ਕਰਦੇ ਨੇ ਕਿਹਾ,

"ਬਾਈ ਜੀ ਤੁਸੀਂ ਤਾਂ ਕਮਾਲ ਹੀ ਕਰ ਦਿੱਤੀ,ਪੂਰੇ ਹੀ ਬੇਪਛਾਣ ਹੋਏ ਫਿਰਦੇ ਹੋ।"

"ਹਾਂ ਬਸ ਤੇਰੇ ਦੱਸਣ ਮੁਤਾਬਕ......ਮੈਂ ਆਪਣਾ ਭੇਸ ਬਦਲਣਾ ਹੀ ਠੀਕ ਸਮਝਿਆ।"

"ਆਹੋ ਜੀ ਨਹੀਂ ਤਾਂ ਲੋਕਾਂ ਨੇ ਚਿਰੰਜੀ ਲਾਲ ਦਾ ਭੂਤ ਸਮਝ ਕੇ ਹੀ ਡਰ ਜਾਣਾ ਸੀ।"

"ਚੱਲ ਹੁਣ ਇੱਥੇ ਹੀ ਗੱਲਾਂ ਮਾਰੀ ਜਾਣੀਆਂ,ਲੱਗਦਾ ਭੂਤ ਦਾ...ਹਾਂ ਸੱਚ ਚਾਬੀ ਦਾ ਕੀ ਬਣਿਆ ?"

"ਚਾਬੀ ਦਾ ਤਾਂ ਬਣ ਗਿਆ ਜੀ,ਉਹ ਤਾਂ ਮਿਲ਼ ਗਈ ਪਰ ਹੁਣ ਮੇਰਾ ਪਤਾ ਨੀ ਕੀ ਬਣਨਾ ?" ਉਸਨੇ ਡਰਦੇ ਨੇ ਕਿਹਾ।

ਪ੍ਰਿੰਸ ਨੇ ਆਖਦੇ ਨੇ ਹੀ ਇੱਕਦਮ ਸਾਇਕਲ ਨੂੰ ਭਜਾ ਲਿਆ।ਉਹ ਵਿਚਾਰਾ ਪਹਿਲਾਂ ਵੀ ਤੇਜ਼ੀ ਨਾਲ਼ ਆਇਆ ਹੋਣ ਕਰਕੇ ਉਸਨੂੰ ਸਾਹ ਚੜ੍ਹਿਆ ਪਿਆ ਸੀ ਪਰ ਚਿੰਤਾ ਅੱਗੇ ਉਸਨੂੰ ਥਕੇਵਾਂ ਵੀ ਨਹੀਂ ਲੱਗ ਰਿਹਾ ਸੀ।ਉਸਨੇ ਸ਼ਿਵਚਰਨ ਨੂੰ ਬੈਠਣ ਲਈ ਵੀ ਨਹੀਂ ਆਖਿਆ।ਉਹ ਭੱਜੇ ਜਾਂਦੇ ਸਾਇਕਲ 'ਤੇ ਮਸਾਂ ਹੀ ਬੈਠਿਆ।

ਉਸਨੇ ਸਾਇਕਲ ਮੇਨ ਬਜ਼ਾਰ ਦੀ ਬਜਾਇ ਗਲ਼ੀ ਵਿੱਚ ਦੀ ਹੀ ਪਾ ਲਿਆ।ਉਹ ਸਾਇਕਲ ਨੂੰ ਭਜਾਈ ਜਾ ਰਿਹਾ ਸੀ ਪਰ ਉਸਦਾ ਮਨ ਅਜੇ ਵੀ ਦੁਕਾਨ ਵੱਲ ਹੀ ਸੀ।ਉਹ ਸੋਚ ਰਿਹਾ ਸੀ,"ਜੇ ਸੇਠ ਜਲਦੀ ਵਾਪਸ ਆ ਗਿਆ.........ਛੋਟੂ ਨੂੰ ਜੇ ਸ਼ੱਕ ਪੈ ਗਿਆ ਜਾਂ ਉਹ ਭੁਲੇਖੇ ਨਾਲ਼ ਹੀ ਇੱਧਰ ਨੂੰ ਆ ਗਏ।"

ਸੋਚ ਕੇ ਉਸਦਾ ਤ੍ਰਾਹ ਨਿੱਕਲ਼ ਗਿਆ।ਉਸਨੇ ਸਾਇਕਲ ਨੂੰ ਹੌਲ਼ੀ ਕਰਕੇ ਸ਼ਿਵਚਰਨ ਨੂੰ ਕਿਹਾ,"ਬਾਈ ਜੀ! ਆਪਣੇ ਕੋਲ਼ ਟਾਇਮ ਬਹੁਤ ਘੱਟ ਆ,ਜਲਦੀ ਮੁੜਨਾ ਆਪਾਂ।"

ਉਹ ਪ੍ਰਿੰਸ ਦੀ ਮਾਨਸਿਕ ਹਾਲਤ ਨੂੰ ਭਾਂਪਦਾ ਹੋਇਆ ਬੋਲਿਆ,"ਮਿੱਤਰਾ! ਤੇਰਾ ਇਹ ਅਹਿਸਾਨ ਮੈਂ ਜ਼ਿੰਦਗੀ ਭਰ ਨੀ 'ਤਾਰ ਸਕਦਾ,ਤੂੰ ਫਿਕਰ ਨਾ ਕਰ ਆਪਾਂ ਜਲਦੀ ਹੀ ਆ ਜਾਵਾਂਗੇ।"

ਇਹ ਸੁਣ ਕੇ ਪ੍ਰਿੰਸ ਦੇ ਮਨ ਨੂੰ ਤਸੱਲੀ ਜਿਹੀ ਹੋ ਗਈ ਤੇ ਉਹ ਹੁਣ ਪਹਿਲਾਂ ਨਾਲ਼ੋਂ ਵੀ ਵੱਧ ਜ਼ੋਰ ਲਾ ਕੇ ਸਾਇਕਲ਼ ਭਜਾਉਣ ਲੱਗ ਗਿਆ।ਉਹ ਜਲਦੀ ਘਰ ਦੀ ਗਲ਼ੀ ਦੇ ਬਾਹਰ ਪਹੁੰਚ ਗਏ।ਉਹ ਸਾਇਕਲ ਤੋਂ ਉੱਤਰ ਕੇ ਘਰ ਵੱਲ ਨੂੰ ਚੱਲ ਪਏ।ਚਾਰੇ ਪਾਸੇ ਸੁੰਨ-ਮਸੁੰਨ ਸੀ।ਪ੍ਰਿੰਸ ਨੇ ਇੱਧਰ-ਉੱਧਰ ਦੇਖ ਕੇ ਸਾਇਕਲ ਨੂੰ ਕੰਧ ਨਾਲ਼ ਖੜ੍ਹਾ ਦਿੱਤਾ ਤੇ ਜਿੰਦਰਾ ਖੋਲ੍ਹਣ ਲੱਗ ਗਿਆ।ਜਿੰਦਰਾ ਜਦੋਂ 'ਘੜ੍ਹੱਚ' ਕਰਕੇ ਖੁੱਲ੍ਹਿਆ ਤਾਂ ਉਨ੍ਹਾਂ ਦੋਹਾਂ ਦੀਆਂ ਧੜਕਣਾਂ ਨੇ ਤੇਜ਼ੀ ਫੜ ਲਈ।

ਦਰਵਾਜ਼ਾ ਖੁੱਲ੍ਹਣ ਸਾਰ ਹੀ ਸ਼ਿਵਚਰਨ ਪ੍ਰਿੰਸ ਨੂੰ ਪਿੱਛੇ ਛੱਡਦਾ ਹੋਇਆ ਅੰਦਰ ਚਲਾ ਗਿਆ।ਉਹ ਸਬ੍ਹਾਤ ਵਿਚਲੇ ਹਨ੍ਹੇਰੇ ਨੂੰ ਚੀਰਦਾ ਹੋਇਆ ਪੌੜੀਆਂ ਵੱਲ਼ ਵਧਿਆ ਤੇ ਉਹ ਅਜੇ ਪੌੜੀਆਂ ਦੇ ਅੱਧ ਵਿੱਚ ਹੀ ਗਿਆ ਸੀ। ਉਸਨੂੰ ਲੱਗਿਆ ਜਿਵੇਂ ਉਹ ਪੌੜੀਆਂ 'ਤੋਂ ਰਿੜ੍ਹਦਾ ਹੋਇਆ ਸਬ੍ਹਾਤ ਤੱਕ ਆ ਗਿਆ ਹੋਵੇ।ਚੀਕ ਚਿਹਾੜਾ ਪੈ ਗਿਆ।ਉਸਦੇ ਪਿਤਾ ਚਿਰੰਜੀ ਨੇ ਹਵਾ ਦੇ ਬੁੱਲੇ ਵਾਂਗ ਹੇਠਾਂ ਉੱਤਰ ਕੇ ਸ਼ਿਵਚਰਨ ਨੂੰ ਛਾਤੀ ਨਾਲ਼ ਲਾ ਲਿਆ।ਆਸ਼ਾ ਨੂੰ ਹੌਲ ਜਿਹਾ ਪੈ ਗਿਆ।ਉਹ ਪੌੜੀਆ ਦੇ ਉੱਪਰਲੇ ਡੰਡੇ 'ਤੇ ਹੀ ਸਿਰ ਫ਼ੜ ਕੇ ਬੈਠ ਗਈ।

ਸ਼ਿਵਚਰਨ ਖੜ੍ਹਾ ਕਦੇ ਹੇਠਾਂ ਵੱਲ ਤੇ ਕਦੇ ਪੌੜੀ ਦੇ ੳੱਪਰ ਵੱਲ ਨਿਗ੍ਹਾ ਮਾਰ ਰਿਹਾ ਸੀ।ਪ੍ਰਿੰਸ ਨੇ ਆ ਕੇ ਉਸਦੇ ਮੋਢੇ 'ਤੇ ਹੱਥ ਰੱਖਿਆ ਤਾਂ ਉਸਦੀਆਂ ਬਚਪਨ ਵਾਲ਼ੀਆਂ ਸੋਚਾਂ ਦੀ ਲੜੀ ਟੁੱਟ ਗਈ।ਹੁਣ ਉਹ ਸਮਝ

ਗਿਆ ਸੀ ਕਿ ਉਹ ਬਚਪਨ ਦੀ ਉਸ ਯਾਦ ਵਿੱਚ ਚਲਾ ਗਿਆ ਸੀ ਜਦੋਂ ਉਹ ਪੌੜੀਆਂ ’ਤੋਂ ਰਿੜ੍ਹਦਾ ਹੋਇਆ ਹੇਠਾਂ ਆ ਗਿਆ ਸੀ ਤੇ ਉਸਦੇ ਮੱਥੇ ’ਤੇ ਸੱਟ ਵੱਜਣ ਕਾਰਨ ਖ਼ੂਨ ਵਗਣ ਲੱਗ ਗਿਆ ਸੀ।ਉਹ ਹੁਣ ਵੀ ਮੱਥਾ ਫੜੀ ਖੜ੍ਹਾ ਸੀ ਤਾਂ ਪ੍ਰਿੰਸ ਨੇ ਉਸਨੂੰ ਹਲੂਣਦੇ ਹੋਏ ਕਿਹਾ,“ਬਾਈ ਜੀ ਤੁਸੀਂ ਉੱਪਰ ਚੱਲੋ,ਅਤੀਤ ਦੀਆਂ ਯਾਦਾਂ ਦਾ ਬੇਸ਼ਕੀਮਤੀ ਖ਼ਜ਼ਾਨਾ ਉੱਪਰ ਹੈ,ਸਾਂਭ ਲਓ ਜਾ ਕੇ ਆਪਣੀ ਮੁਹੱਬਤ ਦੀ ਵਿਰਾਸਤ ਨੂੰ।”

ਉਹ ਸੁਣਦੇ ਸਾਰ ਹੀ ਉੱਪਰ ਚਲਿਆ ਗਿਆ।ਸਾਹਮਣੇ ਚੁਬਾਰੇ ਵਿੱਚ ਲਟਕਦੀ ਆਪਣੇ ਬਾਪ ਚਿਰੰਜੀ ਲਾਲ ਦੀ ਤਸਵੀਰ ਦੇਖ ਕੇ ਉਹ ਭਾਵੁਕ ਜਿਹਾ ਹੋ ਗਿਆ।ਪ੍ਰਿੰਸ ਪੌੜੀਆਂ ’ਤੇ ਖੜ੍ਹਾ ਇਹ ਸਭ ਦੇਖ ਰਿਹਾ ਸੀ।ਇਹ ਦੇਖ ਕੇ ਉਹ ਅੱਗੇ ਜਾਣ ਦੀ ਹਿੰਮਤ ਨਾ ਕਰ ਸਕਿਆ।ਸਾਹਮਣੇ ਕਮਰੇ ਵਿੱਚੋਂ ਸ਼ਿਵਚਰਨ ਦੀ ਦਾਦੀ ਉਸ ਵੱਲ ਹੀ ਆ ਰਹੀ ਸੀ ਤੇ ਉਸਨੇ ਉਸਦੇ ਮੋਢੇ ’ਤੇ ਹੱਥ ਰੱਖਦੇ ਹੋਏ ਪੁੱਛਿਆ,“ਕੌਣ ਏਂ ਤੂੰ ਪੁੱਤਰ ?”

ਸ਼ਿਵਚਰਨ ਨੇ ਇੱਕਦਮ ਸਿਰ ਤੋਂ ਰੁਮਾਲ ਉਤਾਰਿਆ, ਐਨਕਾਂ ਤਾਂ ਉਸਨੇ ਸਬ੍ਰਾਂਤ ’ਚ ਹਨ੍ਹੇਰਾ ਹੋਣ ਕਾਰਨ ਅੰਦਰ ਵੜਦੇ ਨੇ ਹੇਠਾਂ ਹੀ ਉਤਾਰ ਦਿੱਤੀਆਂ ਸੀ।ਜਦੋਂ ਉਸਨੇ ਆਪਣਾ ਮੂੰਹ ਦਾਦੀ ਵੱਲ ਘੁਮਾਇਆ ਤਾਂ ਉਸਦੀ ਦਾਦੀ ਦੇ ਮੂੰਹੋਂ ਨਿੱਕਲਿਆ,

“ਚਿਰੰਜੀ ?....ਨਹੀਂ... ਨਹੀਂ ਸ਼ਿਵਚਰਨ ?”

“ਹਾਂ ਦਾਦੀ!...ਸ਼ਿਵਚਰਨ।”

ਉਸਨੇ ਸ਼ਿਵਚਰਨ ਨੂੰ ਬਾਹਵਾਂ ਵਿੱਚ ਘੁੱਟ ਲਿਆ ਤੇ ਚੁੰਮ-ਚੁੰਮ ਕੇ ਪਿਆਰ ਦਿੰਦੀ ਧਾਹਾਂ ਮਾਰ ਕੇ ਰੋਣ ਲੱਗੀ।ਸ਼ਿਵਚਰਨ ਵੀ ਉਸਦੇ ਗਲ਼ ਲੱਗ ਕੇ ਉੱਚੀ-ਉੱਚੀ ਦਾਦੀ-ਦਾਦੀ ਪੁਕਾਰ ਰਿਹਾ ਸੀ।ਪ੍ਰਿੰਸ ਵੀ ਇਸ ਸੰਯੋਗੀ ਹਾਲ ਨੂੰ ਦੇਖ ਕੇ ਭਾਵੁਕ ਜਿਹਾ ਹੋ ਗਿਆ।ਰੋਣ ਦੀ ਅਵਾਜ਼ ਸੁਣਕੇ ਉਸਦਾ ਦਾਦਾ ਵੀ ਸੋਟੀ ਸਹਾਰੇ ਉਨ੍ਹਾਂ ਵੱਲ ਹੀ ਆ ਰਿਹਾ ਸੀ।ਜਦੋਂ ਸ਼ਿਵਚਰਨ ਆਪਣੇ ਦਾਦੇ ਵੱਲ ਨੂੰ ਹੋਇਆ ਤਾਂ ਉਸਦਾ ਦਾਦਾ ਉੱਥੇ ਹੀ ਬੈਠ ਗਿਆ ਤੇ ਉਸਦੇ ਮੂੰਹੋਂ ਨਿੱਕਲਿਆ,“ਧੰਨ ਤੇਰੀ ਕੁਦਰਤ ਮਾਲਕਾ।”

ਸ਼ਿਵਚਰਨ ਨੇ ਕੋਲ਼ ਜਾ ਕੇ ਦਾਦੇ ਨੂੰ ਗਲ਼ਵੱਕੜੀ ਪਾ ਲਈ।ਉਹ ਡੌਰ-ਭੌਰ ਉਸਦੇ ਚਿਹਰੇ ਵੱਲ ਹੀ ਦੇਖੀ ਜਾ ਰਿਹਾ ਸੀ।ਉਹ ਦਾਦਾ-ਦਾਦੀ ਨੂੰ ਮੰਜੇ ’ਤੇ ਬਿਠਾ ਕੇ ਆਪ ਉਨ੍ਹਾਂ ਦੇ ਪੈਰਾਂ ਵਿੱਚ ਬੈਠ ਗਿਆ।ਉਸਨੇ ਉਨ੍ਹਾਂ ਦੀ ਗੋਦੀ ਵਿੱਚ ਸਿਰ ਰੱਖ ਲਿਆ।ਉਸਦੇ ਦਾਦੇ ਨੇ ਆਪਣਾ ਮਨ ਬੋਝਲ਼ ਜਿਹਾ ਕਰਕੇ ਕਿਹਾ,“ਪੁੱਤਰਾ! ਸਾਡੀ ਗੋਦੀ ਤੇਰੇ ਲਾਇਕ ਨਹੀਂ,ਜਦੋਂ ਤੈਨੂੰ ਇਸ ਗੋਦ ਦੀ ਲੋੜ ਸੀ ਤਾਂ ਅਸੀਂ ਵੀ ਤੇਰੇ ਤੋਂ ਮੂੰਹ ਮੋੜ ਲਿਆ ਸੀ,ਅਸੀਂ ਤੇਰੀ ਬੇਕਸੂਰ ਮਾਂ ਨੂੰ ਵੀ ਇੱਥੇ ਰਹਿਣ ਜੋਗਾ ਨਾ ਛੱਡਿਆ,ਵਹਿਮਾਂ ਨੇ......ਤੇ ਸਰੀਕਾਂ ਦੀਆਂ ਗੱਲਾਂ ਨੇ ਸਾਡੇ ਦਿਮਾਗ ’ਤੇ ਪਰਦਾ ਪਾ ਦਿੱਤਾ ਸੀ।”

“ਹਾਂ ਤੁਸੀਂ ਗੁਨਾਹ ਤਾਂ ਕੀਤਾ।” ਸ਼ਿਵਚਰਨ ਦੇ ਸ਼ਬਦਾਂ ਵਿੱਚ ਗੁੱਸਾ ਤੇ ਦਰਦ ਦੋਵੇਂ ਝਲਕ ਰਹੇ ਸਨ।

“ਹਾਂ...ਮੈਂ ਤਾਂ ਬਹੁਤ ਰੁਲ਼ਾਇਆ ਉਸ ਪਵਿੱਤਰ ਰੂਹ ਨੂੰ ।” ਉਸਦੇ ਦਾਦੇ ਦੀ ਕਹਿੰਦੇ ਦੀ ਭੁੱਬ ਨਿੱਕਲ਼ ਗਈ ਤਾਂ ਸ਼ਿਵਚਰਨ ਸੰਭਲ਼ਦਾ ਜਿਹਾ ਬੋਲਿਆ,“ਹਾਂ...ਉਹ ਸਾਰੀ ਜ਼ਿੰਦਗੀ ਪਾਕ ਪਵਿੱਤਰ ਹੀ ਰਹੀ ਕਿਉਂਕਿ ਉਸਦੀ ਰੂਹ ਪਵਿੱਤਰ ਸੀ,ਜੇ ਰੂਹ ਪਵਿੱਤਰ ਨਾ ਹੁੰਦੀ ਤਾਂ ਉਸਦੇ ਆਖ਼ਰੀ ਬੋਲ ਫ਼ਤਵਾ ਬਣ ਕੇ ਤੁਹਾਡੇ ਸਤਿਕਾਰ ਵਿੱਚ ਨਾ ਨਿੱਕਲ਼ਦੇ।”

“ਆਖ਼ਰੀ ਬੋਲ਼!!....” ਦੋਹੇਂ ਇੱਕੱਠੇ ਹੀ ਬੋਲੇ ਅਤੇ ਦੋਹਾਂ ਦੀ ਤ੍ਰਾਹ ਹੀ ਨਿੱਕਲ਼ ਗਈ।

"ਹਾਂ...ਮਾਂ ਇਸ ਦੁਨੀਆਂ ਵਿੱਚ ਨਹੀਂ ਰਹੀ,ਟੀ.ਬੀ ਦੀ ਨਾਮੁਰਾਦ ਬਿਮਾਰੀ ਨੇ ਉਸਨੂੰ ਨਿਗਲ਼ ਲਿਆ ਪਰ ਜਿੰਨਾਂ ਚਿਰ ਉਹ ਜਿਉਂਦੀ ਰਹੀ ਤਾਂ ਉਸਦੇ ਦਿਲ ਦੇ ਕੋਨੇ 'ਚੋਂ ਤੁਹਾਡੇ ਲਈ ਫਿਕਰ ਦੇ ਚਿੰਨ੍ਹ ਜ਼ਰੂਰ ਦੇਖਦਾ ਰਿਹਾ ਹਾਂ।"

ਹੁਣ ਉਹ ਦੋਹੇਂ ਹੀ ਪਛਤਾਵੇ ਦੀ ਅੱਗ ਵਿੱਚ ਝੁਲ਼ਸਦੇ ਨਜ਼ਰ ਆ ਰਹੇ ਸਨ।

ਸ਼ਿਵਚਰਨ ਨੇ ਪੁੱਛਿਆ ਕਿ ਤੁਹਾਨੂੰ ਆਪਣੇ ਹੀ ਘਰ ਵਿੱਚ ਕਿਸਨੇ ਤੇ ਕਿਉਂ ਨਜ਼ਰਬੰਦ ਕੀਤਾ ਹੈ ਤਾਂ ਬਜ਼ੁਰਗ ਬੋਲਿਆ,"ਬਸ ਪੁੱਤਰਾ! ਗਰਜ਼ਾਂ ਤੇ ਲਾਲਚ  ਨੇ ਰਿਸ਼ਤੇ ਖੋਖਲ਼ੇ ਕਰ ਦਿੱਤੇ ਨੇ।"

ਬਜ਼ੁਰਗ ਨੇ ਹਉਂਕਾ ਲੈ ਕੇ ਜਵਾਬ ਦਿੱਤਾ ਅਤੇ ਉਸਦੀ ਦਾਦੀ ਵੀ ਪਸੀਜੀ ਜਿਹੇ ਗਈ।

ਉਨ੍ਹਾਂ ਨੇ ਦੱਸਿਆ ਕਿ ਉਸਦੇ ਪਿਤਾ ਜੀ ਦਾ ਤਾਇਆ ਸਾਰੀ ਜਾਇਦਾਦ ਹੜੱਪਣਾ ਚਾਹੁੰਦਾ ਹੈ।ਇਸੇ ਕਰਕੇ ਹੀ ਉਸਨੇ ਸਾਨੂੰ ਕਈ ਵਰ੍ਹਿਆ ਤੋਂ ਨਜ਼ਰਬੰਦ ਕਰਕੇ ਰੱਖਿਆ ਹੋਇਆ।ਉਸਦੇ ਕਹਿਣ 'ਤੇ ਹੀ ਉਨ੍ਹਾਂ ਨੇ ਆਸ਼ਾ ਤੇ ਸ਼ਿਵਚਰਨ ਨੂੰ ਨਹੀਂ ਸੀ ਅਪਣਾਇਆ।ਬਾਹਰਲੀ ਦੁਨੀਆਂ ਉਨ੍ਹਾਂ ਲਈ ਬਸ ਹੁਣ ਇੱਕ ਸੁਪਨਾ ਬਣੀ ਹੋਈ ਆ।

ਉਸਦੀ ਦਾਦੀ ਨੇ ਡਸਕੋਰੇ ਲੈਂਦੀ ਨੇ ਕਿਹਾ "ਪੁੱਤਰਾ! ਇਨ੍ਹਾਂ ਸਲ੍ਹਾਬੀਆਂ ਕੰਧਾਂ ਨੇ ਸਾਡੇ ਹੱਡਾਂ ਵਿੱਚ ਵੀ ਸਲ੍ਹਾਬ ਭਰ ਦਿੱਤੀ ਏ।ਉਹ ਸਾਡੀ ਜਾਇਦਾਦ ਆਪਣੇ ਨਾਂ ਕਰਵਾਉਣਾ ਚਾਹੁੰਦੇ ਨੇ ਪਰ..ਸਾਨੂੰ ਤੇਰੀ ਹੀ ਉਡੀਕ ਸੀ।"

"ਨਹੀਂ ਦਾਦੀ ਮੈਨੂੰ ਨੀ ਲੋੜ ਜਾਇਦਾਦ ਦੀ,ਤੁਸੀਂ ਲੱਤ ਮਾਰੋ ਜਾਇਦਾਦ ਨੂੰ ਤੇ ਚੱਲੋ ਮੇਰੇ ਨਾਲ਼।"

"ਪਰ ਤੇਰੇ ਅੱਬੂ !" ਉਸਦੀ ਦਾਦੀ ਨੇ ਹੈਰਾਨੀ ਜਿਹੀ ਨਾਲ਼ ਸਵਾਲ ਕੀਤਾ।

"ਮੇਰੇ ਅੱਬੂ!..ਉਹ ਤਾਂ ਮੇਰਾ ਮਾਣ,ਅਭਿਮਾਨ ਤੇ ਮੇਰੀ ਜਾਨ ਨੇ...ਉਹ ਤਾਂ ਤੁਹਾਨੂੰ ਮਿਲ਼ ਕੇ ਬਹੁਤ ਖ਼ੁਸ਼ ਹੋਣਗੇ।"

"ਨਹੀਂ ਬੱਚੇ ਉਨ੍ਹਾਂ ਨੂੰ ਨਾ ਦੱਸੀਂ...ਬਸ ਤੂੰ ਇੱਥੇ ਸਭ ਕੁਛ ਸੰਭਾਲ ਲੈ,ਕਿਤੇ ਸਾਡੇ ਸਾਹ ਨਾ ਨਿੱਕਲ਼ ਜਾਣ।"

ਉਸਦੀ ਦਾਦੀ ਨੇ ਕੁਰਲ਼ਾਉਂਦੀ ਨੇ ਕਿਹਾ ਤਾਂ ਉਸਦਾ ਦਾਦਾ ਭੜਕ ਜਿਹੇ ਗਿਆ ਜਿਵੇਂ ਬਜ਼ੁਰਗ ਨੂੰ ਇੱਕਦਮ ਖ਼ਤਰੇ ਦਾ ਅਹਿਸਾਸ ਹੋ ਗਿਆ ਹੋਵੇ  ਤੇ ਬੋਲਿਆ,"ਨਹੀਂ ...ਨਹੀਂ ਪੁੱਤਰਾ,ਤੂੰ ਚਲਾ ਜਾਹ ਇੱਥੋਂ ..ਇਹ ਬਹੁਤ ਖ਼ਤਰਨਾਕ ਨੇ...ਤੂੰ ਆਪਣੀ ਜ਼ਿੰਦਗੀ ਜੀਅ।"

ਹੇਠਾਂ ਦਰਵਾਜ਼ੇ 'ਤੇ ਹੋਏ ਖੜਾਕ ਨੇ ਪ੍ਰਿੰਸ ਤੇ ਸ਼ਿਵਚਰਨ ਦੇ ਇੱਕਦਮ ਹੌਲ ਜਿਹਾ ਪਾ ਦਿੱਤਾ ।ਉਨ੍ਹਾਂ ਨੇ ਜਦੋਂ ਹੇਠਾਂ ਦੇਖਿਆ ਤਾਂ ਸਾਇਕਲ ਕੰਧ ਨਾਲ਼ੋਂ ਖਿਸਕ ਕੇ ਹੇਠਾਂ ਡਿੱਗ ਚੁੱਕਿਆ ਸੀ।ਹੁਣ ਪ੍ਰਿੰਸ ਹੋਰ ਵੀ ਬੇਚੈਨ ਜਿਹਾ ਹੋ ਗਿਆ।ਉਹ ਸ਼ਿਵਚਰਨ ਨੂੰ ਜਾਣ ਦੇ ਲਈ ਤਰਲੇ ਕਰ ਰਿਹਾ ਸੀ,"ਬਾਈ ਮੈਨੂੰ ਡਰ ਜਿਹਾ ਲੱਗਦਾ,ਚੱਲ ਛੇਤੀ ਬਾਰਾਂ ਵੱਜਣ ਵਾਲ਼ੇ ਆ।"

ਉਹ ਨਹੁੰਆਂ ਨੂੰ ਚੱਬਦਾ ਹੋਇਆ ਚਿੰਤਾ ਜਿਹੀ ਵਿੱਚ ਕਾਹਲ਼ੀ ਕਰ ਰਿਹਾ ਸੀ।ਡਰ ਦੇ ਚਿੰਨ੍ਹ ਉਸਦੇ ਚਿਹਰੇ ਤੋਂ ਸਾਫ਼ ਦਿਖਾਈ ਦੇ ਰਹੇ ਸਨ।ਬਜ਼ੁਰਗਾਂ ਨੇ ਉੱਠ ਕੇ ਪ੍ਰਿੰਸ ਨੂੰ ਸ਼ਾਬਾਸ਼ ਦਿੰਦੇ ਹੋਏ ਘੁੱਟ ਕੇ ਪਿਆਰ ਦਿੱਤਾ।ਸ਼ਿਵਚਰਨ ਉਨ੍ਹਾਂ ਨੂੰ ਜਲਦੀ ਆਜ਼ਾਦ ਕਰਵਾਉਣ ਦਾ ਵਾਅਦਾ ਕਰਕੇ ਛੇਤੀ ਨਾਲ਼ ਪੌੜੀਆਂ ਉੱਤਰ ਗਿਆ।

ਹੁਣ ਸਲ੍ਹਾਬੀਆਂ ਕੰਧਾਂ ਦੇ ਸੰਨਾਟੇ ਵਿੱਚ ਹੰਝੂਆਂ ਦੀਆ ਨਦੀਆਂ ਵਗ ਰਹੀਆਂ ਸਨ।ਪ੍ਰਿੰਸ ਨੇ ਜਲਦੀ ਨਾਲ਼ ਜ਼ਿੰਦਰਾ ਲਾਇਆ ਅਤੇ ਸ਼ਿਵਚਰਨ ਨੂੰ ਨਾਲ਼ ਲੈ ਕੇ ਉੱਥੋਂ ਚੱਲ ਪਿਆ।ਸ਼ਿਵਚਰਨ ਉਦਾਸ ਹੋਇਆ ਵਾਰ-ਵਾਰ ਪਿਛਾਂਹ ਮੁੜ ਕੇ ਦੇਖ ਰਿਹਾ ਸੀ।ਉਸਨੂੰ ਇਸ ਤਰ੍ਹਾਂ ਮਹਿਸੂਸ ਹੋ ਰਿਹਾ ਸੀ ਜਿਵੇਂ ਆਪਣੀ ਵਡਮੁੱਲੀ ਖ਼ੁਸ਼ੀ ਨੂੰ ਗ਼ਮਾਂ ਦੇ ਰੈਪਰ ਵਿੱਚ ਲਪੇਟ ਕੇ ਰੱਖ ਚੱਲਿਆ ਹੋਵੇ।

ਉਸਨੇ ਐਨਕਾਂ ਲਾ ਲਈਆਂ ਤੇ ਤੁਰਦੇ-ਤੁਰਦੇ ਨੇ ਰੁਮਾਲ ਵੀ ਸਿਰ ’ਤੇ ਬੰਨ੍ਹ ਲਿਆ।ਉਹ ਪ੍ਰਿੰਸ ਦੇ ਸਾਇਕਲ ਦੇ ਮਗਰ ਬੈਠਾ ਦਾਦਾ-ਦਾਦੀ ਦੀ ਹਾਲਤ ਬਾਰੇ ਸੋਚਦਾ ਜਾ ਰਿਹਾ ਸੀ,“ਏਨੀ ਵੱਡੀ ਸਜ਼ਾ ਵੀ ਨੀ ਹੋਣੀ ਚਾਹੀਦੀ ਕਿ ਜ਼ਿੰਦਗੀ ’ਚੋਂ ਜ਼ਿੰਦਗੀ ਹੀ ਮਨਫ਼ੀ ਹੋ ਜਾਵੇ,ਇੰਤਜ਼ਾਰ ਕਈ ਵਾਰੀ ਮਨੁੱਖ ਨੂੰ ਜੀਵਨ ਵੀ ਦੇ ਦਿੰਦਾ,ਸ਼ਾਇਦ ਮੇਰਾ ਇੰਤਜ਼ਾਰ ਹੀ ਇਨ੍ਹਾਂ ਨੂੰ ਜੀਣ ਦਾ ਬਲ ਦੇ ਰਿਹਾ ਸੀ......ਪਰ ਰਿਸ਼ਤੇ ਕਿਸੇ ਲਾਲਚ ਦੇ ਮੁਹਤਾਜ ਨਹੀਂ ਹੋਣੇ ਚਾਹੀਦੇ......ਮੈਂ ਇਸ ਕੜੀ ਨੂੰ ਕਮਜ਼ੋਰ ਨਹੀਂ ਹੋਣ ਦਿਆਂਗਾ...ਸ਼ਾਇਦ ਮੇਰੀ ਮਾਂ ਨੇ ਏਨਾ ਸੰਤਾਪ ਨੀ ਭੋਗਿਆ ਹੋਣਾ ਜਿਨਾਂ ਇਹ ਪਛਤਾਵੇ ਦੇ ਲਾਵੇ ’ਚ ਭੁੱਜ ਚੁੱਕੇ ਨੇ......।”

“ਓਏ ਮਰਨਾ ਓਏ ਸਹੁਰੀ ਦਿਓ ?” ਜਦੋਂ ਪ੍ਰਿੰਸ ਸਪੀਡ ਨਾਲ਼ ਗਲ਼ੀ ਵਿੱਚੋਂ ਸਾਇਕਲ ਲੈ ਕੇ ਮੇਨ ਰੋਡ ’ਤੇ ਚੜ੍ਹਿਆ ਤਾਂ ਉਹ ਟੈਂਪੂ ਵਿੱਚ ਵੱਜਦਾ ਮਸਾਂ ਹੀ ਬਚਿਆ।ਪਰ ਸ਼ਿਵਚਰਨ ਨੂੰ ਸੋਚਾਂ ਵਿੱਚ ਡੁੱਬੇ ਨੂੰ ਕੁਛ ਨਾ ਪਤਾ ਲੱਗਿਆ।ਉਸਨੇ ਪ੍ਰਿੰਸ ਨੂੰ ਪੁੱਛਿਆ,“ਕੀ ਹੋ ਗਿਆ......ਕੀ ਬੋਲ਼ੀ ਜਾਂਦਾ ਹੈ ਉਹ ?”

ਤਾਂ ਪ੍ਰਿੰਸ ਬੋਲਿਆ,“ਬੱਸ ਬਾਈ ਜੇ ਤੈਨੂੰ ਆਹ ਨੀ ਪਤਾ ਲੱਗਿਆ ਤਾਂ ਫਿਰ ਇਓਂ ਕਹਿ ਸਕਦੇ ਆਂ ਕਿ ਤੂੰ ਅਜੇ ਦਾਦਾ-ਦਾਦੀ ਨਾਲ਼ ਹੀ ਜੁੜਿਆ ਹੋਇਆ ਏਂ।”

“ਪ੍ਰਿੰਸ! ਬਜ਼ੁਰਗ ਤਾਂ ਉਸ ਬੋਹੜ ਵਰਗੇ ਹੁੰਦੇ ਨੇ ਜੀਹਦੀ ਦਾੜ੍ਹੀ ਵਧ ਕੇ ਜੜਾਂ ਨਾਲ਼ ਲੱਗ ਜਾਂਦੀ ਆ ਤੇ ਉਹ ਬੋਹੜ ਹੋਰ ਵੀ ਸੁਖਾਵਾਂ ਤੇ ਮਜ਼ਬੂਤ ਹੋ ਜਾਂਦਾ ਹੈ,ਅੱਲ੍ਹਾ! ਮੇਹਰ ਕਰੀਂ,ਇਨ੍ਹਾਂ ਬਜ਼ੁਰਗਾਂ ਦੀ ਠੰਢੀ ਛਾਂ ਮਾਨਣ ਦਾ ਮੌਕਾ ਦੇਵੀਂ।”

ਪ੍ਰਿੰਸ ਨੇ ਬੱਸ-ਅੱਡੇ ਦੇ ਬਾਹਰ ਜਾ ਕੇ ਸਾਇਕਲ ਦੇ ਬਰੇਕ ਮਾਰੇ,“ਮੈਂ ਚੱਲਦਾਂ,ਪਹਿਲਾਂ ਹੀ ਲੇਟ ਹੋ ਗਿਆਂ,ਪਤਾ ਨੀ ਕੀ ਹੋਣਾ।”

ਏਨਾ ਆਖ ਕੇ ਉਹ ਪੱਤਰੇ ਵਾਚ ਗਿਆ।ਜਦੋਂ ਉਹ ਦੁਕਾਨ ਵੱਲ ਨੂੰ ਜਾ ਰਿਹਾ ਸੀ ਤਾਂ ਦੂਰੋਂ ਹੀ ਦੇਖ ਕੇ ਉਸਦਾ ਮੱਥਾ ਠਣਕਿਆ ਕਿਉਂਕਿ ਦੁਕਾਨ ਕੋਲ਼ ਲੋਕਾਂ ਦੀ ਭੀੜ ਜੁੜੀ ਪਈ ਸੀ।ਉਹ ਦੇਖਦੇ ਸਾਰ ਹੀ ਆਪਣੇ ਆਪ ਨੂੰ ਕਹਿ ਗਿਆ,“ਪੈ ਗਿਆ ਪੰਗਾ,ਮੈਨੂੰ ਹੀ ਉਡੀਕਦੇ ਹੋਣੇ ਆਂ,ਇਹ ਸਾਲੇ ਛੋਟੂ ਦਾ ਹੀ ਕਾਰਨਾਮਾ ਹੋਣਾ,ਇਹ ਬਿਹਾਰੀ ਕਿੱਥੇ ਦੇਖ ਕੇ ਜਰਦੇ ਆ......ਭੀੜ ਬਹੁਤ ਆ...ਕੁੱਟ ਵੀ ਬਹੁਤ ਪੈਣੀ ਆਂ,ਪਤਾ ਨੀ ਕੀ-ਕੀ ਇਲਜ਼ਾਮ ਲਾਉਣਗੇ,ਤੂੰ ਉੱਡ ਚੱਲ ਮਿੱਤਰਾ।”

ਉਹ ਡਰਦਾ ਕਦੇ ਦੁਕਾਨ ਵੱਲ ਨੂੰ ਜਾਂਦਾ ਤੇ ਕਦੇ ਉੱਥੋਂ ਭੱਜਣ ਦੀ ਸੋਚਦਾ।ਘਰ ਦੀਆਂ ਚਾਬੀਆਂ ਉਸਦੀ ਜੇਬ ਦੇ ਨਾਲ਼-ਨਾਲ਼ ਉਸਦੇ ਮਨ ਨੂੰ ਵੀ ਚਿੰਤਾ ਨਾਲ ਭਾਰਾ ਕਰ ਰਹੀਆਂ ਸਨ।ਉਹ ਅੱਗੇ ਜਾਣ ਲੱਗਿਆ ਹੀ ਸੀ ਉਦੋਂ ਨੂੰ ਪੁਲਿਸ ਵੀ ਆ ਗਈ।ਪੁਲ਼ਿਸ ਨੂੰ ਦੇਖ ਕੇ ਉਸਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ।ਹੁਣ ਉਸਨੂੰ ਪੱਕਾ ਯਕੀਨ ਹੋ ਗਿਆ ਸੀ ਕਿ ਪੁਲ਼ਿਸ ਉਸ ਲਈ ਹੀ ਬੁਲਾਈ ਗਈ ਹੈ।ਉਸਨੇ ਉੱਥੋਂ ਭੱਜਣ ਦਾ ਪੱਕਾ ਮਨ ਬਣਾ ਲਿਆ।ਉਹ ਮੁੜਨ ਲਈ ਸਾਇਕਲ ’ਤੇ ਪੈਰ ਧਰਨ ਹੀ ਲੱਗਿਆ ਸੀ ਕਿ ਕਿਸੇ ਨੇ ਪਿੱਛੋਂ ਉਸਦਾ ਮੋਢਾ ਆ ਫੜਿਆ।ਉਹ ਪਲਾਂ ਵਿੱਚ ਹੀ ਪਸੀਨੇ ਨਾਲ਼ ਗੱਚ ਹੋ ਗਿਆ ਤੇ ਉਸਦੇ ਸਾਹ ਫੁੱਲ ਗਏ।ਜਦੋਂ ਉਹ ਪਿਛਾਂਹ ਮੁੜਿਆ ਤਾਂ ਉਸਦਾ ਬਾਪੂ ਉਸਦੇ ਪਿੱਛੇ

ਖੜ੍ਹਾ ਸੀ।ਕਹਿੰਦਾ,"ਸਾਲ਼ੇ ਬਿਹਾਰੀ ਨੇ ਚੂਨਾ ਲਾ..ਤਾ ਲਾਲਿਆਂ ਨੂੰ,ਉਹ ਮੱਥੇ ਹੀ ਟੇਕਦੇ ਰਹਿ ਗਏ,ਇੱਥੇ ਉਹ ਘਰ ਤੇ ਦੁਕਾਨ ਤੋਂ ਸਭ ਕੁਝ ਸਾਫ਼ ਕਰ ਗਿਆ।"

ਆਪਣੇ ਬਾਪੂ ਦੀਆ ਗੱਲਾਂ ਸੁਣ ਕੇ ਉਸਨੇ ਸਾਇਕਲ ਤੋਂ ਪੈਰ ਹੇਠਾਂ ਲਾਹ ਲਿਆ ਅਤੇ ਉਹ ਅਣਮੰਨਿਆ ਜਿਹਾ ਮਨ ਲੈ ਕੇ ਉਸ ਨਾਲ਼ ਦੁਕਾਨ 'ਤੇ ਚਲਿਆ ਗਿਆ।ਲਾਲੇ ਦਾ ਮੁੰਡਾ ਕੁੰਡੇ ਵੱਲ ਹੱਥ ਕਰ-ਕਰ ਕੇ ਉੱਚੀ-ਉੱਚੀ ਦੱਸ ਰਿਹਾ ਸੀ,"ਕੰਜ਼ਰ ਦਾ ਸਟੋਰ ਦੀਆ ਚਾਬੀਆਂ ਵੀ ਨਾਲ਼ ਹੀ ਲੈ ਗਿਆ,ਹਾਲੇ ਉੱਥੇ ਪਤਾ ਨੀ ਕੀ-ਕੀ ਹੋਇਆ ਹੋਣਾ।"

ਲਾਲੇ ਦੀ ਗੱਲ ਸੁਣ ਕੇ ਉਸਨੇ ਜੇਬ ਵਿੱਚ ਹੱਥ ਪਾ ਕੇ ਚਾਬੀਆਂ ਨੂੰ ਘੱਟ ਕੇ ਫੜ ਲਿਆ ਕਿਉਂਕਿ ਹੁਣ ਚਾਬੀਆਂ ਕੁੰਡੇ 'ਤੇ ਟੰਗਣੀਆਂ ਹੋਰ ਵੀ ਖ਼ਤਰਨਾਕ ਹੋ ਸਕਦੀਆਂ ਸਨ।ਹੁਣ ਇੱਥੇ ਆ ਕੇ ਉਹ ਹੋਰ ਵੀ ਫਸਿਆ-ਫਸਿਆ ਮਹਿਸੂਸ ਕਰ ਰਿਹਾ ਸੀ।ਲਾਲੇ ਨੇ ਪ੍ਰਿੰਸ ਨੂੰ ਪਾਣੀ ਲਿਆਉਣ ਲਈ ਕਿਹਾ ਤਾਂ ਉਹ ਅੱਡੇ 'ਚ ਲੱਗੇ ਵਾਟਰ ਕੂਲਰ ਤੋਂ ਪਾਣੀ ਲੈਣ ਚਲਿਆ ਗਿਆ ਅਤੇ ਚਾਬੀਆਂ ਉੱਥੇ ਹੀ ਗਟਰ ਵਿੱਚ ਸੁੱਟ ਆਇਆ।ਹੁਣ ਉਹ ਪਾਣੀ ਦਾ ਜੱਗ ਚੁੱਕੀ ਆਪਣੇ ਆਪ ਨੂੰ ਹੌਲ਼ਾ ਜਿਹਾ ਮਹਿਸੂਸ ਕਰਦਾ ਦੁਕਾਨ ਵੱਲ ਆ ਰਿਹਾ ਸੀ।

ਸ਼ਿਵਚਰਨ ਹੁਣ ਤੱਕ ਬਰਨਾਲ਼ੇ ਤਰਕਸ਼ੀਲ ਚੋਂਕ ਵਿੱਚ ਪਹੁੰਚ ਚੁੱਕਿਆ ਸੀ।ਸਾਰੇ ਸਫ਼ਰ ਦੌਰਾਨ ਉਹ ਰਿਸ਼ਤਿਆਂ ਬਾਰੇ ਹੀ ਸੋਚਦਾ ਰਿਹਾ,"ਜ਼ਿੰਦਗੀ ਵਿੱਚ ਰਿਸ਼ਤਿਆਂ ਦਾ ਪ੍ਰਦੂਸ਼ਿਤ ਹੋਣਾ ਸ਼ਾਇਦ ਸਾਡੇ ਜੀਵਨ ਪਗ ਦੇ ਧੁੰਦਲੇ ਹੋਣ ਦਾ ਸੁਨੇਹਾ ਹੈ,ਜਿਨ੍ਹਾਂ ਨੇ ਘਣਛਾਵੇਂ ਬੂਟੇ ਵਰਗੀ ਮੇਰੀ ਮਾਂ ਨੂੰ ਮੰਗਲੀਕ ਕਹਿ ਕੇ ਘਰੋਂ ਦੂਰ-ਪਰੇ ਕੀਤਾ ਸੀ......ਉਹ ਅੱਜ ਉਫ਼ਨੀਆਂ ਕੰਧਾਂ 'ਚੋਂ ਰਿਸ਼ਤਿਆਂ ਦੀ ਮਹਿਕ ਭਾਲ਼ ਰਹੇ ਨੇ।ਜਿਨਾਂ ਚਿਰ ਇਹ ਧਾਗੇ, ਤਾਬੀਜ਼, ਕੁੰਡਲ਼ੀਆਂ ਤੇ ਠੱਗ ਜੁੰਡਲ਼ੀਆਂ ਸਾਡੇ ਸਮਾਜ ਦੇ ਪਰਛਾਵੇਂ ਵਿੱਚ ਵੀ ਰਹਿਣਗੇ..ਉਨਾਂ ਚਿਰ ਸਾਡਾ ਸਮਾਜ ਤੇ ਸਾਡੇ ਲੋਕ ਅਪੰਗ ਮਾਨਸਿਕਤਾ ਦਾ ਸ਼ਿਕਾਰ ਹੁੰਦ ਹੀ ਰਹਿਣਗੇ।"

ਉਹ ਚੌਂਕ ਵਿੱਚ ਖੜ੍ਹਾ ਆਪਣੀਆ ਸੋਚਾਂ ਦੇ ਸੰਸਾਰ ਵਿੱਚ ਹੀ ਸੀ ਕਿ ਏਨੇ ਨੂੰ ਚੌਂਕ ਵਿੱਚੋਂ ਕਰਾਸ ਕਰਦੀ ਇੱਕ ਨਿੱਜੀ ਕੰਪਨੀ ਦੀ ਬੱਸ ਨੇ ਇੱਕ ਬਜ਼ੁਰਗ ਔਰਤ ਨੂੰ ਕੁਚਲ਼ ਦਿੱਤਾ।ਬਾਈਪਾਸ 'ਤੇ ਹਾਹਾਕਾਰ ਜਿਹੀ ਮੱਚ ਗਈ।ਇੱਕ ਗੰਜਾ ਤੇ ਕਾਲਾ ਜਿਹਾ ਬੰਦਾ ਬਸ 'ਚੋਂ ਉੱਤਰਿਆ ਅਤੇ ਉਸਨੇ ਬੇਬੇ ਨੂੰ ਲੱਤ ਤੋਂ ਘੜੀਸਦੇ ਹੋਏ ਟਾਇਰ ਹੇਠੋਂ ਬਾਹਰ ਕੱਢ ਕੇ ਸੜਕ ਕਿਨਾਰੇ ਕਰ ਦਿੱਤਾ।ਬੇਬੇ ਦਾ ਸਿਰ ਤੇ ਜੁਬਾੜਾ ਕੁਚਲ਼ਿਆ ਗਿਆ ਸੀ।ਉਹ ਥਾਂ ਹੀ ਮਰ ਗਈ ।ਫਿਰ ਉਸ ਬੰਦੇ ਨੇ ਬੱਸ ਨੂੰ ਚੱਲਣ ਦਾ ਇਸ਼ਾਰਾ ਕੀਤਾ ਤੇ ਬੱਸ ਚੌਂਕ ਪਾਰ ਕਰਦੀ ਹੋਈ ਸਵਾਰੀਆਂ ਕੋਲ਼ ਆ ਖੜ੍ਹੀ ਹੋਈ ਤੇ ਸਵਾਰੀਆਂ ਵਾਹੋ-ਦਾਹੀ ਬੱਸ ਵਿੱਚ ਚੜ੍ਹਨ ਦਾ ਯਤਨ ਕਰ ਰਹੀਆਂ ਸਨ।ਪਲਾਂ ਵਿੱਚ ਹੀ ਬੇਬੇ ਦੇ ਦੁਆਲ਼ੇ ਦੀ ਭੀੜ ਬੱਸ ਦੁਆਲ਼ੇ ਹੋ ਗਈ।

ਉਸਦਾ ਦਿਲ ਤਾਂ ਕੀਤਾ ਕਿ ਉਹ ਬੱਸ ਨੂੰ ਜਾਣ ਨਾ ਦੇਵੇ ਤੇ ਇਸ ਚੌਂਕ ਨੂੰ ਸਮਾਜ ਭਲਾਈ ਸੁਸਾਇਟੀ ਦੀ ਮਦਦ ਨਾਲ਼ ਜਾਮ ਕਰ ਦੇਵੇ।ਪਰ ਦੁਚਿੱਤੀ ਤੇ ਮਨ ਵਿੱਚ ਕਾਹਲ਼ੀ ਹੋਣ ਕਾਰਨ ਉਹ ਵੀ ਕੋਈ ਫੈਸਲਾ ਨਾ ਲੈ ਸਕਿਆ ਤੇ ਚੱਲਦੀ-ਚੱਲਦੀ ਬੱਸ ਵਿੱਚ ਅਖ਼ੀਰ ਉਹ ਵੀ ਭੱਜ ਕੇ ਚੜ੍ਹ ਗਿਆ।ਉਸਨੇ ਬੱਸ ਵਿੱਚ ਬੈਠੇ ਨੇ ਦੇਖਿਆ ਤਾਂ ਕੁੱਤੇ ਬੇਬੇ ਦੀ ਲਾਸ਼ ਦੁਆਲ਼ੇ ਗੇੜੇ ਕੱਢ ਰਹੇ ਸਨ ਤੇ ਬੱਸ ਵਿੱਚ ਉੱਚੀ ਅਵਾਜ਼ ਵਿੱਚ ਵੱਜ ਰਿਹਾ ਗਾਣਾ "ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲ਼ਿਓ..." ਸਾਡੀ ਮਾਨਸਿਕਤਾ ਨੂੰ ਦੰਦੀਆਂ ਚਿੜਾ ਰਿਹਾ ਸੀ।ਬੱਸ ਵਿੱਚ ਡਰਾਇਵਰ ਦੇ ਕੈਬਿਨ ਵਿੱਚੋਂ ਆ ਰਹੀਆਂ ਹਾਸਿਆਂ ਦੀਆਂ ਅਵਾਜ਼ਾਂ ਬੱਸ ਮਾਲਕ ਦੇ ਕਾਨੂੰਨ ਨਾਲ਼ ਨੇੜੇ ਦੇ ਸਬੰਧ ਹੋਣ ਦਾ ਪ੍ਰਗਟਾਵਾ ਕਰ ਰਹੀਆਂ ਸਨ।ਤਦ ਹੀ ਕੰਡਕਟਰ ਨੇ ਉਸਦੇ ਮੋਢੇ ਨੂੰ ਥਪ-ਥਪਾਉਂਦੇ ਕਿਹਾ,

"ਹਾਂ ਬਈ...ਟਿਕਟ।"

"ਮਹਿਲ ਕਲਾਂ।"

ਨਾਲ਼ ਹੀ ਉਸਦੇ ਦਿਮਾਗ ਵਿੱਚ ਆਇਆ ਕਿ ਉਹ ਤਾਂ ਸਾਇਕਲ ਮਨਾਲ਼ ਖੜਾ ਕਰਕੇ ਆਇਆ ਸੀ ਪਰ ਫਿਰ ਉਹ ਚਿੰਤਾ ਮੁਕਤ ਹੋ ਗਿਆ ਕਿਉਂਕਿ ਅੱਜ ਉਹ ਸਾਇਕਲ ਨੂੰ ਜੱਸੀ ਦੇ ਘਰ ਹੀ ਖੜ੍ਹਾ ਕਰਕੇ ਆਇਆ ਸੀ ਪਰ ਉਹ ਪ੍ਰਿੰਸ ਬਾਰੇ ਸੋਚ ਕੇ ਫਿਰ ਚਿੰਤਾ ਵਿੱਚ ਡੁੱਬ ਗਿਆ।

"ਮਹਿਲ ਕਲਾਂ ਵਾਲ਼ੇ ਟਾਕੀ ਨੇੜੇ ਹੋਵੋ ਬਈ" ਦੀ ਅਵਾਜ਼ ਤੱਕ ਉਹ ਪਹਿਲਾਂ ਹੀ ਅਗਲੀ ਟਾਕੀ ਵਿੱਚ ਜਾ ਖੜ੍ਹਿਆ ਸੀ।ਉਸਨੇ ਵਾਰੀ-ਵਾਰੀ ਸਭ ਸਵਾਰੀਆ ਦੇ ਚਿਹਰੇ ਪੜ੍ਹਨ ਦਾ ਯਤਨ ਕੀਤਾ।ਵੀਹ ਮਿੰਟ ਪਹਿਲਾਂ ਹੋਈ ਘਟਨਾ ਦੇ ਚਿੰਨ੍ਹ ਉਨ੍ਹਾਂ ਦੇ ਚਿਹਰਿਆਂ ਅਤੇ ਉਨ੍ਹਾਂ ਦੀਆਂ ਗੱਲਾਂ ਤੋਂ ਕਿਤੇ ਦੂਰ ਜਾ ਚੁੱਕੇ ਸਨ।

ਉੱਤਰਦਿਆਂ ਹੀ ਉਹ ਗਿੱਲ ਮਿੰਨੀ ਬੱਸ ਜੋ ਸੰਦੌੜ ਤੱਕ ਜਾਂਦੀ ਸੀ।ਉਸ ਵਿੱਚ ਬੈਠ ਗਿਆ।ਦਿਨ ਅਜੇ ਕਾਫ਼ੀ ਵੱਡਾ ਸੀ ਉਹ ਸਿਕੰਦਰ ਨੂੰ ਮਿਲ਼ਕੇ ਹੀ ਜਾਣਾ ਚਾਹੁੰਦਾ ਸੀ।ਉਹ ਸੋਚਦਾ ਸੀ ਕਿ ਬਹੁਤ ਸਮਾਂ ਹੋ ਗਿਆ, ਭੈਣਾਂ ਨੂੰ ਵੀ ਮਿਲ਼ਿਆਂ ਨੂੰ ਵੀ।ਉਸਨੇ ਬੱਸ 'ਚੋਂ ਉੱਤਰ ਕੇ ਦੇਖਿਆ ਤਾਂ ਅੱਡੇ ਵਿੱਚ ਸਿਕੰਦਰ ਦੀ ਦੁਕਾਨ ਬੰਦ ਸੀ।ਉਸਨੂੰ ਫਿਕਰ ਜਿਹਾ ਹੋ ਗਿਆ।ਉਹ ਉਸਦੇ ਘਰ ਨੂੰ ਚਲਿਆ ਗਿਆ।ਘਰੇ ਸ਼ਿਵਚਰਨ ਨੂੰ ਦੇਖ ਕੇ ਸਭ ਦੇ ਚਿਹਰੇ ਖਿੜ ਗਏ ।ਉਸਨੇ ਸਿਕੰਦਰ ਬਾਰੇ ਪੁੱਛਿਆ ਤਾਂ ਉਸਦੀ ਬੀਬੀ ਨੇ ਕਿਹਾ,"ਪੁੱਤ! ਉਹ ਤੇਰੇ ਵੱਲ ਹੀ ਗਿਆ ਹੋਣੇ,ਕਹਿੰਦਾ ਸੀ ਕਿ ਸਭ ਤੋਂ ਪਹਿਲਾਂ ਖ਼ੁਸ਼ਖ਼ਬਰੀ ਸ਼ਿਵਚਰਨ ਨੂੰ ਹੀ ਦੇਣੀ ਆਂ।"

"ਖ਼ੁਸ਼ਖ਼ਬਰੀ?" ਸ਼ਿਵਚਰਨ ਨੇ ਹੈਰਾਨੀ ਤੇ ਖ਼ੁਸ਼ੀ ਵਿੱਚ ਪੁੱਛਿਆ।

"ਆਹੋ ਪੱਤ! ਰਾਣੋ ਦਾ ਰਿਸ਼ਤਾ ਪੱਕਾ ਹੋ ਗਿਆ।" ਬੀਬੀ ਦਾ ਚਾਅ ਨਹੀਂ ਸੀ ਚੁੱਕਿਆ ਜਾਂਦਾ ਤੇ ਰਾਣੋ ਅੱਖਾਂ ਵਿੱਚ ਖ਼ੁਸ਼ੀ ਦੀ ਚਮਕ ਲੁਕਾਉਂਦੀ ਹੋਈ ਸੰਗ ਕੇ ਅੰਦਰ ਚਲੀ ਗਈ।ਸ਼ਿਵਚਰਨ ਵੀ ਹੁਣ ਖ਼ੁਸ਼ਖ਼ਬਰੀ ਸੁਣ ਕੇ ਬਹੁਤ ਖ਼ੁਸ਼ ਸੀ।ਉਸਨੇ ਚਾਹ ਦਾ ਸਾਰਾ ਗਲਾਸ ਦੋ ਘੁੱਟਾਂ ਵਿੱਚ ਹੀ ਅੰਦਰ ਮਾਰਿਆ।ਪਹਿਲਾਂ ਤਾਂ ਉਸਨੂੰ ਠੰਢੀ ਜਿਹੀ ਹੀ ਲੱਗੀ ਪਰ ਜਦੋਂ ਚਾਹ ਨੇ ਗਲ਼ੇ ਨੂੰ ਗਰਮ ਜਿਹਾ ਕੀਤਾ ਤਾਂ ਉਹ ਕਸੀਸ ਵੱਟ ਕੇ ਰਹਿ ਗਿਆ।

ਜਦੋਂ ਉਸਨੇ ਬੀਬੀ ਵੱਲ ਦੇਖਿਆ ਤਾਂ ਉਸਦੇ ਚਿਹਰੇ ਤੋਂ ਖ਼ੁਸ਼ੀ ਦੇ ਚਿੰਨ੍ਹ ਹੁਣ ਗਾਇਬ ਹੋ ਕੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ ਸਨ।ਉਸਨੂੰ ਚਿੰਤਾ ਵਿੱਚ ਡੁੱਬੀ ਨੂੰ ਦੇਖ ਕੇ ਉਸਨੂੰ ਆਪਣੀ ਦਾਦੀ ਦਾ ਚਿਹਰਾ ਯਾਦ ਆ ਗਿਆ ਤਾਂ ਉਸਨੇ ਆਪਣੀ ਉਦਾਸੀ ਛੁਪਾਉਂਦੇ ਹੋਏ ਬੀਬੀ ਨੂੰ ਗਲ਼ਵੱਕੜੀ 'ਚ ਲੈਂਦੇ ਨੇ ਕਿਹਾ,"ਮਾਤਾ ਜੀ ਚਿੰਤਾ ਨਾ ਕਰੋ,ਅਸੀਂ ਨਾਲ਼ ਹਾਂ,ਤੁਹਾਡੀਆਂ ਦੁਆਵਾਂ ਤੇ ਪਿਆਰ ਸਦਕਾ ਸਭ ਕਾਰਜ ਸਮਰੱਥ ਹੋਣਗੇ।"

ਬੀਬੀ ਨੇ ਗਲ਼ਵੱਕੜੀ ਨੂੰ ਘੁੱਟਦੀ ਨੇ ਕਿੰਨਾ ਸਾਰਾ ਪਿਆਰ ਉਸ 'ਤੇ ਉਲ਼ੱਦ ਦਿੱਤਾ।ਸ਼ਿਵਚਰਨ ਨੂੰ ਬੀਬੀ ਦੀ ਬੁੱਕਲ਼ ਵਿੱਚੋਂ ਮਾਂ ਵਕੀਲਾਂ ਦੀ ਯਾਦ ਆ ਗਈ।ਉਸਦੀਆਂ ਤ੍ਰਿਪ-ਤ੍ਰਿਪ ਕਰਦੀਆਂ ਅੱਖਾਂ ਕਿੰਨੇ ਹੀ ਹੰਝੂ ਬੀਬੀ ਦੇ ਮੋਢੇ 'ਤੇ ਚੋ ਗਈਆਂ ਸਨ।ਜਦੋਂ ਬੀਬੀ ਨੇ ਬੁੱਕਲ਼ 'ਚੋਂ ਉਸਨੂੰ ਛੱਡਿਆ ਤਾਂ ਉਸਦੀਆਂ ਅੱਖਾਂ ਵਗ ਰਹੀਆਂ ਸਨ।ਉਹ ਉੱਥੇ ਹੋਰ ਨਾ ਖੜ੍ਹ ਸਕਿਆ।ਸਿਕੰਦਰ ਦੀ ਬੀਬੀ ਨੇ ਵੀ ਹੁਣ ਅੱਖਾਂ ਭਰ ਲਈਆਂ ਕਿਉਂਕਿ ਉਸਨੇ ਉਸਦੀ ਗਲ਼ਵੱਕੜੀ ਵਿੱਚੋਂ ਹੀ ਮਮਤਾ ਦੇ ਵਿਰਾਗ ਨੂੰ ਅੰਦਰ ਤੱਕ ਮਹਿਸੂਸ ਕਰ ਲਿਆ ਸੀ।

ਉਹ ਹੁਣ ਤੁਰ ਕੇ ਮਿੱਠੇਵਾਲ ਵਾਲ਼ੇ ਰਾਹ 'ਤੇ ਗੁਰਦੁਆਰੇ ਕੋਲ਼ ਪਹੁੰਚ ਗਿਆ ਸੀ।ਉਹ ਸੋਚਦਾ ਜਾ ਰਿਹਾ ਸੀ ਕਿ ਜੇ ਕੋਈ ਮਿਲ਼ ਜਾਵੇ ਤਾ ਚੰਗਾ ਨਹੀਂ ਤਾਂ ਸਿਕੰਦਰ ਨੂੰ ਉਹ ਮਿਲ਼ ਨਹੀਂ ਪਾਵੇਗਾ।ਜਦੋਂ ਉਹ ਛਾਪੇ ਦੀਆਂ ਮੜ੍ਹੀਆਂ ਕੋਲ਼ ਦੀ ਲੰਘ ਰਿਹਾ ਸੀ ਤਾਂ ਉਸਨੂੰ ਵਕੀਲਾਂ ਦੀ ਫਿਰ ਯਾਦ ਆ ਗਈ।ਜਦੋਂ ਉਸਦੀ ਦਾਦੀ ਨੇ ਉਸਨੂੰ ਬੁੱਕਲ਼ ਵਿੱਚ ਲਿਆ ਸੀ ਤਾਂ ਉਸਦੀਆ ਸਿਸਕੀਆਂ ਉਸਦੇ ਕੰਨਾਂ ਵਿੱਚ ਅਜੇ ਵੀ ਬਿਰਹੋਂ ਦਾ ਵਿਰਲਾਪ ਕਰ ਰਹੀਆਂ ਸਨ ਤਾਂ ਉਹ ਕਹਿ ਉੱਠਿਆ,"ਬਹੁਤ ਔਖਾ ਜੁੜ ਕੇ ਟੁੱਟਣਾ,ਜਦੋਂ ਕੋਈ ਬੇਆਸ ਤੋਂ ਬਾਅਦ ਪਰਤਿਆ ਹੋਵੇ ਉਸ ਤੋਂ ਵਿੱਛੜਨਾ

ਤਾਂ ਹੋਰ ਵੀ ਔਖਾ ਹੋ ਜਾਂਦਾ ਤੇ ਨਾਲ਼ੇ ਜਦੋਂ ਰਿਸ਼ਤਿਆਂ ਦਾ ਮੂਲ ਵਿਸਥਾਰ ਬਣਕੇ ਉਪਜੇ ਤਾਂ ਰੂਹ 'ਚ ਕਿੰਨੀਆਂ ਹੀ ਉਮੀਦਾਂ ਜਾਗ ਪੈਂਦੀਆਂ ਨੇ।"

ਉਸਨੂੰ ਜਾਂਦੇ ਨੂੰ ਫਿਰ ਇਸ ਗੱਲ ਨੇ ਚਿੰਤਾ ਵਿੱਚ ਪਾ ਦਿੱਤਾ ਕਿ ਉਹ ਤਾਂ ਅੱਬੂ ਨੂੰ ਆਖ ਕੇ ਆਇਆ ਸੀ ਕਿ ਸਿਕੰਦਰ ਹੁਰੀਂ ਵੀ ਉਸਦੇ ਨਾਲ਼ ਹੋਣਗੇ।ਉਸਦੇ ਝੂਠ ਬੋਲਣ ਨਾਲ਼ ਅੱਜ ਉਸਨੂੰ ਬਹੁਤ ਘਬਰਾਹਟ ਹੋ ਰਹੀ ਸੀ ।ਉਸਨੂੰ ਪਤਾ ਸੀ ਕਿ ਸਿਕੰਦਰ ਦੇ ਉਸਦੇ ਘਰ ਜਾਣ ਨਾਲ਼ ਵਕੀਲੇ ਨੂੰ ਪਤਾ ਲੱਗ ਜਾਣਾ ਸੀ ਕਿ ਉਹ ਅੱਜ ਝੂਠ ਬੋਲ ਕੇ ਗਿਆ।ਉਹ ਸੋਚਦਾ-ਸੋਚਦਾ ਜਿਉਂ ਹੀ ਸੂਏ ਦੇ ਪੁਲ਼ ਕੋਲ਼ ਪਹੁੰਚਿਆ ਤਾਂ ਸਾਹਮਣਿਓਂ ਸਿਕੰਦਰ ਟੱਲੀਆਂ ਵਜਾਉਂਦਾ ਆਉਂਦਾ ਸੀ।ਉਸਨੂੰ ਦੇਖ ਕੇ ਉਹ ਹਾਸਾ ਨਾ ਰੋਕ ਸਕਿਆ ਕਿਉਂਕਿ ਉਹ ਅਜੀਬ ਜਿਹੇ ਢੰਗ ਨਾਲ਼ ਸਾਇਕਲ ਚਲਾਉਂਦਾ ਆ ਰਿਹਾ ਸੀ ਪਰ ਸੰਤ ਰਾਮ ਉਦਾਸੀ ਦੇ ਗੀਤ ਦੇ ਬੋਲ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਉਸਦੀ ਅਵਾਜ਼ ਵਿੱਚੋਂ ਹੂਕ ਬਣ ਕੇ ਨਿੱਕਲ਼ ਰਹੇ ਸਨ।ਸਿਕੰਦਰ ਨੇ ਉਸਦੇ ਨੇੜੇ ਆ ਕੇ 'ਪੜ੍ਹਾਕ..' ਕਰਕੇ ਬਰੇਕ ਮਾਰੇ ਤਾਂ ਉਹ ਡਿੱਗਦਾ-ਡਿੱਗਦਾ ਮਸਾਂ ਬਚਿਆ।ਸ਼ਿਵਚਰਨ ਨੇ ਹੱਸਦੇ ਨੇ ਕਿਹਾ,

"ਵਾਹ ਬਈ ਅੱਜ ਤਾਂ ਪੂਰੇ ਰੰਗਾਂ 'ਚ ਲੱਗਦਾਂ।"

"ਬਸ ਯਾਰ..... ਐਵੇਂ ਫਿਰ ਵਾਟ ਦਾ ਪਤਾ ਹੀ ਨੀ ਲੱਗਦਾ।"

"ਆਜਾ ਫਿਰ ਘਰ ਨੂੰ ਚੱਲੀਏ।"

"ਤੇਰੇ ਅੱਬੂ ਕੋਲ਼ ਹੀ ਸੀ ਦੋ ਘੰਟਿਆਂ ਤੋਂ......ਤੈਨੂੰ ਹੀ ਉਡੀਕਦਾ ਰਿਹਾਂ,ਅੱਬੂ ਕਹਿੰਦਾ ਸੀ ਮਨਾਲ਼ ਵੱਲ ਦੀ ਗਿਆ,ਆ ਜਾਂਦਾ।"

"ਅੱਛਾ ! ਅੱਬੂ ਨੂੰ ਪਤਾ ਸੀ ਕਿ ਮੈਂ ਮਨਾਲ਼ ਵੱਲ ਦੀ ਗਿਆਂ।"

"ਹਾਂ, ਪਰ ਤੂੰ ਹੈਰਾਨ ਜਿਹਾ ਕਿਉਂ ਆਂ?"

"ਕੁਛ ਨੀ ਚੱਲ ਆਜਾ ਮੋਟਰ 'ਤੇ ਬਹਿਨੇ ਆਂ"

ਉਹ ਤੁਰਦੇ-ਤੁਰਦੇ ਚਿੱਟੀ ਮੋਟਰ 'ਤੇ ਪਹੁੰਚ ਗਏ।ਕਹਿਣ ਨੂੰ ਤਾਂ ਭਾਵੇਂ ਇਹ ਚਿੱਟੀ ਮੋਟਰ ਹੀ ਵੱਜਦੀ ਸੀ ਪਰ ਉਸਦਾ ਰੰਗ ਹੁਣ ਚਿੱਟਾ ਨਹੀਂ ਸਗੋਂ ਮੀਹਾਂ,ਧੁੱਪਾਂ ਨੇ ਉਸਨੂੰ ਡੱਬ-ਖੜੱਬਾ ਕਰ ਦਿੱਤਾ ਸੀ ਖਾਲ਼ ਨਾਲ਼ ਲੱਗਦੀ ਸਲ੍ਹਾਬੀ ਕੰਧ ਤੋਂ ਤਾਂ ਸਲ੍ਹਾਬ ਨਾਲ਼ ਗੇਰੂ ਜਿਹਾ ਵੀ ਡਿੱਗ ਰਿਹਾ ਸੀ।

ਸ਼ਿਵਚਰਨ ਕੁਛ ਪਲ ਚੁੱਪ ਰਿਹਾ ਤੇ ਫਿਰ ਉਸਨੇ ਨਿਹੋਰੇ ਭਰੇ ਲਹਿਜੇ ਵਿੱਚ ਕਿਹਾ,"ਯਾਰ ਤੂੰ ਮੈਨੂੰ ਏਨਾ ਬੇਗਾਨਾ ਸਮਝ ਲਿਆ,ਸਭ ਕੁਛ ਕਰਕੇ ਹੀ ਦੱਸਿਆ।"

ਸ਼ਿਵਚਰਨ ਰਾਣੋ ਦੇ ਰਿਸ਼ਤੇ ਬਾਰੇ ਸਿਕੰਦਰ ਨਾਲ਼ ਗਿਲਾ ਕਰ ਰਿਹਾ ਸੀ।

"ਮਾਫ਼ ਕਰੀਂ ਵੀਰੇ,ਅੱਜ ਮੈਂ ਤੇਰੇ ਕੋਲ਼ ਇਸੇ ਲਈ ਗਿਆ ਸੀ,ਪਹਿਲਾਂ ਵੀ ਮੈਂ ਕਈ ਵਾਰ ਮਿਲਣਾ ਚਾਹਿਆ ਤੈਨੂੰ ......ਪਰ ਤੂੰ ਪਿਛਲੇ ਕਈ ਦਿਨਾਂ ਤੋਂ ਪਤਾ ਨੀ ਕਿੱਥੇ ਰੁੱਝਿਆ ਰਿਹਾਂ।"

ਇੱਕਦਮ ਸ਼ਿਵਚਰਨ ਨੂੰ ਆਪਣੇ ਰੁਝੇਵੇਂ ਦਾ ਖ਼ਿਆਲ ਆ ਗਿਆ।ਉਹ ਸੋਚ ਰਿਹਾ ਸੀ ਸ਼ਾਇਦ ਰਾਮਪੁਰੇ ਨੇ ਹੀ ਉਸਦੇ ਰੁਝੇਵੇਂ ਐਨੇ ਵਧਾ ਦਿੱਤੇ ਸੀ।ਉਸਨੇ ਇਕਦਮ ਗੱਲ ਮੋੜਦੇ ਨੇ ਕਿਹਾ,"ਮੈਂ ਘਰ ਹੋ ਕੇ ਆਇਆਂ......ਰਾਣੋ ਨੂੰ ਮੁਬਾਰਕਾਂ ਦੇ ਆਇਆਂ, ਤੈਨੂੰ ਵੀ ਬਹੁਤ ਬਹੁਤ ਮੁਬਾਰਕਾਂ ਮੇਰੇ ਵੀਰ।"

"ਸ਼ੁਕਰੀਆ ਵੀਰੇ.. ਪਰ ਕਰਨਾ ਤਾਂ ਰਲ਼ ਕੇ ਹੀ ਪੈਣਾ,ਬੀਬੀ ਕਹਿੰਦੀ ਸੀ ਕਿ ਵਕੀਲੇ ਦੇ ਅੱਬੂ ਨੇ ਹੀ ਮੂਹਰੇ ਹੋ ਕੇ ਕਰਵਾਉਣਾ ਸਭ ਕੁਛ,ਇਸ ਲਈ ਮੈਂ ਅੱਬੂ ਨੂੰ ਵੀ ਅੱਜ ਹੀ ਆਖ ਆਇਆਂ।"

"ਤੂੰ ਫਿਕਰ ਨਾ ਕਰ ਮੇਰੇ ਯਾਰ,ਅਸੀਂ ਕਦੋਂ ਕੰਮ ਅਉਣਾ......ਮੇਰੇ ਲਈ ਤਾਂ ਇਹੀ ਮੇਰੀਆਂ ਸਕੀਆ ਭੈਣਾਂ ਨੇ।"

ਸ਼ਿਵਚਰਨ ਦੇ ਹੌਸਲੇ ਨੇ ਸਿਕੰਦਰ ਨੂੰ ਥੋੜ੍ਹਾ ਚਿੰਤਾ ਮੁਕਤ ਕਰ ਦਿੱਤਾ।ਸਿਕੰਦਰ ਨੇ ਉਸਦਾ ਮੋਢਾ ਫੜਦਿਆਂ ਝਿਜਕ ਕੇ ਜਿਹੇ ਪੁੱਛਿਆ,"ਪੁੱਛ ਸਕਦਾਂ ਤੂੰ ਕਿੱਥੇ ਰੁੱਝਿਆ ਰਹਿਨਾ,ਅੱਬੂ ਵੀ ਗੱਲਾਂ-ਗੱਲਾਂ ਵਿੱਚ ਤੇਰੀ ਚਿੰਤਾ ਕਰਦੇ ਸੀ।"

ਸ਼ਿਵਚਰਨ ਨੂੰ ਇੱਕ ਵਾਰ ਫਿਰ ਮਹਿਸੂਸ ਹੋਇਆ ਕਿ ਉਹ ਅੱਬੂ ਨਾਲ਼ ਗੱਲ ਨਾ ਕਰਕੇ ਉਸ ਨਾਲ਼ ਧੋਖਾ ਕਰ ਰਿਹਾ ਹੈ ਕਿਉਂਕ ਉਨ੍ਹਾਂ ਨੇ ਚਿੰਤਾ ਤਾਂ ਕਰੀ ਜਾਣੀ ਆਂ ਪਰ ਕਦੇ ਉਹ ਪੁੱਛਣਗੇ ਨਹੀਂ।ਉਹ ਸੋਚਦਾ ਹੀ ਬੋਲ ਪਿਆ,"ਪਰ ਮੈਂ ਅੱਬੂ ਦੀ ਚਿੰਤਾ ਵਿੱਚ ਹੋਰ ਕਿਵੇਂ ਵਾਧਾ ਕਰ ਸਕਦਾ ਹਾਂ......ਉਨ੍ਹਾਂ ਬਾਰੇ ਦੱਸ ਕੇ।"

"ਕਿੰਨਾ ਬਾਰੇ ?" ਸਿਕੰਦਰ ਨੇ ਪੁੱਛਿਆ ਤਾਂ ਉਸਨੂੰ ਖ਼ਿਆਲ ਆਇਆ ਕਿ ਉਹ ਤਾਂ ਖ਼ਿਆਲਾਂ ਵਿੱਚ ਹੀ ਬੋਲ ਗਿਆ ਸੀ।ਉਹ ਉੱਠ ਕੇ ਕੋਠੇ ਨਾਲ਼ ਜਾ ਖੜ੍ਹਿਆ,"ਕੋਈ ਗੱਲ ਹੈ ਤਾਂ ਤੂੰ ਮੇਰੇ ਨਾਲ਼ ਸਾਂਝੀ ਕਰ ਯਾਰ,ਮੇਰੇ 'ਤੇ ਯਕੀਨ ਨਹੀਂ।"

"ਨਹੀਂ ਸਿਕੰਦਰ ਤੂੰ ਵਿਸ਼ਵਾਸ ਦਾ ਥੰਮ ਏਂ......ਤੇਰੇ ਵਿਸ਼ਵਾਸ 'ਤੇ ਤਾਂ ਜ਼ਿੰਦਗੀ ਦੇ ਮਹਿਲ ਉਸਾਰੇ ਜਾ ਸਕਦੇ ਨੇ ਪਰ ਯਾਰ......।"

"ਠੀਕ ਆ ਵੀਰ ,ਕੋਈ ਗੱਲ ਨਹੀਂ ਜੇ ਨਹੀਂ ਲੋੜ ਦੱਸਣ ਦੀ..ਤਾਂ ਨਾ ਦੱਸ।"

"ਸਿਕੰਦਰ! ਸੁੱਕੇ ਬੋਹੜ ਨੂੰ ਕਰੂੰਬਲ਼ ਫੁੱਟ ਆਈ ਏ ਯਾਰ,ਮੇਰੇ ਦਾਦਾ-ਦਾਦੀ ਮੇਰੇ ਜੀਵਨ ਦਾ ਸੱਚ ਬਣ ਗਏ ਨੇ।" ਸ਼ਿਵਚਰਨ ਨੇ ਸਿਕੰਦਰ ਦੇ ਨੇੜੇ ਹੋ ਕੇ ਕਿਹਾ।

"ਦਾਦਾ-ਦਾਦੀ ?" ਸਿਕੰਦਰ ਦੇ ਮੂੰਹੋਂ ਅਚੰਭੇ ਜਿਹੇ ਵਾਂਗ ਨਿੱਕਲ਼ਿਆ।

"ਹਾਂ ਵਿਸਰ ਚੁੱਕੀਆ ਯਾਦਾਂ ਦਾ ਪਹੁ-ਫ਼ੁਟਾਲ਼ਾ।"

"ਮੈਨੂੰ ਖੁੱਲ੍ਹ ਕੇ ਦੱਸ,ਬੁਝਾਰਤਾਂ ਮੇਰੇ ਪੱਲੇ ਨੀ ਪੈਂਦੀਆਂ,ਹਾਂ ..ਦਾਦਾ-ਦਾਦੀ ਦੀ ਗੱਲ ਸੁਣਕੇ ਮੇਰੇ ਅੰਦਰੋਂ ਮੁਹੱਬਤ ਰਿਸਣ ਲੱਗ ਗਈ ਏ।"

"ਰਾਮਪੁਰਾ ਮੇਰਾ ਪਿੰਡ ਆ,ਬਹੁਤ ਕੁਛ ਤੈਨੂੰ ਪਤਾ ਹੀ ਆ,ਉਸੇ ਬਹੁਤ ਕੁਛ ਵਿੱਚੋਂ ਮੁਹੱਬਤੀ ਟਕਸਾਲ ਵਰਗੇ ਦਾਦਾ-ਦਾਦੀ ਜੀ ਲੱਭ ਗਏ ਨੇ,ਮੈਂ ਹੁਣ ਗਵਾਉਣ ਤੋਂ ਡਰਦਾਂ।"

ਉਸਦਾ ਦਿਲ ਜ਼ੋਰ ਦੀ ਧੜਕਣ ਲੱਗ ਗਿਆ। ਬੰਦ ਘਰ ਵਿੱਚ ਦਾਦਾ-ਦਾਦੀ ਜੀ ਦੀ ਜ਼ਿੰਦਗੀ ਦੇ ਸਲ੍ਹਾਬੇ ਜਾਣ ਦਾ ਅਹਿਸਾਸ ਉਸਦੇ ਮਨ ਨੂੰ ਗ਼ੁਬਾਰ ਵਾਂਗ ਚੜ੍ਹ ਗਿਆ ਤੇ ਉਹ ਪਸੀਨੋ-ਪਸੀਨੀ ਹੋ ਗਿਆ ਸੀ।

"ਯਾਰ, ਮੈਂ ਵੀ ਮਿਲ਼ਣਾ ਦਾਦਾ ਦਾਦੀ ਨੂੰ।" ਸਿਕੰਦਰ ਨੇ ਕਿਹਾ ਤਾਂ ਸ਼ਿਵਚਰਨ ਬੋਲਿਆ,"ਨਹੀਂ ਅਜੇ ਸੰਯੋਗ ਬਹੁਤ ਦੂਰ ਨੇ...ਅਜੇ ਵਿਯੋਗ ਦੇ ਭੱਖੜੇ ਨੂੰ ਚੁਗਣਾ ਪੈਣਾ।"

ਗੱਲਾਂ ਕਰਦਿਆਂ ਉਸਨੇ ਸਾਰੇ ਪੰਨੇ ਸਿਕੰਦਰ ਅੱਗੇ ਫਰੋਲ਼ ਕੇ ਰੱਖ ਦਿੱਤੇ। ਸਿਕੰਦਰ ਉਸਦੀਆਂ ਗੱਲਾਂ ਸੁਣ-ਸੁਣ ਕੇ ਦੰਦ ਪੀਹ ਰਿਹਾ ਸੀ। ਉਹ ਚਿਲਾ ਉੱਠਿਆ,"ਲਾਲਚ ਰਿਸ਼ਤਿਆਂ ਦੀਆਂ ਜੜ੍ਹਾਂ ਵਿੱਚ ਜ਼ਹਿਰ ਬਣ ਕੇ ਘੁਲ਼ਦਾ ਜਾ ਰਿਹਾ ਹੈ,ਜੇ ਇਹ ਇਸ ਤਰ੍ਹਾਂ ਹੀ ਫੈਲਦਾ ਰਿਹਾ ਤਾਂ ਰਿਸ਼ਤਿਆਂ ਦੀਆਂ ਮੁਹੱਬਤੀ ਤੰਦਾਂ ਜ਼ਹਿਰੀਲੇ ਤੋਦਿਆਂ ਵਿੱਚ ਬਦਲ ਜਾਣਗੀਆਂ......ਜ਼ਹਿਰੀ ਦੋਧਿਆਂ ਵਿੱਚ ਬਦਲ ਜਾਣਗੀਆਂ,ਕ੍ਰਾਂਤੀ ਦੀ ਟਕਸਾਲ ਮੁਹੱਬਤੀ ਰਿਸ਼ਤੇ ਹੀ ਤਾਂ ਹੁੰਦੇ ਨੇ,ਹੁਣ ਭੀੜਾਂ ਜੁੜਨਗੀਆਂ ਪਰ ਅਹਿਸਾਸ ਮਨਫ਼ੀ ਹੋਣਗੇ,ਰੋਮ-ਰੋਮ ਜ਼ਹਿਰੀਲਾ ਹੋਵੇਗਾ ਬਸ......ਇਹੋ ਜਿਹਾ ਹੀ ਹੁਣ ਸਾਡਾ ਕਬੀਲਾ ਹੋਵੇਗਾ.....।"

ਸਿਕੰਦਰ ਦਾ ਕਾਵ-ਮਈ ਮਨ ਕ੍ਰਾਂਤੀ ਵਰਗੇ ਅਹਿਸਾਸ ਨੂੰ ਮਰਦੇ ਵੇਖ ਰਿਹਾ ਸੀ। ਉਸਦੇ ਲਫ਼ਜ਼ ਕਵਿਤਾ ਦੀ ਤਾਸੀਰ ਵਿੱਚ ਭਿੱਜ ਚੁੱਕੇ ਸਨ। ਜਦੋਂ ਉਹ ਸੰਭਲ਼ਿਆ ਤਾਂ ਸ਼ਿਵਚਰਨ ਨੇ ਉਸਨੂੰ ਗਲ਼ਵੱਕੜੀ ਪਾ ਲਈ ਤੇ ਉਸਦੀ ਪਿੱਠ ਥਪ-ਥਪਾਉਂਦਾ ਹੋਇਆ ਬੋਲਿਆ,"ਨਹੀਂ......ਨਹੀਂ ਮੇਰੇ ਯਾਰ,ਸਾਡੇ ਅਹਿਸਾਸ ਅਜੇ ਬਾਕੀ ਨੇ,ਕਾਫ਼ਲੇ ਬਣਾਵਾਂਗੇ,ਲਰਜ਼ਦੀਆਂ ਰਿਸ਼ਤਿਆਂ ਦੀਆਂ ਤੰਦਾਂ ਵਿੱਚ ਸੰਗੀਤ ਭਰਾਂਗੇ ਤੇ ਉਪਜਾਵਾਂਗੇ ਮੁਹੱਬਤੀ ਕਰੂੰਬਲ਼ਾਂ ਨੂੰ ਜੋ ਬੋਹੜ ਬਣਨਗੀਆਂ।"

ਉਨ੍ਹਾਂ ਦੀ ਵਾਰਤਾਲਾਪ ਤੋਂ ਇੰਝ ਲੱਗਦਾ ਸੀ ਜਿਵੇਂ ਉਨ੍ਹਾਂ ਦੇ ਅੰਦਰੋਂ ਕਾਵਮਈ ਸ਼ਬਦ ਫੁੱਟ ਰਹੇ ਹੋਣ ਪਰ ਢਲ਼ਦਾ ਸੂਰਜ ਉਨ੍ਹਾਂ ਦੀ ਕਾਵਮਈ ਸੰਵੇਦਨਾ ਨੂੰ ਆਪਣੇ ਕਲ਼ਾਵੇ ਵਿੱਚ ਸਮੇਟ ਰਿਹਾ ਸੀ। ਕੁਛ ਸਮਾਂ ਉਹ ਬੈਠੇ ਰਹੇ ਤੇ ਫਿਰ ਅਲਵਿਦਾ ਕਹਿ ਕੇ ਆਪਣੇ ਆਪਣੇ ਰਾਹ ਪੈ ਗਏ।

---

*

## ਕਾਂਡ–14

"ਗੁਲਜ਼ਾਰੀ ਪੁੱਤਰ! ਤੇਰਾ ਸਕੂਲ ਕਿਵੇਂ ਚੱਲ ਰਿਹਾ?"

"ਬਹੁਤ ਵਧੀਆ ਚੱਲ ਰਿਹਾ ਜੀ,ਬਹੁਤ ਸਾਰੀਆਂ ਸ਼ਖਸੀਅਤਾਂ ਹੁਣ ਇਸ ਮਿਸ਼ਨ ਵਿੱਚ ਸ਼ਾਮਿਲ ਹੋ ਚੁੱਕੀਆ ਨੇ... ਪਰ...ਮੈਂ ਕਈ ਦਿਨਾਂ ਤੋਂ ਬੱਚਿਆਂ ਦੇ ਰੂ-ਬ-ਰੂ ਨਹੀਂ ਹੋ ਸਕਿਆ।"

"ਕਿਉਂ ?...ਵੈਸੇ ਵੀ ਮੈਨੂੰ ਤੇਰਾ ਰਵੱਈਆ ਕਈ ਦਿਨਾਂ ਤੋਂ ਉੱਖੜਿਆ-ਉੱਖੜਿਆ ਜਿਹਾ ਹੀ ਲੱਗਦਾ,ਮੇਰੇ ਤੋਂ ਕੁਛ ਲੁਕਾ ਤਾਂ ਨਹੀਂ ਰਿਹਾ ਪੁੱਤਰ ?"

"ਨਹੀਂ...ਨਹੀਂ....ਨਹੀਂ ਅੱਬੂ।" ਗੁਲਜ਼ਾਰੀ ਨੂੰ ਲੱਗਿਆ ਜਿਵੇਂ ਉਸਦੀ ਚੋਰੀ ਫੜੀ ਗਈ ਹੋਵੇ।

"ਮੈਂ ਤਾਂ ਵੈਸੇ ਹੀ ਪੁੱਛ ਲਿਆ ਸੀ ਪੁੱਤਰ,ਪਰ ਜਿਵੇਂ ਨਿੱਕੀ ਜਿਹੀ ਰੋੜੀ ਸ਼ਾਂਤ ਪਾਣੀ ਦੀ ਸ਼ਾਂਤੀ ਨੂੰ ਭੰਗ ਕਰ ਦਿੰਦੀ ਆ ਉਸੇ ਤਰ੍ਹਾਂ ਹੀ ਕਈ ਵਾਰੀ ਨਿੱਕੀ ਜਿਹੀ ਗੱਲ ਵੀ ਮਨ ਦੀ ਸ਼ਾਂਤੀ ਨੂੰ ਤਰੰਗਤ ਕਰਦੀ ਹੋਈ ਭਟਕਣਾ ਪੈਦਾ ਕਰ ਸਕਦੀ ਆ।" ਵਕੀਲੇ ਨੇ ਸ਼ਿਵਚਰਨ ਦੇ ਮਨ ਦੀ ਅਵਸਥਾ ਨੂੰ ਪੜਚੋਲ਼ਦੇ ਹੋਏ ਆਖਿਆ।

ਸ਼ਿਵਚਰਨ ਵਕੀਲੇ ਦੀ ਗੱਲ ਸੁਣ ਕੇ ਜਿਵੇਂ ਪਥਰਾ ਜਿਹਾ ਗਿਆ। ਉਹ ਸੋਚਾਂ ਵਿੱਚ ਡੁੱਬਿਆ ਇੱਕ ਜਗ੍ਹਾ ਟਿਕਟਿਕੀ ਲਾ ਕੇ ਵੇਖਦਾ ਰਿਹਾ। ਵਕੀਲਾ ਉੱਠਿਆ ਤੇ ਉਸਨੇ ਸ਼ਿਵਚਰਨ ਦੇ ਮੋਢੇ 'ਤੇ ਹੱਥ ਰੱਖਦੇ ਨੇ

ਕਿਹਾ,"ਭਟਕਣਾ ਕਈ ਵਾਰ ਮਨੁੱਖ ਨੂੰ ਉਦੇਸ਼ ਰਹਿਤ ਕਰ ਦਿੰਦੀ ਆ,ਤੇਰਾ ਮੁੱਖ ਉਦੇਸ਼ ਸ਼ਬਦ ਵਿਹੂਣਿਆਂ ਵਿੱਚ ਸ਼ਬਦੀ ਚਿਣਗ ਪੈਦਾ ਕਰਨੀ ਆ,ਹਾਸ਼ੀਏ ਤੋਂ ਕੇਂਦਰ ਤੱਕ ਲੈ ਕੇ ਆਉਣਾ ਉਨ੍ਹਾਂ ਨੂੰ।"

ਉਸਨੂੰ ਆਪਣੇ ਅੱਬੂ ਦੀ ਗੱਲ ਸੁਣ ਕੇ ਇੰਞ ਮਹਿਸੂਸ ਹੋਇਆ ਜਿਵੇਂ ਰਿਸ਼ਤਿਆਂ ਦੇ ਸਵਾਰਥਹਿਤ ਉਹ ਸੱਚ ਨਾਲ਼ ਹੀ ਉਦੇਸ਼ ਰਹਿਤ ਹੋ ਗਿਆ ਹੋਵੇ।ਸਵੱਖਤੇ ਦੀ ਇਸ ਵਾਰਤਾਲਾਪ ਨੇ ਸ਼ਿਵਚਰਨ ਦੇ ਸਮੁੱਚੇ ਨਾੜੀ ਤੰਤਰ ਵਿੱਚਲੇ ਖ਼ੂਨ ਦੇ ਪ੍ਰਵੇਗ ਨੂੰ ਸੰਤੁਲਨ ਵਿੱਚ ਕਰ ਦਿੱਤਾ ਸੀ। ਉਸਨੂੰ ਹਮੇਸ਼ਾ ਹੀ ਇਹ ਗੱਲ ਅਚੰਭਤ ਕਰ ਦਿੰਦੀ ਸੀ ਕਿ ਕਿਵੇਂ ਉਸਦਾ ਅੱਬੂ ਉਸਦੇ ਮਨ ਦੀ ਹਰ ਗੰਢ ਨੂੰ ਅਸਾਨੀ ਨਾਲ਼ ਖੋਲ੍ਹ ਦਿੰਦਾ ਹੈ।ਉਹ ਸੋਚਦਾ ਕਿ ਜੇ ਵਕੀਲੇ ਦਾ ਪਰਵੇਸ਼ ਉਸਦੇ ਜੀਵਨ ਵਿੱਚ ਨਾ ਹੋਇਆ ਹੁੰਦਾ ਤਾਂ ਸ਼ਾਇਦ ਉਸਦੇ ਜੀਵਨ ਦੀ ਇਸ ਗੰਢ ਨੇ ਗੋਲ਼ ਗੰਢ ਬਣ ਜਾਣਾ ਸੀ ਜਿਸਨੂੰ ਖੋਲ੍ਹਿਆ ਘੱਟ ਤੇ ਵੱਢਿਆ ਜਿਆਦਾ ਜਾਂਦਾ ਹੈ।

ਉਹ ਉੱਥੋਂ ਉੱਠਿਆ ਤੇ ਉੱਠ ਕੇ ਕਾਲਜ ਨੂੰ ਜਾਣ ਲਈ ਤਿਆਰ ਹੋਣ ਲੱਗ ਗਿਆ।ਉਹ ਦਾਦਾ-ਦਾਦੀ ਦੇ ਖ਼ਿਆਲਾਂ ਵਿੱਚ ਖੋਇਆ ਉਨ੍ਹਾਂ ਦੇ ਜੀਵਨ ਬਾਰੇ ਸੋਚ ਕੇ ਵੀ ਉਦਾਸ ਹੋ ਰਿਹਾ ਸੀ।

ਉਹ ਕਾਲਜ ਜਾ ਕੇ ਸਿੱਧਾ ਹੀ ਲਾਇਬਰੇਰੀ ਨੂੰ ਚਲਿਆ ਗਿਆ ਉੱਥੇ ਪਹਿਲਾਂ ਹੀ ਗਗਨ ਤੇ ਕੁਲਵੀਰ ਮੈਡਮ ਬੈਠੇ ਗੱਲਾਂ ਕਰ ਰਹੇ ਸਨ।ਸ਼ਿਵਚਰਨ ਨੇ ਇੰਞ ਮਹਿਸੂਸ ਕੀਤਾ ਜਿਵੇਂ ਗਗਨ,ਮੈਡਮ ਕੋਲ਼ ਉਸਦੀਆਂ ਹੀ ਗੱਲਾਂ ਕਰ ਰਹੀ ਹੋਵੇ।ਕੁਲਵੀਰ ਮੈਡਮ ਨੇ ਕੋਲ ਆਉਂਦੇ ਸ਼ਿਵਚਰਨ ਨੂੰ ਉੱਠ ਕੇ,ਆਪਣੀ ਬੁੱਕਲ਼ ਵਿੱਚ ਲੈ ਕੇ ਪਿਆਰ ਦਿੱਤਾ ਤਾਂ ਕੁਲਵੀਰ ਦੀ ਪਿੱਠ ਪਿੱਛੇ ਗਗਨ ਨੇ ਵੀ ਉਸਨੂੰ ਆਪਣੀ ਬੁੱਕਲ਼ ਵਿੱਚ ਆਉਣ ਦਾ ਇਸ਼ਾਰਾ ਕੀਤਾ।ਉਸਨੂੰ ਇੰਞ ਕਰਦੀ ਨੂੰ ਕੁਲਵੀਰ ਨੇ ਬੈਠਦੀ ਨੇ ਦੇਖ ਲਿਆ।ਇਸਦਾ ਜਦੋਂ ਗਗਨ ਨੂੰ ਪਤਾ ਲੱਗਿਆ ਤਾਂ ਉਹ ਖੱਟੀ ਮਿੱਠੀ ਜਿਹੀ ਹੱਸ ਕੇ ਨੀਵੀਂ ਪਾ ਗਈ।ਸ਼ਿਵਚਰਨ ਵੀ ਦੇਖ ਕੇ ਨੀਵੀਂ ਪਾ ਕੇ ਪੈਰ ਜਿਹਾ ਹਿਲਾਉਣ ਲੱਗ ਪਿਆ।

"ਚੁੱਕ ਲਓ ਨੀਵੀਆਂ ਹੁਣ,ਤੁਸੀਂ ਤਾਂ ਇੰਞ ਕਰਦੇ ਹੋ ਜਿਵੇਂ ਮੈਨੂੰ ਪਤਾ ਹੀ ਨੀ ਹੁੰਦਾ।ਥੋਨੂੰ ਢਿੱਡੋਂ ਨੀ ਜੰਮਿਆਂ... ਪਰ ਥੋਡੇ ਢਿੱਡ ਦੀਆਂ ਸਭ ਜਾਣਦੀ ਆਂ।" ਉਸਦੀ ਮਿੱਠੀ ਘੁਰਕੀ ਨੇ ਦੋਵੇਂ ਦੇ ਬੁੱਲ੍ਹਾਂ 'ਤੇ ਮੁਸਕਣੀ ਜਿਹੀ ਲੈ ਆਂਦੀ ਸੀ।

"ਕੀ ਗੱਲਾਂ ਕਰਦੀ ਸੀ ਜੀ ਮੇਰੇ ਬਾਰੇ ?" ਸ਼ਿਵਚਰਨ ਨੇ ਮੈਡਮ ਨੂੰ ਗੱਲ ਬਦਲਣ ਦੇ ਲਹਿਜੇ ਜਿਹੇ ਵਿੱਚ ਪੁੱਛਿਆ।

"ਤੇਰੇ ਬਾਰੇ ਤਾਂ ਨੀ ਕਰਦੀ ਸੀ ਪਰ ਤੇਰੇ ਦਾਦਾ-ਦਾਦੀ ਬਾਰੇ ਜ਼ਰੂਰ ਦੱਸਦੀ ਸੀ।" ਕੁਲਵੀਰ ਨੇ ਸੁਭਾਹਿਕੇ ਜਿਹੇ ਹੀ ਗੱਲ ਕੀਤੀ ਤਾਂ ਸ਼ਿਵਚਰਨ ਉਦਾਸ ਜਿਹਾ ਹੋ ਕੇ ਬੋਲਿਆ,"ਬਸ ਜੀ ਜਦੋਂ ਦਾ ਮੈਂ ਜੰਮਿਆਂ...... ਜਗਤ ਤਮਾਸ਼ਾ ਹੀ ਬਣਿਆ ਰਿਹਾਂ।"

"ਜ਼ਿੰਦਗੀ ਨੂੰ ਸਮਝਣ ਵਾਲੀਆਂ ਤੇ ਜ਼ਿੰਦਗੀ ਦਾ ਸਬਕ ਸਿਖਾਉਣ ਵਾਲ਼ੀਆਂ ਸਭ ਸ਼ਖਸੀਅਤਾਂ ਇੱਕ ਵਾਰ ਤਾਂ ਜਗਤ ਤਮਾਸ਼ਾ ਹੀ ਬਣਦੀਆਂ ਨੇ ਪੁੱਤਰਾ!..ਪਰ ਜਦੋਂ ਉਨ੍ਹਾਂ ਦੀ ਵਾਸਤਵਿਕ ਹੋਂਦ ਉਜਾਗਰ ਹੁੰਦੀ ਹੈ ਤਾਂ ਸਦੀਆਂ ਤੱਕ ਉਨ੍ਹਾਂ ਨੂੰ ਯਾਦ ਕੀਤਾ ਜਾਂਦੈ।ਹਾਂ...ਦੁਨੀਆਂ 'ਤੇ ਬੇਸ਼ੱਕ ਬਹੁਤ ਵੱਡੇ-ਵੱਡੇ ਜਾਨਵਰ ਨੇ ਪਰ ਕੀੜੀ ਨੂੰ ਸਿਦਕ,ਲਗਨ,ਮਿਹਨਤ,ਹਿੰਮਤ ਤੇ ਲਗਾਤਾਰਤਾ ਕਰਕੇ ਹੀ ਯਾਦ ਕੀਤਾ ਜਾਂਦਾ ਹੈ,ਉਦਾਸ ਨਹੀਓਂ ਹੋਈਦਾ।"

ਕੁਲਵੀਰ ਮੈਡਮ ਦੀਆਂ ਗੱਲਾਂ ਨੇ ਉਸਦੇ ਡੋਲਦੇ ਮਨ ਨੂੰ ਹੌਸਲਾ ਦੇ ਦਿੱਤਾ ਸੀ ਤੇ ਹੁਣ ਉਹ ਖ਼ੁਦ ਵੀ ਮਹਿਸੂਸ ਕਰ ਰਿਹਾ ਸੀ ਕਿ ਜ਼ਿੰਦਗੀ ਨੂੰ ਉਮਰਾਂ,ਸਵਾਸਾਂ ਜਾਂ ਕਦਮਾਂ ਨਾਲ਼ ਨਹੀਂ ਸਗੋਂ ਕਰਮਾਂ ਨਾਲ਼ ਮਾਪਿਆ ਜਾਂਦਾ ਹੈ।ਉਸਨੂੰ ਜ਼ਿੰਦਗੀ ਸੰਘਰਸ਼ਸ਼ੀਲ ਮਿਸ਼ਨ ਵਾਂਗ ਜਾਪੀ।ਉਹ ਜਾਣਦਾ ਸੀ ਕਿ ਮਿਸ਼ਨ ਹੀ ਮੁਹੱਬਤ ਹੁੰਦਾ ਹੈ।ਮੁਹੱਬਤ ਨੂੰ

ਕਦੇ ਵਿਸਾਰਿਆ ਨਹੀਂ ਜਾ ਸਕਦਾ।ਉਸਦੀ ਹੋਂਦ ਹਮੇਸ਼ਾ ਹੀ ਅੰਗ-ਸੰਗ ਹੁੰਦੀ ਹੈ।ਭਾਵਾਂ ਤੇ ਚਾਵਾਂ 'ਚ ਇਹ ਮੁਹੱਬਤ ਹਮੇਸ਼ਾਂ ਹੀ ਗੜੁੱਚ ਹੁੰਦੀ ਹੈ।

ਸ਼ਿਵਚਰਨ ਵੀ ਆਪਣੇ ਮਿਸ਼ਨ ਨੂੰ ਮੁਹੱਬਤੀ ਰੂਪ ਦਿੰਦਾ ਹੈ।ਇਸ ਵਿੱਚ ਉਹ ਗਗਨ ਦੀ ਹੋਂਦ ਨੂੰ ਬਹੁਤ ਹੀ ਕਰੀਬੀ ਮਹਿਸੂਸ ਕਰਦਾ ਹੈ।ਉਹ ਹੁਣ ਗਗਨ ਨਾਲ਼ ਜਾਂਦਾ ਹੋਇਆ ਇਹੀ ਸੋਚਦਾ ਹੈ ਕਿ ਉਸ ਬਿਨਾਂ ਉਸਦੀ ਜ਼ਿੰਦਗੀ ਦਾ ਹਰ ਸਫ਼ਾ ਅਧੂਰਾ ਹੈ।ਉਹ ਸੋਚਦਾ ਹੋਇਆ ਉਸ ਨਾਲ਼ ਤੁਰਿਆ ਜਾਂਦਾ ਹੈ ਤੇ ਜਦੋਂ ਉਹ ਗਗਨ ਵੱਲ ਤੱਕਦਾ ਹੈ ਤਾਂ ਉਹ ਵੀ ਮਾਸੂਮੀਅਤ ਜਿਹੀ ਨਾਲ਼ ਉਸ ਵੱਲ ਦੇਖਦੀ ਹੈ।ਸ਼ਿਵ ਦੇ ਮੂੰਹੋਂ ਨਿੱਕਲ਼ਦਾ,

" ਤੇਰੇ ਨਾਲ਼ ਗੱਲ ਹੁੰਦੀ ਏ ਤਾਂ ਮੇਰੀ ਹਰ ਗੁੰਝਲ਼ ਹੱਲ ਹੁੰਦੀ ਏ,
ਨਹੀਂ ਤਾਂ ਕਿਸਮਤ ਮੇਰੀ ਨਾ ਕਦੀ ਮੇਰੇ ਵੱਲ ਹੁੰਦੀ ਏ। "

ਗਗਨ ਉਸਦੇ ਸ਼ੇਅਰ ਵਿੱਚੋਂ ਆਪਣੇ ਆਪੇ ਨੂੰ ਤਲਾਸਦੀ ਹੋਈ ਮੁਸਕ੍ਰਾਹਟ ਹੀ ਮੁਸਕ੍ਰਾਹਟ ਬਿਖੇਰ ਦਿੰਦੀ ਹੈ।

*

ਕਈ ਦਿਨਾਂ ਦੀ ਯੋਜਨਾ ਪਿੱਛੋਂ ਅੱਜ ਉਹ ਦਿਨ ਆ ਗਿਆ ਸੀ ਜਦ ਸਮਾਜ ਭਲਾਈ ਕਮੇਟੀ ਨੇ ਨਸ਼ਾ ਵਿਰੋਧੀ ਮੁਹਿਮ ਤਹਿਤ ਝੰਡਾ ਮਾਰਚ ਕਰਨਾ ਸੀ।ਇਸ ਮਾਰਚ ਵਿੱਚ ਸੁਲਤਾਨ ਦੀ ਰਹਿਨੁਮਾਈ ਹੇਠ ਅਨੇਕਾਂ ਹੀ ਨੌਜਵਾਨ ਹਿੱਸਾ ਲੈ ਰਹੇ ਸਨ।ਸਭ ਤੋਂ ਪਲੇਠੀ ਕਤਾਰ ਵਿੱਚ ਸੁਲਤਾਨ,ਸਿਕੰਦਰ ਤੇ ਸ਼ਿਵਚਰਨ ਸਫ਼ੈਦ ਝੰਡੇ ਸ਼ਾਂਤੀ ਤੇ ਪਵਿੱਤਰਤਾ ਦੇ ਪ੍ਰਤੀਕ ਵਜੋਂ ਫੜੀ ਖੜ੍ਹੇ ਸਨ।ਉਨ੍ਹਾਂ ਦੇ ਅੱਗੇ ਇੱਕ ਹੋਰ ਬਹੁਤ ਵੱਡਾ ਬੈਨਰ ਸੀ ਜੋ ਹੋਰ ਨੌਜਵਾਨਾਂ ਵੱਲੋਂ ਫੜਿਆ ਹੋਇਆ ਸੀ।

ਬਹੁਤ ਵੱਡਾ ਕਾਫ਼ਲਾ ਤਰਕਸ਼ੀਲ ਚੌਂਕ ਵਿੱਚੋਂ ਸ਼ੁਰੂ ਹੋਇਆ।ਹੱਥਾਂ ਵਿੱਚ ਤਖ਼ਤੀਆਂ ਤੇ ਬੈਨਰ ਆਦਿ ਫੜੀ ਜਾ ਰਹੇ ਲੋਕਾਂ ਦਾ ਹਜ਼ੂਮ ਸਮੇਂ ਦੀ ਹਿੱਕ 'ਤੇ ਸੁਨਹਿਰੀ ਭਵਿੱਖ ਉੱਕਰ ਰਿਹਾ ਸੀ।ਇਸ ਹਜ਼ੂਮ ਦੀ ਸਭ ਤੋਂ ਵੱਡੀ ਵਿਲੱਖਣਤਾ ਇਹ ਸੀ ਕਿ ਇਸ ਵਿੱਚ ਨੌਜਵਾਨ ਮੁੰਡੇ ਹੀ ਨਹੀਂ ਸਗੋਂ ਕੁੜੀਆਂ ਵੀ ਲੰਮੇਰੇ ਕਾਫ਼ਲੇ ਵਿੱਚ ਸਨ।ਗਗਨ ਦੀ ਰਹਿਨੁਮਾਈ ਇਨ੍ਹਾਂ ਕੁੜੀਆਂ ਵਿੱਚ ਜੋਸ਼ ਭਰ ਰਹੀ ਸੀ।

ਸੁਲਤਾਨ ਦੇ ਸਪੀਕਰ ਵਿੱਚ ਅਸਮਾਨ ਗੂਜਾਉਂਦੇ ਨਾਅਰੇ ਭੀੜ ਵਿੱਚ ਜੋਸ਼ ਭਰ ਰਹੇ ਸਨ।ਸੰਤ ਕੁਮਾਰ ਜੀ ਤੇ ਨਾਲ਼ ਹੋਰ ਸੀਨੀਅਰ ਸਾਥੀ ਖੁੱਲ੍ਹੀ ਜੀਪ ਵਿੱਚ ਕਾਫ਼ਲੇ ਦੇ ਅੱਗੇ-ਅੱਗੇ ਜਾ ਰਹੇ ਸਨ।ਲਾਲ ਤੇ ਸਫ਼ੈਦ ਦੋਵੇਂ ਝੰਡੇ ਉਨ੍ਹਾਂ ਦੀ ਜੀਪ ਦੇ ਅੱਗੇ ਝੁੱਲ ਰਹੇ ਸਨ।ਲਾਲ ਝੰਡੇ 'ਤੇ ਉੱਕਰੇ ਸ਼ਬਦ 'ਲੜਾਂਗੇ ਤੇ ਜਿੱਤਾਂਗੇ' ਅਤੇ ਸਫ਼ੈਦ ਝੰਡੇ 'ਤੇ ਉੱਕਰੇ ਸ਼ਬਦ 'ਆਓ ਸੋਹਣਾ ਪੰਜਾਬ ਸਿਰਜੀਏ' ਸਮੁੱਚੇ ਲੋਕਾਂ ਦੀ ਸਾਕਾਰਾਤਮਕ ਸੋਚ ਦਾ ਪ੍ਰਗਟਾਵਾ ਕਰ ਰਹੇ ਸਨ।ਅਸਮਾਨ ਗੂਜਾਉਂਦੇ ਨਾਅਰਿਆਂ ਵਿੱਚ ਕੋਈ ਨਾਅਰਾ ਵਿਰੋਧਤਾ ਦਾ ਨਹੀਂ ਸੀ।ਇਹ ਗੱਲ ਵੀ ਇਸ ਕਾਰਜ ਨੂੰ ਹੋਰ ਵੀ ਵਿਸ਼ਾਲ ਕਰ ਰਹੀ ਸੀ।

ਕਾਫ਼ਲੇ ਨੂੰ ਦੇਖ ਕੇ ਸੰਤ ਕੁਮਾਰ ਜੀ ਸੋਚ ਰਹੇ ਸਨ,"ਜੇ ਇਹ ਕਾਫ਼ਲਾ ਸੰਜੀਦਾ ਮਨਸੂਬਿਆਂ ਨਾਲ਼ ਹੋਇਆ ਤਾਂ ਭਵਿੱਖ ਦੀਆਂ ਕਲਮਾਂ ਰੂਪੀ ਇਹ ਨੌਜਵਾਨ ਪੀੜ੍ਹੀ,ਭਵਿੱਖ ਲਈ ਸੰਘਣੇ ਬੋਹੜਾਂ ਵਰਗੀ ਹੋਵੇਗੀ ਪਰ ਸਮਾਂ ਇਹ ਵੀ ਦਰਸਾਉਂਦਾ ਰਿਹਾ ਹੈ ਕਿ ਭੀੜ ਹਮੇਸ਼ਾ ਹੀ ਸਾਰਥਕ ਨਹੀਂ ਹੁੰਦੀ ਪਰ...... ਹਾਂ......ਕਈ ਵਾਰ ਸੰਜੀਦਾ ਮਹੌਲ ਵਿਅਕਤੀ ਦੇ ਮਨਸੂਬਿਆਂ ਨੂੰ ਵੀ ਸੰਜੀਦਾ ਕਰ ਦਿੰਦਾ ਹੈ।ਕਾਸ਼! ......ਇਹ ਵਰਤਾਰਾ ਸਾਡੀ ਨਵੀਂ ਜਵਾਨੀ ਨੂੰ ਰੂਹਾਨੀਅਤ ਬਖਸ਼ੇ। "

ਦਾਣਾ ਮੰਡੀ ਵਿੱਚ ਬਹੁਤ ਵੱਡੀ ਸਟੇਜ ਲੱਗੀ ਹੋਈ ਸੀ।ਵਰਕਰ ਉੱਥੇ ਪਹਿਲਾਂ ਹੀ ਬੈਠੇ ਹੋਏ ਸਨ।ਇੱਥੇ ਸਾਰੇ ਲੋਕਾਂ ਦੇ ਬੈਠਣ ਦਾ ਪ੍ਰਬੰਧ ਕੀਤਾ ਹੋਇਆ ਸੀ।ਝੁੱਗੀਆਂ ਵਿਚਲੇ ਬਜ਼ੁਰਗ ਤੇ ਬੱਚੇ ਇਸ ਜਗ੍ਹਾ ਪਹਿਲਾਂ ਹੀ ਮੌਜੂਦ ਸਨ।ਜਦੋਂ ਸ਼ਿਵਚਰਨ ਕਾਫ਼ਲੇ ਸਮੇਤ ਉੱਥੇ ਪਹੁੰਚਿਆ ਤਾਂ ਇਨ੍ਹਾਂ ਬੱਚਿਆਂ ਦਾ ਹੁਲਾਸ ਦੇਖਣ ਵਾਲ਼ਾ ਸੀ।ਉਹ ਸ਼ਿਵਚਰਨ,ਸਿਕੰਦਰ ਤੇ ਸੁਲਤਾਨ ਲਈ ਵਾਰੇ-ਵਾਰੇ ਜਾ ਰਹੇ ਸਨ।

ਔਰਤਾਂ ਤੇ ਮਰਦਾਂ ਦੇ ਵੱਖ-ਵੱਖ ਬੈਠਣ ਦਾ ਪ੍ਰਬੰਧ ਕੀਤਾ ਹੋਇਆ ਸੀ।ਜਦੋਂ ਸਾਰੇ ਬੈਠ ਗਏ ਤਾਂ ਬੱਚਿਆਂ ਨੇ ਗਗਨ ਤੇ ਸ਼ਿਵਚਰਨ ਨਾਲ਼ ਮਿਲ਼ ਕੇ ਪੰਡਾਲ ਦਾ ਮਹੌਲ ਹੀ ਬਦਲ ਦਿੱਤਾ।ਨਿੱਕੇ-ਨਿੱਕੇ ਬੱਚੇ ਨਾਅਰੇ ਮਾਰ ਰਹੇ ਸਨ "ਆਓ ਨਵਾਂ ਰਿਵਾਜ ਸਿਰਜੀਏ,ਸੋਹਣਾ ਜਿਹਾ ਪੰਜਾਬ ਸਿਰਜੀਏ।" ਤਾਂ ਸ਼ਿਵਚਰਨ ਤੇ ਗਗਨ ਨੂੰ ਉਨ੍ਹਾਂ 'ਤੇ ਮਾਣ ਮਹਿਸੂਸ ਹੋ ਰਿਹਾ ਸੀ ਕਿਉਂਕਿ ਸ਼ਬਦ ਨੇ ਇਨ੍ਹਾਂ ਪਰਵਾਸੀ ਕਲੀਆਂ ਅੰਦਰ ਵੀ ਗੁਲਾਬ ਜਿਹੇ ਪੰਜਾਬ ਦਾ ਮੋਹ ਪੈਦਾ ਕਰ ਦਿੱਤਾ ਸੀ।ਜਦੋਂ ਹੀ ਉਨ੍ਹਾਂ ਦੀ ਅਵਾਜ਼ ਮੱਧਮ ਜਿਹੀ ਹੋਈ ਤਾਂ ਸੰਤ ਕੁਮਾਰ ਜੀ ਸਟੇਜ ਤੋਂ ਬੋਲੇ,

"ਕੌਣ ਕਹਿੰਦਾ ਦੋਸਤੋ ਜੰਗਲ਼ ਸੁਆਹ ਹੋ ਗਿਆ,
ਆਹ ਦੇਖੋ ਆ ਕੇ ਨੰਨ੍ਹੀਆਂ ਕਰੂਬਲ਼ਾਂ ਦੇ ਜਜ਼ਬਾਤਾਂ ਨੂੰ।
ਜੋ ਕਹਿੰਦੇ ਨੇ ਕਿ ਚਿੱਟੀ ਹਨ੍ਹੇਰੀ ਕਾਲ਼ਾ ਪੰਜਾਬ ਕਰ ਗਈ,
ਆਓ ਚਿੰਤਾਵਾਂ ਤਿਆਗ ਕੇ ਸਿਰਜੀਏ ਸੋਹਣੀਆਂ ਪ੍ਰਭਾਤਾਂ ਨੂੰ।"

ਸੰਤ ਕੁਮਾਰ ਜੀ ਨੇ ਬਹੁਤ ਹੀ ਤਰਕ ਭਰਪੂਰ ਤਕਰੀਰ ਨਾਲ਼ ਲੋਕਾਂ ਨੂੰ ਜਾਗ੍ਰਿਤ ਕਰਦੇ ਹੋਏ ਆਪਣੀ ਅਵਾਜ਼ ਉਨ੍ਹਾਂ ਲੋਕਾਂ ਤੱਕ ਵੀ ਪਹੁੰਚਾਈ ਜੋ ਨਸ਼ੇ ਦੇ ਵਪਾਰੀ ਤੇ ਹਮਾਇਤੀ ਸਨ।ਸ਼ਿਵਚਰਨ,ਸਿਕੰਦਰ,ਸੁਲਤਾਨ ਤੇ ਗਗਨ ਨਾਲ਼ ਦੋ ਕੁੜੀਆ ਝੰਡੇ ਫੜੀ ਸਟੇਜ ਦੇ ਅੱਗੇ ਹੀ ਬੈਠੇ ਸਨ।ਗੋਖਾ ਇੱਕ ਪਾਸੇ ਲੱਗੀ ਪਾਣੀ ਦੀ ਛਬੀਲ ਕੋਲ਼ ਖੜ੍ਹਾ ਸੀ।ਇੱਥੋਂ ਦੀ ਸਟੇਜ,ਦਰੀਆਂ,ਸਪੀਕਰ ਤੇ ਛਬੀਲ ਦਾ ਸਾਰਾ ਪ੍ਰਬੰਧ ਗੋਖਾ ਹੀ ਕਰ ਰਿਹਾ ਸੀ।ਜਦੋਂ ਸ਼ਿਵਚਰਨ ਦਾ ਧਿਆਨ ਗੋਖੇ ਵੱਲ ਗਿਆ ਤਾਂ ਉਸਨੇ ਉਸਨੂੰ ਸਲੂਟ ਮਾਰਿਆ,ਦੇਖ ਕੇ ਸ਼ਿਵਚਰਨ ਦਾ ਮਨ ਗਦ-ਗਦ ਕਰ ਉੱਠਿਆ ਤਾਂ ਉਸੇ ਵਕਤ ਗਗਨ ਨੇ ਉਸਨੂੰ ਇਸ਼ਾਰਾ ਕਰਕੇ ਉਸਦੇ ਖੱਬੇ ਹੱਥ ਦੇਖਣ ਲਈ ਕਿਹਾ ਪਰ ਉਸਨੂੰ ਕੁਛ ਨਾ ਦਿਖਿਆ ਤਾਂ ਉਸਨੇ ਫਿਰ ਗਗਨ ਨੂੰ ਹੱਥ ਦੇ ਇਸ਼ਾਰੇ ਨਾਲ਼ ਪੁੱਛਿਆ ਤਾਂ ਗਗਨ ਨੇ ਫਿਰ ਉੱਧਰ ਹੀ ਇਸ਼ਾਰਾ ਕਰ ਦਿੱਤਾ।ਉਸਨੇ ਇਸ ਵਾਰ 'ਕਾਰੇ' ਨੂੰ ਖੜ੍ਹੇ ਨੂੰ ਦੇਖ ਲਿਆ ਸੀ,ਜੋ ਆਪਣੇ ਪੁਰਾਣੇ ਪਹਿਰਾਵੇ ਤੋਂ ਮੁਕਤ ਹੋ ਕੇ ਜੀਨ ਤੇ ਟੀ-ਸ਼ਰਟ ਪਾਈ ਖੜ੍ਹਾ ਸੀ।ਉਹ ਸ਼ਿਵਚਰਨ ਵੱਲ ਦੇਖ ਕੇ ਮੁਸਕ੍ਰਾਇਆ ਤਾਂ ਉਸਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਹ ਸਾਰੇ ਹੀ ਕਾਫ਼ਲੇ ਨੂੰ ਚਿੜ੍ਹਾ ਰਿਹਾ ਹੋਵੇ।ਗਗਨ ਤੇ ਸ਼ਿਵਚਰਨ ਨੇ ਇੱਕ ਦੂਜੇ ਵੱਲ ਦੇਖਿਆ ਪਰ ਬਿਨਾਂ ਕੁਛ ਬੋਲੇ ਉਹ ਸੰਤ ਕੁਮਾਰ ਜੀ ਦੀ ਤਕਰੀਰ ਸੁਣਨ ਵਿੱਚ ਮਗਨ ਹੋ ਗਏ।

ਸੰਤ ਕੁਮਾਰ ਜੀ ਨੇ ਹੋਰਨਾਂ ਬੁਲਾਰਿਆਂ ਨੂੰ ਵੀ ਵਾਰ-ਵਾਰ ਬੁਲਾਇਆ ਤੇ ਉਨ੍ਹਾਂ ਨੇ ਵੀ ਆਪਣੀਆਂ ਤਕਰੀਰਾਂ ਨਾਲ਼ ਸਮੁੱਚੇ ਇਕੱਠ ਨੂੰ ਇੱਕ ਤਰ੍ਹਾਂ ਨਾਲ਼ ਸੰਮੋਹਿਤ ਕਰ ਲਿਆ ਸੀ।ਕਾਰਾ ਵੀ ਅਜੇ ਖੜ੍ਹਾ ਸੁਣ ਰਿਹਾ ਸੀ।ਉਹ ਕਦੇ-ਕਦੇ ਸ਼ਿਵਚਰਨ ਤੇ ਗਗਨ ਵੱਲ ਵੀ ਦੇਖ ਲੈਂਦਾ ਸੀ।ਉਸਦੀ ਮੁਸਕ੍ਰਾਹਟ ਉਨ੍ਹਾਂ ਦੇ ਮਨਾਂ ਨੂੰ ਚਿਤਮਣੀ ਜਿਹੀ ਲਾ ਰਹੀ ਸੀ।

ਇਹ ਕਾਫ਼ਲਾ ਕੱਚਾ ਕਾਲਜ ਰੋਡ ਤੋਂ ਦੀ ਐੱਸ.ਡੀ ਕਾਲਜ ਮੂਹਰਿਓਂ ਹੁੰਦਾ ਹੋਇਆ ਰੇਲਵੇ ਸਟੇਸ਼ਨ ਤੋਂ ਗੱਡਾਖ਼ਾਨਾ ਚੌਂਕ ਤੇ ਬਾਅਦ ਵਿੱਚ ਫ਼ੁਹਾਰਾ ਚੌਂਕ ਰਾਹੀਂ ਸੰਧੂ ਪੱਤੀ ਕੋਲ਼ ਰਾਏਕੋਟ ਰੋਡ ਤੇ ਜਾ ਚੜ੍ਹਿਆ ਤੇ ਅਖ਼ੀਰ ਸਮਾਜ ਭਲਾਈ ਸੁਸਾਇਟੀ ਦੇ ਦਫ਼ਤਰ ਆ ਕੇ ਹੀ ਖ਼ਤਮ ਹੋ ਗਿਆ।ਰਸਤੇ ਵਿੱਚ ਲੋਕਾਂ ਦਾ ਉਤਸ਼ਾਹ ਉਨ੍ਹਾਂ ਦੇ ਹੌਸਲਿਆਂ ਨੂੰ ਦੁੱਗਣਾ ਕਰਦਾ ਰਿਹਾ ਅਤੇ ਸਮਾਜ ਵਿਰੋਧੀ ਅਨਸਰਾਂ ਲਈ ਇਹ ਕਾਫ਼ਲਾ ਚਿੰਤਾ ਦਾ ਵਿਸ਼ਾ ਵੀ ਬਣਿਆ ਰਿਹਾ।

ਗਗਨ ਦੇ ਕੁੜੀਆਂ ਵਾਲ਼ੇ ਕਾਫ਼ਲੇ ਨੇ ਘਰ ਦੀਆਂ ਸਰਦਲਾਂ ਤੋਂ ਅੰਦਰ ਤੱਕ ਇਸ ਜਾਗ੍ਰਿਤੀ ਦੀ ਚਿਣਗ ਲਾ ਦਿੱਤੀ ਸੀ।ਘਰੇਲੂ ਕੁੜੀਆਂ,ਬੁੜ੍ਹੀਆਂ ਵੀ ਉਨ੍ਹਾਂ ਨਾਲ਼ ਜੁੜਦੀਆਂ ਅਤੇ ਵਿੱਛੜਦੀਆਂ ਗਈਆਂ।ਇਹ ਸ਼ਾਇਦ ਪਹਿਲਾ ਕਾਫ਼ਲਾ ਹੋਵੇਗਾ ਜਿਸ ਵਿੱਚ ਤੁਰਨ ਤੋਂ ਲੈ ਕੇ ਅੰਤਮ ਪੜਾਅ ਤੱਕ ਭੀੜ ਵਿੱਚ ਵੀ ਇਜ਼ਾਫ਼ਾ ਹੋਇਆ ਸੀ,ਨਹੀਂ ਤਾਂ ਭੀੜਾਂ ਡੱਟੂ ਦੇ ਖੁੱਲ੍ਹਣ ਸਾਰ ਹੀ ਛੂਹ ਮੰਤਰ ਹੋ ਜਾਇਆ ਕਰਦੀਆਂ ਨੇ।ਇਹ ਕਾਰਜ ਸਮਾਜ ਭਲਾਈ ਕਮੇਟੀ ਦਾ ਚਾਨਣ ਮੁਨਾਰਾ ਕਾਰਜ ਹੋ ਨਿੱਬੜਿਆ ਸੀ।

ਅੱਜ ਦੇ ਇਸ ਚੇਤਨਾ ਮਾਰਚ ਨੇ ਜਿੱਥੇ ਰਾਜਨੀਤਿਕ ਲੋਕਾਂ ਵਿੱਚ ਹਲਚਲ ਪੈਦਾ ਕਰ ਦਿੱਤੀ ਸੀ ਉੱਥੇ ਪ੍ਰੋਫ਼ੈਸਰ ਅਸਲਮ ਨੂੰ ਵੀ ਚਿੰਤਾ ਵਿੱਚ ਡੋਬ ਦਿੱਤਾ ਸੀ।ਇਸ ਲਈ ਅੱਜ ਉਸਨੇ ਘੁੱਦੇ ਤੇ ਪਠਾਨੀਏ ਦੀ ਗੈਰ-ਹਾਜ਼ਰੀ ਨੂੰ ਭਰਨ ਲਈ ਤੇ ਸ਼ਤਰੰਜੀ ਚਾਲ ਚੱਲਣ ਲਈ ਕਾਰੇ ਨੂੰ ਆਪਣੇ ਘਰ ਬੁਲਾ ਰੱਖਿਆ ਸੀ।ਕਾਰਾ ਵੀ ਹੁਣ ਆਪਣਾ ਵਿਰਾਸਤੀ ਲਿਬਾਸ ਉਤਾਰ ਕੇ ਅਸਲਮ ਦੀ ਸੁਸਾਇਟੀ ਦੇ ਹਾਣ ਦਾ ਹੋ ਗਿਆ ਸੀ।ਉਹ ਦੋਵੇਂ ਗੱਲਾਂ ਕਰ ਰਹੇ ਸਨ ਤਾਂ ਅਸਲਮ ਨੇ ਪੈੱਗ ਪਾ ਕੇ ਉਸਨੂੰ ਫੜਾਉਂਦਿਆਂ ਆਖਿਆ,“ਕਾਰਿਆ ! ਤੇਰੇ ਨਾਲ਼ ਬਹੁਤ ਮਾੜੀ ਕੀਤੀ ਆ,ਸ਼ਿਵਚਰਨ ਤੇ ਗਗਨ ਨੇ।ਉਨ੍ਹਾਂ ਨੇ ਆਪਣਾ ਰਸਤਾ ਸਾਫ਼ ਕਰ ਲਿਆ ਸੀ ਤੈਨੂੰ ਜੇਲ ਭੇਜ ਕੇ।”

“ਸਹੀ ਬਾਤ ਆ ਸਾਹੇਬ,ਮੈਂ ਨਹੀਂ ਭੁੱਲ ਸਕਦਾ।” ਉਸਨੇ ਹਿੰਦੀ ਪੰਜਾਬੀ ਮਿਕਸ ਜਿਹੀ ਬੋਲ ਕੇ ਆਪਣੀ ਭੜਾਸ ਕੱਢੀ ਤੇ ਪੈੱਗ ਗਟ-ਗਟ ਕਰਕੇ ਇੱਕੋ ਸਾਹ ਹੀ ਅੰਦਰ ਮਾਰਿਆ ਤੇ ਅਸਲਮ ਦੇ ਬੁੱਲ੍ਹਾਂ ’ਤੇ ਜੇਤੂ ਮੁਸਕ੍ਰਾਹਟ ਆ ਗਈ।

“ਫੇਰ ਸੋਚਦਾ ਕੀ ਆਂ,ਪੁੱਟਦੇ ਤੰਬੂ......ਕੱਢਦੇ ਉਨ੍ਹਾਂ ਨੂੰ ਵੀ ਉੱਥੋਂ......ਤੇਰੇ ਸਾਥੀ ਵੀ ਉਨ੍ਹਾਂ ਕਰਕੇ ਹੀ ਜੇਲ਼੍ਹ ’ਚ ਨੇ।” ਅਸਲਮ ਨੇ ਦੂਜਾ ਪੈੱਗ ਵੀ ਮੋਟਾ ਜਿਹਾ ਬਣਾ ਕੇ ਜਲਦੀ ਹੀ ਉਸਦੇ ਅੰਦਰ ਮਾਰਿਆ।ਇਸ ਤੇਜ਼ੀ ਨੇ ਉਸਨੂੰ ਸ਼ਰਾਬੀ ਹਾਲਤ ਵਿੱਚ ਕਰ ਦਿੱਤਾ।

ਅਸਲਮ ਨੇ ਆਪਣਾ ਕੂਟਨੀਤਿਕ ਗਰਾਉਂਡ ਤਿਆਰ ਕਰ ਲਿਆ ਸੀ।ਉਹ ‘ਸੱਪ ਵੀ ਮਰ ਜਾਏ ਤੇ ਲਾਠੀ ਵੀ ਨਾ ਟੁੱਟੇ’ ਅਖੌਤ ਨੂੰ ਲਾਗੂ ਕਰ ਰਿਹਾ ਸੀ ਅਤੇ ਕਾਰਾ ‘ਘਰ ਦਾ ਭੇਤੀ ਲੰਕਾ ਢਾਏ’ ਵਾਲ਼ੀ ਕਹਾਵਤ ਨੂੰ ਸੱਚ ਕਰਨ ਲੱਗਿਆ ਹੋਇਆ ਸੀ।ਅਕਸਰ ਇੰਝ ਹੀ ਹੁੰਦਾ ਆਇਆ ਹੈ ਕਿ ਕੂਟਨੀਤੀ ਦੀ ਬਲੀ ਆਮ ਇਨਸਾਨ ਹੀ ਚੜ੍ਹਦਾ ਹੁੰਦਾ ਹੈ।ਆਮ ਇਨਸਾਨ ਦੀ ਫ਼ਿਤਰਤ ਹੁੰਦੀ ਹੈ ਕਿ ਉਹ ਲੂਣ ਦੀ ਡਲ਼ੀ ਵਿੱਚ ਹੀ ਵਫ਼ਾਦਾਰ ਹੋ ਜਾਂਦਾ ਹੈ ਪਰ ਇਹ ਸਵਾਰਥੀ ਲੋਕ ਹਨ ਜੋ ਇਨ੍ਹਾਂ ਦਾ ਭਵਿੱਖ ਤੱਕ ਨਿਗਲ਼ ਜਾਂਦੇ ਨੇ ਫੇਰ ਵੀ ਵਫ਼ਾਦਾਰ ਨਹੀਂ ਹੁੰਦੇ ਕਿਉਂਕਿ ਆਮ ਇਨਸਾਨ ਕੋਲ਼ ਜ਼ਮੀਰ ਹੈ ਤੇ ਜਜ਼ਬਾਤ ਨੇ ਪਰ ਇਨ੍ਹਾਂ ਕੋਲ਼ ਬਸ ਲੁੱਟਣ ਲਈ ਹਾਲਾਤ ਨੇ।

ਕਾਰਾ ਹੁਣ ਗਾਲ਼੍ਹਾਂ ਕੱਢਦਾ ਹੋਇਆ ਤੁਰ ਗਿਆ ਸੀ ਤਾਂ ਅਸਲਮ ਵਾਲ਼ਾਂ ਵਿੱਚ ਹੱਥ ਫੇਰਦਾ ਹੋਇਆ ਮੁਸਕਰਾ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਉਸਨੇ ਜੰਗ ਜਿੱਤ ਲਈ ਹੈ।

ਕਾਰਾ ਜਦੋਂ ਸ਼ਰਾਬੀ ਹਾਲਤ ਵਿੱਚ ਹੀ ਝੁੱਗੀਆਂ ਵਿੱਚ ਪਹੁੰਚਿਆ ਤਾਂ ਉਹ ਆਪਣੀ ਝੁੱਗੀ ਵਿੱਚੋਂ ਮੋਟੀ ਸਾਰੀ ਡਾਂਗ ਚੁੱਕ ਕੇ ਉਨ੍ਹਾਂ ਦੇ ਬਣਾਏ ਤਰਪਾਲਨੁਮਾ ਸਕੂਲ ਦੀਆਂ ਧੱਜੀਆਂ ਉਡਾ ਦਿੱਤੀਆਂ।ਕਾਪੀਆਂ ਕਿਤਾਬਾਂ ਵਰਕਾ-ਵਰਕਾ ਹੋ ਕੇ ਖਿੱਲਰ ਗਈਆਂ।ਭਗਦੜ ਜਿਹੀ ਮੱਚ ਗਈ।ਬੱਚਿਆਂ ਤੇ ਤੀਵੀਆਂ ਦਾ ਵੀ ਚੀਕ ਚਿਹਾੜਾ ਜਿਹਾ ਪੈ ਗਿਆ।ਝੁੱਗੀਆਂ ਦੇ ਮਰਦ ਉਸਨੂੰ ਖਿੱਚ ਕੇ ਉਸਦੀ ਝੁੱਗੀ ਵਿੱਚ ਲੈ ਗਏ ਪਰ ਉਸਨੇ ਉਨ੍ਹਾਂ ਨੂੰ ਗਾਲ਼੍ਹਾਂ ਦੀ ਝੜੀ ਲਾ ਦਿੱਤੀ ।ਕਾਰੇ ਦੀ ਮਾਂ ਵੀ ਉਸਨੂੰ ਘੂਰਿਆ।ਜਦੋਂ ਉਹ ਬੇਕਾਬੂ ਜਿਹਾ ਹੋ ਗਿਆ ਤਾਂ ਫਿਰ ਉੱਥੋਂ ਦੇ ਮਰਦਾਂ ਨੇ ਉਸਦੀ ਚੰਗੀ ਭੁਗਤ ਸਵਾਰੀ।

ਉਸਦਾ ਮੂੰਹ ਸਿਰ ਲਹੂ ਲੁਹਾਣ ਹੋ ਗਿਆ।ਉਸਦੀ ਮਾਂ ਜੋ ਉਸਨੂੰ ਘੂਰ ਰਹੀ ਸੀ ਹੁਣ ਉਹ ਮਮਤਾ ਮੋਹ 'ਚ ਚਾਂਗਾਂ ਮਾਰ ਰਹੀ ਰਹੀ ਸੀ।ਬੱਚੇ ਕਿਤਾਬਾਂ ਕਾਪੀਆਂ ਦੇ ਖਿੱਲਰੇ ਵਰਕੇ ਇੱਕਠੇ ਕਰਦੇ ਹੋਏ ਮਣਾਂ-ਮੂੰਹੀਂ ਰੋਈ ਜਾ ਰਹੇ ਸਨ।ਕਈ ਬੱਚੇ ਤਾਂ ਇਸ ਗੱਲ ਨੂੰ ਸਮਝ ਹੀ ਨਹੀਂ ਸੀ ਪਾ ਰਹੇ ਕਿ ਕੀ ਭਾਣਾ ਵਰਤਿਆ ਬਸ ਦੇਖਾ ਦੇਖੀ ਰੋਈ ਹੀ ਜਾ ਰਹੇ ਸਨ।

ਕਾਰਾ ਹੁਣ ਅੱਧ ਬੇਹੋਸ਼ੀ ਦੀ ਹਾਲਤ ਵਿੱਚ ਆਪਣੀ ਝੁੱਗੀ ਵਿੱਚ ਪਿਆ ਹੋਇਆ ਸੀ।ਬਾਕੀ ਵੀ ਸਾਰੇ ਆਪਣੀ-ਆਪਣੀ ਥਾਂ ਚਲੇ ਗਏ ਸਨ।ਤੂਫ਼ਾਨ ਮਗਰੋਂ ਹੁੰਦੀ ਸ਼ਾਂਤੀ ਵਾਂਗ ਹੁਣ ਸਾਰੇ ਪਾਸੇ ਸ਼ਾਂਤੀ ਪਸਰ ਗਈ ਸੀ ਪਰ ਬੱਚਿਆਂ ਤੇ ਉਨ੍ਹਾਂ ਦੀਆਂ ਮਾਵਾਂ ਦੀਆਂ ਸਿਸਕੀਆਂ ਅਜੇ ਵੀ ਇਸ ਸ਼ਾਂਤੀ ਨੂੰ ਭੰਗ ਕਰ ਰਹੀਆਂ ਸਨ।

ਦੂਜੀ ਸਵੇਰ ਹੀ ਸ਼ਿਵਚਰਨ ਤੇ ਗਗਨ ਬੱਸੋਂ ਉੱਤਰ ਕੇ ਦਾਣਾ ਮੰਡੀ ਵੱਲ ਨੂੰ ਆ ਰਹੇ ਸਨ ਤਾਂ ਕਾਫ਼ੀ ਲੰਮੀ ਚੁੱਪ ਮਗਰੋਂ ਗਗਨ ਬੋਲੀ,"ਸ਼ਿਵ ਤੁਹਾਨੂੰ ਪਤੈ ਕੱਲ੍ਹ ਆਪਣੇ ਬੱਚੇ ਕੀ ਗੱਲਾਂ ਕਰ ਰਹੇ ਸੀ ?"

"ਆਪਣੇ ਬੱਚੇ ਵੀ ਹੋ ਗਏ! ਮੈਨੂੰ ਪਤਾ ਹੀ ਨਹੀਂ।"

"ਹਾ!..ਹਾ!!...ਹਾ!!!....ਆਪਣੇ ਮਤਲਬ ਮੰਡੀ ਵਾਲ਼ੇ ਬੱਚੇ।"ਗਗਨ ਨੇ ਉਸਦੇ ਮੁੱਕੀ ਮਾਰ ਕੇ ਹੱਸਦੀ ਨੇ ਥੋੜ੍ਹਾ ਸ਼ਰਮਾ ਕੇ ਜਿਹੇ ਕਿਹਾ।

"ਅੱਛਾ!.....ਹਾ!....ਹਾ!!.....ਹਾ!!!" ਸ਼ਿਵਚਰਨ ਉੱਚੀ-ਉੱਚੀ ਹੱਸਦਾ ਹੋਇਆ ਫਿਰ ਇੱਕਦਮ ਸੀਰੀਅਸ ਜਿਹਾ ਹੋ ਕੇ ਪੁੱਛਦਾ ਕਿ,"ਦੱਸ ਕੀ ਕਹਿ ਰਹੇ ਸੀ ?"

"ਉਹ ਕਹਿ ਰਹੇ ਸੀ ਕਿ ਅਸੀਂ ਸਾਰਿਆਂ ਨੇ ਰਲ਼ ਕੇ ਅਧਿਆਪਕ ਦਿਵਸ ਮਨਾਉਣਾ।"

"ਵਾਹ! ਫੇਰ ਤਾਂ ਸਵਾਦ ਹੀ ਆ ਜਾਊ...ਵੱਡੇ ਬੱਚੇ ਗਾਈਡ ਕਰਦੇ ਨੇ ਇਨ੍ਹਾਂ ਨੂੰ।"

"ਕਿਵੇਂ ਕਰਾਂਗੇ ਫਿਰ ਆਪਾਂ ?" ਗਗਨ ਨੇ ਉਤਸੁਕਤਾ ਨਾਲ਼ ਪੁੱਛਿਆ।

"ਆਪਾਂ ਮਨਾਵਾਂਗੇ ਯਾਰ......ਗੋਖੇ,ਸਿਕੰਦਰ ਹੁਰੀਆਂ ਨੂੰ ਵੀ ਬੁਲਾ ਲਵਾਂਗੇ ...ਬਾਕੀ ਬਹੁਤ ਟਾਇਮ ਪਿਆ ਅਜੇ ...।"

ਉਹ ਗੱਲਾਂ ਕਰਦੇ-ਕਰਦੇ ਮੰਡੀ ਵਿੱਚ ਪਹੁੰਚ ਗਏ।ਜਦੋਂ ਹੀ ਉਨ੍ਹਾਂ ਨੇ ਰਾਤ ਦੀ ਕਾਰੇ ਵਾਲ਼ੀ ਚੱਲੀ ਹਨ੍ਹੇਰੀ ਕਾਰਨ ਉੱਜੜਿਆ ਹੋਇਆ ਸਕੂਲ ਦੇਖਿਆ ਤਾਂ ਉਨ੍ਹਾਂ ਦੀ ਤ੍ਰਾਹ ਹੀ ਨਿੱਕਲ਼ ਗਈ।ਸਭ ਝੁੱਗੀਆਂ 'ਚੋਂ ਨਿੱਕਲ਼ ਕੇ ਉਨ੍ਹਾਂ ਦੇ ਦੁਆਲ਼ੇ ਹੋ ਗਏ।ਇੱਕ ਬਜ਼ੁਰਗ ਨੇ ਉਨ੍ਹਾਂ ਨੂੰ ਰਾਤ ਵਾਲ਼ੀ ਸਾਰੀ ਘਟਨਾ ਵਿਸਥਾਰ ਨਾਲ਼ ਦੱਸੀ ਤਾਂ ਉਹ ਭੱਜ ਕੇ ਕਾਰੇ ਦੀ ਝੁੱਗੀ ਵਿੱਚ ਗਏ।ਉਸਦੇ ਕਾਫ਼ੀ ਸੱਟਾਂ ਲੱਗੀਆਂ ਹੋਈਆਂ ਸਨ ।ਖ਼ੂਨ ਘਰਾਲ਼ਾਂ ਦੇ ਰੂਪ ਵਿੱਚ ਵਗ ਕੇ ਥਾਂ ਹੀ ਸੁੱਕ ਚੁੱਕਾ ਸੀ ਤੇ ਕਈ ਥਾਵਾਂ ਤੋਂ ਅਜੇ ਵੀ ਸਿਮ ਰਿਹਾ ਸੀ।

ਗਗਨ ਉਸਦੀ ਹਾਲਤ ਦੇਖ ਕੇ ਘਬਰਾ ਜਿਹੇ ਗਈ।ਉਸਨੇ ਸ਼ਿਵਚਰਨ ਨੂੰ ਜਲਦੀ ਨਾਲ਼ ਡਾਕਟਰ ਨੂੰ ਬੁਲਾ ਕੇ ਲਿਆਉਣ ਲਈ ਕਿਹਾ ਪਰ ਉਹ ਥੋੜ੍ਹੇ ਸਮੇਂ ਬਾਅਦ ਸਿਵਲ ਹਸਪਤਾਲ਼ ਕੋਲ਼ੋਂ ਕੈਮਿਸਟ ਦੀ ਸਲਾਹ ਨਾਲ਼ ਪੱਟੀਆਂ ਤੇ ਦਵਾਈਆਂ ਲੈ ਕੇ ਵਾਪਸ ਆ ਗਿਆ।ਉਨ੍ਹਾਂ ਦੋਵਾਂ ਨੇ ਉਸਦੇ ਪੱਟੀਆਂ ਕੀਤੀਆਂ ਅਤੇ ਦਵਾਈ ਦਿੱਤੀ ਪਰ ਉਹ ਅਜੇ ਵੀ ਦਰਦਾਂ ਨਾਲ਼ ਕਰਾਹ ਰਿਹਾ ਸੀ।ਕਾਰੇ ਦੀ ਮਾਂ ਉਨ੍ਹਾਂ ਦੇ ਤਰਲੇ ਕਰ ਰਹੀ ਸੀ ਕਿ ਉਹ ਕਾਰੇ ਨੂੰ ਬਚਾ ਲੈਣ ਤਾਂ ਗਗਨ ਨੇ ਉਸਨੂੰ ਫੜ ਕੇ ਮੰਜੇ ਤੇ ਬਿਠਾਉਦਿਆਂ ਆਖਿਆ,"ਤੁਸੀਂ ਫਿਕਰ ਨਾ ਕਰੋ ਮਾਤਾ ਜੀ ਅਸੀਂ ਸੰਭਾਲ ਰਹੇ ਹਾਂ।"

ਕਾਰਾ ਵੀ ਉਨ੍ਹਾਂ ਦੀਆਂ ਗੱਲਾਂ ਨੂੰ ਧਿਆਨ ਨਾਲ਼ ਸੁਣ ਰਿਹਾ ਸੀ।ਉੱਥੋਂ ਦੇ ਦੂਸਰੇ ਲੋਕ ਵੀ ਹੈਰਾਨ ਸਨ ਕਿ ਕਾਰਾ ਉਨ੍ਹਾਂ ਨੂੰ ਦੁਸ਼ਮਣ ਸਮਝਦਾ ਪਰ ਉਹ ਫਿਰ ਵੀ ਉਸਦੀ ਸੇਵਾ ਕਰਨ ਲੱਗੇ ਹੋਏ ਹਨ।ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਉਹ ਤਾਂ ਜ਼ਿੰਦਗੀ ਦੀ ਉਸ ਪੂਰਨਤਾ ਨੂੰ ਹੰਢਾ ਰਹੇ ਹਨ ਜਿੱਥੇ ਕੇਵਲ ਇਨਸਾਨੀਅਤ ਦੀ ਹੀ ਹੋਂਦ ਹੁੰਦੀ ਹੈ।

ਹੁਣ ਕਾਰਾ ਝੁੱਗੀ ਵਿੱਚ ਪਿਆ ਆਰਾਮ ਕਰ ਰਿਹਾ ਸੀ।ਬਾਹਰ ਗਗਨ ਤੇ ਸ਼ਿਵਚਰਨ ਬੱਚਿਆਂ ਦੀ ਮਦਦ ਨਾਲ਼ ਰਾਤ ਦੀਆਂ ਖਿੱਲਰੀਆਂ ਕਿਤਾਬਾਂ ਕਾਪੀਆਂ ਨੂੰ ਇੱਕਠੇ ਕਰ ਰਹੇ ਸਨ।ਅੱਜ ਭਾਵੇਂ ਪੜ੍ਹਾਈ ਤਾਂ ਨਹੀਂ ਹੋ ਸਕੀ ਪਰ ਉਹ ਆਪਣੇ ਹਲੀਮੀ ਭਰੇ ਕਾਰਜ ਨਾਲ਼ ਇਹ ਜ਼ਰੂਰ ਸਾਬਤ ਕਰ ਆਏ ਸੀ ਕਿ ਇਹ ਕਾਰਜ ਹੁਣ ਕਦੇ ਰੁਕ ਨਹੀਂ ਸਕੇਗਾ।ਉਨ੍ਹਾਂ ਦਾ ਉਦੇਸ਼ ਵੀ ਤਾਂ ਕੰਧਾਂ ਤੇ ਛੱਤਾਂ ਤੋਂ ਉੱਪਰ ਉੱਠ ਕੇ ਬੱਚਿਆਂ ਦੇ ਮਨਾਂ ਨੂੰ ਪਰਵਾਜ਼ ਦੇਣੀ ਸੀ।

ਗਗਨ ਤੇ ਸ਼ਿਵਚਰਨ ਹੁਣ ਬਸ ਅੱਡੇ ਨੂੰ ਆਉਂਦੇ ਸੋਚ ਰਹੇ ਸਨ ਕਿ ਪਤਾ ਨੀ ਕਿੰਨੇ ਕੁ ਇਮਤਿਹਾਨਾਂ ’ਚੋਂ ਗੁਜ਼ਰਨਾ ਪੈਣਾ ਇਸ ਸ਼ਬਦਾਂ ਦੇ ਸਮੁੰਦਰ ਨੂੰ ਪਾਰ ਕਰਨ ਲਈ।ਗਗਨ ਨੇ ਫਿਰ ਸੋਚ ਦੀ ਚੁੱਪ ਨੂੰ ਤੋੜਦੇ ਹੋਏ ਪੁੱਛਿਆ, “ਸ਼ਿਵ!ਇਸ ਘਟਨਾ ਤੋਂ ਕੀ ਲੱਗਿਆ ਤੁਹਾਨੂੰ ?”

“ਇਹ ਕਾਰੇ ਦਾ ਵਾਸਤਵਿਕ ਕਾਰਨਾਮਾ ਨਹੀਂ ਸਗੋਂ ਇਸ ਪਿੱਛੇ ਕੋਈ ਹੋਰ ਨੀਤੀ ਕੰਮ ਕਰ ਰਹੀ ਹੈ ਜਿਸਦਾ ਬਹੁਤਾ ਅੰਦਾਜ਼ਾ ਆਪਾਂ ਨੂੰ ਹੈ ਹੀ ਆ।”

“ਪਰ ਇਨ੍ਹਾਂ ਨੂੰ ਕੀ ਤਕਲੀਫ਼ ਆ।”

“ਤਕਲੀਫ਼! ਇਨ੍ਹਾਂ ਦਾ ਬਜ਼ਾਰ ਤੇ ਵਪਾਰ ਸਭ ਕੁਛ ਬੰਦ ਹੋ ਰਿਹਾ ਆਪਣੇ ਕਰਕੇ।”

“ਪਰ ਕਾਰੇ ਨੂੰ ਤਾਂ ਸਮਝਣਾ ਚਾਹੀਦਾ।” ਗਗਨ ਨੇ ਬੇਵਸੀ ਜਿਹੀ ਜਿਤਾਉਂਦੀ ਹੋਈ ਨੇ ਕਿਹਾ।

“ਨਹੀਂ ਸਮਝ ਸਕਦਾ ਉਹ ਕਿਉਂਕਿ ਉਹ ਪੈਰਾਂ ਭਾਰ ਤਾਂ ਹੋ ਗਿਆ,ਸਿਰ ਭਾਰ ਤਾਂ ਉਹ ਸੋਝੀ ਨਾਲ਼ ਹੀ ਹੋਊ ਤੇ ਸੋਝੀ ਉਸਨੂੰ ਬਿਨਾ ਕੁਰਬਾਨੀ ਦਿੱਤੇ ਨਹੀਂ ਆ ਸਕਦੀ।”

ਉਨ੍ਹਾਂ ਦੀ ਦਾਣਾ ਮੰਡੀ ਵਾਲ਼ੀ ਪਰਿਕਰਮਾ ਜਿਉਂ ਦੀ ਤਿਉਂ ਹੀ ਚੱਲ ਰਹੀ ਸੀ।ਉਹ ਭਾਵੇਂ ਛੱਤ ਗਵਾ ਚੁੱਕੇ ਸਨ ਫਿਰ ਵੀ ਉਨ੍ਹਾਂ ਦੇ ਮਨ ’ਤੇ ਕਦੇ ਗਿਲਾ-ਗੁਜ਼ਾਰੀ ਨਹੀਂ ਸੀ ਆਈ।ਉਹ ਉਸੇ ਤਰ੍ਹਾਂ ਹੀ ਆਪਣਾ ਕੰਮ ਕਰੀ ਜਾ ਰਹੇ ਸਨ ਪਰ ਜਦੋਂ ਸਿਕੰਦਰ,ਸੁਲਤਾਨ ਤੇ ਗੋਖੇ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਹ ਆਪੇ ਤੋਂ ਬਾਹਰ ਹੋ ਗਏ ।ਗੋਖੇ ਨੇ ਗੁੱਸੇ ਵਿੱਚ ਕਿਹਾ,“ਸ਼ਿਵਚਰਨ, ਜੇ ਤੂੰ ਕਹੇਂ ਤਾਂ ਆਹ ਕਾਰੇ ਦਾ ਕਾਰਾ ਹੀ ਕਰਵਾ ਦਿੰਦੇ ਆਂ,ਨਾ ਰਹੇਗਾ ਬਾਂਸ ਤੇ ਨਾ ਵੱਜੇਗੀ ਬਾਂਸੁਰੀ”

“ਨਹੀਂ ਗੋਖੇ! ਮੈਂ ਇਹ ਚਾਹੁਨਾ ਕਿ ਇਸ ਬਿਖਰੇ ਹੋਏ ਆਲ੍ਹਣੇ ਦੇ ਤੀਲੇ ਉਹ ਆਪ ਇਕੱਠੇ ਕਰੇ।ਬੰਦਾ ਉਦੋਂ ਮਾੜਾ ਹੁੰਦਾ ਜਦੋਂ ਉਸਦੇ ਅਹਿਸਾਸ ਮਰ ਜਾਣ।ਮੇਰਾ ਇਹ ਯਤਨ ਰਹੇਗਾ ਕਿ ਮੈਂ ਕਾਰੇ ਦੇ ਅਹਿਸਾਸਾਂ ਨੂੰ ਵੀ ਜੀਵਤ ਕਰ ਸਕਾਂ।”

ਸਿਕੰਦਰ ਨੇ ਸ਼ਿਵਚਰਨ ਦੀ ਗੱਲ ਸੁਣ ਕੇ ਹੈਰਾਨੀ ਜਿਹੀ ਨਾਲ਼ ਕਿਹਾ,“ਪੱਥਰਾਂ ਤੋਂ ਭਾਵੁਕਤਾ ਭਾਲ਼ਦੈਂ ਤੂੰ ?”

“ਮੈਂ ਭਾਲ਼ ਨਹੀਂ ਰਿਹਾ ਸਗੋਂ ਭਾਵੁਕਤਾ ਨੂੰ ਪੈਦਾ ਕਰਨ ਦੀ ਸੋਚ ਰਿਹਾਂ,ਮੈਂ ਪੱਥਰਾਂ ਨੂੰ ਟੁੱਟਦੇ ਵੇਖਿਆ ਬਸ਼ਰਤੇ ਸੱਟ ਦਾ ਅਹਿਸਾਸ ਕਰਵਾਉਣ ਦੀ ਜਾਚ ਹੋਵੇ।”

ਉਸ ਨੂੰ ਹੁਣ ਉਹ ਵਕਤ ਯਾਦ ਆ ਗਿਆ ਸੀ ਜਦੋਂ ਉਸਦੀ ਮਾਂ ਆਸ਼ਾ ਨੇ ਚੰਗੇਰ ਪਿੰਡ ਦੇ ਲੋਕਾਂ ਵਿੱਚ ਅਹਿਸਾਸ ਪੈਦਾ ਕਰਕੇ ਉਨ੍ਹਾਂ ਨੂੰ ਡਾਂਗਾਂ ਸੋਟਿਆਂ ਸਮੇਤ ਵਾਪਸ ਭੇਜ ਦਿੱਤਾ ਸੀ।ਸ਼ਿਵਚਰਨ ਨੂੰ ਇਸ ਗੱਲ ਦਾ ਪੂਰਨ ਵਿਸ਼ਵਾਸ ਸੀ ਕਿ ਕਾਰਾ ਨਸ਼ੇ ਦੇ ਵਪਾਰ ਤੇ ਬਜ਼ਾਰ ਦੀ ਇੱਕ ਅਹਿਮ ਕੜੀ ਹੈ।ਇਸਦੇ ਟੁੱਟਣ ਨਾਲ਼ ਬਜ਼ਾਰ ਤੇ ਵਪਾਰ ਬਿਖਰ ਸਕਦਾ ਅਤੇ ਸਮਾਜ ਨਿੱਖਰ ਸਕਦਾ।

ਗਗਨ ਤੇ ਸ਼ਿਵਚਰਨ ਸਵੱਖਤੇ ਹੀ ਮੰਡੀ ਵਿੱਚ ਪਹੁੰਚ ਚੁੱਕੇ ਸਨ।ਕਾਰਾ ਹੁਣ ਹੋਸ਼ ਵਿੱਚ ਸੀ ਪਰ ਉਸਦੇ ਜ਼ਖ਼ਮਾਂ ਦੀ ਚੀਸ ਅਜੇ ਉਸਨੂੰ ਤੋੜ ਰਹੀ ਸੀ।ਉਹ ਦੋਵੇਂ ਹੀ ਸਿੱਧੇ ਕਾਰੇ ਦੀ ਕੋਠੜੀ ਵਿੱਚ ਚਲੇ ਗਏ।ਉੱਥੇ ਉਸਦੀ ਮਾਂ ਤੇ ਉਸਦਾ ਨਿੱਕਾ ਜਿਹਾ ਭਤੀਜਾ ਵੀ ਮੌਜੂਦ ਸੀ।ਉਹ ਉਸ ਨਾਲ਼ ਲਾਡ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ।ਉਹ ਭਾਵੇਂ ਜ਼ਖ਼ਮਾਂ ਦੀ ਤਕਲੀਫ਼ ਹੰਢਾ ਰਿਹਾ ਸੀ ਪਰ ਫਿਰ ਵੀ ਉਸਨੇ ਆਪਣੇ ਭਤੀਜੇ ਲਈ ਜ਼ਖ਼ਮਾਂ ਦੀ ਤਾਬ ਨੂੰ ਸਹਿਣ ਕੀਤਾ ਹੋਇਆ ਸੀ।ਸਾਰੇ ਹੀ ਦੱਸਦੇ ਸੀ ਕਿ ਕਾਰੇ ਦਾ ਭਤੀਜਾ ਕਾਰੇ ਦੀ ਜਾਨ ਏ।

ਉਨ੍ਹਾਂ ਨੇ ਕਾਰੇ ਨੂੰ ਬਿਨਾ ਬੁਲਾਏ ਹੀ ਉਸਦੇ ਜ਼ਖ਼ਮਾਂ ’ਤੇ ਦਵਾਈ ਲਾਉਣੀ ਸ਼ੁਰੂ ਕਰ ਦਿੱਤੀ।ਗਗਨ ਉਸਦੇ ਮੱਥੇ ’ਚੋਂ ਸਿਮਦੇ ਖ਼ੂਨ ਨੂੰ ਅਹਿਸਤਾ-ਅਹਿਸਤਾ ਸਾਫ਼ ਕਰ ਰਹੀ ਸੀ।ਕਾਰਾ ਕੁਛ ਨਾ ਬੋਲਿਆ ਸਗੋਂ ਅੱਖਾਂ ਮੁੰਦ ਕੇ ਹੀ ਪਿਆ ਰਿਹਾ,ਜਦੋਂ ਦਵਾਈ ਜ਼ਖ਼ਮਾਂ ’ਤੇ ਲੱਗ ਰਹੀ ਸੀ ਤਾਂ ਹੋ ਰਹੀ ਤਕਲੀਫ਼ ਕਾਰਨ ਵੀ ਉਹ ਕਚੀਚੀ ਵੱਟ ਕੇ ਹੀ ਪਿਆ ਰਿਹਾ।ਕਦੇ-ਕਦੇ ਚੋਰੀ ਜਿਹੀ ਅੱਖਾਂ ਪੁੱਟ ਕੇ ਗਗਨ ਵੱਲ ਜ਼ਰੂਰ ਦੇਖ ਲੈਂਦਾ ਸੀ।ਫਿਰ ਉਸਦੀਆਂ ਮੁੰਦੀਆਂ ਅੱਖਾਂ ਵਿੱਚੋਂ ਹੀ ਹੰਝੂ ਲਕੀਰ ਬਣ ਕੇ ਵਗ ਤੁਰੇ ਅਤੇ ਖੱਬੀ ਅੱਖ ਵਿੱਚੋਂ ਨਿੱਕਲ਼ਿਆ ਹੰਝੂ ਚੋਂਦਾ ਹੋਇਆ ਉਸਦੇ ਕੰਨ ਵਿੱਚ ਚਲਾ ਗਿਆ।ਇਹ ਵਰਤਾਰਾ ਦੇਖ ਕੇ ਉਸਦੀ ਮਾਂ ਦੇ ਅਨੇਕਾਂ ਹੰਝੂ ਚੁੰਨੀ ਦੇ ਲੜ ਨਾਲ਼ ਵਿਰਲਾਪ ਕਰਨ ਲੱਗ ਗਏ ਸਨ।

ਉਹ ਦੋਵੇਂ ਕਾਰੇ ਦੇ ਦਵਾਈ ਲਾਉਣ ਮਗਰੋਂ ਬਾਹਰ ਬੱਚਿਆਂ ਨੂੰ ਪੜ੍ਹਾਉਣ ਲੱਗ ਗਏ।ਕੁਛ ਸਮੇਂ ਬਾਅਦ ਕਾਰੇ ਦਾ ਮੰਜਾ ਵੀ ਬਾਹਰ ਕੱਢ ਦਿੱਤਾ ਗਿਆ।ਉਹ ਦੂਰ ਪਿਆ ਹੀ ਉਨ੍ਹਾਂ ਵੱਲ ਦੇਖੀ ਜਾ ਰਿਹਾ ਸੀ।ਗਗਨ ਨੇ ਵੀ ਕਈ ਵਾਰੀ ਉਸ ਵੱਲ ਦੇਖਿਆ ਪਰ ਉਸਨੂੰ ਉਸਦਾ ਟਿਕਟਿਕੀ ਲਾ ਕੇ ਦੇਖਣਾ ਵੀ ਅਜ਼ੀਬ ਜਿਹਾ ਲੱਗ ਰਿਹਾ ਸੀ।ਉਸਨੂੰ ਕਈ ਵਾਰੀ ਡਰ ਤੇ ਹੈਰਾਨੀ ਨਾਲ਼ ਕੰਬਣੀ ਜਿਹੀ ਛਿੜ ਜਾਂਦੀ ਸੀ।

ਉਹ ਹੁਣ ਦੋਵੇਂ ਰੋਜ਼ ਹੀ ਸਵੇਰੇ ਆ ਜਾਂਦੇ ਸਨ।ਇਨ੍ਹਾਂ ਦੀ ਮੰਡੀ ਵਿਚਲੀ ਲਗਾਤਾਰਤਾ ਨੇ ਸੁਲਤਾਨ ਤੇ ਸਿਕੰਦਰ ਵਰਗੇ ਸਾਥੀਆਂ ਨੂੰ ਹੋਰ ਪਿਡਾਂ ਵਿੱਚ ਵੀ ਇਸ ਮਿਸ਼ਨ ’ਤੇ ਕੰਮ ਕਰਨ ਲਈ ਵਕਤ ਦੇ ਦਿੱਤਾ ਸੀ।ਉਹ ਕਈ ਦਿਨਾਂ ਤੋਂ ਕਾਰੇ ਦੀ ਸੰਭਾਲ਼ ਕਰਦੇ ਆ ਰਹੇ ਸਨ।ਅੱਜ ਉਹ ਵੀ ਕਾਫ਼ੀ ਤੰਦਰੁਸਤ ਲੱਗ ਰਿਹਾ ਸੀ।ਕਾਰਾ ਚੁੱਪ-ਚਾਪ ਪੱਟੀ ਕਰਵਾ ਲੈਂਦਾ।ਇੰਝ ਲੱਗਦਾ ਸੀ ਜਿਵੇਂ ਕਾਰਾ ਉਨ੍ਹਾਂ ਦੀ ਮਿਹਨਤ,ਲਗਨ ਤੇ ਸਮਰਪਿਣ ਦੀ ਭਾਵਨਾ ਅੱਗੇ ਪਸੀਜਿਆ ਗਿਆ ਹੋਵੇ,ਪਰ ਅਜੇ ਤੱਕ ਇੱਕ ਵੀ ਲਫ਼ਜ਼ ਉਸਦੇ ਬੁੱਲ੍ਹਾਂ ’ਤੇ ਨਹੀਂ ਸੀ ਆਇਆ।ਉਸਦਾ ਵਾਰ-ਵਾਰ ਗਗਨ ਨੂੰ ਦੇਖਣਾ ਗਗਨ ਦੇ ਮਨ ਵਿੱਚ ਵੀ ਸਹਿਮ ਪੈਦਾ ਕਰ ਰਿਹਾ ਸੀ।ਉਹ ਡਰਦੀ ਸੀ ਪਰ ਫਿਰ ਵੀ ਉਸਨੇ ਇਹ ਗੱਲ ਸ਼ਿਵਚਰਨ ਨਾਲ਼ ਕਦੇ ਸਾਂਝੀ ਨਹੀਂ ਸੀ ਕੀਤੀ।

ਅੱਜ ਵੀ ਕਾਰੇ ਨੇ ਆਪਣਾ ਮੰਜਾ ਉਨ੍ਹਾਂ ਤੋਂ ਦੂਰ ਡਾਹ ਲਿਆ ਸੀ।ਉਸਨੇ ਅੱਜ ਪਰਤ ਕੇ ਵੀ ਨਹੀਂ ਸੀ ਦੇਖਿਆ।ਗਗਨ ਨੇ ਵੀ ਕਈ ਵਾਰ ਉਸ ਵੱਲ ਦੇਖਿਆ ਪਰ ਉਹ ਮੰਜੇ ’ਤੇ ਅਹਿੱਲ ਪਿਆ ਸੀ।ਗਗਨ ਨੂੰ ਉਸ ਵੱਲ ਤੱਕਦੀਆਂ ਉਸਦੀਆਂ ਅੱਖਾਂ ਅੱਜ ਕਈ ਵਾਰ ਯਾਦ ਆਈਆਂ।ਉਹ ਉਸਦੀ ਨੀਅਤ,ਅਸਲੀਅਤ ਤੇ ਤਬੀਅਤ ਨੂੰ ਪਰਖਣ ਦਾ ਯਤਨ ਕਰ ਰਹੀ ਸੀ ਕਿ ਉਸੇ ਵਕਤ ਕਾਰੇ ਦੀ ਝੁੱਗੀ ’ਚੋਂ ਨਿੱਕਲ਼ੀ ਚੀਕ ਨੇ ਮੁਰਦਾ ਸ਼ਾਂਤੀ ਵਿੱਚ ਇੱਕਦਮ ਖਲਬਲ੍ਹੀ ਮਚਾ ਦਿੱਤੀ।ਸਾਰੇ ਹੀ ਉਸਦੀ ਝੁੱਗੀ ਵੱਲ ਜਾ ਰਹੇ ਸਨ।ਸ਼ਿਵਚਰਨ ਤੇ ਗਗਨ ਵੀ ਭੱਜ ਕੇ ਗਏ।ਚੀਕ ਹੁਣ ਮਾਤਮ ਵਿੱਚ ਬਦਲ ਚੁੱਕੀ ਸੀ।ਭੀੜ ਵਿੱਚਲੀਆਂ ਰੋਣ ਦੀਆਂ ਅਵਾਜ਼ਾਂ ਵੀ ਹੁਣ ਵੈਣਾਂ ਵਿੱਚ ਬਦਲ ਚੁੱਕੀਆਂ ਸਨ।

ਉਹ ਦੋਵੇਂ ਭੀੜ ਨੂੰ ਚੀਰਦੇ ਹੋਏ ਅੰਦਰ ਗਏ ਤਾਂ ਕਾਰੇ ਦਾ ਭਤੀਜਾ ਅੰਤਮ ਸਵਾਸ ਲੈ ਚੁੱਕਿਆ ਸੀ।ਸ਼ਿਵਚਰਨ ਨੇ ਜਦੋਂ ਉਸਦੀ ਘੁੱਟੀ ਹੋਈ ਮੁੱਠੀ ਖੋਲ੍ਹੀ ਤਾਂ ਉਸਦੀ ਮੁੱਠੀ ਵਿੱਚ ਡਰਗਜ਼ ਵਾਲ਼ੀ ਚਿੱਟੀ ਲਿਫ਼ਾਫ਼ੀ ਸੀ।ਕਿਸੇ ਦੇ ਬੋਲਣ ਤੋਂ ਪਹਿਲਾਂ ਹੀ ਸਭ ਨੂੰ ਹਾਲਾਤ ਬਿਆਨ ਹੋ ਚੁੱਕੇ ਸਨ।ਗਗਨ ਧਾਹਾਂ ਮਾਰਦੀ ਹੋਈ ਬਾਹਰ ਨੂੰ ਆ ਰਹੀ ਸੀ।ਉਸਦੇ ਪਿੱਛੇ ਹੀ ਬਜ਼ੁਰਗ ਔਰਤ ਲੋਥ ਨੂੰ ਚੁੱਕੀ ਆ ਰਹੀ ਸੀ।ਕਾਰਾ ਵੀ ਪਹੁੰਚ ਚੁੱਕਿਆ ਸੀ।ਉਹ ਨੀਂਦ ਵਿੱਚ ਹੋਣ ਕਾਰਨ,ਰੌਲ਼ਾ ਸੁਣ ਕੇ ਉੱਭੜਵਾਹੇ ਉੱਠਿਆਂ ਤਾਂ ਭੀੜ ਨੂੰ ਦੇਖ ਕੇ ਘਬਰਾ ਗਿਆ ਪਰ ਜਦੋਂ ਉਸਨੇ ਆਪਣੇ ਭਤੀਜੇ ਨੂੰ ਦੇਖਿਆ ਤਾਂ ਉਹ ਉੱਥੇ ਹੀ ਡਿੱਗ ਪਿਆ।ਗੋਡਾ ਇੱਕਦਮ ਹੇਠਾਂ ਵੱਜਣ ਕਾਰਨ ਬੰਨ੍ਹੀ ਪੱਟੀ ਵਿੱਚੋਂ ਖ਼ੂਨ ਸਿਮਣ ਲੱਗ ਗਿਆ ।ਉਸਦੀ ਮਾਂ ਨੇ ਲਾਸ਼ ਨੂੰ ਉਸਦੀ ਗੋਦੀ ਵਿੱਚ ਪਾਇਆ ਤਾਂ ਉਸਦੀ ਹਾਲਤ ਦੇਖ ਕੇ ਉਹ ਵੀ ਇਹ ਸਮਝ ਗਿਆ ਸੀ ਕਿ ਭੌਰ ਜਹਾਨੋਂ ਕੂਚ ਕਰ ਗਿਆ ਹੈ।ਉਸਦੀ ਮਾਂ ਉਸ ਕੋਲ਼ ਬੈਠ ਕੇ ਹੀ ਕੀਰਨੇ ਪਾਉਣ ਲੱਗ ਗਈ।ਬੱਚੇ ਦੀ ਮੁੱਠੀ'ਚੋਂ ਕਿਰਦੇ ਚਿੱਟੇ ਕਣ ਉਸਨੂੰ ਲਾਹਨਤਾਂ ਪਾ ਰਹੇ ਸਨ ਕਿਉਂਕਿ ਦੁਨੀਆਂ ਇੱਕ ਨਾੜੀ-ਤੰਤਰ ਹੀ ਹੈ ਜ਼ਹਿਰ ਜਿੱਥੇ ਮਰਜੀ ਛੱਡ ਦਿਓ ਨੁਕਸਾਨ ਤਾਂ ਆਪੇ ਨੂੰ ਹੀ ਹੋਵੇਗਾ।ਹੁਣ ਮਾਵਾਂ ਪੁੱਤਾਂ ਦੀਆਂ ਵੈਰਾਗਮਈ ਚੀਕਾਂ ਨੇ ਅਸਮਾਨ ਪਾਟਣ ਵਾਲ਼ਾ ਕਰ ਦਿੱਤਾ ਸੀ।ਬੱਚੇ ਦੇ ਮਾਂ-ਬਾਪ ਤਾਂ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਸਨ।ਗਗਨ ਤੇ ਸ਼ਿਵਚਰਨ ਭੀੜ ਦੇ ਪਿੱਛੇ ਜਿਹੇ ਖੜ੍ਹੇ ਹੁਬਕੀਂ-ਹੁਬਕੀਂ ਰੋ ਰਹੇ ਸਨ।

ਗਗਨ ਰੋਂਦੀ-ਰੋਂਦੀ ਉਸ ਵਕਤ ਤ੍ਰਭਕ ਜਿਹੇ ਗਈ ਜਦੋਂ ਉਸਨੇ ਦੇਖਿਆ ਕਿ ਕਾਰਾ ਉਸਦੇ ਗੋਡੇ ਫੜੀ ਬੈਠਾ ਸੀ।ਉਹ ਗਗਨ ਨੂੰ 'ਭੈਣ' ਤੇ ਸ਼ਿਵਚਰਨ ਨੂੰ 'ਵੀਰਿਆ' ਕਹਿ ਕੇ ਵਿਰਲਾਪ ਕਰਦਾ ਹੋਇਆ ਮਾਫ਼ੀ ਮੰਗ ਰਿਹਾ ਸੀ।ਉਸਨੇ ਗਵਾਇਆ ਤਾਂ ਭਾਵੇਂ ਆਪਣਾ ਹੀ ਸਭ ਕੁਛ ਸੀ ਪਰ ਉਸਦਾ ਉਨ੍ਹਾਂ ਤੋਂ ਮੁਆਫ਼ੀ ਮੰਗਣਾ ਉਸਦੀ ਗਹਿਰੀ ਸੋਚ ਦਾ ਪ੍ਰਗਟਾਵਾ ਕਰ ਰਿਹਾ ਸੀ।ਗਗਨ ਨੂੰ 'ਭੈਣ' ਸ਼ਬਦ ਸੁਣ ਕੇ ਪੂਰਾ ਅਹਿਸਾਸ ਹੋ ਗਿਆ ਸੀ ਕਿ ਉਹ ਇਸ ਭੈਣ ਦੇ ਅਹਿਸਾਸ ਨੂੰ ਉਹ ਕਈ ਦਿਨਾਂ ਦਾ ਦਿਲ 'ਚ ਸਮੋਈ ਬੈਠਾ ਸੀ ਪਰ ਅਹਿਸਾਸਾਂ ਦਾ ਪ੍ਰਗਟਾਵਾ ਏਨੀ ਵੱਡੀ ਕੁਰਬਾਨੀ ਮੰਗੇਗਾ ਇਸਦਾ ਗਗਨ ਨੂੰ ਭੋਰਾ ਵੀ ਅੰਦਾਜ਼ਾ ਨਹੀਂ ਸੀ।

ਹੁਣ ਮਾਤਮੀ ਮਹੌਲ ਵਿੱਚ ਸਿਕੰਦਰ,ਸੁਲਤਾਨ ,ਗੋਖਾ ਤੇ ਹੋਰ ਅਨੇਕਾਂ ਲੋਕ ਸ਼ਾਮਲ ਹੋ ਚੁੱਕੇ ਸਨ।ਮੌਤ ਦਾ ਕਾਰਨ ਸਹਿਮਤੀ ਨਾਲ਼ ਹੀ ਛੁਪਾ ਲਿਆ ਗਿਆ ਸੀ ਪਰ ਇਸ ਮੌਤ ਨੇ ਕਾਰੇ ਦੀ ਮਰੀ ਆਤਮਾ ਅੰਦਰ ਇਸ ਗੱਲ ਦੀ ਰੌਸ਼ਨੀ ਕਰ ਦਿੱਤੀ ਸੀ ਕਿ ਅੱਗ ਲਾਉਣ ਵਾਲ਼ੇ ਅੱਗ ਦੇ ਸੇਕ ਤੋਂ ਕਦੇ ਬਚ ਨਹੀਂ ਸਕਦੇ।

---

*

## ਕਾਂਡ-14

"ਅਸਲਮ ਸਾਹਿਬ! ਉਹ ਪਹਿਲੇ ਤੋੜ ਦੇ ਤੁਪਕੇ ਵਰਗੀ ਮੇਰੀ ਨਸ-ਨਸ ਵਿੱਚ ਵਸ ਗਈ ਏ।ਉਹਦੇ ਹੱਥ ਦੀ ਮਾਮੂਲੀ ਜਿਹੀ ਛੋਹ ਜਦੋਂ ਯਾਦ ਆਉਂਦੀ ਆ ਤਾਂ ਮੈਨੂੰ ਨਸ਼ੀਲਾ ਜਿਹਾ ਕਰ ਦਿੰਦੀ ਆ,ਮੇਰੇ ਅੰਦਰ ਦੀ ਜ਼ਹਿਰ ਮਿਠਾਸ 'ਚ ਬਦਲ ਜਾਂਦੀ ਆ ਜਨਾਬ...ਮੈਂ ਹਮੇਸ਼ਾ ਹੀ ਉਸਨੂੰ ਸੁਪਨੇ 'ਚੋਂ ਹਕੀਕਤ ਵਿੱਚ ਪਾਉਣ ਦੀ ਸੋਚਦਾ ਰਹਿਨਾ...।"

"ਬਾਬਿਓ! ਉਹ ਗੂੰਹ ਦੀ ਮੱਖੀ ਨੀ ਜੋ ਚੱਪਲ ਨਾਲ਼ ਲੱਗ ਕੇ ਅੰਦਰ ਆਜੂ,ਇਹ ਉਹ ਤਿਤਲੀ ਆ ਜੋ ਭੌਰਿਆਂ ਦੀ ਕੰਡ ਨੂੰ ਵੀ ਚੰਡ ਮਾਰ ਦਿੰਦੀ ਆ...ਸ਼ਿਕਾਰੀ ਦੇ ਸ਼ਿਕਾਰ ਤੋਂ ਕੋਹਾਂ ਦੂਰ ਏ।"

"ਤਾਂ ਫਿਰ ਉਸ ਛੋਹ ਦਾ ਕੀ ਕਰੀਏ ਜੋ ਮੋਹ ਪੈਦਾ ਕਰ ਗਈ ਏ ?"

"ਯੁਵਰਾਜ ਜੀ! ਮੈਂ ਤੁਹਾਡੀ ਖ਼ਿਦਮਤ ਵਿੱਚ ਤਾਂ ਆਪਣੀ ਮੁਹੱਬਤ ਨੂੰ ਵੀ ਟਾਕੀਆਂ ਲਾ ਦਿੱਤੀਆਂ,ਇਹ ਤਾਂ ਫੇਰ...ਕਰਦੇ ਹਾਂ...ਕਰਦੇ ਹਾਂ......ਕੁਛ।"

ਯੁਵਰਾਜ ਤੇ ਅਸਲਮ ਨੇ ਪੈੱਗ ਨਾਲ਼ ਪੈੱਗ ਟਕਰਾਉਂਦੇ ਹੋਏ ਸੈਲਰ ਦੇ ਬਣੇ ਏ.ਸੀ ਕਮਰੇ ਵਿੱਚ ਹਾਸਿਆਂ ਦੀ ਛਣਕਾਰ ਪੈਦਾ ਕਰ ਦਿੱਤੀ।ਹੁਣ ਯੁਵਰਾਜ ਦੀਆਂ ਦੀਆਂ ਨਿੱਕੀਆਂ ਪੁਤਲੀਆਂ ਵਿੱਚ ਗਗਨ ਦੀ ਹੀ ਤਸਵੀਰ ਘੁੰਮ ਰਹੀ ਸੀ।ਸਮਾਗਮ ਵਾਲ਼ੇ ਦਿਨ ਦਾ ਸਵਾਗਤੀ ਦ੍ਰਿਸ਼ ਉਸਦੀਆਂ ਅੱਖਾਂ ਅੱਗੇ ਘੁੰਮਣ ਲੱਗ ਗਿਆ ਸੀ।

ਅਸਲਮ ਤੇ ਉਹ ਅਕਸਰ ਹੀ ਹਵਸ ਬੁਝਾਉਣ ਤੇ ਖਾਣ-ਪੀਣ ਲਈ ਸੈਲਰ ਦੇ ਇਸ ਕਮਰੇ ਨੂੰ ਹੀ ਵਰਤਦੇ ਸਨ।ਇਹ ਉਨ੍ਹਾਂ ਦਾ ਵਹਿਸ਼ੀ ਅੱਡਾ ਆਖਿਆ ਜਾ ਸਕਦਾ ਸੀ।ਇਹ ਸੈਲਰ ਨਵੇਂ-ਨਵੇਂ ਬਣੇ,ਯੂਥ ਵਿੰਗ ਦੇ ਪ੍ਰਧਾਨ ਦੇ ਬਾਪੂ ਦਾ ਸੈਲਰ ਸੀ ਜੋ ਜਿਸਮਾਨੀ ਬੋਟੀਆਂ ਦੀਆਂ ਪੌੜੀਆਂ ਲਾ ਕੇ ਰਾਜਨੀਤਿਕ ਅਸਮਾਨ ਛੂਹਣਾ ਚਾਹੁੰਦਾ ਸੀ।

ਅਸਲਮ ਨੇ ਪੈੱਗ ਲਵਲੀ ਕਰਦੇ ਨੇ ਕਿਹਾ,"ਜਨਾਬ! ਜੇ ਤਿਤਲੀ ਨੂੰ ਡੱਬੀ ਵੱਚ ਬੰਦ ਕਰਨਾ ਤਾਂ ਆਪਾਂ ਨੂੰ ਪਠਾਨੀਏ ਤੇ ਘੁੱਦੇ ਨੂੰ ਜੇਲ੍ਹ 'ਚੋਂ ਬਾਹਰ ਕੱਢਣਾ ਪੈਣਾ...ਉਹ ਹੀ ਕਰ ਸਕਦੇ ਨੇ ਇਹ ਕੰਮ..।"

ਹੁਣ ਅਸਲਮ ਨੇ ਗਰਮ ਲੋਹੇ 'ਤੇ ਕੂਟਨੀਤਿਕ ਹਥੌੜੇ ਦੀ ਸੱਟ ਮਾਰ ਦਿੱਤੀ ਸੀ।ਉਹ ਸੋਚਦਾ ਸੀ ਕਿ ਉਸਦੇ ਚਹੇਤੇ ਵੀ ਬਾਹਰ ਆ ਜਾਣਗੇ ਅਤੇ ਗਗਨ ਤੇ ਸ਼ਿਵਚਰਨ ਦਾ ਵੀ ਮੱਕੂ ਠੱਪਿਆ ਜਾਊ ਕਿਉਂਕਿ ਅਸਲਮ ਉਨ੍ਹਾਂ ਨੂੰ ਆਪਣਾ ਪੱਕਾ ਦੁਸ਼ਮਣ ਸਮਝਦਾ ਸੀ।

ਯੁਵਰਾਜ ਪੈੱਗ ਦੇ ਵਧਦੇ ਨਸ਼ੇ ਵਿੱਚ ਗਗਨ ਦੀ ਮਾਸੂਮ ਤਸਵੀਰ ਨੂੰ ਆਪਣੀਆਂ ਅੱਖਾਂ ਵਿੱਚ ਉਘਾੜਦਾ ਹੋਇਆ ਮੁੱਛਾਂ 'ਤੇ ਹੱਥ ਫੇਰ ਰਿਹਾ ਸੀ ਤੇ ਅਸਲਮ ਆਪਣੇ ਲੰਬੇ ਵਾਲ਼ਾਂ ਵਿੱਚ ਹੱਥ ਫੇਰਦਾ ਹੋਇਆ ਜੇਤੂ ਮੁਸਕਾਨ ਵਿਖੇਰ ਰਿਹਾ ਸੀ ਤੇ ਨਾਲ਼ ਹੀ ਇਸਦਾ ਮਾੜਾ ਅੰਜਾਮ ਸੋਚ ਕੇ ਉਸਨੂੰ ਤ੍ਰੇਲ਼ੀ ਜਿਹੀ ਵੀ ਆ ਗਈ ਸੀ।

*

ਭਤੀਜੇ ਦੀ ਮੌਤ ਨੇ ਕਾਰੇ ਨੂੰ ਧੁਰ ਅੰਦਰ ਤੱਕ ਤੋੜ ਦਿੱਤਾ ਸੀ।ਉਹ ਹੁਣ ਸਾਰਾ ਦਿਨ ਆਪਣੀ ਕੋਠੜੀ ਵਿੱਚ ਪਿਆ ਰਹਿੰਦਾ ਤੇ ਜਦੋਂ ਵੀ ਉਹ ਭਤੀਜੇ ਦੀ ਲੋਥ ਦੇ ਹੱਥਾਂ 'ਚੋਂ ਕਿਰਦੇ ਚਿੱਟੇ ਕਣਾਂ ਨੂੰ ਮਹਿਸੂਸ ਕਰਦਾ ਤਾਂ ਉਸਦੇ ਅੰਦਰੋਂ ਕੜ੍ਹ ਪਾਟ ਜਾਂਦਾ,ਫਿਰ ਉਹ ਕਿਸੇ ਤੋਂ ਸੰਭਾਲ਼ਿਆ ਨਾ ਸੰਭਾਲ਼ ਹੁੰਦਾ।ਉਸਦੀਆਂ ਚੀਕਾਂ ਐਨੀਆਂ ਦਰਦਨਾਕ ਹੁੰਦੀਆਂ ਸਨ ਜੋ ਝੁੱਗੀਆਂ ਵਿੱਚੋਂ ਮਾਤਮੀ ਮਹੌਲ ਨੂੰ ਵਿਦਾ ਕਰਨ ਦਾ ਨਾਂ ਨਹੀਂ ਸੀ ਲੈਣ ਦਿੰਦੀਆਂ।ਪੱਥਰ ਇਨਸਾਨ ਐਨਾ ਟੁੱਟ ਸਕਦਾ,ਸਭ ਇਹ ਦੇਖ ਕੇ ਹੈਰਾਨ ਸਨ।

ਗਗਨ ਤੇ ਸ਼ਿਵਚਰਨ ਵੀ ਰੋਜ਼ਾਨਾ ਇਸ ਇਨਸਾਨ ਨੂੰ ਕਿਣਕਾ-ਕਿਣਕਾ ਹੁੰਦੇ ਦੇਖ ਰਹੇ ਸਨ।ਸ਼ਿਵਚਰਨ ਦੀ ਦੂਰ-ਅੰਦੇਸੀ ਸੋਚ ਉਸਦੇ ਅੰਦਰਲੇ ਇਨਸਾਨ ਨੂੰ ਪਿਘਲ਼ਦੇ ਹੋਏ ਦੇਖ ਰਹੀ ਸੀ।ਉਸਨੂੰ ਪਤਾ ਸੀ ਕਿ ਉਹ ਕਿਣਕਾ-ਕਿਣਕਾ ਹੋ ਕੇ ਹੀ ਤਿਣਕਾ-ਤਿਣਕਾ ਹੋਏ ਵਿਸ਼ਵਾਸ ਨੂੰ ਸਮੇਟ ਸਕਦਾ ਹੈ।

ਕਾਰੇ ਦੇ ਮਨ ਦੀ ਅੰਦਰਲੀ ਪਰਤ ਵਿੱਚ ਅਜਿਹੇ ਖ਼ੂਬਸੂਰਤ ਜਿਹੇ ਅਹਿਸਾਸ ਕਰਵਟ ਲੈਣ ਲੱਗ ਗਏ ਸਨ,ਜਿਨ੍ਹਾਂ ਦਾ ਉਸਨੂੰ ਕੋਈ ਅਹਿਸਾਸ ਨਹੀਂ ਸੀ।ਜਦੋਂ ਉਹ ਉਨ੍ਹਾਂ ਨੂੰ ਪੜ੍ਹਾਉਂਦੇ ਹੋਏ ਦੇਖਦਾ ਤਾਂ ਉਸਦੇ ਅੰਦਰੋਂ ਅਵੱਲੀ ਜਿਹੀ ਖ਼ੁਸ਼ੀ ਉਮੜ ਪੈਂਦੀ ਤੇ ਉਹ ਸੋਚਦਾ ਕਿ ਜ਼ਿੰਦਗੀ ਦੀਆਂ ਭਾਵੇਂ ਲੱਖਾਂ ਪਰਤਾਂ ਖੋਲ੍ਹ ਲਈਏ ਪਰ ਫਿਰ ਵੀ ਮਨੁੱਖ ਜ਼ਿੰਦਗੀ ਤੋਂ ਵਾਂਝਾ ਹੀ ਰਹੇਗਾ ਕਿਉਂਕਿ ਜ਼ਿੰਦਗੀ ਦੇ ਜਿੰਦਰੇ ਦੀ ਅਸਲੀ ਚਾਬੀ ਤਾਂ ਸ਼ਬਦ ਦਾ ਗਿਆਨ ਹੀ ਹੈ।

ਕਾਰੇ ਦੀ ਸੋਚ ਦੁਚਿੱਤੀ ਦੇ ਧਰਮ ਸੰਕਟ ਵਿੱਚ ਹੀ ਪਈ ਸੀ।ਉਹ ਸੋਚ ਰਿਹਾ ਸੀ ਕਿ ਉਸਨੂੰ ਝੁਗੀਆਂ ਵਿੱਚੋਂ ਨਿੱਕਲਣ ਲਈ ਕੋਈ ਟੇਢਾ ਰਸਤਾ ਹੀ ਅਪਨਾਉਣਾ ਪੈਣਾ ਨਹੀਂ ਤਾਂ ਉਹ ਇਸ ਗੰਦੀ ਨਾਲ਼ੀ ਦਾ ਕੀੜਾ ਬਣ ਕੇ ਰਹਿ ਜਾਵੇਗਾ।ਉਹ ਸੋਚਾਂ ਸੋਚਦਾ ਫਿਰ ਵੀ ਇਸ ਵਿਚਾਰ ਨਾਲ਼ ਸਹਿਮਤ ਹੋ ਗਿਆ ਸੀ ਕਿ ਉਹ ਟੇਢੇ ਕੰਮ ਤੇ ਨਸ਼ੇ ਦਾ ਧੰਦਾ ਤਿਆਗ ਦੇਵੇਗਾ ਪਰ ਝੁੱਗੀਆਂ ਵਿੱਚੋਂ ਦਿਸਦੀਆਂ ਭੁੱਖ,ਨੰਗ ਦੀਆਂ ਤਸਵੀਰਾਂ ਨੇ ਉਸਨੂੰ ਫਿਰ ਭਟਕਣਾ ਵਿੱਚ ਪਾ ਦਿੱਤਾ ਸੀ।ਨਲ਼ਕੇ ਕੋਲ਼ ਬੈਠੇ ਹੋਏ ਕੁੱਤੇ ਨੂੰ,ਜਿਸ ਦੇ ਖਾਜ ਪਈ ਹੋਈ ਸੀ ਤੇ ਦੂਜੇ ਪਾਸੇ ਖੂੰਜੇ ਵਿੱਚ ਬੈਠੀ ਬਜ਼ੁਰਗ ਔਰਤ ਜਿਸਦੇ ਫੋੜਿਆਂ ਦੇ ਜ਼ਖ਼ਮਾਂ ਵਿੱਚੋਂ ਖ਼ੂਨ ਚੋਅ ਰਿਹਾ ਸੀ,ਦੇਖ ਕੇ ਉਹ ਤੜਫ਼ ਉੱਠਿਆ। ਦੋਹਾਂ ਉੱਪਰ ਹੀ ਭਿਣਕਦੀਆਂ ਮੱਖੀਆਂ ਨੂੰ ਦੇਖ ਕੇ ਉਸਦੇ ਅੰਦਰੋਂ ਗੁਬਾਰ ਜਿਹਾ ਉੱਠਿਆ ਤੇ ਉਹ ਤੇਜ਼ੀ ਨਾਲ਼ ਉਲਟੀ ਕਰਨ ਲਈ ਬਾਹਰ ਨੂੰ ਦੌੜਿਆ।ਬਸ ਇਸੇ ਦ੍ਰਿਸ਼ ਨੇ ਉਸ ਅੰਦਰ ਪੈਦਾ ਹੋਏ ਧਰਮ ਸੰਕਟ ਨੂੰ ਇੱਕ-ਪਾਸੜ ਹੀ ਕਰ ਦਿੱਤਾ ਸੀ।

ਉਲਟੀ ਕਰਕੇ ਉਹ ਝੌਂਪੜੀ ਵਿੱਚ ਵਾਪਸ ਪਰਤਿਆ ਤੇ ਪੈਰੀਂ ਜੁੱਤੀ ਪਾ ਕੇ ਪਰਨੇ ਨੂੰ ਲਪੇਟਦਾ ਹੋਇਆ ਸ਼ਹਿਰ ਵੱਲ ਨੂੰ ਤੁਰ ਗਿਆ।ਜਦੋਂ ਸ਼ਿਵਚਰਨ ਦੀ ਪੜ੍ਹਾਉਂਦੇ ਦੀ ਨਿਗ੍ਹਾ ਉਸ ਵੱਲ ਗਈ ਤਾਂ ਉਸਦੀ ਤੋਰ ਨੂੰ ਵੇਖ ਕੇ ਉਸਨੂੰ ਮਹਿਸੂਸ ਹੋਇਆ ਕਿ ਪੱਥਰਾਂ ਦਾ ਸ਼ਾਇਦ ਸੱਚੀਂ ਭਾਵੁਕਤਾ ਨਾਲ਼ ਕੋਈ ਰਿਸ਼ਤਾ ਨਹੀਂ ਹੁੰਦਾ।ਜਿਨਾਂ ਸਮਾਂ ਪੱਥਰ,ਪੱਥਰ ਦੀ ਸੰਗਤ ਵਿੱਚ ਰਹੇਗਾ ਉਹ ਵੱਡਾ ਜ਼ਰੂਰ ਹੋਈ ਜਾਊਗਾ ਪਰ ਭਾਵੁਕ ਨਹੀਂ ਹੋ ਪਾਊਗਾ।ਸੋਚ-ਸੋਚ ਕੇ ਸ਼ਿਵਚਰਨ ਦਾ ਮਨ ਉਕਤਾ ਜਿਹੇ ਗਿਆ।ਅੱਜ ਗਗਨ ਵੀ ਉਸਦੇ ਨਾਲ਼ ਨਹੀਂ ਸੀ।ਉਹ ਇੱਕਦਮ ਉੱਠਿਆ ਤੇ ਬੱਚਿਆਂ ਨੂੰ ਹੱਥ ਹਿਲਾਉਂਦਾ ਹੋਇਆ ਬੱਸ-ਸਟੈਂਡ ਨੂੰ ਚਲਿਆ ਗਿਆ।

ਹੁਣ ਕਾਰਾ ਸ਼ਹਿਰ ਦੀਆਂ ਸੜਕਾਂ ਉੱਪਰ ਮਟਰ-ਗਸ਼ਤੀ ਕਰਦਾ ਫਿਰ ਰਿਹਾ ਸੀ।ਉਸਨੂੰ ਬਹੁਤ ਦਿਨਾਂ ਬਾਅਦ ਅੱਜ ਸ਼ਹਿਰ ਦੀ ਹਵਾ ਖਾਣ ਨੂੰ ਮਿਲ਼ੀ ਸੀ।ਉਸਨੂੰ ਲੱਗਦਾ ਸੀ ਕਿ ਉਹ ਨਸ਼ੇ ਦੇ ਧੰਦੇ ਨੂੰ ਛੱਡਣ ਬਾਰੇ ਗ਼ਲਤ ਸੋਚ ਰਿਹਾ ਸੀ।ਹੁਣ ਉਸਨੂੰ ਖਾਜ ਪਈ ਵਾਲ਼ਾ ਕੁੱਤਾ ਅਤੇ ਫੋੜਿਆਂ ਨਾਲ਼ ਉਗਲ਼ੀ ਹੋਈ ਬਜ਼ੁਰਗ ਔਰਤ ਫਿਰ ਯਾਦ ਆ ਗਈ ਸੀ।ਉਸਨੂੰ ਹੁਣ ਫਿਰ ਇੰਝ ਲੱਗ ਰਿਹਾ ਸੀ ਜਿਵੇਂ ਉਲਟੀ ਆ ਰਹੀ ਹੋਵੇ।ਉਹ ਸੋਚਦਾ ਹੋਇਆ ਗੱਡਾਖ਼ਾਨਾ ਚੌਂਕ ਕੋਲ਼ ਮੀਟ ਦੇ ਖੋਖੇ ਵਿੱਚ ਆ ਬੈਠਾ।

ਮੀਟ ਵਾਲ਼ਾ ਭੋਲਾ ਉਸਦਾ ਪੁਰਾਣਾ ਮਿੱਤਰ ਸੀ।ਭੋਲਾ ਮੁਰਗੀ ਦੀ ਗਰਦਣ ਨੂੰ ਝਟਕਾਉਂਦਾ ਹੋਇਆ ਬੋਲਿਆ,"ਕਾਰਿਆ! ਕਿੱਥੇ ਰਿਹਾਂ ਯਾਰ ਤੂੰ? ਮੈਨੂੰ ਤਾਂ ਤਲਬ ਨੇ ਹੀ ਮਾਰ ਲਿਆ,ਤੇਰੇ ਬਿਨਾਂ ਤਾਂ ਮੇਰੀ ਤੋੜ ਹਟਾਉਣ ਵਾਲ਼ਾ ਵੀ ਕੋਈ ਨਹੀਂ ਸੀ।"

ਕਾਰਾ ਸੜਕ 'ਤੇ ਜਾਂਦੀ ਸੁਨੱਖੀ ਜਿਹੀ ਜਨਾਨੀ ਵੱਲ ਇਸ਼ਾਰਾ ਕਰਕੇ ਖਿੜ-ਖਿੜਾ ਕੇ ਹੱਸ ਪਿਆ।ਭੋਲੇ ਦੁਆਰਾ ਪੀਪੇ ਵਿੱਚ ਸਿਰੀ ਵੱਢ ਕੇ ਸੁੱਟੀ ਮੁਰਗੀ ਵੀ ਹੁਣ ਸ਼ਾਂਤ ਹੋ ਗਈ ਸੀ।ਉਸਨੇ ਮੁਰਗੀ ਨੂੰ ਟੰਗਾਂ ਤੋਂ ਫੜ ਕੇ ,ਖੰਭਾਂ ਨੂੰ ਉਤਾਰਦੇ ਹੋਏ ਉਸਨੂੰ ਨੰਗਾ ਕਰ ਦਿੱਤਾ।ਕਾਰਾ ਨੰਗੀ ਜਿਹੀ ਮੁਰਗੀ ਦੀਆਂ ਲੱਤਾਂ ਉੱਪਰ ਹੱਥ ਫੇਰਦਾ ਮੁਸਕੜੀਆਂ ਜਿਹੀਆਂ ਹੱਸਦਾ ਦੁਕਾਨ 'ਚੋਂ ਬਾਹਰ ਹੋ ਗਿਆ।ਉਸਨੂੰ ਹੁਣ ਭੋਲੇ ਦੀ ਪਿੱਛੇ ਮਾਰੀ ਹਾਕ ਵੀ ਨਹੀਂ ਸੀ ਸੁਣਾਈ ਦਿੱਤੀ।

ਸੂਰਜ ਦੇ ਛਿਪਾਅ ਦੀ ਲਾਲੀ ਬਿਖਰ ਰਹੀ ਸੀ।ਬਜ਼ਾਰ ਦੀ ਰੌਣਕ ਹੁਣ ਸ਼ਹਿਰੀ ਲੋਕਾਂ ਨਾਲ਼ ਸੁਨਹਿਰੀ ਹੋ ਰਹੀ ਸੀ।ਪਿੰਡ ਦੀਆਂ ਸਵਾਰੀਆਂ ਹੁਣ ਵਕਤ ਦੀ ਧੂੜ ਫੱਕਦੀਆਂ ਪਿੰਡਾਂ ਨੂੰ ਪਰਤ ਗਈਆਂ ਸਨ ਤੇ ਸ਼ਹਿਰ ਦੇ ਮਰਦ,ਤ੍ਰੀਮਤਾਂ ਤੇ ਬੱਚੇ ਸ਼ਹਿਰੀ ਜ਼ਿੰਦਗੀ ਨੂੰ ਮਾਣਨ ਲਈ ਚੌਂਕਾਂ ਵਿੱਚ ਲੱਗੀਆਂ ਚਟਪਟੀਆਂ ਜਿਹੀਆਂ ਰੇੜ੍ਹੀਆਂ ਵੱਲ ਨੂੰ ਜਾ ਰਹੇ ਸਨ।ਕਾਰੇ ਨੂੰ ਹੁਣ ਇੱਕਦਮ ਖ਼ਿਆਲ ਆਇਆ ਕਿ ਕਿਉਂ ਨਾ ਫ਼ੁਹਾਰਾ ਚੌਂਕ ਨੂੰ ਜਾਇਆ ਜਾਵੇ ਕਿਉਂਕਿ ਫ਼ੁਹਾਰਾ ਚੌਂਕ ਇਸ ਵਕਤ ਸ਼ਹਿਰੀ ਚੋਹਲ-ਪੋਹਲ ਦਾ ਅਦੁਭਤ ਨਜ਼ਾਰਾ ਹੁੰਦਾ ਹੈ।ਨੌਜਵਾਨ ਮੁੰਡੇ ਕੁੜੀਆਂ ਤੇ ਸ਼ਹਿਰੀ ਤ੍ਰੀਮਤਾਂ ਲਈ ਇਹ ਆਨੰਦ ਦਾ ਪ੍ਰਤੀਕ ਬਣ ਜਾਂਦਾ ਹੈ।

ਗੱਡਾਖ਼ਾਨਾ ਚੌਂਕ ਵਿੱਚੋਂ ਕਾਰਾ ਫ਼ੁਹਾਰਾ ਚੌਂਕ ਨੂੰ ਮੁੜਨ ਹੀ ਲੱਗਿਆ ਸੀ ਪਰ ਉਸਦੀ ਭਟਕਣਾ ਉਸਨੂੰ ਖਿੱਚ ਕੇ ਅਸਲਮ ਦੀ ਕੋਠੀ ਵੱਲ ਲਿਜਾ ਰਹੀ ਸੀ।ਉਹ ਬਿਨਾਂ ਸੋਚੇ ਹੀ ਉੱਧਰ ਨੂੰ ਜਾ ਰਿਹਾ ਸੀ।ਉਹ ਅਸਲਮ ਦੀ ਕੋਠੀ ਕੋਲ ਚਲਿਆ ਗਿਆ।ਗੇਟ ਦੀ ਬੈੱਲ ਵਜਾਈ ਤਾਂ ਗੇਟ ਖੋਲ੍ਹਦਾ ਅਸਲਮ ਉਸਨੂੰ ਦੇਖ ਕੇ ਇੰਝ ਖਿੜ ਗਿਆ ਜਿਵੇਂ ਉਸਨੂੰ ਕੋਈ ਗਵਾਚੀ ਤੇ ਕੀਮਤੀ ਸ਼ੈਅ ਮਿਲ਼ ਗਈ ਹੋਵੇ।ਉਹ ਉਸਨੂੰ ਅੰਦਰ ਲਿਜਾਂਦਾ ਵਾਰ-ਵਾਰ ਉਸਦੀ ਪਿੱਠ ਥਾਪੜ ਰਿਹਾ ਸੀ ਜਿਵੇਂ ਆਖ ਰਿਹਾ ਹੋਵੇ ਕਿ "ਤੂੰ ਹੀ ਤਾਂ ਏਂ ਮੇਰੇ ਬਜ਼ਾਰ ਦੇ ਸੂਚਕ ਅੰਕ ਨੂੰ ਸ਼ਿਖ਼ਰ ਤੱਕ ਪਹੁੰਚਾਉਣ ਵਾਲ਼ਾ।"

ਕਾਰਾ ਤੇ ਅਸਲਮ ਹੁਣ ਲਾਅਨ ਦੀਆਂ ਉਨ੍ਹਾਂ ਕੁਰਸੀਆਂ 'ਤੇ ਬੈਠੇ ਸਨ ਜਿੱਥੋਂ ਕਾਰਾ ਉਸ ਦਿਨ ਉੱਠ ਕੇ ਗਿਆ ਸੀ।ਛਿਣਾਂ ਵਿੱਚ ਹੀ ਅਸਲਮ ਨੇ ਬੋਤਲ ਤੇ ਗਲਾਸ ਟੇਬਲ 'ਤੇ ਲਿਆ ਰੱਖੇ।ਉਸਨੂੰ ਪਤਾ ਸੀ ਕਿ ਧੰਦੇ ਤੇ ਬੰਦੇ ਦਾ ਬਹੁਤ ਗਹਿਰਾ ਸਬੰਧ ਆ,ਜੇ ਬੰਦਾ ਨੀ ਤਾਂ ਧੰਦਾ ਨੀ।

ਅਸਲਮ ਆਪਣੇ ਗਿਆਨ ਦੀ ਤਾਕਤ ਨੂੰ ਬਸ ਬੰਦਿਆਂ ਤੇ ਧੰਦਿਆਂ ਵਿੱਚ ਹੀ ਨਸ਼ਟ ਕਰ ਰਿਹਾ ਸੀ।ਉਸਨੂੰ ਨਹੀਂ ਪਤਾ ਸੀ ਕਿ ਉਹ ਸਾਡੇ ਸਮਾਜ ਦਾ ਅਜਿਹਾ ਸੁਨਹਿਰੀ ਬੂਟਾ ਹੈ ਜਿਸਦੀ ਹੋਂਦ ਵਿੱਚ ਕਿੰਨੀਆਂ ਹੀ ਕਰੂੰਬਲ਼ਾਂ ਬੋਹੜ ਦਾ ਰੂਪ ਲੈ ਸਕਦੀਆਂ ਹਨ,ਪਰ ਉਹ ਅੱਕਾਂ ਵਾਂਗ ਜ਼ਹਿਰੀ ਦੁੱਧ ਵੰਡ ਰਿਹਾ ਸੀ ਤੇ ਉਸਦਾ ਭਵਿੱਖ ਅੱਕਾਂ ਦੀਆਂ ਕੁਕੜੀਆਂ ’ਚੋਂ ਨਿੱਕਲ਼ਦੀਆਂ ਫੰਬੀਆਂ ਵਾਂਗ ਵਾਸਤਵਿਕਤਾ ਤੋਂ ਦੂਰ ਆਪਣੀ ਹੋਂਦ ਨੂੰ ਗਵਾ ਰਿਹਾ ਸੀ।

ਕੁਛ ਸਮਾਂ ਅਸਲਮ ਕਾਰੇ ਨੂੰ ਦੇਖਦਾ ਰਿਹਾ।ਉਸਨੂੰ ਕਾਰੇ ਵਿੱਚੋਂ ਕਾਰਾ ਗਾਇਬ ਜਿਹਾ ਹੀ ਹੋ ਗਿਆ ਲੱਗਦਾ ਸੀ।ਕਾਰਾ ਸੋਚਾਂ ਵਿੱਚ ਡੁੱਬਿਆ ਪਿਆ ਸੀ ਪਰ ਅਸਲਮ ਉਸ ਵੱਲ ਦੇਖ ਕੇ ਖ਼ੁਸ਼ ਹੋ ਰਿਹਾ ਸੀ ਕਿ ਚਲੋ ਕੋਈ ਤਾਂ ਮੁੜਿਆ ਉਸਦੇ ਧੰਦੇ ਨੂੰ ਅੱਗੇ ਤੋਰਨ ਵਾਲ਼ਾ।ਉਹ ਕੁਛ ਸਮਾਂ ਕਾਰੇ ਨੂੰ ਦੇਖਦਾ ਰਿਹਾ ਫਿਰ ਉਸਨੇ ਗਲਾਸਾਂ ਵਿੱਚ ਪੈੱਗ ਪਾਇਆ ਪਰ ਕਾਰੇ ਨੂੰ ਪੈੱਗ ਪਾਉਣ ਦਾ ਕੋਈ ਪਤਾ ਨਾ ਚੱਲਿਆ।ਉਸਨੂੰ ਤਾਂ ਆਪਣੀ ਸ਼ਾਖ਼ ਤੋਂ ਝੜ ਚੁੱਕੇ ਉਸਦੇ ਭਤੀਜੇ ਰੂਪੀ ਪੱਤੇ ਦਾ ਹੀ ਸਦਮਾ ਲੈ ਬੈਠਾ ਸੀ।ਉਸਦੇ ਤਾਂ ਖ਼ਿਆਲਾਂ ਵਿੱਚ ਖਾਜ ਪਿਆ ਕੁੱਤਾ ਅਤੇ ਫੋੜੇ ਰਿਸਦੀ ਬਜ਼ੁਰਗ ਔਰਤ ਅਜੇ ਵੀ ਹੰਝੂ ਬਿਖੇਰ ਰਹੀ ਸੀ।ਜਦੋਂ ਹੀ ਅਸਲਮ ਨੇ ਕਾਰੇ ਦੇ ਹੱਥ ’ਤੇ ਹੱਥ ਰੱਖਿਆ ਤਾਂ ਉਸਨੂੰ ਉਸਦੀ ਮੁੱਠੀ ’ਚੋਂ ਉਹੀ ਚਿੱਟੇ ਕਣ ਕਿਰਦੇ ਨਜ਼ਰ ਆਏ ਜੋ ਉਸਦੇ ਭਤੀਜੇ ਦੀ ਲਾਸ਼ ਦੀ ਮੁੱਠੀ ਵਿੱਚੋਂ ਕਿਰ ਰਹੇ ਸਨ।ਉਸਨੇ ਆਪਣਾ ਹੱਥ ਇੱਕਦਮ ਪਿਛਾਂਹ ਖਿੱਚ ਲਿਆ।ਹੁਣ ਉਸਦੇ ਮੱਥੇ ’ਤੇ ਤ੍ਰੇਲ਼ੀਆਂ ਆ ਗਈਆਂ।ਜਦੋਂ ਹੀ ਉਸਨੇ ਪੈੱਗ ਉਸਦੇ ਹੱਥ ਵਿੱਚ ਦਿੱਤਾ ਤਾਂ ਉਸਨੂੰ ਗਗਨ ਦਾ ਮਾਸੂਮ ਚਿਹਰਾ ਯਾਦ ਆ ਗਿਆ। ਜਿਸਨੂੰ ਉਹ ਭੈਣ ਦਾ ਦਰਜਾ ਦੇ ਚੁੱਕਿਆ ਸੀ।

ਅਸਲਮ ਹੁਣ ਆਪਣੇ ਲੰਬੇ ਵਾਲ਼ਾਂ ਵਿੱਚ ਹੱਥ ਫੇਰਦਾ ਹੋਇਆ ਉਸਨੂੰ ਤਬਾਹੀ ਦਾ ਸੰਕੇਤ ਦੇ ਰਿਹਾ ਸੀ।ਸਾਰੀਆਂ ਹੀ ਗੱਲਾਂ ਕਾਰੇ ਦੇ ਦਿਲ,ਦਿਮਾਗ ਵਿੱਚ ਫਿਲਮ ਵਾਂਗ ਘੁੰਮ ਰਹੀਆਂ ਸਨ।ਉਸਦੇ ਕੰਨਾਂ ਵਿੱਚੋਂ ਹੁਣ ਸੇਕ ਨਿੱਕਲ਼ ਰਿਹਾ ਸੀ।ਅਸਲਮ ਉਸਦੇ ਬਦਲਦਾ ਚਿਹਰਾ ਦੇਖ ਕੇ ਠੀਕ ਜਿਹਾ ਹੋ ਕੇ ਬੈਠ ਗਿਆ ।ਕਾਰੇ ਦੇ ਅੰਦਰ ਬਗਾਵਤੀ ਲਾਵਾ ਜ਼ੋਰ ਫੜ ਚੁੱਕਿਆ ਸੀ।ਜਦੋਂ ਹੀ ਅਸਲਮ ਨੇ ਉਸਨੂੰ ਹਲੂਣਿਆ ਤਾਂ ਕਾਰੇ ਨੇ ਉੱਠਦੇ ਸਾਰ ਹੀ ਆਪਣਾ ਪੈੱਗ ਟੇਬਲ ਉੱਤੇ ਰੱਖ ਦਿੱਤਾ।ਉਹ ਦਰਵਾਜੇ ਵੱਲ ਵਧਿਆ ਤਾਂ ਅਸਲਮ “ਕਾਰੇ!..ਕਾਰੇ!...” ਦੀਆਂ ਅਵਾਜ਼ਾਂ ਮਾਰਦਾ ਉਸਦੇ ਪਿੱਛੇ ਆ ਰਿਹਾ ਸੀ।ਹੁਣ ਉਸਨੂੰ ਆਪਣੇ ਬਜ਼ਾਰ ਦਾ ਸੂਚਕ-ਅੰਕ ਫਿਰ ਗਿਰਾਵਟ ਵੱਲ ਜਾਂਦਾ ਨਜ਼ਰ ਆ ਰਿਹਾ ਸੀ।

ਉਸਨੇ ਜਿਉਂ ਹੀ ਕਾਰੇ ਦਾ ਮੋਢਾ ਫੜਿਆ ਤਾਂ ਕਾਰੇ ਦੀਆਂ ਲਾਲ ਅੱਖਾਂ ਹੁਣ ਜਵਾਲਾ ਉਗਲ਼ ਰਹੀਆਂ ਸਨ।ਉਹ ਇੱਕਦਮ ਪਿਛਾਂਹ ਹਟ ਗਿਆ।ਪਲਾਂ ਵਿੱਚ ਹੀ ਕਾਰਾ ਗ਼ੁਲਾਮੀ ਦੇ ਇਸ ਵਰਤਾਰੇ ਤੋਂ ਸੁਰਖ਼ੁਰੂ ਹੋ ਕੇ ਗੱਡਾਖ਼ਾਨਾ ਚੌਂਕ ਵੱਲ ਚਲਿਆ ਗਿਆ।ਹੁਣ ਉਹ ਖ਼ੁਦ ਨੂੰ ਇਸ ਤਰ੍ਹਾਂ ਭਾਰ-ਮੁਕਤ ਮਹਿਸੂਸ ਕਰ ਰਿਹਾ ਸੀ ਜਿਵੇਂ ਸਦੀਆਂ ਦੀ ਗ਼ੁਲਾਮੀ ਨੂੰ ਮੋਢਿਆਂ ਤੋਂ ਉਤਾਰ ਆਇਆ ਹੋਵੇ।

ਅਸਮਾਨ ’ਤੇ ਟਿਮਟਿਮਾਉਂਦੇ ਤਾਰੇ ਹੁਣ ਕਾਰੇ ਦੀਆਂ ਅੱਖਾਂ ’ਚੋਂ ਨਿੱਕਲ਼ਦੀ ਜਵਾਲਾ ਨੂੰ ਦੂਧੀਆ ਕਰ ਰਹੇ ਸਨ।ਸੜਕਾਂ ’ਤੇ ਤੁਰੇ ਫਿਰਦੇ ਲੋਕਾਂ ਵਿੱਚੋਂ ਹੁਣ ਉਸਨੂੰ ਅਪਣੱਤ ਦੀ ਖ਼ੁਸ਼ਬੂ ਆਉਣ ਲੱਗ ਗਈ ਸੀ।ਉਹ ਹੁਣ ਜੀਵਨ ਤੇ ਮੌਤ ਦੇ ਫ਼ਰਕ ਨੂੰ ਹੰਢਾ ਆਇਆ ਸੀ।ਉਸਦੇ ਅੰਦਰ ਹੁਣ ਜੀਵਨ ਪ੍ਰਤੀ ਮੁਹੱਬਤ ਵਰਗੀ ਕੋਈ ਸ਼ੈਅ ਜਨਮ ਲੈ ਚੁੱਕੀ ਸੀ।ਤਰਪਾਲਨੁਮਾ ਸਕੂਲ ਹੁਣ ਉਸਨੂੰ ਵਿਸ਼ਵ-ਵਿਦਿਆਲਿਆ ਲੱਗਣ ਲੱਗ ਗਿਆ ਸੀ।ਮਾਂ ਦੀ ਮਮਤਾ ਉਸ ਲਈ ਹੁਣ ਖ਼ੂਬਸੂਰਤ ਅਹਿਸਾਸ ਬਣ ਗਈ ਸੀ।ਉਸਨੂੰ ਹੁਣ ਆਪਣੇ ਇਨਸਾਨ ਹੋਣ ’ਤੇ ਮਾਣ ਮਹਿਸੂਸ ਹੋ ਰਿਹਾ ਸੀ।

ਪਲਾਂ ’ਚ ਹੀ ਕਾਰੇ ਦੀ ਸੋਚ ਵਿੱਚ ਆਏ ਬਦਲਾਵ ਨੇ ਕਾਰੇ ਨੂੰ ਕਿੰਨਾ ਬਦਲ ਦਿੱਤਾ ਸੀ।ਹੁਣ ਉਹ ਸੋਚ ਰਿਹਾ ਸੀ ਕਿ ਇਨਸਾਨ ਤੇ ਹੈਵਾਨ ਦਾ ਫ਼ਰਕ ਬਸ ਐਨੇ ਕੁ ਪਲਾਂ ਦਾ ਹੀ ਤਾਂ ਹੈ।ਉਸਨੂੰ ਹੁਣ ਮਿੱਟੀ ਵਿੱਚੋਂ ਖ਼ੁਸ਼ਬੂ ਆਉਣ ਲੱਗਦੀ ਹੈ।ਰਿਸ਼ਤਿਆਂ ਵਿੱਚੋਂ ਨਿੱਘ ਮਹਿਸੂਸ ਹੋਣ ਲੱਗਦਾ ਹੈ।ਉਹ ਹੁਣ ਇਸ ਤਰ੍ਹਾਂ ਦੇ ਹੀ ਸਵੈ-ਵਿਸ਼ਵਾਸ ਤੇ ਸਵੈ-ਚੇਤਨਾ ਦੇ ਪ੍ਰਕਾਸ਼ ਨਾਲ਼ ਇਨਸਾਨੀ ਹੋਂਦ ਮਹਿਸੂਸ ਕਰਦਾ ਹੋਇਆ ਝੁੱਗੀਆਂ ਵਿੱਚ ਵਾਪਸ ਪਰਤ ਰਿਹਾ ਸੀ।

ਜਦੋਂ ਤੱਕ ਉਹ ਝੁੱਗੀ ਵਿੱਚ ਪਹੁੰਚਿਆ ਤਾਂ ਸਾਰੇ ਪਾਸੇ ਚਹਿਲ-ਪਹਿਲ ਜਿਹੀ ਸੀ।ਉਸਨੂੰ ਹਰੇਕ ਚਿਹਰੇ ’ਤੋਂ ਸਾਦਗੀ,ਸੰਤੁਸ਼ਟਤਾ ਤੇ ਸਪਸ਼ਟਤਾ ਦੇ ਚਿੰਨ੍ਹ ਦਿਖ ਰਹੇ ਸਨ।ਬੱਚਿਆਂ ਦੀਆਂ ਬੇਪਰਵਾਹ ਕਿਲਕਾਰੀਆਂ ਤੇ ਇੱਕਾ-ਦੁੱਕਾ ਬੱਚਿਆਂ ਦੇ ਹੱਥ ਵਿੱਚ ਫੜੀਆਂ ਕਿਤਾਬਾਂ ਉਸਨੂੰ ਜ਼ਿੰਦਗੀ ਦਾ ਸੁਨਹਿਰੀ ਅਹਿਸਾਸ ਕਰਵਾ ਰਹੀਆਂ ਸਨ।ਇਨ੍ਹਾਂ ਸਾਰਿਆਂ ਨੂੰ ਦੇਖ ਕੇ ਉਸਨੇ ਪਹਿਲਾਂ ਕਦੇ ਵੀ ਇਸ ਤਰਾਂ ਮਹਿਸੂਸ ਨਹੀਂ ਸੀ ਕੀਤਾ ਕਿਉਂਕਿ ਉਸਦੀਆਂ ਪੁਤਲੀਆਂ ਵਿੱਚ ਕਦੇ ਇਸ ਤਰ੍ਹਾਂ ਦਾ ਨਜ਼ਰੀਆ ਆਇਆ ਹੀ ਨਹੀਂ ਸੀ।

ਉਹ ਆਪਣੀ ਝੌਂਪੜੀ ਵਿੱਚ ਚਲਾ ਗਿਆ।ਉਸਦੀ ਮਾਂ ਉਸ ਲਈ ਰੋਟੀ ਲੈ ਕੇ ਆਈ।ਜਦੋਂ ਉਸਨੇ ਰੋਟੀ ਰੱਖਦੀ ਨੇ ਉਸਦੇ ਵਾਲ਼ਾਂ ਵਿੱਚ ਹੱਥ ਫੇਰਿਆ ਤਾਂ ਉਸਨੂੰ ਅੱਜ ਜੰਨਤ ਦਾ ਅਹਿਸਾਸ ਹੋਇਆ ਤੇ ਉਸਨੂੰ ਝੁੱਗੀ ਸਵਰਗ ਜਾਪੀ।ਮਾਂ ਜਾ ਚੁੱਕੀ ਸੀ ਪਰ ਉਸਦੀ ਸਦੀਵੀ ਹੋਂਦ ਉਸਨੂੰ ਉਸਦੀ ਅੰਦਰਲੀ ਪਰਤ ਵਿੱਚੋਂ ਮਹਿਸੂਸ ਹੋਣ ਲੱਗ ਪਈ ਸੀ।

ਰਾਤ ਦੇ ਹਨ੍ਹੇਰੇ ਨੇ ਆਪਣਾ ਗਾੜ੍ਹਾਪਣ ਵਧਾ ਦਿੱਤਾ ਸੀ।ਸ਼ਹਿਰ ਦੀਆਂ ਸੜਕਾਂ ਤੋਂ ਪਾਂ-ਪਾਂ..ਟੀਂ-ਟੀਂ ਦੀਆਂ ਅਵਾਜ਼ਾਂ ਲਗਭਗ ਬੰਦ ਹੋ ਚੁੱਕੀਆਂ ਸਨ ਪਰ ਝੁੱਗੀਆਂ ਦੇ ਆਲ਼ੇ-ਦੁਆਲ਼ਿਓਂ ਬੀਂਡਿਆਂ ਦੀ ਟੀਂ-ਟੀਂ ਲਗਾਤਾਰ ਵਧਦੀ ਜਾ ਰਹੀ ਸੀ।ਕਪਾਹ ਮੰਡੀ ਦਿਆਂ ਖੰਭਿਆਂ ’ਤੇ ਲੱਗੇ ਬਲਬ ਝੁੱਗੀਆਂ ਵਿੱਚ ਵੀ ਦੂਧੀਆ ਰੌਸ਼ਨੀ ਸੁੱਟ ਕੇ ਆਪਣੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ।

ਰਾਤ ਕਾਫ਼ੀ ਗਹਿਰੀ ਹੋ ਚੁੱਕੀ ਸੀ ਕਾਰਾ ਪਾਸੇ ਮਾਰਦਾ ਬੇਚੈਨੀ ਜਿਹੀ ਮਹਿਸੂਸ ਕਰ ਰਿਹਾ ਸੀ ਕਿਉਂਕਿ ਸੋਚ ਤੋਂ,ਸੁਭਾਅ ਤੋਂ,ਹਾਲਾਤ ਤੇ ਸਮੇਂ ਦੇ ਨਿਜ਼ਾਮ ਤੋਂ ਉਲਟ ਚੱਲਣਾ ਤੇ ਮਰੀ ਹੋਈ ਜ਼ਮੀਰ ’ਚੋਂ ਸਾਹਾਂ ਦਾ ਸੁਲ਼ਘਣਾ ਵੀ, ਸ਼ਾਇਦ ਕਾਰੇ ਲਈ ਅਸਹਿਣਯੋਗ ਹੋ ਰਿਹਾ ਸੀ।ਝੌਂਪੜੀ ਦੀਆਂ ਝੀਥਾਂ ਵਿੱਚੋਂ ਆ ਰਹੇ ਚਾਨਣ ਨੇ ਉਸਦੀ ਆਤਮਾ ਨੂੰ ਹੁਣ ਹੋਰ ਵੀ ਨਿਖਾਰ ਦਿੱਤਾ ਸੀ।

ਉਹ ਉੱਠ ਕੇ ਝੌਂਪੜੀ ਤੋਂ ਬਾਹਰ ਆ ਗਿਆ।ਹੁਣ ਉਹ ਸਿੱਧਾ ਉਸ ਪਾਸੇ ਵੱਲ ਹੋ ਗਿਆ ਜਿੱਥੇ ਉਸ ਦੁਆਰਾ ਤੋੜੇ ਸਕੂਲ ਦੀਆਂ ਤਰਪਾਲਾਂ ਤੇ ਹੋਰ ਸਮਾਨ ਪਿਆ ਸੀ।ਉਹ ਕੁਛ ਸਮਾਂ ਇੱਧਰ-ਉੱਧਰ ਕੁਛ ਲੱਭਦਾ ਰਿਹਾ ਤੇ ਫਿਰ ਉਸਨੇ ਖੂੰਜੇ ਵਿੱਚੋਂ ਸੱਬਲ਼ ਚੁੱਕੀ ਤੇ ਬਾਂਸਾਂ ਦੇ ਗੱਡਣ ਲਈ ਟੋਏ ਪੁੱਟਣ ਲੱਗ ਗਿਆ।ਖੜਾਕ ਨਾਲ਼ ਖਾਜ ਪਏ ਕੁੱਤੇ ਨੇ ਵੀ ਕੰਨ ਖੜ੍ਹੇ ਕਰ ਲਏ ਤੇ ਜ਼ਖ਼ਮਾਂ ਨਾਲ਼ ਕਰ੍ਹਾਉਂਦੀ ਬਜ਼ੁਰਗ ਔਰਤ ਦੀਆਂ ਹੂੰਗਾਂ ਵੀ ਬੰਦ ਹੋ ਗਈਆਂ।

ਥੋੜ੍ਹੇ ਹੀ ਵਕਫ਼ੇ ਵਿੱਚ ਉਸਨੇ ਬਾਂਸਾਂ ਨੂੰ ਖੜ੍ਹਾ ਕਰ ਦਿੱਤਾ ਸੀ।ਝੁੱਗੀਆਂ ਦੀਆਂ ਝੀਥਾਂ ਵਿੱਚੋਂ ਦੇਖਦੇ ਹੋਰ ਲੋਕ ਵੀ ਹੁਣ ਬਾਹਰ ਆ ਚੁੱਕੇ ਸਨ।ਬਾਂਸਾਂ ਦੇ ਖੜਾਕ ਨੇ ਅੱਧ-ਪਚੱਧੇ ਬੱਚਿਆਂ ਨੂੰ ਵੀ ਨੀਂਦ ਤੋਂ ਜਗਾ ਦਿੱਤਾ ਸੀ।ਪਤਾ ਹੀ ਨਾ ਲੱਗਿਆ ਕਦੋਂ ਸਾਰਿਆਂ ਇੱਕਠੇ ਹੋ ਕੇ ਤੀਲ੍ਹਾ-ਤੀਲ੍ਹਾ ਹੋਏ ਭਾਵਨਾਵਾਂ ਰੂਪੀ ਸਕੂਲ ਨੂੰ ਕਦੋਂ ਪਲਾਂ ਵਿੱਚ ਹੀ ਖੜ੍ਹਾ ਕਰ ਦਿੱਤਾ ਸੀ।ਕਾਰੇ ਦੇ ਹੌਸਲੇ ਨੇ ਝੁਗੀਆਂ ਵਿੱਚ ਅੱਧੀ ਰਾਤ ਨੂੰ ਵੀ ਵਿਸ਼ਵਾਸ ਤੇ ਗਿਆਨ ਦਾ ਸੂਰਜ ਉਦੈ ਕਰ ਦਿੱਤਾ ਸੀ।ਇਨ੍ਹਾਂ ਦਾ ਇਹ ਵਿਸ਼ਵਾਸ ਹੀ ਉਹਨਾਂ ਦੇ ਵਿਕਾਸ ਦੀ ਮੂੰਹ ਬੋਲਦੀ ਤਸਵੀਰ ਸੀ।

ਕਾਰਾ ਹੁਣ ਸੰਜੀਦਗੀ ਤੇ ਫ਼ਰਾਖਦਿਲੀ ਨਾਲ਼ ਗਗਨ ਤੇ ਸ਼ਿਵਚਰਨ ਦੀ ਉਡੀਕ ਕਰਨ ਲੱਗ ਗਿਆ ਸੀ।ਪਰ ਗਗਨ ਤੇ ਸ਼ਿਵਚਰਨ ਅੱਜ ਸਿੱਧੇ ਹੀ ਕਾਲਜ ਚਲੇ ਗਏ ਸਨ।

“ਸ਼ਿਵਚਰਨ! ਦਾਦਾ-ਦਾਦੀ ਦਾ ਕੀ ਹਾਲ਼ ਆ,ਪਤਾ ਤਾਂ ਲਿਆ ਸੀ ਉਨ੍ਹਾਂ ਦਾ ਕਿ ਨਹੀਂ।” ਗਗਨ ਨੇ ਸ਼ਿਵਰਨ ਨੂੰ ਪੁੱਛਿਆ।

“ਹਾਂ,ਕਈ ਵਾਰੀ ਮਿਲ਼ ਆਇਆਂ ਉਨ੍ਹਾਂ ਨੂੰ,ਹੁਣ ਤਾਂ ਪ੍ਰਿੰਸ ਹੀ ਹੁੰਦਾ ਦੁਕਾਨ ’ਤੇ ਜਦੋਂ ਦਾ ਛੋਟੂ ਫ਼ਰਾਰ ਹੋਇਆ।”

"ਪਰ...ਪ੍ਰਿੰਸ ਤਾਂ ਕਾਲਜ ਹੁੰਦਾ।"

"ਕਾਲਜ ਤੋਂ ਬਾਅਦ ਦੀ ਅਤੇ ਐਤਵਾਰ ਦੀ ਡਿਉਟੀ ਪ੍ਰਿੰਸ ਦੀ ਹੀ ਹੁੰਦੀ ਆ।"

ਗਗਨ ਤੇ ਸ਼ਿਵਚਰਨ ਕੰਟੀਨ ਦੇ ਪਿਛਲੇ ਪਾਸੇ ਪੱਥਰ ਦੀਆਂ ਬਣੀਆਂ ਕੁਰਸੀਆਂ 'ਤੇ ਬੈਠੇ ਗੱਲਾਂ ਕਰ ਰਹੇ ਸਨ।ਉਹ ਮਘੋਰਿਆਂ ਵਿਚਲੀ ਕੰਧ 'ਚੋਂ ਦੀ ਕੰਟੀਨ ਵਿੱਚ ਆਉਂਦੇ ਹਰੇਕ ਵਿਅਕਤੀ ਨੂੰ ਦੇਖ ਵੀ ਰਹੇ ਸਨ।ਗਗਨ ਨੇ ਅਛੋਪਲੇ ਜਿਹੇ ਬੇਝਿਜਕ ਹੀ ਸ਼ਿਵਚਰਨ ਦੇ ਹੱਥ 'ਤੇ ਹੱਥ ਰੱਖਦਿਆਂ ਉਸਦੇ ਹੱਥ ਨੂੰ ਘੁੱਟ ਲਿਆ।ਜਦੋਂ ਉਸਨੇ ਹੈਰਾਨੀ ਨਾਲ਼ ਉਸ ਵੱਲ ਦੇਖਿਆ ਤਾਂ ਉਸਨੇ ਇੱਕਦਮ ਹੱਥ ਚੁੱਕਦੀ ਨੇ ਕਿਹਾ,"ਮੈਨੂੰ ਵੀ ਮਿਲ਼ਾ ਦੇ ਕਦੇ ਦਾਦਾ-ਦਾਦੀ ਨਾਲ਼......ਮੈਂ ਤਾਂ ਵਕੀਲਾਂ ਮਾਂ ਨੂੰ ਵੀ ਨਹੀਂ ਦੇਖਿਆ।"

"ਹਾਂ, ਮੇਰਾ ਵੀ ਵਿਚਾਰ ਸੀ ਕਿ ਹੁਣ ਜਦੋਂ ਵੀ ਗਿਆ ਤਾਂ ਤੈਨੂੰ ਨਾਲ਼ ਹੀ ਲੈ ਕੇ ਜਾਵਾਂ।"

"ਸੱਚੀਂ!..." ਗਗਨ ਨੇ ਖ਼ੁਸ਼ੀ ਵਿੱਚ ਉੱਛਲ਼ਦੀ ਨੇ ਉਸਨੂੰ ਗਲ਼ਵੱਕੜੀ ਪਾ ਲਈ ਤਾਂ ਸ਼ਿਵਚਰਨ 'ਕੱਠਾ ਜਿਹਾ ਹੋ ਕੇ ਬੈਠ ਗਿਆ ਅਤੇ ਉਸ ਤੋਂ ਪਰ੍ਹਾਂ ਜਿਹਾ ਹੁੰਦਾ ਬੋਲਿਆ,"ਅੱਜ ਤੂੰ ਬਹੁਤੀਆਂ ਹੀ ਨੀ ਗਲ਼ਵੱਕੜੀਆਂ ਜਿਹੀਆਂ ਪਾਈ ਜਾਂਦੀ, ਆਸੇ ਪਾਸੇ ਵੀ ਨੀ ਦੇਖਦੀ।"

"ਕੀ ਕਰਾਂ,ਤੂੰ ਲਾਟ ਏਂ ਤੇ ਮੈਂ ਮੋਮਬੱਤੀ......ਦੱਸ ਕਦੋਂ ਤੱਕ ਨਾ ਪਿਘਲ਼ਾਂ?"

"ਤੂੰ ਉਹ ਮੋਮਬੱਤੀ ਨਹੀਂ ਜਿਸਦੀ ਫ਼ਿਤਰਤ ਕੇਵਲ ਪਿਘਲ਼ਣਾ ਹੀ ਹੁੰਦੀ ਏ,ਤੂੰ ਤਾਂ ਉਹ ਚਿਰਾਗ ਏਂ...ਜਿਸਨੇ ਰਾਹਾਂ ਨੂੰ ਚਾਨਣ ਦੇਣਾ...ਕੰਡਿਆਂ ਦੇ ਫੁੱਲ ਬਣਾਉਣੇ ਨੇ।"

"ਪਰ ਮੇਰੇ ਅੰਦਰ ਵੀ ਭਾਵਨਾਵਾਂ ਨੇ......ਮੁਹੱਬਤੀ ਕਰੂੰਬਲ਼ਾਂ ਨੇ......ਸੁਪਨੇ ਨੇ......ਸੱਧਰਾਂ ਨੇ।"

ਗਗਨ ਨੇ ਫਿਰ ਸ਼ਿਵਚਰਨ ਦਾ ਹੱਥ ਘੁੱਟ ਲਿਆ।ਇਸ ਵਾਰ ਉਸਨੇ ਹੱਥ 'ਚੋਂ ਹੱਥ ਨਹੀਂ ਛੁਡਾਇਆ ਸਗੋਂ ਆਪਣਾ ਦੂਸਰਾ ਹੱਥ ਵੀ ਉਸਦੇ ਹੱਥਾਂ 'ਤੇ ਰੱਖ ਦਿੱਤਾ।ਗਗਨ ਦੀਆਂ ਅੱਖਾਂ ਛਲਕ ਪਈਆਂ।ਉਸਦੇ ਅੰਦਰੋਂ ਮੁਹੱਬਤੀ ਕਰੂੰਬਲ਼ਾਂ,ਮੁਹੱਬਤੀ ਫ਼ਲ਼ ਬਣ ਕੇ ਫੁੱਟਣ ਲੱਗ ਪਈਆਂ ਤੇ ਸ਼ਿਵਚਰਨ ਬੋਲਿਆ,"ਗਗਨ! ਤੂੰ ਇਸ ਲਈ ਅੱਜ ਵੀ ਮੇਰੇ ਨਾਲ਼ ਏਂ ਕਿਉਂਕਿ ਤੇਰੇ 'ਚ ਸਵੈ 'ਤੇ ਕਾਬੂ ਕਰਨ ਦੀ ਕਾਬਲੀਅਤ ਹੈ......ਨਹੀਂ ਤਾਂ ਚੁਫ਼ੇਰੇ ਫਿਰਦੀਆਂ ਵਧੇਰੇ ਮੋਮਬੱਤੀਆਂ ਆਪਣੀ ਹੋਂਦ ਨੂੰ ਗਵਾ ਹੀ ਚੁੱਕੀਆਂ ਨੇ...ਤੈਨੂੰ ਪਤਾ ਹੀ ਹੈ ਸਵੈ-ਕਾਬੂ ਤੇ ਸਵੈ-ਵਿਸ਼ਵਾਸ ਹਮੇਸ਼ਾ ਹੀ ਰਾਹ ਰੌਸ਼ਨ ਕਰਦੇ ਨੇ।"

"ਹਾਂ,ਮੈਂ ਤੇਰੇ ਤੋਂ ਹਰ ਫ਼ਲਸਫ਼ਾ ਸਿੱਖ ਲਿਆ......ਪਰ ਪਿਆਰ ਨੂੰ ਕਾਬੂ ਕਰਨਾ ਨੀ ਸਿੱਖ ਹੋਇਆ,ਹੁਣ ਮੇਰੇ ਵੱਸ ਤੋਂ ਬਾਹਰਾ ਹੋ ਗਿਆ ਏ..।"

ਹੁਣ ਕੰਟੀਨ 'ਚੋਂ ਆ ਰਹੀਆਂ ਅਵਾਜ਼ਾਂ ਨੇ ਉਨ੍ਹਾਂ ਦੀ ਵਾਰਤਾਲਾਪ ਨੂੰ ਵਿਰਾਮ ਦੇ ਦਿੱਤਾ ਸੀ।ਉਨ੍ਹਾਂ ਨੇ ਅਵਾਜ਼ਾਂ ਨੂੰ ਧਿਆਨ ਨਾਲ਼ ਸੁਣਦਿਆਂ,ਸ਼ਰਮਾ ਜੀ ਤੇ ਕੁਲਵੀਰ ਮੈਡਮ ਨੂੰ ਕੰਟੀਨ ਅੰਦਰ ਬੈਠਿਆਂ ਪਛਾਣ ਲਿਆ ਸੀ।ਮਘੋਰੇ ਵਿੱਚ ਦੀ ਕੁਲਵੀਰ ਦਾ ਧਿਆਨ ਜਦੋਂ ਬਾਹਰ ਬੈਠੇ ਉਨ੍ਹਾਂ ਦੋਹਾਂ ਵੱਲ ਗਿਆ ਤਾਂ ਉਹ ਤੇ ਸ਼ਰਮਾ ਜੀ ਉੱਠ ਕੇ,ਉਨ੍ਹਾਂ ਕੋਲ਼ ਆ ਗਏ।ਕੁਲਵੀਰ ਮੈਡਮ ਨੇ ਕੋਲ਼ ਆ ਕੇ ਕਿਹਾ,"ਕੀ ਗੱਲ ਬਈ ਅੱਜ ਲੁਕ-ਲੁਕ ਕੇ ਬੈਠੇ ਹੋ?"

"ਨਹੀਂ ਜੀ ਬਸ ..ਵੈਸੇ ਹੀ ਆ ਗਏ ਸੀ ਚਾਹ ਪੀਣ।" ਦੋਹਾਂ ਨੇ ਸਤਿਕਾਰ ਨਾਲ਼ ਖੜ੍ਹੇ ਹੁੰਦਿਆਂ ਇੱਕ ਸੁਰ ਵਿੱਚ ਹੀ ਕਿਹਾ।

ਕੁਲਵੀਰ ਤੇ ਸ਼ਰਮਾ ਜੀ ਉਨ੍ਹਾਂ ਨੂੰ ਬੈਠਣ ਲਈ ਆਖ ਕੇ ਆਪ ਵੀ ਉਨ੍ਹਾਂ ਦੇ ਕੋਲ਼ ਹੀ ਬੈਠ ਗਏ।ਸ਼ਰਮਾ ਜੀ ਨੇ ਹੋਰ ਦੋ ਕੱਪ ਚਾਹ ਲਈ ਆਖ ਦਿੱਤਾ।ਉਹ ਬਹੁਤ ਸਮਾਂ ਬੈਠੇ ਗੱਲਾਂ ਕਰਦੇ ਰਹੇ।ਕੁਲਵੀਰ ਮੈਡਮ ਨੇ ਉੱਠਦਿਆਂ ਗਗਨ ਦੇ ਕੋਲ਼ ਜਿਹੇ ਹੋ ਕੇ ਆਖਿਆ,"ਮੁਹੱਬਤ ਦੀ ਲਾਟ ਨੂੰ ਕਦੋਂ ਤੱਕ ਮਨ ਦੇ ਕਾਗ਼ਜ਼ਾਂ ਵਿੱਚ ਹੀ ਲਪੇਟੀ ਰੱਖੋਗੇ ?...ਕਿਤੇ ਆਪੇ ਨੂੰ ਹੀ ਨਾ ਜਲ਼ਾ ਲਿਓ।"

ਸੁਣ ਕੇ ਸ਼ਿਵਚਰਨ ਨਹੁੰ ਜਿਹੇ ਚੱਬਣ ਲੱਗ ਗਿਆ ਅਤੇ ਗਗਨ ਚੱਪਲ 'ਚੋਂ ਪੈਰ ਬਾਹਰ ਕੱਢ ਕੇ ਸੱਜੇ ਪੈਰ ਦੇ ਅੰਗੂਠੇ ਨਾਲ਼ ਮਿੱਟੀ 'ਤੇ ਲਕੀਰਾਂ ਖਿੱਚਣ ਲੱਗ ਗਈ।ਸ਼ਰਮਾ ਜੀ ਨੇ ਦੋਹਾਂ ਦੇ ਮਨਾਂ ਨੂੰ ਭਾਂਪ ਲਿਆ ਸੀ ਕਿਉਂਕਿ ਉਹ ਮਨੋ-ਵਿਗਿਆਨੀ ਜੋ ਸਨ।ਉਹ ਸਮਝ ਗਏ ਸਨ ਕਿ ਨਹੁੰਆਂ ਦਾ ਚੱਬਣਾ ਚਿੰਤਾ ਦਾ ਪ੍ਰਗਟਾਵਾ ਹੈ ਅਤੇ ਅਛੋਪਲੇ ਜਿਹੇ ਮਿੱਟੀ 'ਤੇ ਖਿੱਚੀਆਂ ਲਕੀਰਾਂ ਮੁਹੱਬਤੀ ਸੰਦੇਸ਼ ਦਾ ਪ੍ਰਗਟਾਵਾ ਹਨ।ਉਹ ਦੋਹਾਂ ਨੂੰ ਸੰਬੋਧਿਤ ਹੁੰਦੇ ਬੋਲੇ,"ਤੁਸੀਂ ਬਹੁਤ ਹੀ ਸੰਜੀਦਾ ਤੇ ਸਮਝਦਾਰ ਹੋ,ਜ਼ਿੰਦਗੀ ਪ੍ਰਤੀ ਫੈਸਲਾ ਬਹੁਤ ਹੀ ਸਮਝਦਾਰੀ ਨਾਲ਼ ਲਓਗੇ,ਮੈਨੂੰ ਯਕੀਨ ਹੈ।ਦੁਚਿੱਤੀ ਤੇ ਚਿੰਤਾ ਚੇਤੰਨਤਾ ਲਈ ਸਿਵਾਇ ਜ਼ਹਿਰ ਦੇ ਕੁਝ ਵੀ ਨਹੀਂ ਹੁੰਦਾ,ਤੁਸੀ ਜਦੋਂ ਵੀ ਰਿਸ਼ਤੇ ਸਿਰਜੋਂ ਤਾਂ ਇਨ੍ਹਾਂ ਦੋਹਾਂ ਦੀ ਅਣਹੋਂਦ ਵਿੱਚ ਹੀ ਸਿਰਜਣਾ।"

"ਸਰ !ਅਸੀਂ ਅਜੇ ਵਕਤੀ ਵਹਾਅ ਵਿੱਚ ਰਿੜ੍ਹ ਰਹੇ ਹਾਂ,ਜਦੋਂ ਠਹਿਰਾਅ ਹੋਇਆ ਤਾਂ ਰਿਸ਼ਤਿਆਂ ਨੂੰ ਸਾਕਾਰ ਕਰਾਂਗੇ।" ਸ਼ਿਵਚਰਨ ਕਹਿੰਦਾ ਹੋਇਆ ਗੰਭੀਰ ਜਿਹਾ ਹੋ ਗਿਆ।

ਉਨ੍ਹਾਂ ਦੇ ਜਾਣ ਮਗਰੋਂ ਗਗਨ ਸ਼ਿਵਚਰਨ ਦੀਆਂ ਅੱਖਾਂ ਵਿੱਚ ਅੱਖਾਂ ਪਾਉਂਦੀ ਹੋਈ ਬੋਲੀ,"ਤੇਰੀਆਂ ਖਾਕੀ ਪੁਤਲੀਆਂ ਦਾ ਸੇਕ,ਮੇਰੇ ਜਿਸਮ ਨੂੰ ਤੇਈਏ ਵਰਗਾ ਕਰ ਦਿੰਦਾ,ਕਦੇ ਠੰਢਾ ਤੇ ਕਦੇ... ਗਰਮ।"

"ਜੇ ਤੂੰ ਇੰਝ ਹੀ ਲਾਟ ਕੋਲ਼ ਭੜਕਦੀ ਰਹੀ ਤਾਂ ਸੱਚੀਂ ਇੱਕ ਦਿਨ ਪਿਘਲ਼ਾ ਲਏਂਗੀ ਆਪੇ ਨੂੰ।"

"ਮੈਂ ਤਾਂ ਪਿਘਲਣਾ ਚਾਹੁਨੀ ਆਂ,ਪਿਘਲ਼ਾ ਦੇ ਮੈਨੂੰ......ਮੇਰੀ ਪਥਰੀਲੀ ਹੋਂਦ ਨੂੰ......ਕਰ ਦੇ ਮੈਨੂੰ ਤੁਪਕਾ-ਤੁਪਕਾ ਤਾਂ ਜੋ ਫ਼ੈਲ ਜਾਵਾਂ ਤੇਰੇ ਜਿਸਮ ਦੀ ਹਰ ਨਾੜ ਵਿੱਚ।"

ਗਗਨ ਹੁਣ ਸਵੈ-ਕਾਬੂ ਤੋਂ ਸਵੈ-ਲਾਂਬੂ ਤੱਕ ਦਾ ਸਫ਼ਰ ਤੈਅ ਕਰ ਚੁੱਕੀ ਸੀ ਪਰ ਸ਼ਿਵਚਰਨ ਇਸ ਸਫ਼ਰ ਤੋਂ ਉਸਨੂੰ ਯੂ-ਟਰਨ ਮਰਵਾਉਂਦਾ ਹੋਇਆ ਆਖਦਾ,"ਕਦੇ ਕੁਲਵੀਰ ਮੈਡਮ ਨੂੰ ਵਾਚਿਆ? ਉਸਦੀ ਹੋਂਦ ਇੱਕ ਵਾਰੀ ਅਜਿਹੀ ਤੁਪਕਾ-ਤੁਪਕਾ ਹੋਈ ਕਿ ਮੁੜ ਕਦੇ ਜੁੜ ਨਾ ਸਕੀ.........ਆਜਾ ਚੱਲੀਏ।"

ਸ਼ਿਵਚਰਨ ਨੇ ਉਸਨੂੰ ਉੱਠਣ ਲਈ ਆਪਣਾ ਸੱਜਾ ਹੱਥ ਕੱਢਿਆ ਤਾਂ ਉਹ ਆਪਣਾ ਹੱਥ ਉਸਦੇ ਹੱਥ 'ਚ ਦੇ ਕੇ ਸਤਰੰਗੀ ਪੀਂਘ ਤੋਂ ਵੀ ਉੱਪਰ ਦੀ ਸ਼ੈਅ ਵਰਗਾ ਹੁਲਾਰਾ ਮਹਿਸੂਸ ਕਰਦੀ ਹੋਈ ਉਸ ਨਾਲ਼ ਅਗਲੇਰੇ ਸਫ਼ਰ ਲਈ ਤੁਰ ਪਈ।

ਉਹ ਕਾਲਜ 'ਚੋਂ ਨਿੱਕਲ਼ ਸਿੱਧੇ ਹੀ ਗੁਰੂਦੁਆਰਾ ਸਿੰਘ ਸਭਾ ਕੋਲ਼ ਦੀ ਹੁੰਦੇ ਹੋਏ ਦਾਣਾ ਮੰਡੀ ਨੂੰ ਚੱਲ ਪਏ।ਦਾਣਾ ਮੰਡੀ ਦਾ ਇਹ ਰਸਤਾ ਅੱਜ ਉਨ੍ਹਾਂ ਨੂੰ ਹੋਰ ਵੀ ਸੋਹਣਾ-ਸੋਹਣਾ ਮਹਿਸੂਸ ਹੋ ਰਿਹਾ ਸੀ।ਉਹ ਜਦੋਂ ਮੰਡੀ ਅੰਦਰ ਦਾਖ਼ਲ ਹੋਏ ਤਾਂ ਬੱਚਿਆਂ ਦੀ ਖੇਡਦੀ ਢਾਣੀ ਨੇ ਖ਼ੁਸ਼ੀ ਵਿੱਚ ਕਿਲਕਾਰੀਆਂ ਛੱਡ ਦਿੱਤੀਆਂ।ਪਲਾਂ ਵਿੱਚ ਹੀ ਉਨ੍ਹਾਂ ਦੁਆਲ਼ੇ ਰੌਣਕ ਜਿਹੀ ਲੱਗ ਗਈ।ਬੱਚਿਆਂ ਦੇ ਚਿਹਰਿਆਂ ਦਾ ਨੂਰ ਉਨ੍ਹਾਂ ਨੂੰ ਅੱਜ ਸੁਨਹਿਰੀ ਕਿਰਨ ਵਰਗਾ ਲੱਗ ਰਿਹਾ ਸੀ।ਬੱਚੇ ਉਨ੍ਹਾਂ ਦੇ ਅੱਗੇ-ਅੱਗੇ ਝੌਂਪੜੀਆਂ ਵੱਲ ਨੂੰ ਦੌੜਦੇ ਜਾ ਰਹੇ ਸਨ।

ਗਗਨ ਤੇ ਸ਼ਿਵਚਰਨ ਨੇ ਬੱਚਿਆਂ ਨੂੰ ਦੇਖ ਕੇ ਆਪਣੇ ਮਨ ਦੀਆਂ ਅੰਦਰਲੀਆਂ ਪਰਤਾਂ ਵਿੱਚੋਂ ਖ਼ੁਸ਼ਬੂ ਜਿਹੀ ਮਹਿਸੂਸ ਕੀਤੀ ਕਿਉਂਕਿ ਉਨ੍ਹਾ ਦੇ ਲਗਾਏ ਬੂਟੇ ਹੁਣ ਸ਼ਬਦੀ ਖ਼ੁਸ਼ਬੂ ਬਿਖੇਰਨ ਲੱਗ ਗਏ ਸਨ ਪਰ ਕਾਰੇ ਦਾ ਉਸ

ਦਿਨ ਮੁੜਾਸਾ ਮਾਰ ਕੇ ਮੰਡੀ ਵਿੱਚੋਂ ਸ਼ਹਿਰ ਨੂੰ ਜਾਣਾ ਸ਼ਿਵਚਰਨ ਦੇ ਮਨ ਨੂੰ ਤੰਗ ਕਰ ਰਿਹਾ ਸੀ।ਉਸਨੇ ਇਹ ਗੱਲ ਗਗਨ ਨਾਲ਼ ਵੀ ਸਾਂਝੀ ਨਹੀਂ ਸੀ ਕੀਤੀ।ਉਸਨੂੰ ਕਾਰੇ ਦਾ ਸੁਹਜਮਈ ਅਹਿਸਾਸ ਦੇ ਦਰਵਾਜ਼ੇ ਤੋਂ ਪਰਤਣਾ ਹੋਰ ਵੀ ਚਿੰਤਤ ਕਰ ਰਿਹਾ ਸੀ।

ਉਹ ਦੋਵੇਂ ਜਦੋਂ ਦਾਣਾ ਮੰਡੀ ਵਿੱਚੋਂ ਦੀ ਹੁੰਦੇ ਹੋਏ ਕਪਾਹ ਮੰਡੀ ਵਿੱਚ ਦਾਖ਼ਲ ਹੋਏ ਤਾਂ ਬੱਚਿਆਂ ਦੀਆਂ ਖੇਡਾਂ ਤੇ ਖ਼ੁਸ਼ੀ ਦੀਆਂ ਕਿਲਕਾਰੀਆਂ ਖ਼ੁਸ਼ੀ ਦਾ ਵਾਤਾਵਰਨ ਸਿਰਜ ਰਹੀਆਂ ਸਨ।ਜਦੋਂ ਸ਼ਿਵਚਰਨ ਨੇ ਦੇਖਿਆ ਕਿ ਤਰਪਾਲਨੁਮਾ ਸਕੂਲ ਫਿਰ ਆਪਣਾ ਵਜੂਦ ਕਾਇਮ ਕਰ ਚੁੱਕਾ ਹੈ ਤਾਂ ਉਸ ਤੋਂ ਰਿਹਾ ਨਾ ਗਿਆ ਉਹ ਗਗਨ ਨੂੰ ਮਗਰ ਹੀ ਛੱਡ ਕੇ ਆਪ ਉਸ ਵੱਲ ਦੌੜ ਪਿਆ ਅਤੇ ਉਹ ਸਕੂਲ ਕੋਲ਼ ਜਾ ਕੇ ਬੱਚਿਆਂ ਨੂੰ ਮੋਢੀਂ ਚੁੱਕ ਕੇ ਭੰਗੜਾ ਹੀ ਪਾਉਣ ਲੱਗ ਪਿਆ ਸੀ।ਗਗਨ ਵੀ ਉਸਦੇ ਭੰਗੜੇ ਨੂੰ ਦੇਖ ਕੇ ਲੋਟ-ਪੋਟ ਹੋ ਰਹੀ ਸੀ।ਝੌਂਪੜੀਆਂ ਦੇ ਤ੍ਰੀਮਤਾਂ,ਮਰਦ ਤੇ ਹੋਰ ਬੱਚੇ ਵੀ ਇਸ ਨਜ਼ਾਰੇ ਨੂੰ ਮਾਣ ਰਹੇ ਸਨ।

ਕਾਰਾ ਸਕੂਲ ਅੰਦਰੋਂ ਹੀ ਸ਼ਿਵਚਰਨ ਵੱਲ ਨੂੰ ਆ ਰਿਹਾ ਸੀ ਤਾਂ ਉਸਨੇ ਅੱਗੇ ਹੋ ਕੇ ਉਸਨੂੰ ਗਲ਼ਵੱਕੜੀ ਵਿੱਚ ਲੈ ਲਿਆ।ਸ਼ਿਵਚਰਨ ਨੇ ਉਸਨੂੰ ਆਪਣੀਆਂ ਬਾਹਾਂ ਵਿੱਚ ਘੁੱਟਦਿਆ ਕਿਹਾ,“ਮੈਨੂੰ ਪਤਾ ਸੀ ਕਿ ਕਿਣਕਾ-ਕਿਣਕਾ ਹੋਇਆ ਕਾਰਾ ਜ਼ਰੂਰ ਇੱਕ ਦਿਨ ਸਵੈ ਨੂੰ ਚੱਟਾਨ ਵਾਂਗ ਸਿਰਜੇਗਾ।”

ਗਗਨ ਨੇ ਵੀ ਕੋਲ਼ ਆ ਕੇ ਕਾਰੇ ਦੀ ਪਿੱਠ ’ਤੇ ਹੱਥ ਰੱਖਿਆ ਤਾਂ ਕਾਰੇ ਨੂੰ ਵੀ ਅੱਜ ਭੈਣ ਦੀ ਹੋਂਦ ਦਾ ਸੰਪੂਰਨ ਅਹਿਸਾਸ ਹੋ ਚੁੱਕਿਆ ਸੀ।

ਉਹ ਬਹੁਤ ਸਮਾਂ ਝੌਂਪੜੀਆਂ ਵਿੱਚ ਹੀ ਰਹੇ।ਉਨ੍ਹਾਂ ਨੂੰ ਪਤਾ ਵੀ ਨਾ ਲੱਗਿਆ ਕਦੋਂ ਸੂਰਜ ਦੀ ਟਿੱਕੀ ਅੱਜ ਪਤਾਲ਼ ਵਿੱਚ ਧਸ ਗਈ ਤੇ ਕਦੋਂ ਹਨ੍ਹੇਰੇ ਨੇ ਆਪਣੀ ਦਸਤਕ ਦੇ ਦਿੱਤੀ ਸੀ।

ਉਹ ਹਨ੍ਹੇਰੇ ਵਿੱਚੋਂ ਹੀ ਉੱਥੋਂ ਚੱਲ ਪਏ ਪਰ ਨਾਲ਼ ਹੀ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਵੀ ਹੋ ਰਹੀ ਸੀ ਕਿ ਹੁਣ ਪਿੰਡਾਂ ਨੂੰ ਕੋਈ ਵੀ ਬੱਸ ਨਹੀਂ ਜਾਏਗੀ ਪਰ ਗਗਨ ਨੇ ਆਪਣੀ ਇਸ ਚਿੰਤਾ ਨੂੰ ਮਨ ਦੀ ਆਗੋਸ਼ ਵਿੱਚ ਹੀ ਲੁਕਾ ਰੱਖਿਆ ਸੀ।ਉਹ ਦੋਵੇਂ ਬੱਸ ਸਟੈਂਡ ਪਹੁੰਚੇ ਤਾਂ ਗਗਨ ਦੇ ਚਿਹਰੇ ਤੋਂ ਚਿੰਤਾ ਦੇ ਪਰਛਾਵੇਂ ਦੂਰ ਹੋ ਚੁੱਕੇ ਸਨ।ਉਹ ਐੱਸ.ਟੀ.ਡੀ. ਵਿੱਚ ਗਈ ਅਤੇ ਆਪਣੇ ਘਰ ਅੱਜ ਨਾ ਪਰਤਣ ਦਾ ਫ਼ੋਨ ਕਰਕੇ ਵਾਪਸ ਪਰਤ ਆਈ ਤੇ ਆਉਂਦਿਆਂ ਸਾਰ ਹੀ ਸ਼ਿਵਚਰਨ ਨੂੰ ਆਖਣ ਲੱਗੀ,“ਚਲੋ ਚੱਲੀਏ।”

“ਪਰ ਕਿੱਥੇ?” ਉਸਨੇ ਹੈਰਾਨ ਹੁੰਦਿਆਂ ਪੁੱਛਿਆ।

“ਕੁਲਵੀਰ ਮੈਡਮ ਦੇ ਘਰ..ਮੈਂ ਤਾਂ ਘਰੇ ਫ਼ੋਨ ਕਰ ਦਿੱਤਾ ਹੈ ਕਿ ਮੈਂ ਅੱਜ ਨਹੀਂ ਆਉਣਾ।”

ਸ਼ਿਵਚਰਨ ਸੁਣ ਕੇ ਮੁਸਕੜੀਆਂ ਜਿਹੇ ਹੱਸਦਾ ਗਗਨ ਨਾਲ਼ ਤੁਰ ਪਿਆ।ਉਹ ਦੋਵੇਂ ਸੋਲ਼ਾਂ ਏਕੜ ਵੱਲ ਨੂੰ ਮੁੜ ਗਏ।ਉਹ ਚਿੰਟੂ ਪਾਰਕ ਹੁੰਦੇ,ਐਕਸਚੇਂਜ ਕੋਲ਼ੋਂ ਦੀ ਲੰਘਦੇ ਹੋਏ ਮੈਡਮ ਦੇ ਘਰ ਵੱਲ ਨੂੰ ਜਾ ਰਹੇ ਸਨ।ਸ਼ਿਵਚਰਨ ਨੇ ਸੋਚਾਂ ਸੋਚਦੇ ਨੇ ਜਦੋਂ ਆਪਣਾ ਧਿਆਨ ਗਗਨ ਵੱਲ ਮਾਰਿਆ ਤਾਂ ਗਗਨ ਦੀ ਸੱਜੀ ਬਾਂਹ ਉਸਦੀ ਖੱਬੀ ਬਾਂਹ ਵਿੱਚੋਂ ਦੀ ਹੁੰਦੀ ਹੋਈ ਮੁਹੱਬਤੀ ਅੰਦਾਜ਼ ਪ੍ਰਗਟਾ ਰਹੀ ਸੀ।

ਉਹ ਜਦੋਂ ਕੁਲਵੀਰ ਮੈਡਮ ਦੇ ਘਰ ਪਹੁੰਚੇ ਤਾਂ ਉਹ ਦੋਹਾਂ ਨੂੰ ਇਕੱਠੇ ਦੇਖ ਕੇ ਬਹੁਤ ਹੀ ਖ਼ੁਸ਼ ਹੋਈ।ਉਸਨੂੰ ਮਹਿਸੂਸ ਹੋਇਆ ਜਿਵੇਂ ਸਾਰੇ ਪਿਆਰੇ ਰਿਸ਼ਤੇ ਉਸਦੇ ਆਪਣੇ ਘਰ ਪ੍ਰਵੇਸ਼ ਕਰ ਗਏ ਹੋਣ।ਉਸਨੇ ਦੋਹਾਂ ਨੂੰ ਟੀ.ਵੀ ਰੂਮ ਵਿੱਚ ਬਿਠਾ ਦਿੱਤਾ ਤੇ ਆਪ ਉਨ੍ਹਾਂ ਲਈ ਅੰਦਰੋਂ ਠੰਢਾ ਲੈਣ ਚਲੀ ਗਈ।ਜਦੋਂ ਉਸਨੇ ਫ਼ੈਂਟੇ ਵਾਲ਼ੀ ਬੋਤਲ

ਵਿੱਚੋਂ ਫ਼ੈਂਟੇ ਨੂੰ ਗਲਾਸਾਂ ਵਿੱਚ ਉਲ਼ੱਦਿਆ ਤਾਂ ਉਹ ਵੀ ਸੁਪਨਮਈ ਅਹਿਸਾਸ ਵਿੱਚ ਗਵਾਚ ਗਈ।ਉਸਨੂੰ ਅਸਲਮ ਨਾਲ਼ ਬਿਤਾਈ ਪੰਚਕੂਲੇ ਦੀ ਉਹ ਯਾਦ ਆ ਗਈ ਸੀ ਜਿੱਥੇ ਉਸਨੇ ਆਪਣੀ ਮੁਹੱਬਤ ਨੂੰ ਲੀਰਾਂ-ਲੀਰਾਂ ਹੁੰਦੇ ਵੇਖਿਆ ਸੀ।

"ਬਿਲਕੁਲ ਤੇਰੇ ਵਰਗਾ ਰੰਗ ਏ,ਔਰੇਂਜ ਸੂਟ ਵਿੱਚ ਤੂੰ ਵੀ ਫ਼ੈਂਟੇ ਵਰਗੀ ਲੱਗਦੀ ਏਂ...ਜੀਅ ਕਰਦਾ ਗਟ-ਗਟ ਕਰਕੇ ਪੀ ਜਾਵਾਂ..।" ਅਸਲਮ ਨੇ ਕੁਲਵੀਰ ਨੂੰ ਆਖਿਆ।

"ਪੀ ਲਈਂ...ਪਰ ਆਹ ਗਲਾਸਾਂ ਵਿੱਚ ਪਾਏ ਫ਼ੈਂਟੇ ਵਾਂਗੂੰ ਕਿਤੇ ਪਰੋਸ ਕੇ ਹੀ ਨਾ ਰੱਖ ਦੇਈਂ।"

ਉਸੇ ਵਕਤ ਰਸੋਈ ਦੀ ਸਲੈਬ ਤੋਂ ਠਾਹ ਕਰਦਾ ਗਲਾਸ ਫ਼ਰਸ 'ਤੇ ਆ ਡਿੱਗਾ ਤੇ ਉਸਨੇ ਨਾਲ਼ ਹੀ ਕੱਚ ਨੂੰ ਹੱਥ ਪਾ ਲਿਆ।ਉਸਦੀ ਸੋਚ ਦੀ ਤੰਦ ਟੁੱਟਣ ਦੇ ਨਾਲ਼-ਨਾਲ਼,ਕੱਚ ਉਸਦੀਆਂ ਉਂਗਲ਼ਾਂ ਵਿੱਚ ਧਸ ਚੁੱਕਿਆ ਸੀ ਤੇ ਸੰਤਰੀ ਰੰਗ ਪਲਾਂ ਵਿੱਚ ਹੀ ਖ਼ੂਨੀ ਹੋ ਚੁੱਕਿਆ ਸੀ।ਉਸਨੂੰ ਸੰਤਰੀ ਰੰਗ ਵਿੱਚ ਰਲ਼ਿਆ ਖ਼ੂਨ ਉਸਦੇ ਗੁਆਚੇ ਕੁਆਰਪਣ ਦਾ ਪ੍ਰਤੀਕ ਲੱਗ ਰਿਹਾ ਸੀ।ਉਸਦੀ ਕੂਕ ਨਿੱਕਲ਼ ਗਈ।ਕੂਕ ਸੁਣ ਕੇ ਗਗਨ ਤੇ ਸ਼ਿਵਚਰਨ ਵੀ ਉਸ ਕੋਲ਼ ਪਹੁੰਚ ਗਏ ਸਨ।ਲਹੂ ਨਾਲ਼ ਲਥਪਥ ਹੱਥ ਨੂੰ ਦੇਖ ਕੇ ਦੋਹਾਂ ਦੀ ਤ੍ਰਾਹ ਜਿਹੀ ਨਿੱਕਲ਼ ਗਈ।ਭਾਵੇਂ ਕੁਲਵੀਰ ਨੇ ਰਸੋਈ ਦੀ ਟੰਗਣੀ ਤੇ ਟੰਗੇ ਰੁਮਾਲ ਨਾਲ਼ ਹੱਥ ਨੂੰ ਘੁੱਟ ਲਿਆ ਸੀ ਪਰ ਤਾਂ ਵੀ ਖ਼ੂਨ ਦਾ ਨੁਚੜਾਅ ਜਾਰੀ ਸੀ।

ਕੁਲਵੀਰ ਦੇ ਦੱਸਣ 'ਤੇ ਸ਼ਿਵਚਰਨ ਨੇ ਮਰ੍ਹਮ-ਪੱਟੀ ਵਾਲ਼ਾ ਡੱਬਾ ਲਿਆਂਦਾ ਅਤੇ ਕੱਚ ਕੱਢ ਕੇ ਜ਼ਖ਼ਮ ਸਪਰਿਟ ਨਾਲ਼ ਸਾਫ਼ ਕਰ ਦਿੱਤਾ।ਜਦੋਂ ਗਗਨ ਪੱਟੀ ਨੂੰ ਕੁਲਵੀਰ ਦੇ ਹੱਥ 'ਤੇ ਲਪੇਟ ਰਹੀ ਸੀ ਤਾਂ ਮੈਡਮ ਦੀ ਨਿਗ੍ਹਾ ਗਗਨ ਦੇ ਸੰਤਰੀ ਸੂਟ ਉੱਤੇ ਜਾ ਪਈ।ਉਸਨੇ ਗਗਨ ਦੇ ਸੁਰਖ਼ ਚਿਹਰੇ ਨੂੰ ਵਾਚਿਆ ਤੇ ਖ਼ਾਮੋਸ਼ੀ ਵਿੱਚੋਂ ਹੀ ਸਵੈ ਨੂੰ ਸੰਬੋਧਿਤ ਹੁੰਦੀ ਹੋਈ ਬੋਲੀ,"ਮੇਰੇ ਵਰਗਾ ਇਤਿਹਾਸ ਨਾ ਸਿਰਜੀਂ ਦਾਤਿਆ,ਇਹ ਕੂਲਾ ਪੱਤਾ ਕੰਡਿਆਂ ਨੂੰ ਸਹਿਣ ਨਹੀਂ ਕਰ ਪਾਏਗਾ।"

ਸ਼ਿਵਚਰਨ ਨੇ ਉਸਨੂੰ ਉਠਾ ਕੇ ਹੁਣ ਬੈੱਡ 'ਤੇ ਬਿਠਾ ਦਿੱਤਾ।ਗਗਨ ਨੇ ਕੋਲ਼ ਬੈਠਦੀ ਨੇ ਮੈਡਮ ਨੂੰ ਸੰਬੋਧਿਤ ਹੁੰਦੇ ਕਿਹਾ,"ਮੈਡਮ ਜੀ ਲੱਗਦਾ ਅਸੀਂ ਆ ਕੇ ਤੁਹਾਡੀ ਤਕਲੀਫ਼ ਵਧਾ ਦਿੱਤੀ ਹੈ।"

ਮੈਡਮ ਇਕਦਮ ਉੱਠਦੀ ਹੋਈ ਬੋਲੀ,"ਨਹੀਂ ਬੱਚਿਓ!..ਤੁਸੀਂ ਆਏ ਹੋ ਤਾਂ ਇਹ ਘਰ,ਘਰ ਜਾਪਣ ਲੱਗ ਗਿਆ ਏ...ਇਸ ਘਰ ਵਿੱਚ ਜੋ ਕੁਛ ਵੀ ਹੈ ਆਨੰਦ ਨਾਲ਼ ਖਾਓ ਪੀਓ ਤੇ ਅਰਾਮ ਕਰੋ।"

ਗਗਨ ਨੇ ਰਾਤ ਦਾ ਖਾਣਾ ਤਿਆਰ ਕੀਤਾ।ਤਿੰਨਾ ਨੇ ਇੱਕ ਟੇਬਲ 'ਤੇ ਬੈਠ ਕੇ ਹੀ ਖਾਧਾ।ਹੁਣ ਕੁਲਵੀਰ ਨੂੰ ਵੀ ਹੱਥ ਦਾ ਦਰਦ ਘੱਟ ਮਹਿਸੂਸ ਹੋ ਰਿਹਾ ਸੀ..ਪਰ ਗਗਨ ਦਾ ਸੰਤਰੀ ਸੂਟ ਉਸਦੇ ਡੋਬ ਜਿਹਾ ਪਾ ਰਿਹਾ ਸੀ।ਕਾਫ਼ੀ ਸਮਾਂ ਬੈਠੇ ਉਹ ਗੱਲਾਂ ਮਾਰਦੇ ਰਹੇ ਫਿਰ ਗਗਨ ਤੇ ਮੈਡਮ ਇੱਕ ਬੈੱਡ-ਰੂਮ ਵਿੱਚ ਹੀ ਪੈ ਗਏ ਅਤੇ ਸ਼ਿਵਚਰਨ ਪੌੜੀਆਂ ਚੜ੍ਹ ਕੇ ਉੱਪਰਲੇ ਬੈੱਡਰੂਮ ਵਿੱਚ ਚਲਿਆ ਗਿਆ ਅਤੇ ਕੁਛ ਸਮਾਂ ਉਹ ਬਾਲਕੋਨੀ ਵਿੱਚ ਖੜ੍ਹਾ ਚੰਨ ਨੂੰ ਨਿਹਾਰਦਾ ਰਿਹਾ।ਉਹ ਸੋਚ ਰਿਹਾ ਸੀ 'ਕਿਉਂ ਨਾ ਚੰਨ ਉਸਦੀ ਬੁੱਕਲ਼ ਵਿੱਚ ਆ ਜਾਵੇ' ਤੇ ਫਿਰ ਉਹ ਮੁਸਕਰਾਉਂਦਾ ਹੋਇਆ ਅੰਦਰ ਬੈੱਡ 'ਤੇ ਜਾ ਪਿਆ।

ਮੈਡਮ ਦਾ ਧਿਆਨ ਅਜੇ ਵੀ ਗਗਨ ਦੇ ਸੂਟ ਵਿੱਚ ਹੀ ਸੀ।ਉਸਨੂੰ ਲੱਗਦਾ ਸੀ ਕਿ ਇਤਿਹਾਸ ਅੱਜ ਜ਼ਰੂਰ ਕਰਵਟ ਬਦਲੇਗਾ ਪਰ ਨਾਲ਼ ਹੀ ਉਸਨੂੰ ਯਕੀਨ ਸੀ ਕਿ ਇਹ ਇਤਿਹਾਸ ਉਸਦੇ ਕੰਡਿਆਲ਼ੇ ਇਤਿਹਾਸ ਵਰਗਾ ਨਹੀਂ ਹੋਵੇਗਾ ਸਗੋਂ ਇਸ ਦੀ ਕਰਵਟ ਚੰਮੇਲੀ ਦੀ ਖ਼ੁਸ਼ਬੂ ਵਰਗੀ ਹੋਵੇਗੀ ਪਰ ਉਹ ਇਹ ਹੀ ਸੋਚਦੀ ਸੀ ਕਿ ਸ਼ਾਇਦ ਇਹ ਉਸਦਾ ਵਹਿਮ ਹੈ ਤੇ ਵਹਿਮ ਨੂੰ ਵਹਿਮ ਰਹਿਣ ਲਈ ਹੀ ਦੁਆ ਕਰ ਰਹੀ ਸੀ। ਕੁਛ ਸਮਾਂ ਚੁੱਪ-ਚਾਪ ਪੈਣ ਮਗਰੋਂ ਗਗਨ ਉੱਠੀ ਅਤੇ ਕਮਰੇ ਤੋਂ ਬਾਹਰ ਹੁੰਦੀ ਹੋਈ ਪੌੜੀਆਂ ਚੜ੍ਹ ਗਈ।ਕੁਲਵੀਰ ਦੀ ਧੜਕਣ ਹੁਣ ਇਸ ਤਰ੍ਹਾਂ ਵੱਜ ਰਹੀ ਸੀ ਜਿਵੇਂ ਸ਼ਾਂਤਮਈ ਵਾਤਾਵਰਨ ਵਿੱਚ ਕੋਈ ਪਥਰੀਲੀ ਕੰਧ ਵਿੱਚ ਕਿੱਲ ਠੋਕ ਰਿਹਾ ਹੋਵੇ।

ਗਗਨ ਅਛੋਪਲੇ ਜਿਹੇ ਪੌੜੀਆਂ ਚੜ੍ਹ ਰਹੀ ਸੀ।ਉਹ ਆਪਣੀਆਂ ਚੱਪਲਾਂ ਵੀ ਬੈੱਡ ਕੋਲ਼ ਹੀ ਉਤਾਰ ਗਈ ਸੀ।ਉਸਨੇ ਦੇਖਿਆ ਕਿ ਸ਼ਿਵਚਰਨ ਆਪਣੇ ਕਮਰੇ ਵਿੱਚ ਬਲ਼ਦੀ ਮਧਮ ਜਿਹੀ ਦੂਧੀਆ ਬੱਤੀ ਵਿੱਚ ਅੱਖਾਂ ਮੁੰਦੀ ਪਿਆ ਸੀ।ਉਹ ਹੌਲ਼ੀ ਜਿਹੀ ਅੰਦਰ ਦਾਖ਼ਲ ਹੋਈ।ਉਸਦੀ ਧੜਕਣ ਕਾਬੂ ਤੋਂ ਬਾਹਰ ਹੋ ਰਹੀ ਸੀ ਪਰ ਉਹ ਹਿੰਮਤ ਕਰਕੇ ਤ੍ਰੇਲ਼ੀਆਂ ਪੂੰਝਦੀ ਹੋਈ ਸ਼ਿਵਚਰਨ ਦੇ ਬੈੱਡ ਦੇ ਸਿਰਹਾਣੇ ਜਾ ਬੈਠੀ ਅਤੇ  ਬੈਠਦੀ ਨੇ ਉਸਦੀਆਂ ਦੋਹਾਂ ਗੱਲ੍ਹਾਂ ਨੂੰ ਆਪਣੇ ਹੱਥਾਂ ਵਿੱਚ ਲੈਂਦਿਆਂ,ਉਸਦੇ ਬੁੱਲ੍ਹਾਂ 'ਤੇ ਚੁੰਮਣ ਧਰ ਦਿੱਤਾ।

ਸ਼ਿਵਚਰਨ ਨੂੰ ਸੋਚਣ ਦਾ ਵਕਤ ਹੀ ਨਹੀਂ ਸੀ ਮਿਲ਼ਿਆ ਪਰ ਉਸਦੇ ਚੁੰਮਣ ਨੇ ਉਸਦੀਆਂ ਅੰਦਰਲੀਆਂ ਪਰਤਾਂ ਨੂੰ ਦੂਧੀਆ ਤੋਂ ਰੰਗੀਨ ਕਰ ਦਿੱਤਾ ਸੀ।ਉਹ ਕੁਛ ਕਹਿੰਦਾ ਜਾਂ ਸੁਣਦਾ ਗਗਨ ਤੇਜ਼ੀ ਨਾਲ਼ ਹੇਠਾਂ ਉੱਤਰ ਆਈ।ਕੁਲਵੀਰ ਨੇ ਬੈੱਡ-ਰੂਮ ਵਿੱਚੋਂ ਹੀ ਦੇਖਿਆ ਤਾਂ ਉਸਨੂੰ ਉਹ ਡਰੀ ਹੋਈ ਹਿਰਨੀ ਵਰਗੀ ਲੱਗੀ।ਕੁਛ ਪਲਾਂ ਬਾਅਦ ਜੋ ਮੁਹੱਬਤੀ ਮੁਸਕਾਨ ਉਸਦੇ ਬੁੱਲ੍ਹਾਂ 'ਤੇ ਆਈ,ਉਸ ਮੁਸਕਾਨ ਨੇ ਕੁਲਵੀਰ ਦੇ ਅੰਤਰਮਨ ਨੂੰ ਖ਼ੁਸ਼ੀ ਦਾ ਹੁਲਾਰਾ ਦੇ ਦਿੱਤਾ ਸੀ।

ਪੌੜੀਆਂ ਕੌਲ਼ ਖੜ੍ਹ ਕੇ ਗਗਨ ਨੇ ਜਦੋਂ ਉੱਪਰ ਬਾਲਕੋਨੀ ਵੱਲ ਨਿਗ੍ਹਾ ਮਾਰੀ ਤਾਂ ਸ਼ਿਵਚਰਨ ਉਸਨੂੰ ਦੇਖ ਰਿਹਾ ਸੀ।ਉਹ ਆਪਣੇ ਬੁੱਲ੍ਹਾਂ 'ਤੇ ਆਪਣੀ ਕੋਮਲ ਜਿਹੀ ਉਂਗਲ਼ ਫੇਰ ਕੇ ਸ਼ਿਵਚਰਨ ਵੱਲ ਦੇਖਦੀ ਹੋਈ ਬੈੱਡ-ਰੂਮ ਵਿੱਚ ਚਲੀ ਗਈ।

ਸ਼ਿਵਚਰਨ ਬਾਲਕੋਨੀ 'ਚੋਂ ਚੰਨ ਦੇ ਆਪਣੀ ਬੁੱਕਲ਼ ਵਿੱਚ ਹੋਣ ਦੇ ਅਹਿਸਾਸ ਨੂੰ ਖ਼ਾਮੋਸ਼ੀ ਨਾਲ਼ ਮਹਿਸੂਸ ਕਰ ਰਿਹਾ ਸੀ।ਕੁਲਵੀਰ ਦੇ ਮਨ 'ਚੋਂ ਇਸ ਪਾਕਿ ਮੁਹੱਬਤ ਲਈ ਬਹੁਤ ਸਾਰੀਆਂ ਦੁਆਵਾਂ ਨਿੱਕਲ਼ ਰਹੀਆਂ ਸਨ।ਹੁਣ ਉਸਨੂੰ ਸੱਚ ਨਾਲ਼ ਹੀ ਸੰਤਰੀ ਸੂਟ ਵਿੱਚੋਂ ਚਮੇਲੀ ਦੀ ਖ਼ੁਸ਼ਬੂ ਦਾ ਅਹਿਸਾਸ ਹੋ ਰਿਹਾ ਸੀ।

---

*

## ਕਾਂਡ–16

ਸਿਕੰਦਰ ਕਈ ਦਿਨਾਂ ਦਾ ਉਨੀਂਦਰਾ ਹੋਣ ਕਾਰਨ ਜਦੋਂ ਅੜ੍ਹਕ ਕੇ ਡਿੱਗਿਆ ਤਾਂ ਠੋਕਰ ਲੱਗਣ ਕਾਰਨ ਉਸਦੇ ਖੱਬੇ ਪੈਰ ਦੇ ਅੰਗੂਠੇ ਵਿੱਚੋਂ ਖ਼ੂਨ ਵਗਣ ਲੱਗ ਗਿਆ ਸੀ।ਇੱਕ-ਦਮ ਸਾਰੇ ਉਸਦੇ ਦੁਆਲ਼ੇ ਹੋ ਗਏ।ਰਾਣੋ ਵੀ ਹੱਥਾਂ ਪੈਰਾਂ ’ਤੇ ਲੱਗੀ ਮਹਿੰਦੀ ਦੀ ਪਰਵਾਹ ਕੀਤੇ ਬਿਨਾ ਹੀ ਉਸ ਕੋਲ਼ ਪਹੁੰਚ ਗਈ।ਸਿਕੰਦਰ ਨੇ ਝੱਟ ਹੀ ਸੰਭਲ਼ਦੇ ਨੇ ਕਿਹਾ,“ਓ ਕੁਛ ਨੀ ਹੋਇਆ,ਅੜ੍ਹਕ ਗਿਆ ਸੀ ਮਾੜਾ ਜਿਹਾ”

ਉਸਨੇ ਦਰਦ ਨੂੰ ਛੁਪਾਉਂਦੇ ਹੋਏ ਰਾਣੋ ਭੈਣ ਦੇ ਸਿਰ ’ਤੇ ਹੱਥ ਰੱਖਦੇ ਹੋਏ ਕਿਹਾ,“ਚੱਲ ਰਾਣੋ ਤੂੰ ਕਿਉਂ ਬਾਹਰ ਆ ਗਈ,ਚੱਲ ਤੇਰੀ ਮਹਿੰਦੀ ਖ਼ਰਾਬ ਹੋ ਜਾਣੀ ਆਂ।”

ਕੋਲ਼ ਖੜ੍ਹੇ ਸਾਰੇ ਹੀ ਰਾਣੋ ਨੂੰ ਅੰਦਰ ਜਾਣ ਲਈ ਕਹਿਣ ਲੱਗ ਗਏ ਪਰ ਰਾਣੋ ਦੇ ਕੋਇਆਂ ਵਿੱਚੋਂ ਸਿਮਦੇ ਹੰਝੂ ਉਨ੍ਹਾਂ ਦੋਹਾਂ ਭੈਣ ਭਰਾਵਾਂ ਦੇ ਅਥਾਹ ਪਿਆਰ ਦੀ ਕਹਾਣੀ ਬਿਆਨ ਕਰ ਰਹੇ ਸਨ।ਸੱਟ ਅਤੇ ਰਾਣੋ ਦੇ ਵਿੱਛੜ ਜਾਣ ਦੀ ਗੱਲ ਨੇ ਸਿਕੰਦਰ ਨੂੰ ਵੀ ਪਸੀਜ ਕੇ ਰੱਖ ਦਿੱਤਾ ਸੀ।

ਰਾਣੋ ਦੇ ਵਿਆਹ ਦਾ ਚਾਅ ਜਿੱਥੇ ਉਸਦੀ ਬੀਬੀ ਨੂੰ ਅਵੱਲੀ ਖ਼ੁਸ਼ੀ ਦੇ ਰਿਹਾ ਸੀ ਉੱਥੇ ਸਿਕੰਦਰ ਦੇ ਵੱਜੀ ਸੱਟ ਨੇ ਉਸਦੇ ਡੋਬ ਜਿਹਾ ਪੈਣ ਲਾ ਦਿੱਤਾ ਸੀ ਪਰ ਉਹ ਦੁਪਹਿਰ ਦੀ ਸ਼ਰੀਕੇ ਨੂੰ ਵਰਜੀ ਹੋਈ ਰੋਟੀ ਕਾਰਨ ਸਿਕੰਦਰ ਵੱਲ ਬਹੁਤਾ ਧਿਆਨ ਨਹੀਂ ਸੀ ਦੇ ਸਕੀ ।

ਵਿਆਹ ਵਾਲ਼ੇ ਵਿਹੜੇ ਵਿੱਚ ਬੱਚਿਆਂ ਨੇ ਘਮਸਾਣ ਪਾ ਰੱਖਿਆ ਸੀ।ਰਾਣੋ ਦੀਆਂ ਸਹੇਲੀਆਂ ਉਸ ਨੂੰ ਮਿਲਣ ਲਈ ਆ ਜਾ ਰਹੀਆਂ ਸਨ।ਕੁੜੀਆਂ ਦੀ ਚਹਿਲ ਪਹਿਲ ਨੇ ਵਿਆਹ ਨੂੰ ਵਿਆਹ ਵਰਗਾ ਮਹੌਲ ਦੇ ਦਿੱਤਾ ਸੀ।ਹਰ ਕੁੜੀ ਰਾਣੋ ਦੇ ਵਿਛੋੜੇ ਵਿੱਚੋਂ ਆਪਾ ਤਲਾਸਦੀ ਹੋਈ ਹੌਂਕਾ ਜਿਹਾ ਭਰ ਰਹੀ ਸੀ ਤੇ ਕਈਆਂ ਦੇ ਚਿਹਰਿਆਂ ਉੱਪਰ ਵਿਆਹ ਦੇ ਖ਼ੁਸ਼ੀ ਭਰੇ ਅਹਿਸਾਸ ਨੂੰ ਯਾਦ ਕਰਕੇ ਮੁਸਕਾਨ ਜਿਹੀ ਖੇਡਣ ਲੱਗ ਜਾਂਦੀ ਸੀ।

ਜਦੋਂ ਸ਼ਿਵਚਰਨ ਤੇ ਸੁਲਤਾਨ ਨੇ ਬਰਨਾਲ਼ੇ ਤੋਂ ਲਿਆਂਦਾ ਸਮਾਨ ਸਿਕੰਦਰ ਦੀ ਬੀਬੀ ਨੂੰ ਫੜਾਇਆ ਤਾਂ ਉਨ੍ਹਾਂ ਦਾ ਧਿਆਨ ਸਿਕੰਦਰ ਦੇ ਪੱਟੀ ਬੰਨ੍ਹੇ ਹੋਏ ਅੰਗੂਠੇ 'ਤੇ ਗਿਆ।ਉਹ ਸਿਕੰਦਰ ਦੇ ਕੋਲ਼ ਹੁੰਦੇ ਬੋਲੇ,"ਆਹੋ! ਹੁਣ ਤੂੰ ਬਹੁਤਾ ਕਰੇਂਗਾ ਹਲਵਾਈ ਦਾ ਕੰਮ,ਜੇ ਸੱਟ ਲੱਗ ਗਈ ਤਾਂ ਬਹਿ ਨੀ ਸਕਦਾ ਟਿਕ ਕੇ ਬਿੰਦ ਝੱਟ..।"

"ਕਾਹਨੂੰ ਪੁੱਤ! ਇਹ 'ਕੱਲਾ ਹੀ ਤਾਂ ਕਬੀਲਦਾਰ ਆ,ਬਾਕੀ ਜਿਵੇਂ ਅਸੀਂ ਸਾਰੇ ਲੱਡੂ ਖਾਣ ਹੀ ਆਏ ਹੁੰਦੇ ਆਂ..।" ਵਕੀਲੇ ਨੇ ਸ਼ਿਵਚਰਨ ਦੀ ਗੱਲ ਨੂੰ ਢਾਈ ਲਾ ਦਿੱਤੀ ਸੀ।

ਸਿਕੰਦਰ ਵਕੀਲੇ ਦੀ ਗੱਲ ਸੁਣ ਕੇ ਨਿਮੋਝੂਣਾ ਜਿਹਾ ਹੋ ਗਿਆ ਕਿਉਂਕਿ ਵਕੀਲਾ ਪਹਿਲਾਂ ਵੀ ਉਸਨੂੰ ਕਈ ਵਾਰ ਕੰਮ ਕਰਨ ਤੋਂ ਵਰਜ ਚੁੱਕਿਆ ਸੀ।ਹੁਣ ਉਹ ਚੁੱਪ ਕਰਕੇ ਵਕੀਲੇ ਦੇ ਮੰਜੇ 'ਤੇ ਆ ਕੇ ਬੈਠ ਗਿਆ।ਵਕੀਲੇ ਨੇ ਉਸਨੂੰ ਗਲ਼ਵੱਕੜੀ ਵਿੱਚ ਲੈਂਦੇ ਹੋਏ ਕਿਹਾ,"ਪੁੱਤਰਾ! ਤੇਰੇ ਵਰਗੇ ਭਰਾ ਸਭ ਭੈਣਾਂ ਦੇ ਹੋਣ......ਕੋਈ ਨਾ ਸ਼ੇਰ,ਅਸੀਂ ਸਾਰੇ ਤੇਰੇ ਨਾਲ਼ ਹਾਂ...ਚਿੰਤਾ ਨਾ ਕਰ,ਸਭ ਚੰਗਾ ਹੋ ਜਾਣਾ...ਮਿਹਨਤ,ਸਾਫ਼ ਦਿਲ ਤੇ ਸਚਾਈ ਜਿੱਤ ਦਾ ਪਹਿਰਾਵਾ ਹੀ ਹੁੰਦੇ ਨੇ ...।"

ਸਿਕੰਦਰ ਵਕੀਲੇ ਦੀ ਮੁਹੱਬਤ ਭਰੀ ਗੱਲ ਸੁਣ ਕੇ ਅਰਮਾਨ ਜਿਹਾ ਮਹਿਸੂਸ ਕਰਨ ਲੱਗ ਗਿਆ ਸੀ।ਹੁਣ ਸ਼ਿਵਚਰਨ ਤੇ ਸੁਲਤਾਨ ਰੋਟੀ ਵਾਲ਼ਾ ਥਾਲ਼ ਲੈ ਕੇ ਉਸ ਕੋਲ਼ ਆ ਬੈਠੇ।ਸੁਲਤਾਨ ਨੇ ਰੋਟੀ ਦੀ ਬੁਰਕੀ ਤੋੜਦਿਆਂ ਕਿਹਾ,"ਯਾਰ ਭੁੱਖ ਨਾਲ਼ ਤਾਂ ਜਾਨ ਹੀ ਨਿੱਕਲ਼ੀ ਪਈ ਆ,ਰਾਤ ਦੀ ਖਾਧੀ ਹੋਈ ਆ।"

ਉਹ ਸਵੱਖਤੇ ਹੀ ਬਰਨਾਲ਼ੇ ਤੋਂ ਸਮਾਨ ਲੈਣ ਚਲੇ ਗਏ ਸਨ।ਹੁਣ ਤਿੰਨ ਵੱਜ ਰਹੇ ਸਨ,ਭੁੱਖ ਨਾਲ਼ ਉਨ੍ਹਾਂ ਦਾ ਬੁਰਾ ਹਾਲ ਹੋਇਆ ਪਿਆ ਸੀ।ਸ਼ਿਵਚਰਨ ਪੇਠੇ ਦੀ ਸਬਜੀ ਨਾਲ਼ ਰੋਟੀ ਖਾਂਦਾ ਸੀ-ਸੀ ਕਰੀ ਜਾ ਰਿਹਾ ਸੀ।ਸਿਕੰਦਰ ਨੂੰ ਪਤਾ ਹੀ ਸੀ ਕਿ ਪੇਠੇ ਦੀ ਬਣੀ ਸਬਜੀ ਵਿੱਚ ਮਿਰਚ ਲੋੜ ਤੋਂ ਜਿਆਦਾ ਸੀ।ਉਹ ਸ਼ਿਵਚਰਨ ਦਾ ਲਾਲ ਹੋਇਆ ਮੂੰਹ ਦੇਖ ਕੇ ਮੁਸਕੜੀਆਂ ਜਿਹੀਆਂ ਹੱਸਦਾ ਹੋਇਆ ਲੰਙ ਮਾਰਦਾ ਪਤਾ ਨੀ ਕਦੋਂ ਜਲੇਬੀਆਂ ਦਾ ਥਾਲ਼ ਭਰ ਲਿਆਇਆ ।ਸ਼ਿਵਚਰਨ ਤੇ ਸੁਲਤਾਨ ਨੇ ਝੱਟ ਦੇਣੇ ਜਲੇਬੀ ਚੁੱਕ ਲਈ ਤੇ ਸ਼ਿਵਚਰਨ ਹੁਣ ਮੂੰਹ ਦੀ ਮਿਠਾਸ ਜਿਹੀ ਮਹਿਸੂਸਦਾ ਹੋਇਆ ਬੋਲਿਆ,"ਆਹ ਗੱਲ ਟਿਕਾਣੇ ਦੀ ਕੀਤੀ ਆ ਕਵੀਆ......ਵੈਸੇ ਹੁਣ ਵੱਧ ਨਾ ਚੱਲ ਫਿਰ...ਬਹਿ ਜਾ...ਕੱਲ੍ਹ ਨੂੰ ਤੇਰੀਆਂ ਹੀ ਵੱਧ ਲੋੜਾਂ ਨੇ...।"

ਵਕੀਲਾ ਵੀ ਇਨ੍ਹਾਂ ਦੋਸਤਾਂ ਦੀ ਦੋਸਤੀ ਨੂੰ ਧਿਆਨ ਨਾਲ਼ ਦੇਖ ਰਿਹਾ ਸੀ।ਉਨ੍ਹਾਂ ਤੋਂ ਅਸ਼ਕੇ ਜਾਂਦਾ ਖ਼ੁਸ਼ੀ ਮਹਿਸੂਸ ਕਰ ਰਿਹਾ ਸੀ।ਉਹ ਵਿਹੜੇ ਵਿੱਚ ਕੁਰਸੀ ਡਾਹ ਕੇ ਲਾਣੇਦਾਰ ਬਣਿਆ ਬੈਠਾ ਸੀ।ਉਹ ਭਾਵੇਂ ਕਹਿ ਕਿਸੇ ਨੂੰ ਵੀ ਕੁਛ ਨਹੀਂ ਸੀ ਰਿਹਾ ਪਰ ਹਰ ਕੋਈ ਉਸਦੀ ਤਾੜਵੀਂ ਨਜ਼ਰ ਤੋਂ ਬਚ ਕੇ ਨਿੱਕਲ਼ ਰਿਹਾ ਸੀ।

ਸਿਕੰਦਰ ਦੀ ਬੀਬੀ ਨਕੋਰ ਜਿਹਾ ਸੂਟ ਪਾਈ ਤੇ ਆਪਣੇ ਅੰਦਰ ਚਿੰਤਾਵਾਂ ਦੀ ਪੰਡ ਨੂੰ ਲਕੋਈ ਚਾਈਂ-ਚਾਈਂ ਨਾਨਕੇ ਮੇਲ਼ ਦਾ ਇੰਤਜ਼ਾਰ ਕਰ ਰਹੀ ਸੀ।ਉਸਦੇ ਕੰਨ ਗਲ਼ੀ ਵਿੱਚੋਂ ਨਾਨਕਿਆਂ ਦੀਆਂ ਅਵਾਜ਼ਾਂ ਨੂੰ ਸੁਣਨ ਲਈ ਹੀ ਕਾਹਲ਼ੇ ਪੈ ਰਹੇ ਸਨ ਕਿਉਂਕਿ ਨਾਨਕੇ ਤਾਂ ਵਿਆਹ ਦਾ ਥੰਮ੍ਹ ਹੁੰਦੇ ਨੇ।ਕਈ ਚੋਬਰ ਤਾਂ ਕੰਮ ਧੰਦਾ ਕਰਵਾਉਣ ਲਈ ਪਹਿਲਾਂ ਹੀ ਪਹੁੰਚੇ ਹੋਏ ਸਨ ਤੇ ਬਾਕੀ ਰਹਿੰਦੇ ਨਾਨਕਿਆਂ ਦੀ ਉਡੀਕ ਬੇਸਬਰੀ ਨਾਲ਼ ਹੋ ਰਹੀ ਸੀ।

ਘਰ ਤੋਂ ਥੋੜ੍ਹੀ ਵਿੱਥ 'ਤੇ ਗਲ਼ੀ ਦੇ ਬਾਹਰ ਗੱਡੀ ਰੁਕੀ ਤਾਂ ਜਵਾਕਾਂ ਨੇ ਉੱਚੀ-ਉੱਚੀ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ,"ਬੀਬੀ!... ਨਾਨਕਾ ਮੇਲ਼ ਆ ਗਿਆ,...ਨਾਨਕਾ ਮੇਲ਼ ਆ ਗਿਆ...।"

ਗਲ਼ੀ 'ਚ ਵੱਜਦੀਆਂ ਹਾਕਾਂ ਨੂੰ ਸੁਣ ਕੇ ਸਿਕੰਦਰ ਦੀ ਬੀਬੀ ਦੀ ਅੱਡੀ ਨਾ ਲੱਗੀ।ਉਹ ਤੇ ਲਾਗਣ ਅਤੇ ਹੋਰ ਮੇਲਣਾਂ ਲੱਡੂਆਂ ਦਾ ਥਾਲ਼ ਤੇ ਚੋਣ ਲਈ ਤੇਲ ਦੀ ਬੋਤਲ ਲੈ ਕੇ ਗੇਟ ਵੱਲ ਵਧੀਆਂ।ਜਦੋਂ ਸਿਕੰਦਰ ਦੀ ਬੀਬੀ ਨੇ

ਗੋਖੇ ਨੂੰ ਆਉਂਦਿਆਂ ਵੇਖਿਆ ਤਾਂ ਉਸਨੇ ਅੰਦਰ ਨੂੰ ਅਵਾਜ਼ ਮਾਰੀ,"ਦੇਖੀਂ ਵੇ ਸ਼ਿਵਚਰਨ,ਆਹ ਗੋਖੇ ਨਾਲ਼ ਕਿਹੜੀਆਂ ਕੁੜੀਆਂ ਤੁਰੀਆਂ ਆਉਂਦੀਆਂ...ਮੈਂ ਤਾਂ ਜਵਾਕਾਂ ਦੇ ਬੋਲ ਸੁਣ ਕੇ ਸਮਝੀ ਸੀ ਬਈ ਨਾਨਕਾ ਮੇਲ਼ ਹੀ ਆ ਗਿਆ...।"

ਸ਼ਿਵਚਰਨ ਜਦੋਂ ਦਰਵਾਜ਼ੇ 'ਤੇ ਪਹੁੰਚਿਆ ਤਾਂ ਗੋਖਾ,ਕੁਲਵੀਰ ਮੈਡਮ ਤੇ ਗਗਨ ਵੀ ਦਰਵਾਜ਼ੇ ਕੋਲ ਪਹੁੰਚ ਚੁੱਕੇ ਸਨ।ਉਨ੍ਹਾਂ ਨੇ ਸਿਕੰਦਰ ਦੀ ਬੀਬੀ ਦੇ ਬੋਲ ਸੁਣ ਲਏ ਸਨ।ਗੋਖੇ ਨੇ ਬੀਬੀ ਦੇ ਗੋਡੀਂ ਹੱਥ ਲਾਉਂਦਿਆਂ ਕਿਹਾ,"ਬੀਬੀ! ਅਸੀਂ ਵੀ ਤਾਂ ਨਾਨਕਾ ਮੇਲ਼ ਹੀ ਹਾਂ,ਚੋਅ ਦੇ ਤੇਲ ਸਾਡੇ ਲਈ ਵੀ..."

ਕੁਲਵੀਰ ਮੈਡਮ ਨਾਲ਼ ਮਹਿੰਦੀਏ ਸੂਟ ਵਿੱਚ ਖੜ੍ਹੀ ਗਗਨ ਸ਼ਿਵਚਰਨ ਦੇ ਧੁਰ ਅੰਦਰ ਤੱਕ ਲਹਿ ਚੁੱਕੀ ਸੀ ਤੇ ਉਹ ਸੁੰਨ-ਬੱਟਾ ਜਿਹਾ ਬਣਿਆ ਬਿਟਰ-ਬਿਟਰ ਉਸਨੂੰ ਹੀ ਦੇਖੀ ਜਾ ਜਾ ਰਿਹਾ ਸੀ।ਬੀਬੀ ਨੇ ਗੋਖੇ ਦੀ ਗੱਲ ਸੁਣ ਕੇ ਲਾਗਣ ਤੋਂ ਝੱਟ ਤੇਲ ਚੁਆ ਦਿੱਤਾ ਤੇ ਬੋਲੀ,"ਜੀ ਸਦਕੇ ਪੁੱਤਰਾ!..,ਜੀ ਆਇਆਂ ਨੂੰ ਨਾਨਕੇ ਮੇਲ਼ ਦੇ..।"

ਗੋਖਾ ਤੇ ਕੁਲਵੀਰ ਲਾਗਣ ਨੂੰ ਸ਼ਗਨ ਦਿੰਦੇ ਅੰਦਰ ਲੰਘ ਰਹੇ ਸਨ ਪਰ ਗਗਨ ਤੇ ਸ਼ਿਵਚਰਨ ਅਜੇ ਵੀ ਆਪਸੀ ਖ਼ਿਆਲਾਂ ਵਿੱਚ ਖੋਏ ਹੋਏ ਸੀ।ਅੰਦਰ ਲੰਘ ਕੇ ਸ਼ਿਵਚਰਨ ਨੇ ਮੈਡਮ ਦੇ ਗੋਡੀਂ ਹੱਥ ਲਾਏ ਤੇ ਗਗਨ ਨੇ ਹੱਥ ਜੋੜਦਿਆਂ ਹੀ ਸ਼ਿਵਚਰਨ ਨੂੰ ਸਤਿ ਸ੍ਰੀ ਅਕਾਲ ਬੁਲਾਈ।

ਉਨ੍ਹਾਂ ਨੇ ਸਿਕੰਦਰ ਕੋਲ਼ ਜਾ ਕੇ ਉਸਦਾ ਹਾਲ-ਚਾਲ ਪੁੱਛਿਆ ਤੇ ਸੁਲਤਾਨ ਨੂੰ ਮਿਲ਼ ਕੇ ਕੁਲਵੀਰ ਮੈਡਮ ਹੋਰ ਵੀ ਖ਼ੁਸ਼ ਹੋ ਗਏ।ਉਸਨੇ ਸੁਲਤਾਨ ਨੂੰ ਪਛਾਣਦਿਆਂ,ਉਸਨੂੰ ਬੁੱਕਲ਼ ਵਿੱਚ ਲੈ ਕੇ ਪਿਆਰ ਦਿੱਤਾ ਅਤੇ ਸਭ ਵੱਲ ਸਵੱਲੀ ਜਿਹੀ ਨਜ਼ਰ ਮਾਰਦੇ ਹੋਏ ਬੋਲੇ,"ਵਾਹ ਬਈ ਵਾਹ! ਮੇਰੇ ਹੀਰਿਆਂ ਦਾ ਕਾਫ਼ਲਾ ਬਣਦਾ ਜਾ ਰਿਹਾ..।"

ਕੁਲਵੀਰ ਮੈਡਮ ਦੀ ਗੱਲ ਸੁਣ ਕੇ ਸਭ ਗਦ-ਗਦ ਹੋ ਗਏ।ਉਹ ਦੋਵੇਂ ਹੀ ਫਿਰ ਵਕੀਲੇ ਕੋਲ਼ ਚਲੀਆਂ ਗਈਆਂ।ਉਹਨਾਂ ਦੋਹਾਂ ਨੇ ਸਤਿ ਸ੍ਰੀ ਅਕਾਲ ਆਖੀ ਤਾਂ ਸਤਿ ਸ੍ਰੀ ਅਕਾਲ ਸੁਣ ਕੇ ਵਕੀਲੇ ਦੀ ਰੂਹ ਖ਼ੁਸ਼ ਹੋ ਗਈ।ਉਸਨੇ ਕੁਰਸੀ ਤੋਂ ਉੱਠਦੇ ਨੇ ਸਤਿਕਾਰ ਨਾਲ਼ ਹੱਥ ਜੋੜ ਦਿੱਤੇ।

ਕੁਲਵੀਰ ਤੇ ਗਗਨ ਹੁਣ ਰਾਣੋ ਕੋਲ਼ ਕਮਰੇ ਵਿੱਚ ਚਲੀਆਂ ਗਈਆਂ ਸਨ।ਵਕੀਲਾ ਕਿੰਨਾ ਹੀ ਸਮਾਂ ਖ਼ੁਸ਼ੀ ਭਰੇ ਰੌਂਅ ਵਿੱਚ ਦੇਖਦਾ ਰਿਹਾ ਤਾਂ ਗੋਖੇ ਨੇ ਸ਼ਿਵਚਰਨ ਨੂੰ ਮੋਢਾ ਮਾਰਦਿਆਂ ਕਿਹਾ,"ਅੱਜ ਬਾਪੂ ਜੀ ਬਹੁਤ ਖ਼ੁਸ਼ ਨਜ਼ਰ ਆ ਰਹੇ ਨੇ,ਕਿਤੇ ਨੂੰਹ...।"

ਉਸੇ ਵਕਤ ਹੀ ਬਾਹਰੋਂ ਵੱਜੀ ਹਾਕ ਸੁਣ ਕੇ ਸ਼ਿਵਚਰਨ ਤੇ ਸੁਲਤਾਨ ਬਾਹਰ ਨੂੰ ਤੁਰ ਗਏ ਅਤੇ ਗੋਖੇ ਦੀ ਗੱਲ ਵਿੱਚ ਹੀ ਛੱਡ ਗਏ।ਸਿਕੰਦਰ ਵੀ ਡੁੱਡ ਜਿਹੀ ਮਾਰਦਾ ਉਨ੍ਹਾਂ ਦੇ ਮਗਰ ਜਾ ਰਿਹਾ ਸੀ।ਗੋਖਾ ਵੀ ਸਿਰ ਜਿਹਾ ਹਲਾਉਂਦਾ ਉਨ੍ਹਾਂ ਦੇ ਮਗਰ ਚਲਿਆ ਗਿਆ।

ਨਾਨਕਾ ਮੇਲ਼ ਦੀ ਆਮਦ 'ਤੇ ਨਾਨਕਿਆਂ ਦਾਦਕਿਆਂ ਦੀ ਨੋਕ ਝੋਕ ਵਿੱਚ ਸ਼ਾਮਲ ਹੁੰਦਿਆਂ ਗਗਨ ਨੇ ਵੀ ਗਿੱਧੇ ਵਿੱਚ ਧੂੜਾਂ ਪੁੱਟ ਦਿੱਤੀਆਂ।ਗਗਨ ਦਾ ਇਹ ਰੂਪ ਦੇਖ ਕੇ ਸ਼ਿਵਚਰਨ ਤੋਂ ਖ਼ੁਸ਼ੀ ਸੰਭਾਲ਼ੀ ਨਹੀਂ ਸੀ ਜਾਂਦੀ।ਬੀਬੀ ਵੀ ਉਸਨੂੰ ਬੁੱਕਲ਼ 'ਚ ਲੈ ਕੇ ਵਾਰ ਵਾਰ ਪਿਆਰ ਦੇ ਰਹੀ ਸੀ।

ਰਾਤ ਕਾਫ਼ੀ ਹੋ ਚੁੱਕੀ ਸੀ।ਬਾਹਰ ਗਲ਼ੀ ਵਿੱਚ ਲੱਗੇ ਟੈਂਟ ਵਿੱਚ ਸੁਲਤਾਨ,ਗੋਖਾ ਤੇ ਸ਼ਿਵਚਰਨ ਸਮੇਤ ਮੇਲ਼ ਦੇ ਹੋਰ ਬੰਦੇ ਵੀ ਸੁੱਤੇ ਪਏ ਸਨ।ਸ਼ਿਵਚਰਨ ਅੱਜ ਗਗਨ ਨੂੰ ਦੇਖ ਕੇ ਪਿਆਰ-ਪਿਆਰ ਹੋਇਆ ਪਿਆ ਸੀ।

ਸਵੱਖਤੇ ਪਾਠੀ ਦੀ ਆਵਾਜ਼ ਤੋਂ ਪਹਿਲਾਂ,ਗਗਨ ਦੇ ਮੁਹੱਬਤੀ ਖ਼ਿਆਲਾਂ ਵਿੱਚ ਸੁੱਤੇ ਹੋਏ ਸ਼ਿਵਚਰਨ ਨੂੰ,ਗੱਡੀਆਂ ਦੀ ਸ਼ੂਕਦੀ ਅਵਾਜ਼, ਟਰੇਨ ਦੀ ਕੂਕ ਤੇ ਗਗਨ ਦੀ ਚੀਕ ਨੇ ਉਸਦੀ ਨੀਂਦ ਨੂੰ ਇੱਕੋ ਝਟਕੇ ਵਿੱਚ ਫ਼ਨਾਹ ਕਰ ਦਿੱਤਾ।ਮੱਠੀ-ਮੱਠੀ ਠੰਢ ਵਿੱਚ ਉਸਦੇ ਮੱਥੇ 'ਤੇ ਤ੍ਰੇਲ਼ੀ ਆਈ ਹੋਈ ਸੀ। ਆਲ਼ੇ-ਦੁਆਲ਼ੇ ਘੂਕ ਸੁੱਤੇ ਹੋਏ ਮੇਲੀ ਤੇ

ਟਾਵੇਂ-ਟਾਵੇਂ ਕੁੱਤੇ ਦੇ ਭੌਂਕਣ ਦੀ ਅਵਾਜ਼ ਨੇ ਉਸਨੂੰ ਭਾਵੇਂ “ਸਭ ਅੱਛਾ ਹੈ” ਦਾ ਸੰਦੇਸ਼ ਦੇ ਦਿੱਤਾ ਸੀ ਪਰ ਗਗਨ ਦੀ ਚੀਕ ਨੇ ਉਸਦੇ ਮਨ ਨੂੰ ਚਿਤਮਣੀ ਜਿਹੀ ਲਾ ਦਿੱਤੀ ਸੀ।ਉਸਨੂੰ ਮਹਿਸੂਸ ਹੋ ਰਿਹਾ ਸੀ ਕਿ ਸ਼ਾਇਦ ਉਸ ਕਰਕੇ ਹੀ ਗਗਨ ਨੂੰ ਵੀ ਦੁੱਖ ਝੱਲਣੇ ਪੈਂਦੇ ਨੇ।ਇਸ ਲਈ ਉਸਨੇ ਗਗਨ ਤੋਂ ਹੁਣ ਥੋੜਾ ਦੂਰ ਰਹਿਣ ਬਾਰੇ ਮਨ ਹੀ ਮਨ ਸੋਚ ਲਿਆ ਸੀ।

ਉਹ ਉੱਠਿਆ ਤੇ ਉੱਠ ਕੇ ਕੰਮ ਕਰਨ ਦੀ ਸੋਚਣ ਲੱਗਾ ਕਿਉਂਕਿ ਉਸਦੀ ਨੀਂਦ ਹੁਣ ਉਡਾਰੀ ਮਾਰ ਚੁੱਕੀ ਸੀ ਪਰ ਗਗਨ ਦੀ ਚਿੰਤਾ ਨੇ ਉਸਨੂੰ ਉਦਾਸ ਜਿਹਾ ਕਰ ਦਿੱਤਾ ਸੀ।

ਉਸਨੇ ਭੱਠੀ ਉੱਪਰ ਗਰਮ ਪਾਣੀ ਦਾ ਦੇਗਾ ਧਰ ਦਿੱਤਾ ਤਾਂ ਜੋ ਪਾਣੀ ਮੇਲ਼ ਗੇਲ਼ ਦੇ ਨਹਾਉਣ ਦੇ ਕੰਮ ਆ ਸਕੇ ਅਤੇ ਚੁੱਲ੍ਹੇ ’ਤੇ ਚਾਹ ਲਈ ਪਾਣੀ ਦਾ ਪਤੀਲਾ ਰੱਖ ਦਿੱਤਾ।ਜਦੋਂ ਉਹ ਚੁੱਲ੍ਹੇ ’ਤੇ ਪਤੀਲਾ ਰੱਖ ਰਿਹਾ ਸੀ ਤਾਂ ਉਸਦੀ ਨਿਗ੍ਹਾ ਸੁਤੇ-ਸਿਧ ਰਾਣੋ ਵਾਲ਼ੇ ਕਮਰੇ ਵੱਲ ਗਈ ਤਾਂ ਗਗਨ ਦੇ ਗੋਰੇ-ਗੋਰੇ ਚਿਹਰੇ ਦੀ ਝਲਕ ਵੇਖ ਕੇ ਉਸਨੂੰ ਠੰਢੀ-ਠੰਢੀ ਪੌਣ ਵਿੱਚ ਖ਼ੁਸ਼ਬੂਦਾਰ ਮਿਠਾਸ ਭਰ ਗਈ ਜਾਪੀ ਪਰ ਉਸਦੀ ਮੰਜੇ ਤੋਂ ਲਮਕਦੀ ਗੁੱਤ ਜਿਹੜੀ ਹੇਠਾਂ ਮਿੱਟੀ ਫੇਰੇ ਥਾਂ ਉੱਪਰ ਸਪੋਲ਼ੀਏ ਵਾਂਗ ਇੱਕੱਠੀ ਹੋਈ ਪਈ ਸੀ।ਇਹ ਦੇਖ ਕੇ ਉਸਨੂੰ ਹੋਰ ਵੀ ਨਸ਼ਾ ਜਿਹਾ ਚੜ੍ਹ ਗਿਆ ਜਿਵੇਂ ਗੁੱਤ ਕਾਲ਼ੀ ਨਾਗਣੀ ਬਣ ਕੇ ਉਸਦੇ ਸੀਨੇ ਲੜ ਗਈ ਹੋਵੇ।ਉਸਦਾ ਦਿਲ ਕੀਤਾ ਕਿ ਉਹ ਉਸਦੀ ਗੁੱਤ ਚੁੱਕ ਕੇ ਉਸਦੀ ਛਾਤੀ ਉੱਪਰ ਰੱਖ ਆਵੇ।ਉਸਨੇ ਕਦਮ ਪੁੱਟਿਆ ਪਰ ਫਿਰ ਕੁਛ ਸੋਚ ਕੇ ਬਾਹਰ ਨੂੰ ਹੀ ਨਿੱਕਲ਼ ਗਿਆ।ਲੱਗਦਾ ਉਸਨੂੰ ਗਗਨ ਤੋਂ ਦੂਰ ਰਹਿਣ ਦੀ ਗੱਲ ਚੇਤੇ ਆ ਗਈ ਸੀ ਜੋ ਕੁਛ ਪਲ ਪਹਿਲਾਂ ਹੀ ਆਪਣੇ ਮਨ ਨਾਲ਼ ਕੀਤੀ ਸੀ।

ਉਸਨੇ ਟੈਂਟ ਵਿੱਚ ਪਈ ਕਲੀ ਦੀ ਬੋਰੀ ਖੋਲ੍ਹੀ ਅਤੇ ਗਲ਼ੀ ਦੇ ਮੋੜ ਉੱਪਰ ਵੈਲਕਮ ਲਿਖ ਕੇ ਨਾਲ਼ੀ ਦੇ ਨਾਲ਼-ਨਾਲ਼ ਨੱਕ ਦੀ ਸੇਧ ਦੋਹੀਂ ਪਾਸੀਂ ਕਲੀ ਪਾ ਦਿੱਤੀ,ਫਿਰ ਉਸਨੇ ਆਪਣਾ ਬਿਸਤਰਾ ਇੱਕਠਾ ਕੀਤਾ ਅਤੇ ਚੁੱਲ੍ਹੇ ਕੋਲ਼ ਪਏ ਮੰਜੇ ਉੱਪਰ ਪਏ ਬਿਸਤਰਿਆ ’ਤੇ ਰੱਖ ਦਿੱਤਾ ਤੇ ਮੁੜਦੇ ਨੇ ਜਦੋਂ ਗਗਨ ਵੱਲ ਝਾਤੀ ਮਾਰੀ ਤਾਂ ਉਹ ਪਾਸਾ ਪਰਤ ਚੁੱਕੀ ਸੀ ਅਤੇ ਉਸਦੀ ਲਮਕਦੀ ਗੁੱਤ ਉਸਦੀ ਗੋਰੀ ਗੱਲ੍ਹ ਤੋਂ ਹੁੰਦੀ ਹੋਈ ਧਰਤੀ ਤੋਂ ਚੱਪਾ ਕੁ ਉਤਾਂਹ ਚੁੱਕੀ ਗਈ ਸੀ।ਉਸਦੇ ਮਨ ਨੂੰ ਹੁਣ ਉਸਦੀ ਗੁੱਤ ਦਾ ਧਰਤੀ ਤੋਂ ਚੱਪਾ ਕੁ ਉਤਾਂਹ ਹੋ ਜਾਣ ਨਾਲ਼ ਧਰਵਾਸ ਜਿਹਾ ਆ ਗਿਆ ਸੀ।

ਦਿਨ ਕਾਫ਼ੀ ਚੜ੍ਹ ਆਇਆ ਸੀ।ਸਿਕੰਦਰ ਸਮੇਤ ਉਸਦੇ ਸਾਰੇ ਦੋਸਤ ਬਰਾਤ ਦੇ ਪ੍ਰਬੰਧ ਲਈ ਭੱਜੇ ਨੱਠੇ ਫਿਰ ਰਹੇ ਸਨ।ਬਹਿਰਿਆ ਦੀ ਥਾਂ ’ਤੇ ਇਹ ਦੋਸਤ ਮਿੱਤਰ ਤੇ ਰਿਸ਼ਤੇਦਾਰੀ ਵਿੱਚੋਂ ਆਏ ਮੁੰਡੇ ਹੀ ਕੰਮ ਸੰਭਾਲ਼ ਰਹੇ ਸਨ।

ਉਹ ਸਾਰੇ ਗੱਲਾਂ ਕਰ ਰਹੇ ਸਨ ਕਿ ਥੁੜਾਂ ਵਿੱਚ ਅੱਜ ਵੀ ਮੁਹੱਬਤੀ ਸਾਂਝਾਂ ਕਾਇਮ ਨੇ ਨਹੀਂ ਤਾਂ ਅਧੁਨਿਕਤਾ ਦੀ ਹੋੜ ਨੇ ਰਿਸ਼ਤਿਆ ਵਿੱਚੋਂ ਅਪਣੱਤ ਜਿਹੀ ਹੀ ਖਤਮ ਕਰ ਦਿੱਤੀ ਹੈ ਪਰ ਜ਼ਿੰਦਗੀ ਦਾ ਆਨੰਦ ਰਿਸ਼ਤਿਆਂ ਦੀ ਹੋਂਦ ਵਿੱਚ ਹੀ ਸੰਭਵ ਹੋ ਸਕਦਾ ਹੈ।ਗ਼ਰੀਬੀ ਅਜੇ ਵੀ ਰਿਸ਼ਤਿਆਂ ਨੂੰ ਆਪਣੀ ਅਗੋਸ਼ ਵਿੱਚ ਸੰਭਾਲ਼ੀ ਬੈਠੀ ਹੈ,ਨਹੀਂ ਤਾਂ ਅਮੀਰੀ ਨੇ ਵਰਜਿਤ ਰਿਸ਼ਤਿਆਂ ਨੂੰ ਵੀ ਨੰਗਾ ਕਰ ਛੱਡਿਆ ਹੈ।ਸੁੱਖ ਸਾਧਨ,ਪੈਸਾ ਤੇ ਐਸ਼ੋ ਆਰਾਮ ਸੰਵੇਦਨਸ਼ੀਲਤਾ ਨੂੰ ਢਾਹ ਲਾ ਰਹੇ ਹਨ।ਪੇਂਡੂ,ਗ਼ਰੀਬ ਤੇ ਸਾਦੇ ਵਿਆਹ ਅੱਜ ਵੀ ਸਾਡੇ ਸੱਭਿਆਚਾਰ ਦੀ ਰਹਿਨੁਮਾਈ ਕਰ ਰਹੇ ਹਨ ਨਹੀਂ ਤਾਂ ਪੱਛਮੀਕਰਨ ਦੀ ਆਮਦ ਨੇ ਇਨ੍ਹਾਂ ਵਿਆਹਾਂ ਨੂੰ ਪਾਕਿ ਰਿਸ਼ਤਿਆਂ ਵਿੱਚੋਂ ਕੱਢ ਕੇ ਮਸਨੂਈ ਰਸਮਾਂ ਦੀਆਂ ਗੰਢਾਂ ਵਿੱਚ ਬੰਨ੍ਹ ਦਿੱਤਾ ਹੈ।ਜੇ ਇੰਝ ਹੀ ਚੱਲਦਾ ਰਿਹਾ ਤਾਂ ਵਿਰਾਸਤੀ ਚੀਜ਼ਾਂ ਵਾਂਗ ਰਿਸ਼ਤੇ ਵੀ ਵਿਰਾਸਤੀ ਹੀ ਹੋ ਜਾਣਗੇ।ਸਭ ਤੋਂ ਵੱਡੀ ਤ੍ਰਾਸਦੀ ਹੋਵੇਗੀ ਕਿ ਅਸੀਂ ਇਨ੍ਹਾਂ ਰਿਸ਼ਤਿਆਂ ਦੀਆਂ ਵਿਰਾਸਤੀ ਚੀਜਾਂ ਵਾਂਗ ਨੁਮਾਇਸ਼ਾਂ ਵੀ ਨਹੀਂ ਲਗਾ ਸਕਾਂਗੇ।ਉਹ ਸਾਰੇ ਇਹ ਗੱਲਾਂ ਕਰਦੇ ਭਾਵੁਕ ਹੋ ਰਹੇ ਸਨ।

ਦਸ ਵੱਜ ਚੁੱਕੇ ਸਨ।ਕੁੜੀਆਂ ਚਿੜੀਆਂ ਦੀ ਚਹਿਲ-ਪਹਿਲ ਨੇ ਵਿਆਹ ਦੀ ਰੌਣਕ ਨੂੰ ਦੁੱਗਣਾ ਕਰ ਦਿੱਤਾ ਸੀ।ਹਰ ਕੋਈ ਆਪਣੀ ਵਾਹ ਲਾ ਕੇ ਨਿੱਖਰਿਆ ਫਿਰਦਾ ਸੀ।ਵਕੀਲਾ ਵੀ ਪੰਚਾਇਤ ਵਿੱਚ ਮੋਹਰੀ ਬਣਿਆ ਬੈਠਾ

ਸੀ।ਲੋਕ ਅੱਜ ਵੀ ਉਸਦੀਆਂ ਗੱਲਾਂ ਦੇ ਮੁਰੀਦ ਬਣ ਕੇ ਉਸ ਦੇ ਦੁਆਲ਼ੇ ਕੁਰਸੀਆਂ ਡਾਹੀ ਬੈਠੇ ਸਨ ਤੇ ਵਿਚਾਰਾਂ ਦੀ ਲੜੀ ਨੂੰ ਟੁੱਟਣ ਨਹੀਂ ਸੀ ਦੇ ਰਹੇ।ਉਸਦੇ ਵਿਚਾਰਾਂ ਨੇ ਲੋਕਾਂ ਨੂੰ ਕੀਲ ਕੇ ਰੱਖਿਆ ਹੋਇਆ ਸੀ।ਗਗਨ ਤੇ ਕੁਲਵੀਰ ਵੀ ਵਕੀਲੇ ਨੂੰ ਕਾਫ਼ੀ ਸਮੇਂ ਤੋਂ ਇਸ ਤਰ੍ਹਾਂ ਰੁੱਝਿਆ ਹੀ ਦੇਖ ਰਹੀਆਂ ਸਨ।ਗਗਨ ਨੇ ਵਕੀਲੇ ਵੱਲ ਦੇਖ ਕੇ ਕੁਲਵੀਰ ਮੈਡਮ ਨੂੰ ਆਖਿਆ,"ਮੈਡਮ ਜੀ!..ਸ਼ਿਵਚਰਨ ਦੇ ਅੱਬੂ ਕਿੰਨੀ ਮਹਾਨ ਸ਼ਖਸੀਅਤ ਲੱਗ ਰਹੇ ਨੇ।"

"ਹਾਂ......ਸੱਚੀਂ ਮਹਾਨ ਵੀ ਨੇ,ਇਸ ਸਾਦੇ ਜਿਹੇ ਮਨੁੱਖ ਨੇ ਆਪਣੇ ਵਿਚਾਰਾਂ ਦੀ ਤਾਕਤ ਨਾਲ਼ ਹੀ ਜੀਵਨ ਦੀ ਸਾਰਥਕਤਾ ਨੂੰ ਸੱਚ ਕਰ ਵਿਖਾਇਆ ਹੈ......ਇਸਨੇ ਸਾਬਤ ਕਰ ਦਿੱਤਾ ਕਿ ਮੁਹੱਬਤ...ਮਜ਼੍ਹਬਾਂ..ਜਾਤਾਂ ਤੇ ਨਸਲਾਂ ਤੋਂ ਉੱਪਰ ਦੀ ਸ਼ੈਅ ਹੈ...ਇਹ ਜਿਸਮਾਂ ਦੀ ਮੁਹਤਾਜ ਨਹੀਂ ਸਗੋਂ ਰੂਹਾਂ ਦਾ ਸੁਮੇਲ ਹੈ..।"

ਕੁਲਵੀਰ ਨੇ ਲੰਬਾ ਸਾਰਾ ਹਉਕਾ ਲਿਆ ਤੇ ਫਿਰ ਗਗਨ ਦੇ ਮੋਢੇ 'ਤੇ ਹੱਥ ਰੱਖਦੀ ਹੋਈ ਬੋਲੀ,"ਇੱਕ ਸਾਡੇ ਵਰਗੇ ਲੋਕ ਨੇ..ਸ਼ਬਦੀ ਗ੍ਰੰਥਾਂ ਨੂੰ ਡੀਕ ਲਾ ਕੇ ਪੀ ਗਏ ਹਾਂ ਪਰ ਉਨ੍ਹਾਂ ਦੇ ਕੇਂਦਰ ਦਾ ਭਾਵ ਨਾ ਸਮਝ ਸਕੇ...ਇਸੇ ਕਰਕੇ ਅੱਜ ਵੀ ਸ਼ਬਦੀ ਸੱਚ ਤੋਂ ਹਾਸੀਏ 'ਤੇ ਖਲੋਤੇ ਹਾਂ।"

ਗਗਨ ਭਾਵੇਂ ਕੁਲਵੀਰ ਮੈਡਮ ਦੀਆਂ ਗੱਲਾਂ ਨੂੰ ਪੂਰਨ ਤਾਂ ਨਹੀਂ ਸਮਝ ਸਕੀ ਸੀ ਪਰ ਉਹ ਕੁਲਵੀਰ ਦੇ ਅਤੀਤ ਬਾਰੇ ਜਾਣਦੀ ਹੋਣ ਕਾਰਨ ਉਸਦੀ ਉਦਾਸੀ ਨੂੰ ਲੈ ਕੇ ਧੁਰ ਅੰਦਰ ਤੱਕ ਪਸੀਜੀ ਗਈ।

ਉਹ ਦੋਵੇਂ ਵਿਹੜੇ ਵਿੱਚ ਕੁਰਸੀ ਡਾਹ ਕੇ ਬੈਠੀਆਂ ਸਨ।ਵਕੀਲਾ ਆਪਣੀ ਇਕਹਰੀ ਜਿਹੀ ਬੰਨ੍ਹੀ ਪੱਗ 'ਤੇ ਹੱਥ ਫੇਰਦਾ ਅੰਦਰ ਨੂੰ ਆ ਰਿਹਾ ਸੀ।ਉਨ੍ਹਾਂ ਨੇ ਕੋਲ਼ ਆਉਂਦੇ ਵਕੀਲੇ ਨੂੰ ਖੜ੍ਹੇ ਹੁੰਦਿਆਂ ਸਤਿ ਸ੍ਰੀ ਅਕਾਲ ਕਹੀ ਤਾਂ ਉਸਨੇ "ਖ਼ੁਸ਼ ਰਹੋ" ਕਹਿ ਕੇ ਲਗਾਤਾਰ ਅਨੇਕਾਂ ਹੀ ਦੁਆਵਾਂ ਦੇ ਦਿੱਤੀਆਂ ਤੇ ਆਪ ਉਹ ਸਿਕੰਦਰ ਦੀ ਬੀਬੀ ਤੋਂ ਮਿਲਣੀ ਦਾ ਸਮਾਨ ਕਢਵਾ ਕੇ ਫਿਰ ਉਸੇ ਥਾਂ ਜਾ ਬੈਠਾ।ਉਸਨੇ ਇੱਕ ਵਾਰ ਫੇਰ ਮੂੰਹ ਭੂੰਆ ਕੇ ਗਗਨ ਵੱਲ ਦੇਖਿਆ ਤਾਂ ਉਸਦੇ ਚਿਹਰੇ 'ਤੇ ਨੂਰ ਜਿਹਾ ਆ ਗਿਆ ਤੇ ਵਕੀਲਾਂ ਦੇ ਬੋਲ ਉਸਦੇ ਕੰਨਾਂ ਵਿੱਚ ਗੂੰਜਣ ਲੱਗ ਗਏ,

"ਗੁਲਜ਼ਾਰੀ ਦੇ ਅੱਬੂ! ਜਦੋਂ ਵਿਆਹ ਹੋਇਆ ਤਾਂ ਮੈਨੂੰ ਮੇਰੇ ਗੁਲਜ਼ਾਰੀ ਦੇ ਘਰ ਛਣਕਦੀ ਮਣਕਦੀ ਸੋਹਣੀ ਜਿਹੀ ਨੂੰਹ ਚਾਹੀਦੀ ਆ......ਮੈਂ ਅਕਸਰ ਦੇਖਿਆ ਬਈ ਬਹੁਤਿਆਂ ਵਿਚਾਰਾਂ ਵਾਲ਼ੇ,ਆਪਣੇ ਜਵਾਕਾਂ ਵਾਰੀ ਥੰਮ੍ਹ ਬਣਕੇ ਖੜ੍ਹ ਜਾਂਦੇ ਨੇ,ਮੈਂ ਨੀ ਦੇਖਣਾ ਕੁਛ......ਬਸ ਗ਼ੁਲਾਬ ਵਰਗੀ ਨੂੰਹ ਚਾਹੀਦੀ ਆ ਮੈਨੂੰ।"

"ਸਹੀ ਕਿਹਾ ਤੂੰ,ਹਰ ਕੋਈ ਮਿਰਜ਼ਾ..ਰਾਂਝਾ ਬਣਨ ਦੀ ਲੋਚਾ ਰੱਖਦਾ ਪਰ ਧੀਆਂ..ਪੁੱਤ... ਆਪਣੀ ਲੋਚਾ ਪੂਰੀ ਕਰਨ ਇਹ ਕਦੇ ਨੀ ਸੋਚਦੇ ਪਰ ਮੈਂ ਇਉਂ ਨੀ ਕਰਨਾ..ਸਗੋਂ ਸਾਬਤ ਕਰ ਦਿਆਂਗਾ ਕਿ ਮੁਹੱਬਤ ਕੇਵਲ ਜਜ਼ਬਾਤਾਂ ਦਾ ਸੰਗ੍ਰਹਿ ਨਹੀਂ...ਇਹ ਉਹ ਜ਼ਿੰਮੇਵਾਰੀ ਹੈ ਜਿਸਨੂੰ ਨਿਭਾਉਣ ਲਈ ਰਿਸ਼ਤਿਆਂ ਦਾ ਬਚਾਉਣਾ ਬਹੁਤ ਜ਼ਰੂਰੀ ਹੈ।"

"ਹਾਂ...ਪਰ ਆਪਾਂ ਸਾਰੇ ਰਿਸ਼ਤੇ ਨੀ ਬਚਾਅ ਪਾਏ..।" ਵਕੀਲਾਂ ਨੇ ਹਉਕਾ ਲੈਂਦੀ ਨੇ ਕਿਹਾ।

"ਨਹੀਂ,ਆਪਾਂ ਸਭ ਬਚਾ ਲਏ ਨੇ ਇੱਕ ਦਿਨ ਤੇਰੇ ਟੁੱਟੇ ਹੋਏ ਖ਼ਾਬ ਨੇ ਵੀ ਪੂਰਾ ਹੋਣਾ ਏ।" ਵਕੀਲੇ ਨੇ ਦ੍ਰਿੜਤਾ ਨਾਲ਼ ਕਿਹਾ ਤਾਂ ਵਕੀਲਾਂ ਨੇ ਅੱਖਾਂ ਭਰਦੀ ਨੇ ਕਿਹਾ,

"ਤਾਂ ਕੀ ਸ਼ਿਵਚਰਨ ਆਪਣੇ ਧਰਾਤਲ ਨਾਲ਼ ਜੁੜ ਪਾਏਗਾ ?"

"ਹਾਂ..ਮੈਨੂੰ ਪੂਰਨ ਵਿਸ਼ਵਾਸ ਏ ਕਿ ਗੁਲਜ਼ਾਰੀ,ਸ਼ਿਵਚਰਨ ਨੂੰ ਕਦੇ ਗੁੰਮਣ ਨਹੀਂ ਦੇਵੇਗਾ।" ਉਸਨੇ ਵਕੀਲਾਂ ਨੂੰ ਦੋਹਾਂ ਬਾਹਾਂ ਵਿੱਚ ਕਸਦੇ ਨੇ ਕਿਹਾ।

ਵਕੀਲਾਂ ਚਾਹੁੰਦੀ ਸੀ ਕਿ ਸ਼ਿਵਚਰਨ ਆਪਣੇ ਦਾਦਾ-ਦਾਦੀ ਨੂੰ ਜ਼ਰੂਰ ਮਿਲ਼ਦਾ ਰਹੇ ਤੇ ਵਕੀਲਾਂ ਦੇ ਕਹਿਣ ਦਾ ਮਤਲਬ ਵੀ ਇਹੀ ਸੀ ਕਿ ਉਹ ਆਪਣੇ ਦਾਦਾ-ਦਾਦੀ ਤੇ ਰਾਮਪੁਰੇ ਨਾਲ਼ ਜ਼ਰੂਰ ਜੁੜੇਗਾ।ਵਕੀਲਾਂ ਨੇ ਮਿੱਠੀ ਜਿਹੀ ਮੁਸਕ੍ਰਾਹਟ ਵਿਖੇਰ ਕੇ ਫਿਰ ਗੱਲ ਛੇੜੀ,"ਪਰ ਮੈਨੂੰ...ਨੂੰਹ ਗ਼ੁਲਾਬ ਵਰਗੀ ਹੀ ਚਾਹੀਦੀ ਆ,ਜਿਵੇਂ ਤੇਰੀ ਵਕੀਲਾਂ ਦੇ ਚਰਚੇ ਸੀ ਓਵੇਂ ਮੇਰੀ ਨੂੰਹ ਨੂੰ ਦੇਖ-ਦੇਖ ਵੀ  ਲੋਕਾਂ ਦੀ ਭੁੱਖ ਲਹੇ।"

"ਨਹੀਂ...ਨਹੀਂ..ਸੁਨੱਖੀਆਂ ਨਾਰਾਂ ਦੀ ਵੀ ਰਾਖੀ ਕਰਨੀ ਬੜੀ ਔਖੀ ਆ,ਮੈਂ ਤਾਂ ਕਰ ਗਿਆਂ ਔਖਾ-ਸੌਖਾ..ਪਰ ਗੁਲਜ਼ਾਰੀ ਤਾਂ ਵਿਚਾਰਾ ਮਾਲੀ ਬਣ ਕੇ ਰਹਿ ਜਾਊਗਾ।"

ਹੁਣ ਦੋਹਾਂ ਵਿੱਚ ਹਾਸਿਆਂ ਦੀ ਛਹਿਬਰ ਲੱਗ ਗਈ।ਵਕੀਲਾ ਵੀ ਹੁਣ ਸੋਚਾਂ ਵਿੱਚ ਡੁੱਬਿਆ ਠਹਾਕੇ ਮਾਰ ਕੇ ਹੱਸ ਪਿਆ ਪਰ ਬੈਂਡ ਦੀ ਅਵਾਜ਼ ਨੇ ਉਸਦੀ ਸੋਚ ਨੂੰ ਅਕਾਸ਼ ਤੋਂ ਧਰਤੀ 'ਤੇ ਲੈ ਆਂਦਾ।ਹੁਣ ਵਕੀਲਾ ਬਜ਼ੁਰਗਾਂ ਨਾਲ਼ ਮਿਲਣੀ ਵਾਲ਼ੀ ਥਾਂ ਵੱਲ ਨੂੰ ਜਾ ਰਿਹਾ ਸੀ।

ਗਗਨ ਤੇ ਕੁਲਵੀਰ ਵੀ ਵਿਆਹ ਦੇ ਸ਼ਗਨਾਂ ਦਾ ਆਨੰਦ ਲੈ ਰਹੀਆਂ ਸਨ ਤਾਂ ਕੋਲੋਂ ਲੰਘਦੇ ਵਕੀਲੇ ਨੇ ਹੌਂਕਾ ਲੈਂਦੇ ਨੇ ਸਵੈ ਨੂੰ ਸੰਬੋਧਨ ਕਰਦੇ ਹੋਏ ਨੇ ਕਿਹਾ,"ਵਕੀਲਾਂ!....ਨੂੰਹ ਤਾਂ ਮਿਲਜੂ ਤੈਨੂੰ... ਪਰ ਲੱਗਦਾ ਭਵਿੱਖ ਇਤਿਹਾਸ ਦੀ ਗੁਠਲ਼ੀ ਵਿੱਚੋਂ ਹੀ ਪੁੰਗਰੂ......ਜਾਤਾਂ,ਨਸਲਾਂ ਦਾ ਵਿਤਕਰਾ ਅਜੇ ਵੀ ਮੁਹੱਬਤੀ ਰਿਸ਼ਤਿਆਂ ਲਈ ਮੂੰਹ ਟੱਡੀ ਖੜ੍ਹਾ।" ਵਕੀਲਾ ਸੋਚ ਕੇ ਉਦਾਸ ਜਿਹਾ ਹੋ ਗਿਆ।

ਸਾਰੀਆਂ ਮੁਢਲੀਆਂ ਰਸਮਾਂ ਉਪਰੰਤ ਹੁਣ ਰਮਦਾਸੀਆਂ ਦੇ ਗੁਰਦੁਆਰੇ ਵਿੱਚ ਆਨੰਦ ਕਾਰਜ ਦੀਆਂ ਰਸਮਾਂ ਹੋ ਰਹੀਆਂ ਸਨ।ਸਿਕੰਦਰ,ਸ਼ਿਵਚਰਨ,ਗੋਖਾ ਤੇ ਸੁਲਤਾਨ ਵੀ ਉੱਥੇ ਹਾਜ਼ਰ ਸਨ।ਜਿਉਂ-ਜਿਉਂ ਲਾਵਾਂ ਦਾ ਪਾਠ ਹੋ ਰਿਹਾ ਸੀ ਤਿਉਂ-ਤਿਉਂ ਬੀਬੀ ਦੀ,ਧੀ ਪ੍ਰਤੀ ਮੁਹੱਬਤ ਉਸਦੀਆਂ ਅੱਖਾਂ ਰਾਹੀ ਤਿਪ-ਤਿਪ ਚੋ ਰਹੀ ਸੀ।ਇਸ ਵਕਤ ਸਿਕੰਦਰ ਦੀ ਬੀਬੀ ਸਿਕੰਦਰ ਦੇ ਬਾਪੂ ਨੂੰ ਯਾਦ ਕਰਕੇ ਹੋਰ ਵੀ ਬਿਹਬਲ ਹੋ ਰਹੀ ਸੀ ਕਿਉਂਕਿ ਖ਼ੁਸ਼ੀ-ਗ਼ਮੀ ਮੌਕੇ ਵਿੱਛੜ ਚੁੱਕੇ ਇਨਸਾਨ ਹੋਰ ਵੀ ਵਧੇਰੇ ਯਾਦ ਆਉਂਦੇ ਨੇ।ਫਿਰ ਸਿਕੰਦਰ ਦੇ ਬਾਪੂ ਦੇ ਹੁੰਦੇ ਉਸਦੀ ਬੀਬੀ ਨੇ ਤਾਂ ਬੇਫ਼ਿਕਰ ਹੋ ਜਾਣਾ ਸੀ।ਸਿਕੰਦਰ ਵੀ ਇਸ ਪੱਥਰ ਜਿੱਡੇ ਗ਼ਮ ਨੂੰ ਆਪਣੇ ਅੰਦਰ ਹੀ ਸਮੋਈ ਬੈਠਾ ਸੀ।ਰਾਣੋ ਦੀਆਂ ਨਜ਼ਰਾਂ ਵੀ ਪਿਤਾ ਮੋਹ ਦੇ ਵਿਛੋੜੇ ਕਾਰਨ ਛਲਕਦੀਆਂ ਹੋਈਆਂ ਆਪਣੇ ਨੈਣਾਂ ਦੇ ਵਹਿਣਾਂ ਨੂੰ ਹੋਰ ਵੀ ਤੇਜ਼ ਕਰ ਰਹੀਆਂ ਸਨ।

ਰਾਣੋ ਦੀ ਵਿਦਾਇਗੀ ਪਿੱਛੋਂ ਘਰ ਦੀਆਂ ਕੰਧਾਂ ਵੀ ਸਿਕੰਦਰ ਦੀ ਬੀਬੀ ਸਮੇਤ ਉਦਾਸ ਹੋ ਗਈਆਂ ਸਨ।ਉਹ ਵੀ ਬੀਬੀ ਦੇ ਖ਼ੁਸ਼ੀ ਵਿੱਚ ਛਲਕਦੇ ਹੰਝੂਆਂ ਵਾਂਗ ਆਪਣੀ ਹੋਂਦ ਪ੍ਰਗਟਾ ਰਹੀਆਂ ਸਨ।ਧੀ ਦੀ ਵਿਦਾਇਗੀ ਵਿਹੜੇ ਦੀ ਰੌਣਕ ਨੂੰ ਆਪਣੇ ਨਾਲ਼ ਸਮੇਟ ਕੇ ਲਿਜਾ ਚੁੱਕੀ ਸੀ ਅਤੇ ਸਿਕੰਦਰ ਸਮੇਤ ਸਾਰੇ ਦੋਸਤ ਤੇ ਪਰਿਵਾਰ ਜਿੰਮੇਵਾਰੀਆਂ ਨਿਭਾਉਂਦੇ ਹੋਏ ਬਾਕੀ ਸਮਾਨ ਸਮੇਟਣ ਵਿੱਚ ਮਸਰੂਫ਼ ਹੋ ਗਏ ਸਨ।ਦੋਸਤਾਂ ਦੀ ਹੋਂਦ ਨੇ ਸਾਬਤ ਕਰ ਦਿੱਤਾ ਸੀ ਕਿ ਰਿਸ਼ਤੇ ਸਿਰਜੇ ਤੇ ਸਾਂਭੇ ਜਾ ਸਕਦੇ ਨੇ ਬਸ਼ਰਤੇ ਉਹ ਲਾਭ ਹਾਨੀ ਦੇ ਤਰਾਜ਼ੂ ਵਿੱਚ ਨਾ ਤੋਲੇ ਜਾਣ।

ਗਾੜ੍ਹੇ ਹੋ ਰਹੇ ਹਨ੍ਹੇਰੇ ਤੇ ਰਾਣੋ ਦੀ ਵਿਦਾਇਗੀ ਨੇ ਘਰ ਵਿਚਲੀ  ਕਈ ਦਿਨਾਂ ਦੀ ਰੌਣਕ ਨੂੰ ਘੱਟ ਕਰ ਦਿੱਤਾ ਸੀ।ਸ਼ਿਵਚਰਨ,ਸਿਕੰਦਰ,ਸੁਲਤਾਨ ਹੁਣ ਥੱਕੇ-ਥੱਕੇ ਮਹਿਸੂਸ ਕਰ ਰਹੇ ਸਨ।ਗੋਖਾ,ਕੁਲਵੀਰ ਤੇ ਗਗਨ ਨੂੰ ਨਾਲ਼ ਲੈ ਕੇ ਜਾ ਚੁੱਕਾ ਸੀ।ਘਰ ਦੀ ਉਦਾਸੀ ਉਨ੍ਹਾਂ ਤਿੰਨਾਂ ਨੂੰ ਉਦਾਸ ਕਰ ਰਹੀ ਸੀ।ਰਾਤ ਬਹੁਤ ਹੋ ਚੁੱਕੀ ਸੀ।ਕਈ ਦਿਨਾਂ ਦੇ ਥਕੇਵੇਂ ਨੇ ਉਨ੍ਹਾਂ ਨੂੰ ਕਦੋਂ ਸੁਲ਼ਾਦਿੱਤਾ,ਇਹ ਪਤਾ ਹੀ ਨਹੀਂ ਸੀ ਲੱਗਿਆ।

*

ਵਿਆਹ ਦੀਆਂ ਜਿੰਮੇਵਾਰੀਆਂ ਨਿਭਾਉਣ ਉਪਰੰਤ ਸਾਰੇ ਦੋਸਤਾਂ ਨੇ ਆਪਣੇ ਕਾਰਜਾਂ ਦੇ ਮੋਰਚੇ ਫਿਰ ਸੰਭਾਲ਼ ਲਏ ਸਨ। ਸ਼ਿਵਚਰਨ ਤੇ ਗਗਨ ਦੀ ਮਿਹਨਤ ਤੇ ਗੋਖਾ,ਸਿਕੰਦਰ ਤੇ ਸੁਲਤਾਨ ਦਾ ਸੰਗ ਅਤੇ ਹੁਣ ਕਾਰੇ ਦਾ ਜੁੜਨਾ ਮੰਡੀ ਦੇ ਸਕੂਲ ਵਿੱਚ ਨਵੀਂ ਰੂਹ ਭਰ ਰਿਹਾ ਸੀ।ਸ਼ਿਵਚਰਨ ਦੁਆਰਾ ਕਾਰੇ ਦਾ ਮਨ ਜਿੱਤ ਕੇ ਉਸਨੂੰ ਜ਼ਿੰਦਗੀ ਦੇ ਹਾਣ ਦਾ ਕਰਨਾ ਸ਼ਿਵਚਰਨ ਨੂੰ ਹੋਰ ਵੀ ਖ਼ੁਸ਼ੀ ਦੇ ਰਿਹਾ ਸੀ।ਕਾਰੇ ਵਿੱਚ ਆਇਆ ਬਦਲਾਵ ਇਹ ਸਾਬਤ ਕਰ ਰਿਹਾ ਸੀ ਕਿ ਮਨੁੱਖੀ ਮਨ ਦੇ ਵਿਹੜੇ ਦੀ ਹੀ ਕਰਾਮਾਤ ਹੁੰਦੀ ਹੈ ਜੋ ਉਸਨੂੰ ਕਦੇ ਮਾੜਾ ਤੇ ਕਦੇ ਚੰਗਾ ਸਾਬਤ ਕਰਦੀ ਹੈ।

*

ਸਿਰਜਣਾ ਤਾਂ ਹਰੇਕ ਮਨੁੱਖ ਦੀ ਹੀ ਸਮਾਨ ਹੁੰਦੀ ਹੈ ਪਰ ਉਸਦੇ ਅੰਦਰਲੇ ਭਾਵਾਂ ਦੀ ਤਾਕਤ ਹੀ ਉਸਨੂੰ ਚੰਗੇਰਾ ਜਾਂ ਮੰਦੇਰਾ ਬਣਾਉਂਦੀ ਹੈ।ਚੰਗੇ ਭਾਵਾਂ ਦੇ ਪੈਦਾ ਹੋਣ ਨਾਲ਼ ਹੀ ਕਾਰੇ ਦੇ ਮਨ ਵਿੱਚ ਕਿੰਨੇ ਹੀ ਰਿਸ਼ਤੇ ਪੈਦਾ ਹੋ ਗਏ ਸਨ ਜਿਨ੍ਹਾਂ ਬਿਨਾ ਹੁਣ ਉਹ ਆਪਣੇ ਆਪ ਨੂੰ ਅਧੂਰਾ ਹੀ ਨਹੀਂ ਸਗੋਂ ਨਿਰਾਰਥਕ ਵੀ ਮੰਨਦਾ ਸੀ।ਉਹ ਗਾਹੇ-ਵਿਗਾਹੇ ਆਪਣੇ ਵਰਗੇ ਹੋਰ ਵੀ ਇਨਸਾਨਾਂ ਨੂੰ ਆਪਣੇ ਨਾਲ਼ ਜੋੜਨ ਦਾ ਯਤਨ ਕਰ ਰਿਹਾ ਸੀ।ਪਰ ਹੁਣ ਉਹ ਇਹ ਵੀ ਸਮਝ ਗਿਆ ਸੀ ਕਿ ਉਲਝੀ ਤਾਣੀ ਨੂੰ,ਗੰਧਲੇ ਪਾਣੀ ਨੂੰ,ਮੱਤ ਨਿਆਣੀ ਨੂੰ ਤੇ ਕਲੇਸ਼ੀ ਸੁਆਣੀ ਨੂੰ ਸਮਝਾਉਣਾ ਤੇ ਸੁਲਝਾਉਣਾ ਬਹੁਤ ਔਖਾ ਕੰਮ ਹੈ।

*

ਦਸੰਬਰ ਦਾ ਮਹੀਨਾ ਸੀ।ਕੋਸੀ-ਕੋਸੀ ਧੁੱਪ ਸਰੀਰ ਨੂੰ ਤਾਜ਼ਗੀ ਦਿੰਦੀ ਹੋਈ ਰੂਹ ਨੂੰ ਸਕੂਨ ਦੇ ਰਹੀ ਸੀ।ਬਹੁਤ ਦਿਨਾਂ ਬਾਅਦ ਅੱਜ ਉਹ ਸਾਰੇ ਇੱਕਠੇ ਕਾਲਜ ਦੇ ਲਾਅਨ ਵਿੱਚ ਬੈਠੇ ਸਨ।ਕਾਲਜ ਦਾ ਵਿਹੜਾ ਅੱਜ ਮਿੱਤਰਾਂ ਦੇ ਇੱਕਠੇ ਬੈਠਣ ਨਾਲ਼ ਸਾਰਿਆਂ ਨੂੰ ਹੋਰ ਵੀ ਸੋਹਣਾ ਲੱਗ ਰਿਹਾ ਸੀ।ਰੇੜ੍ਹੀ ਚੌਂਕ ਵਿੱਚੋਂ ਪ੍ਰਿੰਸ ਉਨ੍ਹਾਂ ਵੱਲ ਹੀ ਆ ਰਿਹਾ ਸੀ। ਗਗਨ ਨੇ ਉਸਨੂੰ ਅਵਾਜ਼ ਮਾਰ ਲਈ।ਸ਼ਿਵਚਰਨ ਨੇ ਉਸਨੂੰ ਆਪਣੇ ਦਾਦਾ-ਦਾਦੀ ਦਾ ਹਾਲ ਪੁੱਛਦਿਆ ਕਿਹਾ,"ਕੀ ਹਾਲ ਏ ਉਨ੍ਹਾਂ ਦਾ ?.... ਠੀਕ ਨੇ ?"

"ਹਾਂ....ਬਹੁਤ ਯਾਦ ਕਰਦੇ ਨੇ ਤੈਨੂੰ..।" ਪ੍ਰਿੰਸ ਨੇ ਜਵਾਬ ਦਿੱਤਾ।

"ਅੱਛਾ!..."

ਉਹ ਆਖ ਕੇ ਸੋਚਾਂ ਵਿੱਚ ਪੈ ਗਿਆ ਤਾਂ ਗੋਖਾ ਬੋਲਿਆ,"ਕੀਹਦੀ ਗੱਲ ਕਰਦੇ ਹੋ ?...ਤੁਸੀਂ ਯਾਰ ਕਦੇ ਮੈਨੂੰ ਕੁਛ ਨੀ ਦੱਸਦੇ।"

ਉਹ ਬੋਲ ਕੇ ਚੁੱਪ ਕਰ ਗਿਆ।ਕੋਈ ਨਾ ਬੋਲਿਆ ਸਗੋਂ ਸਾਰੇ ਹੀ ਉਸ ਵੱਲ ਦੇਖਣ ਲੱਗ ਗਏ।ਉਹ ਨਰਾਜ਼ ਜਿਹਾ ਹੋਇਆ ਲੱਗਿਆ ਤਾਂ ਸਿਕੰਦਰ ਨੇ ਕਿਹਾ,"ਸੌਰੀ ਯਾਰ......ਐਸੀ ਤਾਂ ਕੋਈ ਗੱਲ ਨਹੀਂ,ਉਹ ਤਾਂ ਸ਼ਿਵਚਰਨ ਦੇ ਦਾਦਾ-ਦਾਦੀ ਦੀ ਗੱਲ ਕਰਦੇ ਸੀ ਜੋ ਰਾਮਪੁਰੇ ਰਹਿੰਦੇ ਨੇ ਤੇ ਪ੍ਰਿੰਸ ਉਨ੍ਹਾਂ ਨੂੰ ਮਿਲ਼ਦਾ ਰਹਿੰਦਾ..।"

"ਦਾਦਾ-ਦਾਦੀ!..." ਗੋਖੇ ਦੇ ਮੂਹੋਂ ਹੈਰਾਨੀ ਜਿਹੀ ਨਾਲ਼ ਨਿੱਕਲਿਆ ਤੇ ਫਿਰ ਹੋਰ ਵੀ ਹੈਰਾਨ ਹੁੰਦਾ ਬੋਲਿਆ,"ਪਰ...ਮੈਨੂੰ ਤਾਂ ਪਤਾ ਹੀ ਨੀ ਸੀ... ਬਈ ਸ਼ਿਵਚਰਨ ਦੇ ਦਾਦਾ ਦਾਦੀ ਵੀ ਹੈਗੇ ਨੇ,ਤੁਸੀਂ ਮੇਰੇ ਤੋਂ ਲੁਕਾਉਂਦੇ ਕਿਉਂ ਰਹਿਨੇ ਓ ?"

ਉਹ ਤਨਾਅ ਜਿਹੇ ਵਿੱਚ ਆ ਗਿਆ।ਸਿਕੰਦਰ ਨੇ ਉਸਦੀ ਮਾਨਸਿਕ ਸਥਿਤੀ ਨੂੰ ਵੇਖ ਕੇ ਸਾਰੀ ਕਹਾਣੀ ਉਸਨੂੰ ਦੱਸ ਦਿੱਤੀ।ਸੁਣ ਕੇ ਗੋਖਾ ਭਾਵੁਕ ਜਿਹਾ ਹੋ ਗਿਆ।ਉਸਨੇ ਉੱਠ ਕੇ ਸ਼ਿਵਚਰਨ ਨੂੰ ਬੈਠੇ ਨੂੰ ਹੀ

ਗ਼ਲਵੱਕੜੀ ਵਿੱਚ ਲੈ ਲਿਆ।ਉਸਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਸਨ।ਉਹ ਥੋੜ੍ਹੀ ਦੇਰ ਚੁੱਪ ਰਹਿ ਕੇ ਬੋਲਿਆ,"ਕਿਉਂ ਨਾ ਅੱਜ ਹੀ ਚੱਲੀਏ ਆਪਾਂ... ਦਾਦਾ ਦਾਦੀ ਨੂੰ ਮਿਲਣ...ਸਾਰੇ ਹੀ ਚੱਲਦੇ ਆਂ।"

ਗੋਖੇ ਦੀ ਗੱਲ ਸੁਣ ਕੇ ਸਾਰੇ ਇੱਕਦਮ ਚੁੱਪ ਜਿਹੇ ਹੋ ਕੇ ਉਸ ਵੱਲ ਦੇਖਣ ਲੱਗੇ ਤਾਂ ਸ਼ਿਵਚਰਨ ਨੇ ਹਲੀਮੀ ਜਿਹੀ ਨਾਲ਼ ਕਿਹਾ,"ਐਨਾ ਸੌਖਾ ਨਹੀਂ ਮਿਲਣਾ,ਮੈਂ ਤਾਂ ਪਹਿਲਾਂ ਹੀ ਪ੍ਰਿੰਸ ਨੂੰ ਬਹੁਤ ਜੋਖਮ ਵਿੱਚ ਪਾ ਚੁੱਕਿਆ ਹਾਂ......ਨਹੀਂ..ਨਹੀਂ ...ਅੱਜ ਨਹੀਂ...ਨਾਲ਼ੇ ਸਾਰੇ ਨਹੀਂ।"

ਪਰ ਗੋਖਾ ਹੁਣ ਆਪਣੀ ਆਦਤ ਮੁਤਾਬਕ ਜ਼ਿੱਦ ਉੱਤੇ ਹੀ ਆ ਗਿਆ ਸੀ ਤਾਂ ਸ਼ਿਵਚਰਨ ਬਹੁਤ ਔਖਾ ਜਿਹਾ ਹੁੰਦਾ ਉਸਨੂੰ ਬੋਲਿਆ,"ਤਾਂ ਹੀ ਤਾਂ ਤੈਨੂੰ ਦੱਸਦੇ ਨੀ ਸੀ..।"

ਉਹ ਹੁਣ ਫਿਰ ਉਦਾਸ ਜਿਹਾ ਹੋ ਗਿਆ ਤੇ ਪ੍ਰਿੰਸ ਦੇ ਮੋਢੇ 'ਤੇ ਹੱਥ ਰੱਖਦਾ ਹੋਇਆ ਬੋਲਿਆ,"ਹਾਂ ਯਾਰ...ਮੈਂ ਹੈ ਹੀ ਇਸ ਕਾਬਲ ਹਾਂ...ਮੈਨੂੰ ਨਾ ਹੀ ਦੱਸਿਆ ਕਰੋ...ਪਰ ਮੈਂ ਕੀ ਕਰਾਂ..ਮੈਥੋਂ ਰਿਹਾ ਨੀ ਗਿਆ..।"

ਪ੍ਰਿੰਸ ਕੁਛ ਸਮਾਂ ਬੈਠਾ ਸੋਚਦਾ ਰਿਹਾ ਤੇ ਫਿਰ ਉੱਠ ਕੇ ਕਹਿਣ ਲੱਗਿਆ,"ਚਲੋ...ਅੱਜ ਸਾਰੇ ਹੀ ਚੱਲਦੇ ਆਂ,ਦੇਖੀ ਜਾਊ..।"

"ਨਹੀਂ ਪ੍ਰਿੰਸ...ਤੇਰੇ ਲਈ ਵੀ......ਤੇ ਉਨ੍ਹਾਂ ਲਈ ਵੀ ਬਹੁਤ ਔਖਾ ਹੋ ਜਾਣਾ...।"

ਸ਼ਿਵਚਰਨ ਨੇ ਚਿੰਤਤ ਹੁੰਦੇ ਨੇ ਕਿਹਾ ਤਾਂ ਪ੍ਰਿੰਸ ਉਸ ਵੱਲ ਹੱਥ ਕੱਢਦਾ ਹੋਇਆ ਬੋਲਿਆ,"ਉੱਠ ਬਾਈ...ਬਹੁਤ ਸੋਚ ਲਿਆ ਮੈਂ ਵੀ...ਹੁਣ ਰਿਸ਼ਤਿਆਂ ਵਿੱਚ,ਮੈਂ ਹੋਰ ਤੜਫ਼ ਨੀ ਦੇਖ ਸਕਦਾ...ਦੇਖੀ ਜਾਊ।"

"ਭਾਵਨਾਵਾਂ ਵਿੱਚ ਨਾ ਵਹਿ ...ਉਨ੍ਹਾਂ ਲਈ ਬਹੁਤ ਔਖਾ ਹੋ ਜਾਣਾ।" ਸ਼ਿਵਚਰਨ ਨੇ ਸਿਰ ਹਿਲਾਉਂਦਿਆਂ ਆਖਿਆ।

"ਉਹ ਪਹਿਲਾਂ ਕਿਹੜਾ ਸੌਖੇ ਨੇ...ਭਟਕਣਾਂ ਤੇ ਤੜਫ਼ਣਾ ਤੋਂ ਸਿਵਾਇ ਉਨ੍ਹਾਂ ਕੋਲ਼ ਹੈ ਵੀ ਕੀ..।

"ਜਿੰਮੇਵਾਰ ਵੀ ਤਾਂ ਉਹੀ ਨੇ।" ਸ਼ਿਵਚਰਨ ਨੇ ਹੁਣ ਖਿਝ ਕੇ ਕਿਹਾ ਤਾਂ ਗਗਨ ਨੇ ਉਸਦੇ ਕੋਲ਼ ਹੁੰਦਿਆਂ ਆਖਿਆ,"ਫੇਰ ਵੀ ਦਾਦਾ ਦਾਦੀ ਨੇ...ਇਹ ਵੀ ਤਾਂ ਭੁੱਲਿਆ ਨਹੀਂ ਜਾ ਸਕਦਾ।"

ਗਗਨ ਦੇ ਬੋਲ ਸੁਣ ਕੇ ਉਸਦੇ ਅੰਦਰ ਇੱਕ ਹੂਕ ਜਿਹੀ ਉੱਠੀ ਤੇ ਉਸਨੇ ਪ੍ਰਿੰਸ ਦਾ ਕੱਢਿਆ ਹੋਇਆ ਹੱਥ ਫੜਦਿਆਂ ਉਸਦੇ ਸਹਾਰੇ ਉੱਠ ਖੜ੍ਹਾ ਹੋਇਆ।ਉਸ ਸਾਰੇ ਉਸਦੇ ਮਗਰ ਤੁਰ ਪਏ।ਜਦੋਂ ਉਹ ਰੇੜ੍ਹੀ ਚੌਂਕ ਵਿੱਚ ਗਏ ਤਾਂ ਮੇਨ ਗੇਟ ਵੱਲੋਂ ਪ੍ਰੋਫ਼ੈਸਰ ਅਸਲਮ ਲੰਮੇ ਵਾਲ਼ਾਂ ਵਿੱਚ ਹੱਥ ਫੇਰਦਾ ਆ ਰਿਹਾ ਸੀ।ਉਸਨੇ ਕੋਲ਼ੋਂ ਲੰਘਦੇ ਨੇ ਗਗਨ ਦੀਆਂ ਛਾਤੀਆਂ ਵੱਲ ਝਾਕਦਿਆਂ ਉਸਦੀਆਂ ਅੱਖਾਂ ਵਿੱਚ ਅੱਖਾਂ ਪਾ ਦਿੱਤੀਆਂ।ਗਗਨ ਆਪਣੀ ਚੁੰਨੀ ਠੀਕ ਕਰਦੀ ਹੋਈ ਮੂੰਹ ਵਿੱਚ ਹੀ ਬੁੜ-ਬੁੜਾਈ ਤਾਂ ਅਸਲਮ ਨੂੰ ਵੀ ਇਸ ਗੱਲ ਦਾ ਇਲਮ ਹੋ ਗਿਆ ਸੀ ਕਿ ਉਹ ਉਸ ਲਈ ਕੋਈ ਚੰਗਾ ਸ਼ਬਦ ਨਹੀਂ ਬੋਲੀ ਤੇ ਉਹ ਰੇੜ੍ਹੀ ਚੌਂਕ ਵਿੱਚ ਖੜ੍ਹਕੇ ਉਨ੍ਹਾਂ ਨੂੰ ਜਾਂਦਿਆਂ ਨੂੰ ਦੇਖਦਾ ਰਿਹਾ।ਫਿਰ ਆਪਣੇ ਆਪ ਨੂੰ ਹੀ ਸੰਬੋਧਨ ਕਰਦਾ ਹੋਇਆ ਬੋਲਿਆ,"ਕੋਈ ਨੀ ਰਕਾਨੇ...ਤੇਰੀ ਆਕੜ ਵੀ ਚੌਲ਼ਾਂ ਦੇ ਖ਼ੁਥੜ ਵਾਂਗ ਸੈਲਰ ਵਿੱਚ ਹੀ ਸਾਂਭ ਦੇਣੀ ਏ।"

ਉਹ ਐਨਕਾਂ ਠੀਕ ਕਰਦਾ ਤੇ ਮੁਸਕ੍ਰਾਹਟ ਵਿਖੇਰਦਾ ਅੱਲ੍ਹੜਾਂ ਦੀਆਂ ਛਾਤੀਆਂ ਟੋਂਹਦਾ ਗੁਦਾਮਾਂ ਵੱਲ ਬਣੇ ਆਪਣੇ ਦਫ਼ਤਰ ਨੂੰ ਚਲਾ ਗਿਆ।

ਹੁਣ ਉਹ ਸਾਰੇ ਹੀ ਕਾਹਲ਼ੇ ਕਦਮੀਂ ਬੱਸ-ਅੱਡੇ ਵੱਲ ਨੂੰ ਜਾ ਰਹੇ ਸਨ ਕਿਉਂਕਿ ਬਸ-ਅੱਡੇ ਹੋ ਕੇ ਉਨ੍ਹਾਂ ਨੇ ਸਮਾਜ ਭਲਾਈ ਸੁਸਾਇਟੀ ਦੇ ਦਫ਼ਤਰ ਵਿੱਚੋਂ ਗੋਖੇ ਦੀ ਗੱਡੀ ਚੁੱਕਣੀ ਸੀ ਤੇ ਫਿਰ ਉਸ ਵਿੱਚ ਰਾਮਪੁਰੇ ਨੂੰ ਜਾਣਾ ਸੀ।ਜਿਸ ਦਿਨ ਗੋਖਾ ਕਾਲਜ ਗੱਡੀ ਲੈ ਕੇ ਆਉਂਦਾ ਸੀ ਤਾਂ ਉਹ ਗੱਡੀ ਨੂੰ ਕਾਲਜ ਨਾ ਲੈਕੇ ਆਉਂਦਾ ਸਗੋਂ ਸੁਸਾਇਟੀ ਦੇ ਦਫ਼ਤਰ ਵਿੱਚ ਹੀ ਖੜ੍ਹੀ ਕਰ ਜਾਂਦਾ ਹੁੰਦਾ ਸੀ।

ਚਿਰ ਬਾਅਦ ਦਾਦਾ-ਦਾਦੀ ਨੂੰ ਮਿਲਣ ਦੀ ਤਾਂਘ ਜਿੱਥੇ ਸ਼ਿਵਚਰਨ ਅੰਦਰ ਚਾਅ ਜਿਹਾ ਪੈਦਾ ਕਰ ਰਹੀ ਸੀ ਉੱਥੇ ਉਸਦੇ ਦਾਦਾ-ਦਾਦੀ ਨਾਲ਼ ਕੁਛ ਬੁਰਾ ਨਾ ਵਾਪਰੇ,ਇਹ ਸੋਚ ਕੇ ਉਸਨੂੰ ਹੌਲ ਜਿਹਾ ਵੀ ਪੈ ਰਿਹਾ ਸੀ ਤੇ ਠੰਢ ਵਿੱਚ ਵੀ ਉਸਨੂੰ ਤ੍ਰੇਲ਼ੀਆਂ ਜਿਹੀਆਂ ਆ ਰਹੀਆਂ ਸਨ।

ਗੋਖੇ ਦੀ ਗੱਡੀ ਵਿੱਚ ਬੈਠ ਕੇ ਉਹ ਸਾਰੇ ਰਾਮਪੁਰੇ ਦੇ ਰਾਹ ਪੈ ਚੁੱਕੇ ਸਨ।ਪ੍ਰਿੰਸ ਹੁਣ ਇਹੀ ਸੋਚਦਾ ਜਾ ਰਿਹਾ ਸੀ ਕਿ ਇਨ੍ਹਾਂ ਦੇ ਮਿਲਾਪ ਲਈ ਉਸਨੇ ਕਿੰਨੇ ਹੀ ਝੂਠ ਪੈਦਾ ਕਰ ਦਿੱਤੇ ਹਨ।ਉਹ ਇਮਾਨਦਾਰੀ ਤੋਂ ਵੀ ਕਿਨਾਰਾ ਕਰਦਾ ਜਾ ਰਿਹਾ ਹੈ ਤੇ ਸਾਲਾਂ ਦੀ ਮਾਲਕਾਂ ਨਾਲ਼ ਕਮਾਈ ਵਫ਼ਾਦਾਰੀ ਨੂੰ ਫ਼ਨਾਹ ਕਰ ਰਿਹਾ ਹੈ।ਕਦੇ ਉਹ ਪੜ੍ਹਾਈ ਲਈ ਚੱਲਦੇ ਆਪਣੇ ਖਰਚੇ ਬਾਰੇ ਸੋਚਦਾ ਤੇ ਕਦੀ ਬਾਪੂ ਦੇ ਉਸ ਨਾਲ਼ ਗੁੱਸੇ ਹੋਣ ਬਾਰੇ।ਸੋਚ-ਸੋਚ ਕੇ ਉਸਦੀ ਧੜਕਣ ਬੇਕਾਬੂ ਜਿਹੀ ਹੋ ਰਹੀ ਸੀ।ਉਸਦਾ ਇੱਕ ਵਾਰ ਤਾਂ ਦਿਲ ਕੀਤਾ ਕਿ ਆਖ ਦੇਵੇ "ਚਲੋ ਵਾਪਸ,ਮੈਂ ਨੀ ਜਾਣਾ" ਪਰ ਸ਼ਿਵਚਰਨ ਦੀ ਦਾਦੀ ਦੀਆਂ ਛਲਕਦੀਆਂ ਅੱਖਾਂ ਤੇ ਉਸਨੂੰ ਦਿੱਤੀਆਂ ਢੇਰ ਸਾਰੀਆਂ ਦੁਆਵਾਂ ਨੇ ਉਸਦੀਆਂ ਧੜਕਣਾਂ ਨੂੰ ਹੁਣ ਸਥਿਰ ਕਰ ਦਿੱਤਾ ਸੀ।ਗੱਡੀ ਵਿੱਚ ਬੈਠਾ ਹੁਣ ਉਹ ਆਪਣੇ ਆਪ ਨੂੰ ਸੁਖਾਵਾਂ ਜਿਹਾ ਮਹਿਸੂਸ ਕਰ ਰਿਹਾ ਸੀ।

ਗਗਨ ਨੇ ਕਾਫ਼ੀ ਲੰਬੇ ਸਮੇਂ ਦੀ ਚੁੱਪ ਨੂੰ ਤੋੜਦੇ ਹੋਏ ਕਿਹਾ,"ਅੱਜ ਦਾਦਾ ਦਾਦੀ ਨੂੰ ਆਪਾਂ ਸਾਰਿਆਂ ਨੂੰ ਮਿਲ਼ ਕੇ ਕਿੰਨੀ ਖ਼ੁਸ਼ੀ ਹੋਊ,ਉਹਨਾਂ ਨੇ ਤਾਂ ਆਪਣੇ ਸਾਰਿਆਂ ਦੇ ਇਕੱਠੇ ਆਉਣ ਬਾਰੇ ਕਦੇ ਸੋਚਿਆ ਵੀ ਨਹੀਂ ਹੋਣਾ।"

"ਹਾਂ...ਮੈਂ ਵੀ ਤਾਂ ਨਹੀਂ ਸੀ ਸੋਚਿਆ,ਗੋਖੇ ਦੀ ਦਲੇਰੀ ਨੇ ਹਮੇਸ਼ਾ ਹੀ ਮੇਰੇ ਜੀਵਨ ਦੀ ਗਤੀ ਨੂੰ ਗਤੀਸ਼ੀਲ ਕੀਤਾ ਹੈ।"

ਸ਼ਿਵਚਰਨ ਨੇ ਗੋਖੇ ਦਾ ਮੋਢਾ ਫੜ ਕੇ ਉਸਨੂੰ ਘੁੱਟਦਿਆ ਕਿਹਾ ਤਾਂ ਉਸਨੇ ਮਿੱਠੀ ਜਿਹੀ ਮੁਸਕ੍ਰਾਹਟ ਨਾਲ਼ ਉਸ ਵੱਲ ਦੇਖਿਆ।ਪ੍ਰਿੰਸ ਨੇ ਵੀ ਅਗਲੀ ਸੀਟ 'ਤੇ ਬੈਠੇ ਨੇ ਮੁੜ ਕੇ ਸ਼ਿਵਚਰਨ ਵੱਲ ਦੇਖਿਆ ਤਾਂ ਉਸਨੂੰ ਵੀ ਆਪਣੇ ਮਨ ਚੋਂ ਸਵੈ-ਮਾਣ ਦੀ ਖ਼ੁਸ਼ਬੂ ਜਿਹੀ ਮਹਿਸੂਸ ਹੋਈ।ਸ਼ਿਵਚਰਨ ਨੂੰ ਹੌਸਲਾ ਦੇਣ ਲਈ ਗਗਨ ਨੇ ਵੀ ਉਸਦੇ ਸੱਜੇ ਮੋਢੇ ਉੱਪਰ ਦੀ ਬਾਂਹ ਕੱਢ ਕੇ ਮੋਢੇ ਨੂੰ ਥਪਥਪਾਇਆ ਤਾਂ ਗੱਡੀ ਦੇ ਸ਼ੀਸ਼ੇ ਵਿੱਚ ਦੀ ਗੋਖਾ ਉਨ੍ਹਾਂ ਨੂੰ ਬੜੇ ਧਿਆਨ ਨਾਲ਼ ਦੇਖ ਰਿਹਾ ਸੀ।ਉਸਨੇ ਸ਼ਿਵਚਰਨ ਨੂੰ ਮਜਾਕ ਕਰਦੇ ਨੇ ਕਿਹਾ,"ਸ਼ਿਵਚਰਨ! ...ਤੂੰ ਤਾਂ ਯਾਰ ਮੈਨੂੰ ਇਓਂ ਲੱਗਦਾਂ ਜਿਵੇਂ ਗਗਨ ਤੈਨੂੰ ਡੋਲੀ ਵਿੱਚ ਬਿਠਾ ਕੇ ਲੈ ਚੱਲੀ ਹੁੰਦੀ ਆ,ਨਵੀਂ ਨਵੇਲੀ ਵਹੁਟੀ ਵਾਂਗੂੰ ਊਈਂ ਸੁੰਗੜੀ ਜਿਹਾ ਜਾਨਾ,ਕਿਤੇ ਬਾਰੀ ਥਾਣੀ ਦੀ ਬਾਹਰ ਨਾ ਡਿੱਗ ਜਾਈਂ।"

ਸੁਣ ਕੇ ਸਰਿਆਂ ਨੇ ਹਾਸੜ ਚੁੱਕ ਦਿੱਤੀ।ਗਗਨ ਨੇ ਠਾਹ ਕਰਦਾ ਲਫ਼ੇੜਾ ਉਸਦੀ ਗਰਦਣ 'ਤੇ ਦੇ ਮਾਰਿਆ।ਗੋਖੇ ਨੇ ਆਪਣੀ ਆਦਤ ਮੁਤਾਬਕ ਹੁਣ ਗੱਡੀ ਵਿਚਲੇ ਮਹੌਲ ਨੂੰ ਹਾਸੇ ਦੀ ਰੰਗਤ ਦੇ ਦਿੱਤੀ ਸੀ।

ਗੱਡੀ ਹੁਣ ਰਾਮਪੁਰੇ ਦੇ ਬਸ-ਅੱਡੇ ਕੋਲ਼ ਪਹੁੰਚ ਚੁੱਕੀ ਸੀ।ਗੋਖੇ ਨੇ ਗੱਡੀ ਇੱਕ ਪਾਸੇ ਖੜ੍ਹਾਉਂਦਿਆਂ ਪ੍ਰਿੰਸ ਨੂੰ ਕਿਹਾ,"ਹਾਂ ਬਈ,ਬੋਲ ਕਿੱਧਰ ਨੂੰ ਜਾਣਾ ?"

ਪ੍ਰਿੰਸ ਨੇ ਥੋੜ੍ਹਾ ਜਿਹਾ ਸੋਚ ਕੇ ਅੱਡੇ ਦੇ ਨਾਲ਼ ਵਾਲ਼ੀ ਗਲ਼ੀ ਵੱਲ ਇਸ਼ਾਰਾ ਕਰਕੇ ਕਿਹਾ,"ਇੱਧਰ ਈ ਲੈ ਚੱਲ ਬਾਈ।"

ਹੁਣ ਪ੍ਰਿੰਸ ਦੀਆਂ ਧੜਕਣਾਂ ਫੇਰ ਤੇਜ਼ ਹੋ ਗਈਆਂ ਸਨ।ਸ਼ਿਵਚਰਨ ਤੇ ਪ੍ਰਿੰਸ ਨੇ ਇੱਕ ਦੂਜੇ ਨਾਲ਼ ਅੱਖਾਂ ਮਿਲ਼ਾਉਂਦਿਆਂ ਮੱਥੇ ਦੀਆਂ ਤ੍ਰੇਲ਼ੀਆਂ ਨੂੰ ਸਾਫ਼ ਕੀਤਾ।ਗਗਨ ਨੇ ਸ਼ਿਵਚਰਨ ਦੇ ਮੋਢੇ ਨੂੰ ਘੁੱਟਦਿਆਂ ਫਿਰ ਹੌਸਲਾ ਦਿੱਤਾ ਤੇ ਅੱਖਾਂ ਮਿਲ਼ਾਉਂਦਿਆਂ ਧੀਰਜ ਰੱਖਣ ਦਾ ਇਸ਼ਾਰਾ ਕੀਤਾ।ਪ੍ਰਿੰਸ ਦੇ ਕਹਿਣ 'ਤੇ ਗੋਖੇ ਨੇ ਗੱਡੀ ਘਰ ਵੱਲ ਜਾਂਦੀ ਗਲ਼ੀ ਨਾਲ਼ ਖੜ੍ਹੀ ਕਰ ਦਿੱਤੀ।ਗਲ਼ੀ ਵਿੱਚ ਚੁੱਪ ਪਸਰੀ ਹੋਈ ਸੀ।ਸਾਰੇ ਹੀ ਪ੍ਰਿੰਸ ਦੇ ਮਗਰ-ਮਗਰ ਤੁਰੇ ਜਾ ਰਹੇ ਸਨ।ਉਸਨੇ ਘਰ ਕੋਲ਼ ਜਾ ਕੇ ਇੱਧਰ-ਉੱਧਰ ਦੇਖਿਆ ਤੇ ਫਿਰ ਜਿੰਦਾ ਖੋਲ੍ਹ ਕੇ ਸਾਰੇ ਜਣੇ ਘਰ ਦੇ ਅੰਦਰ ਚਲੇ ਗਏ।ਪ੍ਰਿੰਸ ਨੇ ਦੁਬਾਰਾ ਸਿਰ ਜਿਹਾ ਬਾਹਰ ਕੱਢ ਕੇ ਗਲ਼ੀ ਵਿੱਚ ਦੇਖਿਆ ਕਿਉਂਕਿ ਉਸਨੂੰ ਕਿਸੇ ਦੇ ਹੋਣ ਦਾ ਭੁਲੇਖਾ ਪਿਆ ਸੀ।ਉਸਦੇ ਪਸੀਨੇ ਛੁੱਟ ਗਏ ਪਰ ਉਸਨੇ ਫਿਰ ਉੱਪਰ ਜਾਣ ਦਾ ਇਸ਼ਾਰਾ ਕੀਤਾ।

ਗਗਨ ਸਭ ਤੋਂ ਅੱਗੇ-ਅੱਗੇ ਜਾ ਰਹੀ ਸੀ ਤੇ ਉਸਨੇ ਜਾ ਕੇ ਦਾਦੀ ਨੂੰ ਬਾਹਾਂ ਵਿੱਚ ਘੁੱਟਦਿਆ ਕਿਹਾ, "ਦਾਦੀ ਜੀ ਤੁਸੀਂ ਕਿਵੇਂ ਹੋ?"

ਪਰ ਸ਼ਿਵਚਰਨ ਦੀ ਦਾਦੀ ਟੱਡੀਆਂ ਅੱਖਾਂ ਨਾਲ਼ ਹੈਰਾਨ ਹੋਈ ਖੜ੍ਹੀ ਸੀ।ਇੱਕ ਵਾਰ ਤਾਂ ਉਸਨੂੰ ਭੁਲੇਖਾ ਪਿਆ ਜਿਵੇਂ ਆਸ਼ਾ ਹੀ ਉਸਦੇ ਸਾਹਮਣੇ ਆਣ ਖਲੋਤੀ ਹੋਵੇ।ਗਗਨ ਦੇ ਚਿਹਰੇ ਦੀ ਮੁਸਕ੍ਰਾਹਟ ਨੇ ਦਾਦੀ ਦੇ ਚਿਹਰੇ 'ਤੇ ਵੀ ਮਿੱਠੀ-ਮਿੱਠੀ ਮੁਸਕ੍ਰਾਹਟ ਲੈ ਆਂਦੀ।ਹੁਣ ਸ਼ਿਵਚਰਨ ਨੂੰ ਸਾਹਮਣੇ ਦੇਖ ਕੇ ਦਾਦੀ ਦੀ ਮੱਠੀ ਜਿਹੀ ਮੁਸਕਾਨ ਮੁਰਝਾਈ ਕਰੂੰਬਲ਼ ਤੋਂ ਕਚਾਹ ਪੱਤ ਵਰਗੀ ਹੋ ਗਈ।ਇੰਝ ਲੱਗਦਾ ਸੀ ਜਿਵੇਂ ਕਿੰਨੀਆਂ ਹੀ ਪਤਝੜਾਂ ਪਿੱਛੋਂ ਬਹਾਰ ਪਰਤ ਆਈ ਹੋਵੇ।ਉਸਨੇ ਗਗਨ ਤੇ ਸ਼ਿਵਚਰਨ ਨੂੰ ਬੁੱਕਲ਼ ਵਿੱਚ ਲੈਂਦਿਆਂ ਅਸੀਸਾਂ ਦਿੰਦਿਆਂ ਕਿਹਾ,"ਇਹ ਤਾਂ ਜਮ੍ਹਾਂ ਹੀ ਤੇਰੀ ਮਾਂ ਵਰਗੀ ਆ......ਇਹ ਸਾਰੇ ਕੌਣ ਨੇ ਪੁੱਤਰ ?"

"ਇਹ ਸਾਰੇ ਹੀ ਮੇਰੇ ਦੋਸਤ ਨੇ,ਮੇਰੇ ਨਾਲ਼ ਹੀ ਪੜ੍ਹਦੇ ਨੇ,ਇਹ ਪ੍ਰਿੰਸ ਆ...ਇਹਨੂੰ ਤੁਸੀਂ ਜਾਣਦੇ ਹੀ ਹੋ ?"

"ਹਾਂ ਪੁੱਤ ਇਹ ਤਾਂ ਸਾਡੇ ਲਈ ਭਗਵਾਨ ਏ......ਜੇ ਇਹ ਨਾ ਹੁੰਦਾ ਅਸੀਂ ਤੇਰੇ ਲਈ ਤੜਫ਼ਦੇ ਮਰ ਜਾਣਾ ਸੀ...ਮਰਨਾ ਸਫ਼ਲਾ ਕਰਤਾ ਇਹਨੇ ਤਾਂ।"

ਇਹ ਸਭ ਸੁਣ ਕੇ ਹੁਣ ਪ੍ਰਿੰਸ ਨੂੰ ਆਪਣੇ ਆਪ 'ਤੇ ਮਾਣ ਜਿਹਾ ਮਹਿਸੂਸ ਹੋ ਰਿਹਾ ਸੀ।ਹੁਣ ਦਾਦਾ ਜੀ ਵੀ ਉਨ੍ਹਾਂ ਕੋਲ਼ ਆ ਚੁੱਕੇ ਸਨ।ਉਨ੍ਹਾਂ ਨੇ ਕੋਠੇ ਦੇ ਵਿਹੜੇ ਵਿੱਚ ਹੀ ਮੰਜਾ ਡਾਹ ਲਿਆ ਤੇ ਸਾਰੇ ਹੀ ਦਾਦਾ-ਦਾਦੀ ਦੀਆਂ ਗੱਲਾਂ ਵਿੱਚ ਮਗਨ ਹੋ ਗਏ।

ਇਸ ਤਰ੍ਹਾਂ ਲੱਗਦਾ ਸੀ ਜਿਵੇਂ ਖੰਡ੍ਹਰ ਵਿੱਚ ਕਿਸੇ ਨੇ ਭਾਵਨਾਵਾਂ ਦੀ ਫਸਲ ਬੀਜ ਦਿੱਤੀ ਹੋਵੇ ਤੇ ਉਸ ਫ਼ਸਲ ਨੂੰ ਪਿਆਰ ਤੇ ਸਤਿਕਾਰ ਦੇ ਫੁੱਲ ਲੱਗ ਗਏ ਹੋਣ।ਦੋਹਾਂ ਬਜ਼ੁਰਗਾਂ ਦੇ ਮਨ ਵਿੱਚੋਂ ਪਿਆਰ ਦੇ ਚਸਮੇ ਫੁੱਟ ਰਹੇ ਸਨ।ਗਗਨ ਤੇ ਸ਼ਿਵਚਰਨ ਉਨ੍ਹਾਂ ਦੇ ਵਿਚਕਾਰ ਬੈਠੇ ਮੋਹ ਦੀਆਂ ਤੰਦਾਂ ਨੂੰ ਪਿਆਰ ਦੀ ਛਾਣ ਨਾਲ਼ ਹੋਰ ਪੀਡੀਆਂ ਕਰ ਰਹੇ ਸਨ।ਪਰ ਇਹ ਮੋਹ ਦੀਆਂ ਤੰਦਾਂ,ਮੁਹੱਬਤ ਦੇ ਚਸ਼ਮੇ ਤੇ ਖੰਡ੍ਹਰ ਵਿੱਚ ਪੁੰਗਰੇ ਭਾਵਨਾਵਾਂ ਦੇ ਬੀਜ ਲੰਮੇਰਾ ਸਮਾਂ ਠਹਿਰਾਅ ਨਾ ਰੱਖ ਸਕੇ ਕਿਉਂਕਿ ਗੁਆਂਢ ਵਿੱਚੋਂ ਕਿਸੇ ਲੰਘਦੇ ਨੇ ਗਿਰਧਾਰੀ ਲਾਲ ਨੂੰ ਫ਼ੋਨ ਕਰਕੇ ਚੋਰੀ ਹੋਣ ਦੀ ਖ਼ਬਰ ਦੇ ਦਿੱਤੀ ਸੀ।

ਫ਼ੋਨ ਨੇ ਗਿਰਧਾਰੀ ਲਾਲ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ।ਉਹ ਸਕੂਟਰ ਚੁੱਕ ਕੇ ਦੁਕਾਨ 'ਤੇ ਗਿਆ ਅਤੇ ਉੱਥੋਂ ਆਪਣੇ ਮੁੰਡੇ ਨਾਲ਼ ਹੋਰ ਮੁੰਡੇ ਲੈ ਕੇ ਇਸ ਘਰ ਰੂਪੀ ਸਟੋਰ ਨੂੰ ਚੱਲ ਪਿਆ। ਉਹ ਆਉਂਦਾ ਹੋਇਆ ਚੌਂਕੀ ਵਿੱਚ ਵੀ ਇਤਲਾਹ ਦੇ ਆਇਆ ਸੀ।ਜਦੋਂ ਉਹ ਘਰ ਦੀ ਗਲ਼ੀ ਕੋਲ਼ ਪਹੁੰਚਿਆ ਤਾਂ ਗੱਡੀ ਦੇਖ ਕੇ ਹੈਰਾਨ ਹੋ ਗਿਆ ਤੇ ਮਨ ਵਿੱਚ ਹੀ ਬੁੜਬੜਾਇਆ,"ਲੋਹੜਾ ਆ ਗਿਆ,ਸ਼ਰੇਆਮ ਈ ਚੋਰੀ।"

ਉਹ ਸਕੂਟਰ ਗੱਡੀ ਕੋਲ਼ ਹੀ ਖੜ੍ਹਾ ਕਰਕੇ ਘਰ ਵੱਲ ਨੂੰ ਤੁਰ ਪਿਆ।ਉਸਦਾ ਮੁੰਡਾ ਵੀ ਹੋਰ ਮੁੰਡਿਆਂ ਨਾਲ਼ ਉੱਥੇ ਪਹੁੰਚ ਗਿਆ।

ਜਦੋਂ ਉਸਨੇ ਖੁੱਲ੍ਹੇ ਜਿੰਦੇ ਵਿੱਚ ਲਮਕਦੀ ਚਾਬੀ ਨੂੰ ਦੇਖਿਆ ਤਾਂ ਉਸਨੂੰ ਤੱਤ ਜਿਹਾ ਚੜ੍ਹ ਗਿਆ ਕਿਉਂਕਿ ਉਸਨੂੰ ਪਤਾ ਸੀ ਕਿ ਇਹ ਚਾਬੀ ਪ੍ਰਿੰਸ ਕੋਲ਼ ਹੀ ਹੁੰਦੀ ਆ ਤੇ ਉਹ ਉੱਚੀ ਦੇ ਕੇ ਬੋਲਿਆ,“ਸਾਲਾ ਹਰਾਮੀ! ਸਾਨੂੰ ਸਾਰੇ ਇਹੋ ਜਿਹੇ ਹੀ ਮਿਲ਼ਦੇ ਆ,ਪਹਿਲਾਂ ਉਹ ਬਿਹਾਰੀ ਚੂਨਾ ਲਾ ਗਿਆ ਤੇ ਹੁਣ ਆਹ ਛੋਕਰਾ..।”

ਗਿਰਧਾਰੀ ਤੇ ਉਸਦਾ ਮੁੰਡਾ ਤਾਂ ਹੇਠਾਂ ਹੀ ਖੜ੍ਹੇ ਸਨ ਪਰ ਨਾਲ਼ ਆਏ ਮੁੰਡਿਆਂ ਨੇ ਕੋਠੇ ਚੜ੍ਹ ਕੇ ਸਭ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ।ਚੀਕ ਚਿਹਾੜਾ ਪੈ ਗਿਆ,ਪਰ ਬਜ਼ੁਰਗਾਂ ਦੀਆਂ ਚੀਕਾਂ ਵੀ ਉਨ੍ਹਾਂ ਨੂੰ ਛੁਡਵਾ ਨਾ ਸਕੀਆਂ।ਅੰਦਰੋਂ ਚਾਹ ਬਣਾਉਂਦੀ ਗਗਨ ਭੱਜ ਕੇ ਆਈ ਤਾਂ ਦੇਖ ਕੇ ਉਸਦੀ ਵੀ ਚੀਕ ਨਿੱਕਲ਼ ਗਈ।ਉਸਦੀ ਚੀਕ ਨੇ ਸਭ ਨੂੰ ਬੁੱਤ ਬਣਾ ਦਿੱਤਾ।ਹੇਠਾਂ ਤੋਂ ਗਿਰਧਾਰੀ ਤੇ ਉਸਦਾ ਮੁੰਡਾ ਵੀ ਇੱਕਦਮ ਉੱਪਰ ਨੂੰ ਭੱਜੇ ਆਏ ਕਿਉਂਕਿ ਉਹ ਵੀ ਕੁੜੀ ਦੀ ਚੀਕ ਸੁਣ ਕੇ ਚਕਾਚੌਂਧ ਵਿੱਚ ਪੈ ਗਏ ਸਨ ਕਿ ਚੋਰਾਂ ਨਾਲ਼ ਕੋਈ ਕੁੜੀ ਕਿਵੇਂ ਹੋ ਸਕਦੀ ਹੈ।

ਉਹ ਗਗਨ ਨੂੰ ਦੇਖ ਕੇ ਹੈਰਾਨ ਹੋ ਗਏ ਤੇ ਬੋਲੇ,“ਕੁੜੀਏ! ਤੂੰ ਕੌਣ ਆਂ ?”

“ਇਹ ਮੇਰੇ ਨਾਲ਼ ਆਏ ਨੇ..ਸਾਰੇ ਮੇਰੇ ਹੀ ਦੋਸਤ ਨੇ..।” ਸ਼ਿਵਚਰਨ ਖੜ੍ਹਾ ਹੁੰਦਾ ਬੋਲਿਆ।

ਸ਼ਿਵਚਰਨ ਨੂੰ ਦੇਖ ਕੇ ਗਿਰਧਾਰੀ ਤੇ ਉਸਦੇ ਮੁੰਡੇ ਦੇ ਹੋਸ਼ ਉੱਡ ਗਏ ਕਿਉਂਕਿ ਉਨ੍ਹਾਂ ਨੂੰ ਵੀ ਚਿਰੰਜੀ ਲਾਲ ਹੋਣ ਦਾ ਭੁਲੇਖਾ ਪੈ ਗਿਆ ਸੀ ਤੇ ਉਹ ਇੱਕਦਮ ਚਿਲਾਏ,“ਚਿਰੰਜੀ!...”

“ਨਹੀਂ......ਮੈਂ ਸ਼ਿਵਚਰਨ ਹਾਂ...ਜੋ ਆਪਣੀ ਮਾਂ ਸਮੇਤ ਇਨ੍ਹਾਂ ਦੇ ਅੰਧਵਿਸ਼ਵਾਸਾਂ ਦੀ ਬਲੀ ਚੜ੍ਹ ਗਿਆ ਸੀ।” ਉਸਨੇ ਆਪਣੇ ਦਾਦਾ-ਦਾਦੀ ਵੱਲ ਇਸ਼ਾਰਾ ਕਰਦਿਆ ਆਖਿਆ।

ਗਿਰਧਾਰੀ ਹੁਣ ਮੰਜੇ ’ਤੇ ਸਿਰ ਫੜੀ ਬੈਠਾ ਸੀ ਕਿਉਂਕਿ ਉਸਨੂੰ ਸਾਰਾ ਕੁਛ ਖੁੱਸ ਜਾਣ ਦਾ ਖਤਰਾ ਪੈਦਾ ਹੋ ਗਿਆ ਸੀ।ਉਸਨੇ ਨਾਲ਼ ਆਏ ਮੁੰਡਿਆਂ ਨੂੰ ਵਾਪਸ ਜਾਣ ਦਾ ਇਸ਼ਾਰਾ ਕੀਤਾ ਅਤੇ ਉਹ ਵੀ ਹੈਰਾਨ ਹੁੰਦੇ ਪੌੜੀਆਂ ਤੋਂ ਹੇਠਾਂ ਉੱਤਰ ਗਏ।

ਕੁਛ ਸਮੇਂ ਬਾਅਦ ਹੇਠਾਂ ਕੁੰਡਾ ਖੜਕਿਆ,ਗਿਰਧਾਰੀ ਤੇਜ਼ੀ ਨਾਲ਼ ਹੇਠਾਂ ਆਇਆ ਤਾਂ ਖੜ੍ਹੇ ਸਿਪਾਹੀਆਂ ਤੋਂ ਮੁਆਫ਼ੀ ਮੰਗਦਾ ਬੋਲਿਆ,“ਮੁਆਫ਼ ਕਰਨਾ ਜੀ ...ਉਹ ਤਾਂ ਸਾਡਾ ਨੌਕਰ ਹੀ ਸੀ...ਤੁਹਾਨੂੰ ਤਕਲੀਫ਼ ਦਿੱਤੀ।”

ਉਹ ਸੁਣਦੇ ਸਾਰ ਹੀ ਚਲੇ ਗਏ।ਗਿਰਧਾਰੀ ਆਲ਼ਾ ਦੁਆਲ਼ਾ ਦੇਖਦਾ ਤੇ ਮੂੰਹ ਪੂੰਝਦਾ ਹੋਇਆ ਫਿਰ ਕੋਠੇ ਚੜ੍ਹ ਗਿਆ।ਉਹ ਜਾਣ ਸਾਰ ਚਿਲਾਇਆ,“ਸ਼ਿਵਚਰਨ ਤੇ ਚਿਰੰਜੀ ਸਾਡੇ ਲਈ ਮਰ ਚੁੱਕੇ ਨੇ...ਖ਼ਬਰਦਾਰ ਜੇ ਕਦੇ ਇਸ ਪਾਸੇ ਮੂੰਹ ਕੀਤਾ ਹੁਣ..।”

“ਹਾਂ ਮੈਨੂੰ ਪਤਾ...ਚਿਰੰਜੀ ਜਿਉਂਦਾ ਨਹੀਂ ਤੇ ਸ਼ਿਵਚਰਨ ਨੂੰ ਤੁਸੀਂ ਜੀਣ ਨਹੀਂ ਦੇਣਾ।”ਸ਼ਿਵਚਰਨ ਬੋਲਿਆ।

ਉਹ ਸਾਰੇ ਦਾਦਾ ਦਾਦੀ ਵੱਲ ਵੈਰਾਗ ਭਰੀਆਂ ਨਜ਼ਰਾਂ ਨਾਲ਼ ਦੇਖਦੇ ਹੇਠਾਂ ਉੱਤਰ ਰਹੇ ਸਨ ਤਾਂ ਗਿਰਧਾਰੀ ਦੇ ਮੁੰਡੇ ਨੇ ਫਿਰ ਉਸਨੂੰ ਝਿੜਕਦਿਆਂ ਕਿਹਾ,“ਵਾਰਿਸ ਬਣਨ ਦੀ ਕੋਸ਼ਿਸ਼ ਨਾ ਕਰੀਂ ਓਏ!”

“ਮੇਰੀ ਮਾਂ ਨੇ ਮੈਨੂੰ ਕਿਹਾ ਸੀ ਕਿ ਮੈਂ ਵਾਰਿਸ ਨਾ ਬਣਾਂ ਪਰ ਉਹ ਇਹ ਵੀ ਚਾਹੁੰਦੀ ਸੀ ਕਿ ਮੇਰੇ ਦਾਦਾ- ਦਾਦੀ......ਮੇਰੇ ਹੁੰਦੇ ਲਵਾਰਿਸ ਵੀ ਨਾ ਬਣਨ।”

ਪ੍ਰਿੰਸ ਹੁਣ ਇਸ 'ਵਾਰਿਸ' ਦੀ ਖੇਡ ਵਿੱਚ ਖ਼ੁਦ ਨੂੰ ਲਾਵਾਰਿਸ ਜਿਹਾ ਮਹਿਸੂਸ ਕਰ ਰਿਹਾ ਸੀ ਕਿਉਂਕਿ ਉਹ ਉਨ੍ਹਾਂ ਦਾ ਵਿਸ਼ਵਾਸ ਗਵਾ ਕੇ ਹੁਣ ਸਾਧਨ ਵਿਹੂਣਾ ਹੋ ਗਿਆ ਸੀ।ਉਸਨੂੰ ਆਪਣੇ ਨਾਲ਼ੋਂ ਵਧੇਰੇ ਚਿੰਤਾ ਆਪਣੇ ਬਾਪੂ ਦੀ ਹੋ ਰਹੀ ਸੀ।ਗੋਖੇ ਨੇ ਪ੍ਰਿੰਸ ਨੂੰ ਬੱਸ-ਅੱਡੇ ਤੋਂ ਥੋੜ੍ਹਾ ਜਿਹਾ ਪਿੱਛੇ ਹੀ ਉਤਾਰ ਦਿੱਤਾ।ਉਹ ਗੱਡੀ ਵਿੱਚੋਂ ਹਾਰਿਆ ਜਿਹਾ ਬਾਹਰ ਨਿੱਕਲ਼ ਰਿਹਾ ਸੀ।ਉਸਨੂੰ ਲੱਗਦਾ ਸੀ ਜਿਵੇਂ ਉਹ ਦੋਸਤੀ ਦੇ ਪਿੜ ਵਿੱਚ ਵਿਸ਼ਵਾਸ ਨੂੰ ਹਾਰ ਕੇ ਜਾ ਰਿਹਾ ਹੋਵੇ।

ਖੁਰਮਾਣੀ ਦੇ ਅੱਡੇ 'ਤੇ ਆ ਕੇ ਗੋਖੇ ਨੇ ਗੱਡੀ ਨੂੰ ਰੋਕਿਆ ਤਾਂ ਗਗਨ ਅਣ-ਮੰਨੇ ਜਿਹੇ ਮਨ ਨਾਲ਼ ਉੱਤਰ ਰਹੀ ਸੀ ਕਿਉਂਕਿ ਉਸਨੂੰ ਸ਼ਿਵਚਰਨ ਦੇ ਤਨ-ਮਨ ਦੇ ਜ਼ਖਮੀ ਹੋਣ ਦੀ ਬਹੁਤ ਚਿੰਤਾ ਹੋ ਰਹੀ ਸੀ।ਉਹ ਉੱਤਰਦੀ ਹੋਈ ਉਸਨੂੰ  ਬਸ "ਟੇਕ ਕੇਅਰ" ਹੀ ਆਖ ਸਕੀ।

ਵਕੀਲਾ ਲੋਈ ਦੀ ਬੁੱਕਲ਼ ਮਾਰੀ ਘਰੋਂ ਬਾਹਰ ਨੂੰ ਆ ਰਿਹਾ ਸੀ ਜਦੋਂ ਗੋਖੇ ਨੇ ਦਰਵਾਜ਼ੇ ਮੂਹਰੇ ਗੱਡੀ ਲਿਆ ਖੜ੍ਹੀ ਕੀਤੀ।ਸ਼ਿਵਚਰਨ ਹੌਲ਼ੀ-ਹੌਲ਼ੀ ਗੱਡੀ ਵਿੱਚੋਂ ਉੱਤਰਿਆ ਅਤੇ ਸੰਭਲ਼ਦਾ ਜਿਹਾ ਹੋਇਆ ਅੰਦਰ ਨੂੰ ਤੁਰ ਪਿਆ ਪਰ ਗੋਖਾ ਤੇ ਸਿਕੰਦਰ ਗੱਡੀ ਵਿੱਚ ਹੀ ਬੈਠੇ ਰਹੇ ਕਿਉਂਕਿ ਉਹ ਨਹੀਂ ਚਾਹੁੰਦੇ ਸਨ ਕਿ ਉਨ੍ਹਾਂ ਦੀ ਹਾਲਤ ਦਾ ਵਕੀਲੇ ਨੂੰ ਪਤਾ ਲੱਗੇ।।ਉਹ ਉਸਨੂੰ ਉਤਾਰ ਕੇ ਛਾਪੇ ਨੂੰ ਚਲੇ ਗਏ ਜਿੱਥੇ ਗੋਖੇ ਨੇ ਸਿਕੰਦਰ ਨੂੰ ਉਤਾਰ ਕੇ ਮਹਿਲ ਖ਼ੁਰਦ ਨੂੰ ਆਪਣੇ ਘਰ ਚਲੇ ਜਾਣਾ ਸੀ।

ਜਦੋਂ ਸ਼ਿਵਚਰਨ ਵਕੀਲੇ ਦੇ ਕੋਲ਼ ਗਿਆ ਤਾਂ ਉਸਨੇ ਉਸਨੂੰ ਠੀਕ ਹੋਣ ਬਾਰੇ ਪੁੱਛਿਆ।ਉਹ ਬਿਨਾਂ ਕੁਛ ਬੋਲੇ ਅੱਖਾਂ ਚੁਰਾਉਂਦਾ ਹੋਇਆ ਅੰਦਰ ਰਜਾਈ ਵਿੱਚ ਵੜ ਕੇ ਪੈ ਗਿਆ।ਵਕੀਲੇ ਨੂੰ ਅੱਜ ਉਸਦਾ ਗੁਲਜ਼ਾਰੀ ਥੱਕਿਆ ਟੁੱਟਿਆ ਜਿਹਾ ਲੱਗਿਆ ਤਾਂ ਉਹ ਉਸ ਦੇ ਮੰਜੇ 'ਤੇ ਆ ਕੇ ਬੈਠ ਗਿਆ ਤੇ ਉਸਦੇ ਵਾਲ਼ਾਂ ਵਿੱਚ ਹੱਥ ਫੇਰਦਾ ਮਮਤਾ ਜਿਤਾਉਣ ਲੱਗ ਪਿਆ ਤਾਂ ਸ਼ਿਵਚਰਨ ਨੇ ਉਸਨੂੰ ਘੁੱਟ ਕੇ ਗਲ਼ਵੱਕੜੀ ਪਾ ਲਈ ਤੇ ਬੋਲਿਆ,"ਅੱਬੂ!...ਮੈਂ ਤੁਹਾਡੇ ਤੋਂ ਰਾਮਪੁਰੇ ਵਾਲ਼ੇ ਦਾਦਾ ਦਾਦੀ ਬਾਰੇ ਲੁਕਾ ਕੇ ਰੱਖਿਆ ਹੈ......ਮੈਂ ਅੱਜ ਉੱਥੋਂ ਹੀ ਆ ਰਿਹਾ ਹਾਂ।"

ਵਕੀਲਾ ਉਸਨੂੰ ਗਲ਼ਵੱਕੜੀ 'ਚੋਂ ਛੱਡ ਕੇ ਹੈਰਾਨੀ ਨਾਲ਼ ਉਸ ਵੱਲ ਦੇਖਣ ਲੱਗਿਆ।ਸ਼ਿਵਚਰਨ ਨੀਵੀਂ ਪਾ ਕੇ ਉਦਾਸ ਜਿਹਾ ਹੋ ਗਿਆ ਕਿਉਂਕਿ ਉਸਨੂੰ ਇਹ ਹੀ ਡਰ ਸੀ ਕਿ ਉਨ੍ਹਾਂ ਬਾਰੇ ਸੁਣ ਕੇ ਉਸਦਾ ਅੱਬੂ ਕਿਤੇ ਉਸ ਨਾਲ਼ ਨਰਾਜ਼ ਨਾ ਹੋ ਜਾਵੇ ਪਰ ਉਸਨੇ ਸ਼ਿਵਚਰਨ ਦਾ ਮੱਥਾ ਚੁੰਮਦਿਆਂ ਆਪਣਾ ਸਾਰਾ ਪਿਆਰ ਉਸ ਉੱਪਰ ਨਿਛਾਵਰ ਕਰ ਦਿੱਤਾ।ਉਹ ਕਹਿਣ ਲੱਗਿਆ,"ਗੁਲਜ਼ਾਰੀ ਪੁੱਤ! ਅੱਜ ਤੂੰ ਆਪਣੀ ਮਮਤਾ ਨੂੰ ਅਰਘ ਦੇ ਦਿੱਤਾ ਹੈ...ਜਿਉਂਦਾ ਰਹਿ।"

"ਪਰ ਅੱਬੂ ਮੈਂ ਮਿਲ਼ ਤਾਂ ਲਿਆ ਪਰ ਜੁੜ...ਜਾਂ ਜੋੜ ਨੀ ਸਕਿਆ।"

ਉਸਨੇ ਉਦਾਸ ਹੁੰਦੇ ਨੇ ਰਾਮਪੁਰੇ ਦੀ ਸਾਰੀ ਗੱਲਬਾਤ ਵਕੀਲੇ ਨੂੰ ਵਿਸਥਾਰ ਨਾਲ ਦੱਸੀ ਤਾਂ ਵਕੀਲੇ ਦੀ ਸਾਕਾਰਾਤਮਕ ਸੋਚ ਨੇ ਫਿਰ ਹੁਲਾਰਾ ਦਿੱਤਾ,"ਪੁੱਤ!..ਸਵੈ-ਵਿਸ਼ਵਾਸ ਤੇ ਇਮਾਨ ਕਦੇ ਕਮਜ਼ੋਰ ਨਾ ਹੋਣ ਦੇਈਂ ਸਗੋਂ ਸਵੈ-ਚਿੰਤਨ ਨਾਲ਼ ਇਨ੍ਹਾਂ ਨੂੰ ਮਜ਼ਬੂਤ ਕਰੀਂ,ਇਨ੍ਹਾਂ ਦੇ ਜ਼ਰੀਏ ਜੀਵਨ ਦੀ ਹਰ ਬਾਜ਼ੀ ਜਿੱਤੀ ਜਾ ਸਕਦੀ ਆ।"

ਸ਼ਿਵਚਰਨ ਹੁਣ ਸਿੱਧਾ ਜਿਹਾ ਹੁੰਦਾ ਰਜਾਈ ਵਿੱਚ ਚੌਂਕੜੀ ਮਾਰ ਕੇ ਬੈਠ ਗਿਆ ।ਉਸਨੂੰ ਲੱਗਿਆ ਜਿਵੇਂ ਉਸਦਾ ਤਨ ਤੇ ਮਨ ਥਕਾਵਟ ਅਤੇ ਚਿੰਤਾ ਤੋਂ ਮੁਕਤ ਹੋ ਗਿਆ ਹੋਵੇ।ਹੁਣ ਉਹ ਸੋਚ ਰਿਹਾ ਸੀ ਕਿ ਉਸਨੇ ਜਦੋਂ ਜਦੋਂ ਵੀ ਆਪਣੇ ਅੱਬੂ ਦੀ ਰਾਇ ਲਏ ਬਗੈਰ ਕੋਈ ਕਾਰਜ ਕੀਤਾ ਤਾਂ ਉਹ ਉਲਝਣਾਂ ਵਿੱਚ ਹੀ ਫਸਦਾ ਰਿਹਾ।

ਹੁਣ ਉਸਦਾ ਅੱਬਾ ਉਸਨੂੰ ਆਪਣੇ ਜੀਵਨ ਪੰਧ ਦਾ ਸਿਰਜਣਹਾਰਾ ਲੱਗ ਰਿਹਾ ਸੀ ਪਰ ਉਸਦੇ ਦਾਦਾ-ਦਾਦੀ ਦੀਆਂ ਵਗਦੀਆਂ ਤੇ ਉਦਾਸੀਆਂ ਅੱਖਾਂ ਹੁਣ ਵੀ ਉਸਦੇ ਅੰਦਰ ਇੱਕ ਵੇਦਨਾ ਪੈਦਾ ਕਰ ਰਹੀਆਂ ਸਨ।

---

*

## ਕਾਂਡ–17

ਸ਼ਿਵਚਰਨ ਬਾਰੇ ਪਤਾ ਲੱਗਣ ਤੋਂ ਬਾਅਦ ਗਿਰਧਾਰੀ ਤੇ ਉਸਦੇ ਪਰਿਵਾਰ ਦੀ ਨੀਂਦ ਹਰਾਮ ਹੋ ਚੁੱਕੀ ਸੀ।ਉਨ੍ਹਾਂ ਨੇ ਉਸਦੇ ਦਾਦਾ–ਦਾਦੀ ਨੂੰ ਹੁਣ ਆਪਣੇ ਨਾਲ਼ ਘਰ ਵਿੱਚ ਹੀ ਰੱਖ ਲਿਆ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਉਹ ਆਪਣੀ ਜਾਇਦਾਦ ਸ਼ਿਵਚਰਨ ਦੇ ਨਾਂ ਕਰ ਦੇਣਗੇ।ਉਹ ਇਹ ਗੱਲ ਅਕਸਰ ਹੀ ਉਨ੍ਹਾਂ ਨੂੰ ਕਹਿੰਦੇ ਵੀ ਰਹਿੰਦੇ ਸਨ।

ਗਿਰਧਾਰੀ ਨੂੰ ਵੀ ਹੁਣ ਸਮਝ ਨਹੀਂ ਸੀ ਆ ਰਹੀ ਕਿ ਕੀ ਕੀਤਾ ਜਾਵੇ ਕਿਉਂਕਿ ਜ਼ਿੰਦਗੀ ਦੇ ਹੇਰ ਫੇਰ ਨੇ ਉਨ੍ਹਾਂ ਦੇ ਭਵਿੱਖ ਲਈ ਸਵਾਲੀਆ ਚਿੰਨ੍ਹ ਲਗਾ ਦਿੱਤਾ ਸੀ।ਉਹ ਵੀ ਗਰਜ਼ਾਂ ਦੀ ਪੂਰਤੀ ਲਈ ਆਪਣੇ ਫ਼ਰਜ਼ਾਂ ਤੋਂ ਹਮੇਸ਼ਾ ਹੀ ਭੱਜਦਾ ਰਿਹਾ ਸੀ।ਉਸਦੀ ਸੂਖਮ ਸੋਚ ਨੇ ਰਿਸ਼ਤਿਆਂ ਨੂੰ ਜਰਜ਼ਰੇ ਕਰ ਦਿੱਤਾ ਸੀ।ਸਮੇਂ ਦੀ ਕਰਵਟ ਨੇ ਸੱਚ ਨੂੰ ਪ੍ਰਤੱਖ ਕਰ ਦਿਖਾਇਆ ਸੀ ਪਰ ਉਸਦੀ ਸੌੜੀ ਸੋਚ ਅਜੇ ਵੀ ਤੰਗਦਿਲੀ ਤੋਂ ਬਾਹਰ ਨਹੀਂ ਸੀ ਨਿੱਕਲਣਾ ਚਾਹੁੰਦੀ।

ਗਿਰਧਾਰੀ ਲਾਲ ਵੀ ਅਸਰ ਰਸੂਖ ਹੋਣ ਕਾਰਨ ਰਾਜਨੀਤੀ ਨਾਲ਼ ਗਹਿਰਾ ਸਬੰਧ ਰੱਖਦਾ ਸੀ ਤੇ ਰਾਜਨੀਤੀ ਨਾਲ਼ ਸਬੰਧ ਹੋਣ ਕਾਰਨ ਉਹ ਬਰਨਾਲ਼ੇ ਦੀ ਰਾਜਨੀਤੀ ਵਿੱਚ ਵੀ ਸ਼ਿਵਚਰਨ ਦਾ ਜ਼ਿਕਰ ਕਰ ਬੈਠਾ।ਇਨ੍ਹਾਂ ਲਈ ਤਾਂ ਸ਼ਿਵਚਰਨ ਪਹਿਲਾਂ ਹੀ ਨਾਸੂਰ ਬਣਿਆ ਹੋਇਆ ਸੀ।ਜਦੋਂ ਗੱਲ ਹੋਈ ਤਾਂ ਯੁਵਰਾਜ ਸਿੰਘ ਵੀ ਉਨ੍ਹਾਂ ਨੇਤਾਵਾਂ

ਦੀ ਸੰਗਤ ਵਿੱਚ ਹੀ ਬੈਠਾ ਸੀ।ਉਹ ਗਿਰਧਾਰੀ ਲਾਲ ਨੂੰ ਕਹਿਣ ਲੱਗਿਆ,“ਸ਼ਿਵਚਰਨ ’ਕੱਲਾ ਹੀ ਪਹੁੰਚ ਗਿਆ ਕਿ ਉਹ ਰਕਾਨ ਜਿਹੀ ਕੁੜੀ ਵੀ ਨਾਲ਼ ਸੀ?”

“ਹਾਂ...ਉਹ ਵੀ ਨਾਲ਼ ਹੀ ਸੀ।” ਗਿਰਧਾਰੀ ਨੇ ਹੈਰਾਨ ਜਿਹਾ ਹੋ ਕੇ ਦੱਸਿਆ ਤਾਂ ਯੁਵਰਾਜ ਕਹਿਣ ਲੱਗਾ,“ਸ਼ਿਵਚਰਨ ਦੀ ਜਾਨ ਉਸ ਮੈਨਾ ਵਿੱਚ ਹੀ ਆ..ਕੋਈ ਗੱਲ ਨੀ ਕਰਦੇ ਆਂ ਹੱਲ।”

ਯੁਵਰਾਜ ਨੇ ਗਗਨ ਦੀ ਤਸਵੀਰ ਨੂੰ ਅੱਖਾਂ ’ਚ ਉਤਾਰਦਿਆਂ ਮੁੱਛਾਂ ’ਤੇ ਹੱਥ ਫੇਰਿਆ।ਹੁਣ ਉਸਨੂੰ ਗਗਨ ਦੀ ਮੁਸਕ੍ਰਾਹਟ ਤੇ ਉਸਦੇ ਹੱਥ ਦੀ ਛੋਹ ਯਾਦ ਆ ਗਈ ਸੀ ਤਾਂ ਨਾਲ਼ ਹੀ ਉਸਨੇ ਅਸਲਮ ਨੂੰ ਯਾਦ ਕਰਵਾਉਣ ਦੇ ਮਨਸ਼ੇ ਨਾਲ਼ ਫ਼ੋਨ ਘੁਮਾ ਦਿੱਤਾ।

ਅਸਲਮ ਨੇ ਭਾਵੇਂ ਅਨੇਕਾਂ ਵਾਰ ਅਜਿਹੇ ਹਾਲਾਤ ਸਿਰਜੇ ਸਨ ਜਿਨਾਂ ਕਾਰਨ ਉਸਨੂੰ ਹਮੇਸ਼ਾ ਹੀ ਯੁਵਰਾਜ ਤੋਂ ਥਾਪੜਾ ਮਿਲ਼ਿਆ ਸੀ ਪਰ ਗਗਨ ਦੀ ਪ੍ਰੋਸਗੀ ਉਸ ਲਈ ਟੇਢੀ ਖੀਰ ਬਣੀ ਹੋਈ ਸੀ।ਗਗਨ ਨੂੰ ਯਾਦ ਕਰਕੇ ਉਹ ਹਮੇਸ਼ਾ ਹੀ ਚਿੰਤਾ ਵਿੱਚ ਪੈ ਜਾਂਦਾ ਸੀ।ਉਹ ਬੈਠਾ ਸੋਚ ਰਿਹਾ ਸੀ ਕਿ ਜੇ ਘੁੱਦਾ ਤੇ ਪਠਾਨੀਆ ਬਾਹਰ ਆਏ ਹੁੰਦੇ ਤਾਂ ਉਸਨੇ ਯੁਵਰਾਜ ਨਾਲ਼ ਕੀਤੇ ਵਾਅਦੇ ਨੂੰ ਕਦੋਂ ਦਾ ਪੂਰਾ ਕਰ ਦੇਣਾ ਸੀ।ਉਹ ਸੋਚਦਾ ਸੀ ਕਿ ਗਗਨ ਦਾ ਕਿਸੇ ਕੁੜੀ ਨਾਲ਼ ਵੀ ਸਹੇਲਪੁਣਾ ਨਹੀਂ,ਜੋ ਉਸਨੂੰ ਯੁਵਰਾਜ ਤੱਕ ਪਹੁੰਚਾ ਸਕਦੀ।

ਫਿਰ ਉਹ ਸੋਚਦਾ ਹੋਇਆ ਚਿੰਤਾਮਈ ਅੰਦਾਜ ਵਿੱਚ ਮੁਸਕ੍ਰਾਇਆ ਤੇ ਸਵੈ ਨੂੰ ਹੀ ਸੰਬੋਧਨ ਹੋਇਆ ਆਖਦਾ,“ਯਾਰ ਅਸਲਮ!...ਕਿੰਨੀਆਂ ਬਹਾਰਾਂ ਨੂੰ ਤੂੰ ਯੁਵਰਾਜ ਦੇ ਬਿਸਤਰ ਤੱਕ ਪਹੁੰਚਾ ਚੁੱਕਿਆਂ...ਪਰ ਲੱਗਦਾ ਆਹ ਗਗਨ ਤਾਂ ਤੈਨੂੰ ਪ੍ਰੋਫ਼ੈਸਰੀ ਤੋਂ ਵੀ ਵਾਂਝਾਂ ਕਰਕੇ ਹੀ ਛੱਡੂ।” ਉਹ ਹੁਣ ਦਲਾਲੀ ਦੇ ਧੰਦੇ ਵਿੱਚ ਖ਼ੁਦ ਨੂੰ ਫਸਿਆ-ਫਸਿਆ ਜਿਹਾ ਮਹਿਸੂਸ ਕਰ ਰਿਹਾ ਸੀ।

ਉਹ ਸੋਚਦਾ-ਸੋਚਦਾ ਕੁਲਵੀਰ ਦੀਆਂ ਉਨ੍ਹਾਂ ਗੱਲਾਂ ਨੂੰ ਯਾਦ ਕਰਨ ਲੱਗਾ ਜੋ ਹੁਣ ਉਸਨੂੰ ਸੱਚ ਹੁੰਦੀਆਂ ਨਜ਼ਰ ਆ ਰਹੀਆਂ ਸਨ,“ਅਸਲਮ!....ਜੋ ਖੂਹ ਤੂੰ ਮੇਰੀ ਜ਼ਿੰਦਗੀ ਲਈ ਪੁੱਟਿਆ...ਉਸ ਖੂਹ ਨੇ ਤੈਨੂੰ ਮਰਨ ਲਈ ਵੀ ਪਨਾਹ ਨੀ ਦੇਣੀ...ਯਾਦ ਰੱਖੀਂ ਇੱਕ ਦਿਨ ਤੇਰੀ ਇਹ ਦਲਾਲੀ ਤੈਨੂੰ ਜਿਉਣ ਜੋਗਾ ਨਹੀਂ ਛੱਡੇਗੀ।”

ਉਸਨੂੰ ਸੋਚ ਕੇ ਕੰਬਣੀ ਜਿਹੀ ਛਿੜ ਗਈ ਤੇ ਫਿਰ ਉੱਚੀ-ਉੱਚੀ ਹੱਸਦਾ ਹੋਇਆ ਬੋਲਿਆ,“ਤੂੰ ਵੀ ਕੀ ਸੋਚੀ ਜਾਨਾ ਯਾਰ!....ਚੀਨੀ ਕਬੂਤਰੀਆਂ ਦੇ ਆਸ਼ਕ ਚਿੜੀਆਂ ਦੀ ਚੀਂ-ਚੀਂ ਤੋਂ ਨਹੀਂ ਡਰਦੇ ਹੁੰਦੇ।”

ਹੁਣ ਅਸਲਮ ਸ਼ਿੱਦਤ ਨਾਲ਼ ਯੁਵਰਾਜ ਨੂੰ ਖ਼ੁਸ਼ ਕਰਨ ਲਈ ਮਨਸੂਬੇ ਘੜਨ ਲੱਗ ਗਿਆ।ਉਸਨੇ ਲੈਂਦੇ ਨੇ ਹੀ ਕਈ ਗਾਲ਼੍ਹਾਂ ਕਾਰੇ ਨੂੰ ਵੀ ਕੱਢ ਦਿੱਤੀਆਂ।ਉਹ ਮਹਿਸੂਸ ਕਰਦਾ ਸੀ ਕਿ ਕਾਰੇ ਬਿਨਾਂ ਵੀ ਕਾਰਾ ਕਰਨਾ ਬਹੁਤ ਔਖਾ ਹੈ।ਉਸਨੇ ਲਾਅਨ ਵਿੱਚ ਬੈਠੇ ਨੇ ਹੁਣ ਬੋਤਲ ਖੋਲ੍ਹ ਲਈ ਸੀ।ਪੈੱਗ ਲਾਉਂਦਿਆਂ ਉਸਨੇ ਹੁਣ ਚਿੰਤਾ ਨੂੰ ਸ਼ਰਾਬ ਦੇ ਹਵਾਲੇ ਕਰ ਦਿੱਤਾ ਸੀ।ਅਜੇ ਬੋਤਲ ਚੌਥਾ ਕੁ ਹਿੱਸਾ ਹੀ ਨੀਵੀਂ ਹੋਈ ਸੀ ਕਿ ਫ਼ੋਨ ਦੀ ਘੰਟੀ ਨੇ ਉਸ ਵਿੱਚ ਸੰਭਲਣ ਦੀ ਸਮਰੱਥਾ ਪੈਦਾ ਕਰ ਦਿੱਤੀ ਕਿਉਂਕਿ ਉਸਨੂੰ ਪਤਾ ਸੀ ਕਿ ਇਸ ਵਕਤ ਆਇਆ ਫ਼ੋਨ ਦਿੱਲੀ ਤੋਂ ਉਸਦੀ ਪਤਨੀ ਤੇ ਬੇਟੀਆਂ ਦਾ ਹੀ ਹੋ ਸਕਦਾ ਹੈ।ਉਸਨੇ ਸਕਰੀਨ ਨੂੰ ਬਿਨਾ ਦੇਖੇ ਹੀ ਆਪਣੀ ਜ਼ੁਬਾਨ ਨੂੰ ਸਵੈ-ਕਾਬੂ ਕਰਦਿਆ “ਹੈਲੋ” ਕਿਹਾ ਤਾਂ ਅੱਗਿਓਂ ਆਈ ਅਵਾਜ਼ ਨੇ ਉਸਦੇ ਬੁੱਲ੍ਹਾਂ ’ਤੇ ਮੁਸਕਾਨ ਹੀ ਮੁਸਕਾਨ ਬਿਖੇਰ ਦਿੱਤੀ।ਬੋਲਣ ਵਾਲ਼ਾ ਯੁਵਰਾਜ ਸੀ, “ਅਸਲਮ ਸਾਹਿਬ! ਅਸੀਂ ਵਾਅਦਾ ਪੂਰਾ ਕਰਤਾ ਹੁਣ ਤੁਹਾਡੀ ਵਾਰੀ ਆ।”

“ਵਾਅਦਾ..?”

“ਹਾਂ...ਘੁੱਦਾ ਤੇ ਪਠਾਨੀਆ ਬਾਹਰ ਆ ਗਏ ਨੇ”

"ਅੱਛਾ ਜੀ! ਇਹ ਕਿਵੇਂ ਹੋਇਆ।"

"ਇਸ ਵਿਕਾਊ ਢਾਂਚੇ ਵਿੱਚ ਕੀ ਨੀ ਹੋ ਸਕਦਾ......ਲੋਕ ਵਿਕ ਰਹੇ ਨੇ ਤੇ ਅਸੀਂ ਖਰੀਦ ਰਹੇ ਹਾਂ......ਨਾਲ਼ੇ ਇਹੋ ਜਿਹੇ ਦੱਲਿਆਂ ਦਾ ਕੀ ਆ...ਕੰਮ ਕੱਢਾਂਗੇ ਤੇ ਇਹ ਫਿਰ ਅੰਦਰ।"

"ਓ.ਕੇ ਜੀ..ਤਿਆਰੀ ਰੱਖੋ ਫਿਰ ਸੈਲਰ ਦੀ।"

ਅਸਲਮ ਨੇ ਖ਼ੁਸ਼ੀ ਭਰੇ ਅੰਦਾਜ਼ ਵਿੱਚ ਕਿਹਾ।ਫ਼ੋਨ ਰੱਖਣ ਸਾਰ ਉਸਨੂੰ ਜਿੱਥੇ ਖ਼ੁਸ਼ੀ ਹੋਈ,ਉੱਥੇ ਯੁਵਰਾਜ ਦੇ ਆਖੇ ਸ਼ਬਦ 'ਦੱਲੇ' ਨੇ ਉਸਦੀ ਸਾਰੀ ਪੀਤੀ ਲਾਹ ਦਿੱਤੀ।ਉਹ ਹੁਣ ਹੋਰ ਪੈੱਗ ਲਾਉਂਦਾ ਹੋਇਆ ਗਗਨ ਨੂੰ ਚੁਕਵਾਉਣ ਦੀਆਂ ਸਕੀਮਾਂ ਘੜਨ ਲੱਗ ਗਿਆ।'ਦੱਲਾ' ਸ਼ਬਦ ਹੁਣ ਉਸਦੇ ਜਿਹਨ ਵਿੱਚੋਂ ਪੂਰੀ ਤਰ੍ਹਾਂ ਨਾਲ਼ ਨਿੱਕਲ਼ ਚੁੱਕਿਆ ਸੀ ਕਿਉਂਕਿ 'ਦੱਲਿਆਂ' ਦੇ ਕਦੇ 'ਦਿਲ' ਨਹੀਂ ਹੁੰਦੇ।

ਅਸਲਮ ਰੋਜ਼ ਹੀ ਘੁੱਦੇ ਤੇ ਪਠਾਨੀਏ ਨੂੰ ਆਪਣੇ ਘਰ ਬੁਲਉਂਦਾ ਤੇ ਉਹ ਬੈਠੇ ਮਾਲ ਵੇਚਣ ਤੇ ਯੁਵਰਾਜ ਵਰਗੇ ਲੋਕਾਂ ਨੂੰ ਖ਼ੁਸ਼ ਕਰਨ ਦੀਆਂ ਸਕੀਮਾਂ ਘੜਦੇ ਰਹਿੰਦੇ।ਉਹ ਦੋਵੇਂ ਜੇਲ ਯਾਤਰਾ ਪਿੱਛੋਂ ਉਨ੍ਹਾਂ ਦੇ ਹੋਰ ਵੀ ਵਫ਼ਾਦਾਰ ਹੋ ਗਏ ਸਨ ਕਿਉਂਕਿ ਵਫ਼ਾਦਾਰ ਲੋਕਾਂ ਨੂੰ ਆਪਣੇ ਮਾਲਕ ਦੀਆਂ ਚਤੁਰਾਈਆਂ ਦੀ ਕਦੇ ਵੀ ਸਮਝ ਨਹੀਂ ਆਉਂਦੀ।

ਚੇਲਿਆਂ ਦੀ ਵਾਪਸੀ ਨਾਲ਼ ਅਸਲਮ ਵੀ ਹੁਣ ਚਹਿਲ-ਪਹਿਲ ਵਿੱਚ ਰਹਿਣ ਲੱਗ ਗਿਆ ਸੀ।ਉਹ ਅੱਜ ਪੂਰੀ ਤਿਆਰੀ ਬਿਆਰੀ ਨਾਲ਼ ਕਾਲਜ ਪਹੁੰਚਿਆ ਹੋਇਆ ਸੀ।ਧੁੰਦ ਤੇ ਠੰਢ ਦੇ ਵਧੇਰੇ ਹੋਣ ਕਾਰਨ ਉਸਨੇ ਪੈਂਟ ਕੋਟ ਨਾਲ਼ ਲਾਲ ਰੰਗ ਦੀ ਟਾਈ ਲਾ ਰੱਖੀ ਸੀ।ਇੰਝ ਲੱਗਦਾ ਸੀ ਜਿਵੇਂ ਸੱਚ ਨਾਲ਼ ਹੀ ਵਿਦਵਤਾ ਦਾ ਇਹ ਥੰਮ ਕਾਲਜ ਵਿੱਚ ਗਿਆਨ ਦਾ ਪਸਾਰਾ ਕਰਕੇ ਵਕਤੀ ਧੁੰਦ ਨੂੰ ਵੀ ਚਾਨਣ ਵਿੱਚ ਬਦਲ ਦੇਵੇਗਾ।

ਅੱਜ ਸ਼ਿਵਚਰਨ ਤੇ ਉਸਦੇ ਸਾਥੀ ਵੀ ਕਾਲਜ ਵਿੱਚ ਕਿਧਰੇ ਨਜ਼ਰ ਨਹੀਂ ਸੀ ਆ ਰਹੇ।ਕੇਵਲ ਗਗਨ ਹੀ ਕਾਲਜ ਪਹੁੰਚੀ ਹੋਈ ਸੀ ਤੇ ਉਹ ਵੀ ਅੱਜ ਕਲਾਸਾਂ ਵਿੱਚ ਹੀ ਬਿਜੀ ਸੀ।ਅੱਜ ਹੀ ਉਸਨੇ ਸਿਕੰਦਰ ਲਈ ਸਾਰੇ ਪ੍ਰੋਫ਼ੈਸਰਾਂ ਤੋਂ ਨੋਟਿਸ ਇਕੱਤਰ ਕਰਨੇ ਸਨ।ਆਖਰੀ ਪੀਰੀਅਡ ਵੇਲ਼ੇ ਜਦੋਂ ਉਹ ਲਾਇਬਰੇਰੀ ਵਿੱਚੋਂ ਹੋ ਕੇ ਸ਼ਰਮਾ ਜੀ ਦੇ ਦਫ਼ਤਰ ਨੂੰ ਜਾ ਰਹੀ ਸੀ ਤਾਂ ਕੰਪਿਊਟਰ ਸੈਕਸ਼ਨ ਕੋਲ਼ ਉਸਨੂੰ ਅਸਲਮ ਮਿਲ਼ ਗਿਆ।ਉਸਨੇ ਕਦੇ ਵੀ ਗਗਨ ਨੂੰ ਨਹੀਂ ਸੀ ਬੁਲਾਇਆ ਜਦ ਕਿ ਗਗਨ ਕਦੇ-ਕਦੇ ਵਿਸ਼ ਕਰ ਦਿੰਦੀ ਹੁੰਦੀ ਸੀ ਪਰ ਅੱਜ ਉਸਨੇ ਦੂਰੋਂ ਹੀ ਗਗਨ ਨੂੰ ਬੁਲਾਉਂਦਿਆਂ ਕਿਹਾ, "ਹੈਲੋ ਗਗਨ!.."

"ਹੈਲੋ ਸਰ!.." ਗਗਨ ਨੇ ਸਧਾਰਨ ਜਿਹਾ ਉੱਤਰ ਦਿੱਤਾ ਤੇ ਤੁਰਨ ਲੱਗੀ ਤਾਂ ਅਸਲਮ ਨੇ ਸ਼ਿਵਚਰਨ ਹੁਰਾਂ ਬਾਰੇ ਪੁੱਛਦਿਆਂ ਕਿਹਾ,"ਅੱਜ ਤੁਹਾਡੇ ਸਾਥੀ ਨੀ ਦੀਂਹਦੇ, 'ਕੱਲੇ ਹੀ ਫਿਰਦੇ ਹੋ ?"

"ਹਾਂ ਜੀ ਸਰ...ਅੱਜ ਦਾਣਾ ਮੰਡੀ 'ਚ ਛੋਟਾ ਜਿਹਾ ਫ਼ੰਕਸ਼ਨ ਰੱਖਿਆ ਹੋਇਆ।"

"ਫ਼ੰਕਸ਼ਨ?"

"ਹਾਂ ਜੀ...ਅੱਜ ਗੋਖੇ ਵੀਰੇ ਨੇ ਸ਼ਹਿਰ ਦੇ ਲੋੜਵੰਦ ਬੱਚਿਆਂ ਨੂੰ ਕਾਪੀਆਂ,ਕਿਤਾਬਾਂ ਤੇ ਸਟੇਸ਼ਨਰੀ ਦੇਣੀ ਸੀ...ਅੱਜ ਸ਼ਾਮ ਦਾ ਹੀ ਪ੍ਰੋਗਰਾਮ ਹੈ ਜੀ।"

"ਫੇਰ ਤਾਂ...ਅੱਜ ਲੇਟ ਹੀ ਹੋ ਜਾਓਗੇ ?"

"ਹਾਂ ਜੀ......ਸ਼ਾਇਦ।" ਗਗਨ ਨੇ ਮੋਢੇ ਜਿਹੇ ਚੁੱਕ ਕੇ ਉਸਦਾ ਜਵਾਬ ਦਿੱਤਾ ਤਾਂ ਅਸਲਮ ਉਸਨੂੰ ਉੱਪਰ ਤੋਂ ਹੇਠਾਂ ਤੱਕ ਕਾਮੀ ਨਜ਼ਰਾਂ ਨਾਲ਼ ਤੱਕਦਾ ਹੋਇਆ ਬੋਲਿਆ,"ਸਾਨੂੰ ਵੀ ਕਦੇ ਸੇਵਾ ਦਾ ਮੌਕਾ ਦੇ ਦਿਓ।"

ਏਨਾ ਸੁਣ ਕੇ ਅਤੇ ਦੇਖ ਕੇ ਉਹ ਉਸਦੀ ਨੀਤ ਨੂੰ ਭਾਂਪ ਗਈ ਤੇ ਉਹ ਉਸਦੀ ਲੱਗੀ ਹੋਈ ਟਾਈ ਵੱਲ ਦੇਖਦੀ ਹੋਈ ਬੋਲੀ,"ਹੱਡਾ-ਰੋੜੀ ਵਾਲ਼ੇ ਕੁੱਤਿਆਂ ਦੇ ਜੇ ਪਟੇ ਪਾ ਦਿੱਤੇ ਜਾਣ ਤਾਂ ਉਹ ਪਾਲਤੂ ਨੀ ਹੋ ਜਾਂਦੇ ਸਗੋਂ ਇਸ ਤਰ੍ਹਾਂ ਦੇ ਕੁੱਤੇ ਹੋਰ ਵੀ ਫ਼ਾਲਤੂ ਹੋ ਜਾਂਦੇ ਨੇ...ਤੇ ਅਜਿਹੇ ਕੁੱਤਿਆਂ ਨੂੰ ਗੋਲ਼ੀ ਮਾਰ ਦੇਣੀ ਚਾਹੀਦੀ ਆ।"

ਗਗਨ ਅੱਖਾਂ ਜਿਹੀਆਂ ਕੱਢਦੀ ਸ਼ਰਮਾ ਜੀ ਦੇ ਦਫ਼ਤਰ ਕੋਲ਼ ਪਹੁੰਚ ਗਈ ਸੀ ਪਰ ਅਸਲਮ ਇਹ ਸੁਣ ਕੇ ਲਾਲ ਜਿਹਾ ਹੋ ਗਿਆ ਤੇ ਦੰਦ ਪੀਹ ਕੇ ਰਹਿ ਗਿਆ।ਉਸਨੇ ਆਪਣੀ ਲਾਲ ਟਾਈ,ਜਿਸਨੂੰ ਉਹ ਸਵੇਰ ਦਾ ਠੀਕ ਜਿਹੀ ਕਰਦਾ ਫਿਰਦਾ ਸੀ ਹੁਣ ਉਸਨੂੰ ਕੁੱਤੇ ਵਾਲ਼ਾ ਪਟਾ ਮਹਿਸੂਸ ਹੋ ਰਹੀ ਸੀ ਤੇ ਉਹ ਟਾਈ ਲਾਹ ਕੇ ਡਸਟਬਿਨ ਵਿੱਚ ਸੁੱਟਦਾ ਹੋਇਆ ਮੇਨ ਗੇਟ ਵੱਲ ਨੂੰ ਹੋ ਗਿਆ।

ਘਰ ਜਾ ਕੇ ਉਸਨੇ ਦੁਪਹਿਰੇ ਹੀ ਨੀਟ ਜਿਹਾ ਪੈੱਗ ਬਣਾ ਕੇ,ਗਟ-ਗਟ ਕਰਕੇ ਆਪਣੇ ਅੰਦਰ ਮਾਰਿਆ।ਗਗਨ ਦੀ ਗੱਲ ਨੇ ਉਸਦੇ ਦਿਮਾਗ ਵਿੱਚ ਖਲਬਲ਼ੀ ਜਿਹੀ ਪੈਦਾ ਕਰ ਦਿੱਤੀ ਸੀ।ਉਹ ਕਚੀਚੀਆਂ ਜਿਹੀਆ ਲੈ ਰਿਹਾ ਸੀ ਤੇ ਉਸਨੂੰ ਭੁੱਲਣ ਦਾ ਯਤਨ ਕਰ ਰਿਹਾ ਸੀ ਪਰ ਉਸਦੀ ਚੋਭ ਹਰ ਪੈੱਗ ਨਾਲ਼ ਉਸਦੇ ਅੰਦਰ ਨੂੰ ਚੀਰਦੀ ਜਾਂਦੀ ਸੀ।

ਸ਼ਾਮ ਦੇ ਚਾਰ ਵੱਜ ਚੁੱਕੇ ਸਨ।ਸਰਦੀਆਂ ਦੇ ਮੌਸਮ ਕਾਰਨ ਧੁੰਦ ਨੇ ਲਹਿੰਦੇ ਸੂਰਜ ਦੀ ਲਾਲੀ ਨੂੰ ਵੀ ਆਪਣੇ ਗਿਲਾਫ਼ ਵਿੱਚ ਲਪੇਟ ਲਿਆ ਸੀ।ਹੁਣ ਘੁੱਦਾ ਤੇ ਪਠਾਨੀਆ ਵੀ ਅਸਲਮ ਦੇ ਬਰਾਂਡੇ ਵਿੱਚ ਬੈਠੇ ਪੈੱਗ ਨਾਲ਼ ਪੈੱਗ ਟਕਰਾ ਰਹੇ ਸਨ।ਅਸਲਮ ਦੇ ਕਹਿਣ ਤੇ ਸੈਲਰ ਵਿੱਚ ਯੁਵਰਾਜ ਅਤੇ ਯੂਥ ਪ੍ਰਧਾਨ ਨੇ ਵੀ ਆਪਣਾ ਪ੍ਰਬੰਧ ਪੱਕਾ ਕਰ ਲਿਆ ਸੀ।

ਉਨ੍ਹਾਂ ਨੇ ਆਪਣੇ ਸੂਹੀਏ ਦਾਣਾ ਮੰਡੀ ਵਿੱਚ ਛੱਡ ਦਿੱਤੇ ਸਨ ਜੋ ਉਨ੍ਹਾਂ ਨੂੰ ਪਲ-ਪਲ ਦੀ ਖ਼ਬਰ ਦੇ ਰਹੇ ਸਨ।ਅੱਜ ਅਸਲਮ ਨੂੰ ਪੂਰਾ ਯਕੀਨ ਸੀ ਕਿ ਸ਼ਿਵਚਰਨ ਤੇ ਗਗਨ ਘਰ ਨਹੀਂ ਜਾਣਗੇ ਇਸ ਲਈ ਹੀ ਉਸਨੇ ਯੁਵਰਾਜ ਨੂੰ ਖ਼ੁਸ਼ ਕਰਨ ਦਾ ਪ੍ਰੋਗਰਾਮ ਪੱਕਾ ਕਰ ਰੱਖਿਆ ਸੀ।

ਸ਼ਿਵਚਰਨ,ਸਿਕੰਦਰ ਤੇ ਗੋਖਾ ਲੁਧਿਆਣੇ ਤੋਂ ਸਮਾਨ ਲੈਣ ਗਏ ਹੋਏ ਸਨ।ਇਸ ਲਈ ਲੇਟ ਹੋ ਗਏ ਸਨ।ਕਾਰੇ ਤੇ ਗਗਨ ਨੇ ਬਾਕੀ ਪ੍ਰਬੰਧ ਪੂਰਾ ਕਰ ਲਿਆ ਸੀ।ਹੁਣ ਹਨ੍ਹੇਰਾ ਹੋਣਾ ਸ਼ੁਰੂ ਹੋ ਗਿਆ ਸੀ ।ਦਾਣਾ ਮੰਡੀ ਦੀਆਂ ਲਾਈਟਾਂ ਨੇ ਝੁੱਗੀਆਂ ਵਿੱਚ ਵੀ ਰੌਸ਼ਨੀ ਕਰ ਦਿੱਤੀ ਸੀ।ਠੰਢ ਕਾਰਨ ਸਾਰਿਆਂ ਨੇ ਦੁਪਹਿਰ ਤੋਂ ਹੀ ਇੱਕ ਜਗ੍ਹਾ ਧੂਣੀ ਲਾ ਰੱਖੀ ਸੀ।ਬੱਚਿਆਂ ਦੀਆਂ ਆਲ਼ੀਆਂ ਭੋਲੀਆਂ ਗੱਲਾਂ ਨੇ ਗਗਨ ਦਾ ਵੀ ਦਿਲ ਲਵਾ ਰੱਖਿਆ ਸੀ।

ਅਸਲਮ ਨੂੰ ਵਾਰ-ਵਾਰ ਦਿੱਲੀ ਤੋਂ ਉਸਦੀ ਪਤਨੀ ਤੇ ਬੇਟੀਆਂ ਦਾ ਫ਼ੋਨ ਆ ਰਿਹਾ ਸੀ ਪਰ ਉਹ ਫ਼ੋਨ ਸੁਣਨ ਦੀ ਬਜਾਇ ਵਾਰ-ਵਾਰ ਬੰਦ ਕਰੀ ਜਾ ਰਿਹਾ ਸੀ।ਹੁਣ ਧੁੰਦ ਤੇ ਹਨ੍ਹੇਰਾ ਵੀ ਸੰਘਣਾ ਹੁੰਦਾ ਜਾ ਰਿਹਾ ਸੀ।ਅਸਲਮ ਨੇ ਘੁੱਦੇ ਤੇ ਪਠਾਨੀਏ ਨੂੰ ਸਮਝਾਉਂਦਿਆ ਆਖਿਆ,"ਦੇਖੋ ਬਈ, ਅੱਜ ਬਾਈ ਤਾਰੀਖ ਆ ਪਰਸੋਂ ਨੂੰ ਮੇਰੀ ਘਰਵਾਲ਼ੀ ਤੇ ਬੇਟੀਆਂ ਨੇ ਆ ਜਾਣਾ,ਇਸ ਲਈ ਗਗਨ ਵਾਲ਼ਾ ਕੰਮ ਅੱਜ ਹੀ ਕਰਨਾ,ਨਾਲ਼ੇ ਮਹੌਲ ਵੀ ਬਣਿਆ ਹੋਇਆ..।"

ਹੁਣ ਘੁੱਦਾ ਤੇ ਪਠਾਨੀਆ ਸਿਰ ਹਿਲਾਉਂਦੇ ਹੋਏ ਅਸਲਮ ਨੂੰ ਚਿੰਤਾ ਨਾ ਕਰਨ ਦੀ ਸਲਾਹ ਦੇ ਰਹੇ ਸਨ।

ਅਸਲਮ ਦੀ ਪਤਨੀ ਉਸਨੂੰ ਵਾਰ-ਵਾਰ ਫ਼ੋਨ ਕਰ ਰਹੀ ਸੀ।ਅਸਲਮ ਨੂੰ ਉਸਦੀ ਭੋਰਾ ਵੀ ਫਿਕਰ ਨਹੀਂ ਹੋ ਰਹੀ ਸੀ।ਉਹ ਆਪਣੀ ਛੋਟੀ ਧੀ ਸਲਮਾ ਦਾ ਵੀ ਫ਼ੋਨ ਨਹੀਂ ਚੁੱਕ ਰਿਹਾ ਸੀ।ਜਦੋਂ ਉਸਦੀ ਬੇਟੀ ਤੇ ਪਤਨੀ ਦਾ ਫ਼ੋਨ ਵਾਰ-ਵਾਰ ਆ ਰਿਹਾ ਸੀ ਤਾਂ ਉਸਦਾ ਮਨ ਕਰੇ ਉਹ ਮੋਬਾਇਲ ਨੂੰ ਕੰਧ ਨਾਲ਼ ਮਾਰੇ।ਉਹ ਭਾਵੇਂ ਕਿੰਨਾ ਵੀ ਦਲੇਰ ਸੀ ਪਰ ਅੱਜ ਉਹ ਇਸ ਲਈ ਫ਼ੋਨ ਨਹੀਂ ਸੀ ਚੁੱਕ ਰਿਹਾ ਕਿ ਉਹ ਹਰ ਵਾਰ ਵਾਂਗ ਅੱਜ ਝੂਠ ਨੂੰ ਸੱਚ ਬਣਾ ਕੇ ਪੇਸ਼ ਨਹੀਂ ਕਰ ਸਕੇਗਾ।ਇਸ ਸੱਚ ਝੂਠ ਦੇ ਖੇਲ ਨੇ ਉਸਨੂੰ ਸਰਦੀ ਵਿੱਚ ਵੀ ਪਸੀਨਾ ਲਿਆ ਦਿੱਤਾ ਸੀ।ਉਹ ਮਨ ਵਿੱਚ ਹੀ ਸੋਚ

ਰਿਹਾ ਸੀ,"ਇਹ ਮੇਰੀ ਜ਼ਿੰਦਗੀ ਦਾ ਆਖ਼ਰੀ ਗੁਨਾਹ ਹੋਵੇਗਾ...ਇਸ ਤੋਂ ਬਾਅਦ ਮੈਂ ਆਪਣੇ ਪਰਿਵਾਰ ਨਾਲ਼ ਰਹਾਂਗਾ......ਖ਼ੁਦਾ!..ਮੈਨੂੰ ਬਖਸ਼ੀਂ।"

ਉਸੇ ਵਕਤ ਯੁਵਰਾਜ ਦੇ ਫ਼ੋਨ ਦੀ ਘੰਟੀ ਵੱਜਦੀ ਹੈ ਤਾਂ ਉਹ ਇੱਕਦਮ ਫ਼ੋਨ ਸੁਣਨ ਲਈ ਪੱਬਾਂ ਭਾਰ ਹੋ ਜਾਂਦਾ।ਉਹ ਇੱਥੇ ਵੀ ਆਪਣੀ ਵਫ਼ਾਦਾਰੀ ਦਾ ਪੁਖ਼ਤਾ ਸਬੂਤ ਦੇ ਰਿਹਾ ਸੀ ਕਿਉਂਕਿ ਉਸਨੂੰ ਆਪਣੇ ਪਰਿਵਾਰ ਦੀ ਬਜਾਇ ਯੁਵਰਾਜ ਦੇ ਫ਼ੋਨ ਦੀ ਪਰਵਾਹ ਸੀ।।ਕੁਛ ਪਲ ਪਹਿਲਾਂ ਜੋ ਉਹ ਚੰਗਾ ਸੋਚ ਰਿਹਾ ਸੀ ਹੁਣ ਵਫ਼ਾਦਾਰੀ ਦੀ ਕਾਹਲ਼ ਨੇ ਉਸਨੂੰ ਸਭ ਵਿਸਾਰ ਦਿੱਤਾ ਸੀ।

ਮੰਡੀ ਵਿੱਚੋਂ ਘੁੱਦੇ ਨੂੰ ਉਸਦੇ ਸਾਥੀਆਂ ਦਾ ਪੂਰੇ ਅੱਠ ਵਜੇ ਫ਼ੋਨ ਆਇਆ ਕਿ ਸਭ ਕੰਮ ਸਮਾਪਤ ਹੋ ਚੁੱਕਿਆ ਹੈ ਪਰ ਸ਼ਿਵਚਰਨ,ਗਗਨ ਤੇ ਉਸਦੇ ਸਾਥੀ ਸਾਰੇ ਉੱਥੇ ਹੀ ਹਨ।ਘੁੱਦੇ ਨੇ ਦੁਬਾਰਾ ਫ਼ੋਨ ਕਰਨ ਲਈ ਕਿਹਾ।ਹੁਣ ਇੰਝ ਲੱਗਦਾ ਸੀ ਜਿਵੇਂ ਸੂਈ ਦੀਆਂ ਘੜੀਆਂ ਵਿੱਚ ਖੜੋਤ ਆ ਗਈ ਹੋਵੇ।ਮਸਾਂ ਜਾ ਕੇ ਸੂਈ ਨੇ ਅੱਠ ਵੱਜ ਕੇ ਪੰਦਰਾਂ ਮਿੰਟ ਕੀਤੇ।ਉਸੇ ਵਕਤ ਘੁੱਦੇ ਨੂੰ ਦੁਬਾਰਾ ਫ਼ੋਨ ਆਇਆ,"ਗੋਖਾ ਤੇ ਸਿਕੰਦਰ ਗੱਡੀ ਲੈ ਕੇ ਅੱਡੇ ਵੱਲ ਨੂੰ ਚਲੇ ਗਏ ਨੇ ਤੇ ਸ਼ਿਵਚਰਨ ਤੇ ਗਗਨ ਹਸਪਤਾਲ ਵਾਲ਼ੀ ਸੜਕ ਨੂੰ ਮੁੜ ਆਏ ਨੇ..।"

ਘੁੱਦੇ ਨੇ ਫ਼ੋਨ ਕੱਟ ਦਿੱਤਾ।ਅਸਲਮ ਦੇ ਫ਼ੋਨ ਦੀ ਘੰਟੀ ਹੁਣ ਵੀ ਲਗਾਤਾਰ ਵੱਜੀ ਜਾ ਰਹੀ ਸੀ।

ਘੁੱਦੇ ਨੇ ਤੇਜ਼ੀ ਨਾਲ਼ ਪੈੱਗ ਲਾ ਕੇ ਪਠਾਨੀਏ ਨੂੰ ਨਾਲ਼ ਲਿਆ ਤੇ ਬਣੇ ਪ੍ਰੋਗਰਾਮ ਮੁਤਾਬਕ ਅਸਲਮ ਦੀ ਬੰਦ ਜੀਪ ਲੈ ਕੇ ਗੇਟ ਤੋਂ ਬਾਹਰ ਹੋ ਗਿਆ।ਜੀਪ ਫੁਰਤੀ ਨਾਲ਼ ਧੁੰਦ ਨੂੰ ਚੀਰਦੀ ਹੋਈ ਗੱਡਾਖ਼ਾਨਾ ਚੌਂਕ ਵਿੱਚ ਚਲੀ ਗਈ।ਇੱਥੇ ਪਹਿਲਾਂ ਜਿਹੜੀ ਹਰ ਰੋਜ਼ ਚਹਿਲ-ਪਹਿਲ ਹੁੰਦੀ ਸੀ,ਅੱਜ ਧੁੰਦ ਦੇ ਪ੍ਰਕੋਪ ਨੇ ਉਹ ਖਤਮ ਕਰ ਰੱਖੀ ਸੀ।ਦੂਰ-ਦੂਰ ਤੱਕ ਕੋਈ ਨਹੀਂ ਸੀ ਦਿਖਦਾ ਕਿਉਂਕਿ ਧੁੰਦ ਦੀ ਚਾਦਰ ਬਹੁਤ ਸੰਘਣੀ ਹੋ ਗਈ ਸੀ।

ਉਹ ਗਗਨ ਤੇ ਸ਼ਿਵਚਰਨ ਨੂੰ ਗੱਡਾਖ਼ਾਨਾ ਚੌਂਕ ਵਿੱਚ ਹੀ ਉਡੀਕ ਰਹੇ ਸਨ ਕਿਉਂਕਿ ਹਸਪਤਾਲ ਮੂਹਰੇ ਦਵਾਈਆਂ ਵਾਲ਼ੀਆਂ ਦੁਕਾਨਾਂ ਹਰ ਹਾਲਤ ਵਿੱਚ ਖੁੱਲ੍ਹੀਆਂ ਰਹਿੰਦੀਆਂ ਹਨ।ਇਸ ਲਈ ਉਹ ਉੱਥੇ ਉਨ੍ਹਾਂ ਨਾਲ਼ ਕੁਛ ਨਹੀਂ ਸੀ ਕਰ ਸਕਦੇ।ਪਰ ਸ਼ਿਵਚਰਨ ਤੇ ਗਗਨ ਅਚਾਨਕ ਹੀ ਹਸਪਤਾਲ਼ ਕੋਲ਼ੋਂ ਕੱਚਾ ਕਾਲਜ ਰੋਡ ਨੂੰ ਮੁੜ ਕੇ ਬਜ਼ਾਰ ਦੇ ਅੰਦਰ ਦੀ ਹੁੰਦੇ ਹੋਏ ਕੁਲਵੀਰ ਮੈਡਮ ਦੇ ਘਰ ਨੂੰ ਜਾ ਰਹੇ ਸਨ।ਉਨ੍ਹਾਂ ਨੇ ਉਡੀਕ-ਉਡੀਕ ਕੇ ਜੀਪ ਹਸਪਤਾਲ਼ ਵੱਲ ਨੂੰ ਖਿੱਚ ਦਿੱਤੀ ਪਰ ਉਸ ਪਾਸੇ ਵੀ ਉਨ੍ਹਾਂ ਨੂੰ ਉਹ ਦੋਵੇਂ ਨਜ਼ਰ ਨਹੀਂ ਆਏ।ਹੁਣ ਉਨ੍ਹਾਂ ਨੂੰ ਅੱਚਵੀ ਜਿਹੀ ਲੱਗ ਗਈ ਸੀ।ਉਨ੍ਹਾਂ ਨੂੰ ਇੰਝ ਲੱਗਦਾ ਸੀ ਜਿਵੇਂ ਉਹ ਉਨ੍ਹਾਂ ਤੋਂ ਬਚ ਕੇ ਨਿੱਕਲ਼ ਗਏ ਹੋਣ।ਇਸ ਚਿੰਤਾ ਨੇ ਉਨ੍ਹਾਂ ਦੀ ਸਾਰੀ ਪੀਤੀ ਹੋਈ ਲਾਹ ਦਿੱਤੀ ਸੀ।ਉਹ ਉਨ੍ਹਾਂ ਨੂੰ ਲੱਭਣ ਲਈ ਹੋਰ ਵੀ ਉਤਾਵਲੇ ਹੋ ਰਹੇ ਸਨ।

ਅੱਜ ਇੰਝ ਲੱਗਦਾ ਸੀ ਜਿਵੇਂ ਧੁੰਦ ਤੇ ਹਨ੍ਹੇਰਾ ਚਾਨਣ ਦੇ ਜੁਗਨੂੰਆਂ ਦੀ ਪਹਿਰੇਦਾਰੀ ਕਰ ਰਿਹਾ ਹੋਵੇ।ਇਸ ਤਰ੍ਹਾਂ ਦੀ ਹਕੀਕਤ ਵਾਲ਼ਾ ਹਨ੍ਹੇਰਾ ਤੇ ਧੁੰਦ ਚਾਨਣ ਦੇ ਇਨ੍ਹਾਂ ਜੁਗਨੂੰਆਂ ਲਈ ਅੱਜ ਪ੍ਰਕਾਸ਼ ਵਰਗੇ ਹੀ ਸਾਬਤ ਹੋ ਰਹੇ ਸਨ।

ਧੁੰਦ ਤੇ ਹਨ੍ਹੇਰੇ ਵਿੱਚ ਹੁਣ ਜੀਪ ਸ਼ੂਕਦੀ ਫਿਰ ਰਹੀ ਸੀ।ਗਗਨ ਤੇ ਸ਼ਿਵਚਰਨ ਨੂੰ ਬਾਂਸਾਂ ਵਾਲ਼ੇ ਮੋਰਚੇ ਦੀ ਗਲ਼ੀ ਵਿੱਚੋਂ ਲੰਘਦਿਆਂ ਨੂੰ ਸੁਣਦੀ,ਸ਼ੂਕਦੀ ਹੋਈ ਗੱਡੀ ਦੀ ਅਵਾਜ਼,ਉਨ੍ਹਾਂ ਦੇ ਮਨ ਨੂੰ ਵੀ ਡਰ ਵਿੱਚ ਜਕੜ ਰਹੀ ਸੀ ਪਰ ਇਹ ਉਨ੍ਹਾਂ ਨੂੰ ਭੋਰਾ ਵੀ ਨਹੀਂ ਸੀ ਪਤਾ ਕਿ ਇਹ ਗੱਡੀ ਗਗਨ ਦੇ ਜੀਵਨ ਨੂੰ ਗ੍ਰਹਿਣ ਲਾਉਣ ਲਈ ਸ਼ੂਕਦੀ ਫਿਰ ਰਹੀ ਹੈ।ਜਦੋਂ ਹੀ ਉਹ ਮੋਰਚੇ ਵਾਲ਼ੀ ਗਲ਼ੀ ਵਿੱਚੋਂ ਨਿੱਕਲ਼ ਕੇ ਸਾਹਮਣੀ ਗਲ਼ੀ ਵਿੱਚ ਵੜਨ ਲੱਗੇ ਤਾਂ ਤੇਜ਼ੀ ਨਾਲ਼ ਆ ਰਹੀ ਗੱਡੀ ਦੀ ਲਾਈਟ ਉਨ੍ਹਾਂ ਵੱਲ ਆਈ।ਉਹ ਭੱਜ ਕੇ ਗਲ਼ੀ ਵਿੱਚ ਵੜ ਗਏ ਤੇ ਦੁਕਾਨ ਦੇ ਥਮ੍ਹਲੇ ਨਾਲ਼ ਸਹਿਮ ਕੇ ਖੜ੍ਹ

ਗਏ।ਉਨ੍ਹਾਂ ਨੂੰ ਅੱਜ ਕਿਸੇ ਦੀ ਖ਼ੈਰ ਨਹੀਂ ਸੀ ਲੱਗ ਰਹੀ।ਗੱਡੀ ਰੋਡ ਤੋਂ ਲੰਘ ਚੁੱਕੀ ਸੀ ਅਤੇ ਹੁਣ ਉਹ ਆਪਣੇ ਆਪ ਨੂੰ ਸੰਭਾਲ਼ਦੇ ਹੋਏ ਕੁਲਵੀਰ ਮੈਡਮ ਦੇ ਘਰ ਨੂੰ ਜਾ ਰਹੇ ਸਨ।

ਜਦੋਂ ਜੀਪ ਰੇਲਵੇ ਸਟੇਸ਼ਨ ਕੋਲ਼ ਗਈ ਤਾਂ ਇੰਟਰਸਿਟੀ ਦੇ ਤੁਰਨ ਦਾ ਹੂਟਰ ਵੱਜ ਰਿਹਾ ਸੀ।ਉਨ੍ਹਾਂ ਨੇ ਜੀਪ ਨੂੰ ਯੂ-ਟਰਨ ਦੇ ਕੇ ਵਾਪਸ ਮੋੜ ਲਿਆ ਪਰ ਜਦੋਂ ਜੀਪ ਮੁੜੀ ਤਾਂ ਪਠਾਨੀਏ ਦੀ ਨਿਗ੍ਹਾ ਰੇਲਵੇ ਸਟੇਸ਼ਨ ਤੋਂ ਨਿੱਕਲ਼ ਰਹੀ ਇੱਕ ਕੁੜੀ ’ਤੇ ਜਾ ਪਈ।ਜੋ ਅੱਲ੍ਹੜ ਜਿਹੀ ਸੀ ਤੇ ਪਹਿਲਾਂ ਹੀ ਚਿੰਤਾ ’ਚ ਲੱਗ ਰਹੀ ਸੀ।ਪਠਾਨੀਏ ਨੇ ਸੋਚਦੇ-ਸੋਚਦੇ ਨੇ ਅੱਗੇ ਜਾ ਕੇ ਜੀਪ ਨੂੰ ਫੇਰ ਯੂ-ਟਰਨ ਦੇ ਦਿੱਤੀ।ਜਦੋਂ ਜੀਪ ਉਸ ਕੁੜੀ ਕੋਲ਼ ਰੁਕੀ ਤਾਂ ਘੁੱਦੇ ਨੇ ਉਸਦੇ ਮੂੰਹ ’ਤੇ ਹੱਥ ਧਰਦੇ ਹੀ ਚੁੱਕ ਕੇ ਉਸਨੂੰ ਜੀਪ ਵਿੱਚ ਸੁੱਟ ਲਿਆ।ਹੁਣ ਉਹ ਗਗਨ ਦੇ ਹੱਥੋਂ ਨਿੱਕਲ਼ ਜਾਣ ਦਾ ਝੋਰਾ ਜਿਹਾ ਕਰਦੇ ਅਤੇ ਨਵੇਂ ਸ਼ਿਕਾਰ ਦੀ ਖ਼ੁਸ਼ੀ ਵਿੱਚ ਸੈਲਰ ਵੱਲ ਨੂੰ ਜੀਪ ਭਜਾਈ ਜਾ ਰਹੇ ਸਨ।

ਅਸਲਮ ਘਰ ਵਿੱਚ ਬੈਠਾ ਹੋਇਆ ਵਾਲ-ਕਲਾਕ ਦੀਆਂ ਸੂਈਆਂ ਨੂੰ ਵਾਰ-ਵਾਰ ਦੇਖ ਰਿਹਾ ਸੀ।ਘੜੀ ’ਤੇ ਅੱਠ ਵੱਜ ਕੇ ਪੰਜਾਹ ਮਿੰਟ ਹੋ ਚੁੱਕੇ ਸਨ।ਉਸ ਕੋਲ਼ੋਂ ਹੁਣ ਉਨ੍ਹਾਂ ਦੇ ਸੁਨੇਹੇ ਦਾ ਇੰਤਜ਼ਾਰ ਨਹੀਂ ਸੀ ਹੋ ਰਿਹਾ।ਉਹ ਅੰਦਰ ਗਿਆ।ਉਸਨੇ ਵਾਲ਼ ਵਾਹੇ ਤੇ ਪਰਫ਼ਿਊਮ ਛਿੜਕ ਕੇ ਕਾਲ਼ੀ ਜੈਕਟ ਪਾ ਲਈ ਤੇ ਫਿਰ ਘੁੱਦੇ ਵਾਲ਼ਾ ਮੋਟਰ ਸਾਈਕਲ ਚੁੱਕ ਕੇ ਗੁਣ-ਗੁਣਾਉਂਦਾ ਹੋਇਆ ਸੈਲਰ ਵੱਲ ਨੂੰ ਚਲਿਆ ਗਿਆ।

ਸੈਲਰ ਵਿੱਚ ਯੁਵਰਾਜ ਤੇ ਯੂਥ ਪ੍ਰਧਾਨ ਪਹਿਲਾਂ ਹੀ ਬੈਠੇ ਗਗਨ ਸਮੇਤ ਉਨ੍ਹਾਂ ਦਾ ਇੰਤਜਾਰ ਕਰ ਰਹੇ ਸੀ।ਘੁੱਦੇ ਨੇ ਉਸ ਕੁੜੀ ਨੂੰ ਕਮਰੇ ਵਿੱਚ ਬੰਦ ਕਰ ਦਿੱਤਾ।ਯੁਵਰਾਜ ਪਹਿਲਾਂ ਹੀ ਨਸ਼ੇ ਵਿੱਚ ਧੁੱਤ ਹੋਇਆ ਪਿਆ ਸੀ।ਉਸਨੂੰ ਸਾਰੇ ਪਾਸੇ ਗਗਨ ਹੀ ਗਗਨ ਦਿਖਾਈ ਦੇ ਰਹੇ ਸੀ।ਕਾਮ ਨੇ ਹੁਣ ਗਗਨ ਤੇ ਉਸ ਕੁੜੀ ਵਿੱਚਲੇ ਅੰਤਰ ਨੂੰ ਵੀ ਮਿਟਾ ਦਿੱਤਾ ਸੀ।ਅਸਲਮ ਉੱਥੇ ਪਹੁੰਚਿਆ ਤਾਂ ਸਭ ਦੇ ਚਿਹਰਿਆ ’ਤੇ ਜੇਤੂ ਨੂਰ ਸੀ।ਯੁਵਰਾਜ ਗਗਨ ਦਾ ਉਲਾਂਭਾ ਦੇ ਕੇ ਇਸ ਨੂਰ ਨੂੰ ਗਵਾਉਣਾ ਨਹੀਂ ਸੀ ਚਾਹੁੰਦਾ।ਹੁਣ ਅਸਲਮ ਦੀ ਮੌਜੂਦਗੀ ਵਿੱਚ ਹੀ ਸਭ ਨੇ ਆਪਣੀ ਕਾਮੀ ਵਾਸ਼ਨਾ ਤ੍ਰਿਪਤ ਕਰ ਲਈ ਸੀ।ਇੱਕ ਹੋਰ ਧੀ ਆਪਣੇ ਧੀ ਹੋਣ ਦਾ ਸੰਤਾਪ ਭੋਗ ਚੁੱਕੀ ਸੀ।

ਅਸਲਮ ਨੂੰ ਠੰਢੀ ਹਵਾ ਲੱਗਣ ਕਾਰਨ ਪੀਤੀ ਦਾਰੂ ਦਾ ਹੋਰ ਵੀ ਸਰੂਰ ਜਿਹਾ ਹੋ ਗਿਆ ਸੀ।ਉਸਨੇ ਇੱਕ ਹੋਰ ਮੋਟਾ ਜਿਹਾ ਪੈੱਗ ਅੰਦਰ ਮਾਰਿਆ ਅਤੇ ਉਹ ਵੀ ਮਾਸ ਦੀ ਜੰਗ ਜਿੱਤਣ ਲਈ ਹੁਣ ਕਮਰੇ ਅੰਦਰ ਚਲਿਆ ਗਿਆ।ਜਦੋਂ ਹੀ ਉਸਨੇ ਕਮਰੇ ਦੀ ਬੱਤੀ ਜਗਾਈ ਤਾਂ ਉਸਦੀ ਤੇ ਉਸ ਕੁੜੀ ਦੀ ਰਲੇਵੀਂ ਚੀਕ ਨੇ ਸਭ ਦੇ ਹੋਸ਼ ਉਡਾ ਦਿੱਤੇ ਕਿਉਂਕਿ ਅਸਲਮ ਦੀ ਆਪਣੀ ਧੀ ਸਲਮਾ ਕਾਮੀ ਵਾਸਨਾ ਵਿੱਚ ਮਧੋਲ਼ੀ ਹੋਈ ਉਸ ਦੇ ਸਾਹਮਣੇ ਉੱਧੜਿਆ ਗਲੋਟਾ ਬਣੀ ਬੈਠੀ ਸੀ।

ਜਦੋਂ ਬਾਹਰ ਬਾਕੀਆਂ ਨੂੰ ਅਸਲਮ ਤੇ ਸਲਮਾ ਦੀ ਹਕੀਕਤ ਦਾ ਪਤਾ ਲੱਗਿਆ ਤਾਂ ਉਹ ਸਾਰੇ ਹੀ ਉਨ੍ਹਾਂ ਨੂੰ ਛੱਡ ਕੇ ਪੱਤਰੇ ਵਾਚ ਗਏ।ਅਸਲਮ ਅੱਜ ਆਪਣੀ ਧੀ ਦੀ ਇੱਜ਼ਤ ਨੂੰ ਹੱਥੀਂ ਗਵਾ ਕੇ ਬਾਕੀ ਧੀਆਂ ਦੇ ਦਰਦ ਨੂੰ ਵੀ ਮਹਿਸੂਸ ਕਰਦਾ ਹੋਇਆ ਕੁਰਲਾ ਰਿਹਾ ਸੀ।ਸਲਮਾ ਉੱਠ ਕੇ ਕੰਧ ਵੱਲ਼ ਮੂੰਹ ਕਰਕੇ ਧਾਹਾਂ ਮਾਰ ਰਹੇ ਅਸਲਮ ਕੋਲ਼ ਜਾ ਕੇ ਬੋਲੀ,“ਅੱਬੂ!...ਤੁਸੀਂ ਕਿਉਂ ਰੁਕ ਗਏ ਆਓ ਤੁਸੀਂ ਵੀ ਆਪਣੀ ਧੀ ਨੂੰ......।”

“ਨਹੀਂ....ਨਹੀਂ....ਐ ਖ਼ੁਦਾ!...ਮੇਰੀ ਸਜਾ ਇਸ ਮਾਸੂਮ ਨੂੰ ਕਿਉਂ ਦਿੱਤੀ...”

ਉਸਨੂੰ ਆਪਣੀਆਂ ਆਂਦਰਾਂ ਪਾਟਦੀਆਂ ਮਹਿਸੂਸ ਹੋਈਆਂ ਕਿਉਂਕਿ ਉਸਨੇ ਆਪਣੇ ਇਸ ਆਂਦਰਾਂ ਦੇ ਸਾਕ ਨੂੰ ਪਲੀਤ ਕਰਕੇ ਰੱਖ ਦਿੱਤਾ ਸੀ।ਉਸਦੀ ਅਲਫ਼ ਨੰਗੀ ਧੀ ਉਸਦੇ ਸਾਹਮਣੇ ਖੜ੍ਹੀ ਸੀ ਤੇ ਉਸਨੂੰ ਮਰਨ ਨੂੰ ਥਾਂ ਨਹੀਂ ਸੀ ਲੱਭ ਰਹੀ।ਉਹ ਉਸਨੂੰ ਚਾਦਰ ’ਚ ਲਪੇਟਦਾ ਹੋਇਆ ਚਿਲਾ ਉੱਠਿਆ,“ਤੂੰ ਇਸ ਨਰਕ ਵਿੱਚ ਕਿਵੇਂ ਪਹੁੰਚ ਗਈ।”

"ਨਰਕ ? ਜੋ ਮੇਰੇ ਅੱਬੂ ਲਈ ਸਵਰਗ ਹੋਵੇ ਉਹ ਮੇਰੇ ਲਈ ਨਰਕ ਕਿਵੇਂ ਹੋ ਸਕਦਾ ?" ਉਹ ਦਰਦ ਨੂੰ ਕਾਬੂ ਕਰਦੀ ਹੋਈ ਬੋਲ ਰਹੀ ਸੀ।

"ਬਸ...ਬਸ...ਬਸ ਕਰ ...ਧੀਏ..."

"ਜੇ ਮੇਰੀ ਥਾਂ ਹੋਰ ਕਿਸੇ ਹੋਰ ਦੀ ਧੀ ਹੁੰਦੀ ਤਾਂ ਤੁਸੀਂ ਹੁਣ ਤੱਕ ਤਾਂ ਸਵਰਗ ਦਾ ਝੂਟਾ ਲੈ ਲੈਣਾ ਸੀ......ਜੀਹਨੂੰ ਹੁਣ ਤੁਸੀਂ ਨਰਕ ਦੱਸਦੇ ਹੋ......ਅਸੀਂ ਤੁਹਾਨੂੰ ਕਦੇ ਖ਼ੁਦਾ ਤੋਂ ਘੱਟ ਨਹੀਂ ਸੀ ਸਮਝਿਆ।ਚੰਗਾ ਕੀਤਾ ਤੁਸੀਂ ਫ਼ੋਨ ਨੀ ਚੁੱਕਿਆ ..ਨਹੀਂ ਤਾਂ ਸਾਡੇ ਖ਼ੁਦਾ ਤੋਂ ਕਦੇ ਪਰਦਾ ਨਹੀਂ ਸੀ ਚੁੱਕਿਆ ਜਾਣਾ।"

ਇੱਕਦਮ ਉਸਦੇ ਦਿਮਾਗ ਵਿੱਚ ਉਸਦੀ ਪਤਨੀ ਤੇ ਸਲਮਾ ਦੇ ਫ਼ੋਨ ਦੀਆਂ ਘੰਟੀਆਂ ਵੱਜਦੀਆਂ ਸੁਣਨ ਲੱਗੀਆਂ।ਉਸਨੂੰ ਹੁਣ ਇਹ ਗੱਲ ਸਾਫ਼ ਹੋ ਗਈ ਸੀ ਕਿ ਸਲਮਾ ਦੇ ਆਉਣ ਕਾਰਨ ਹੀ ਉਹ ਉਸਨੂੰ ਫ਼ੋਨ ਕਰ ਰਹੀਆਂ ਸਨ ਤਾਂ ਉਹ ਬੁੜਬੁੜਾਇਆ,"ਕਾਸ਼! ਮੈਂ......ਫ਼ੋਨ ਚੁੱਕ ਲੈਂਦਾ।"

ਉਹ ਹੁਣ ਗੋਡਿਆਂ ਵਿੱਚ ਸਿਰ ਦੇ ਕੇ ਉੱਚੀ-ਉੱਚੀ ਧਾਹਾਂ ਮਾਰ ਰਿਹਾ ਸੀ।ਸਲਮਾ ਨੂੰ ਹੁਣ ਸਰੀਰਕ ਦਰਦ ਨਾਲ਼ੋਂ ਮਾਨਸਿਕ ਦਰਦ ਵਧੇਰੇ ਸਤਾ ਰਿਹਾ ਸੀ।ਉਹ ਫਿਰ ਵੀ ਅਸਲਮ ਨੂੰ ਰੋਂਦੇ ਨੂੰ ਦੇਖ ਨਾ ਸਕੀ।ਉਸਨੇ ਅਸਲਮ ਦੀਆਂ ਅੱਖਾਂ ਪੂੰਝਦਿਆਂ ਆਪਣੇ ਵੀ ਹੰਝੂਆਂ ਦਾ ਦਰਿਆ ਵਗਾ ਦਿੱਤਾ। ਕੁਛ ਸਮੇਂ ਬਾਅਦ ਅਸਲਮ ਉਸਨੂੰ ਸਹਾਰਾ ਦੇ ਕੇ ਜੀਪ ਕੋਲ਼ ਲੈ ਆਇਆ।ਉਸਨੇ ਦੇਖਿਆ ਤਾਂ ਹੁਣ ਉੱਥੇ ਕੋਈ ਵੀ ਨਹੀਂ ਸੀ।ਉਸਨੇ ਜੀਪ ਸਟਾਰਟ ਕਰ ਲਈ ਤਾਂ ਸਲਮਾ ਨੇ ਦਰਦ ਭਰੀ ਅਵਾਜ਼ 'ਚ ਪੁੱਛਿਆ."ਅੱਬੂ! .."

"ਹੂੰ.."

"ਆਪਾਂ ਪੁਲਿਸ ਸਟੇਸ਼ਨ ਚੱਲੇ ਆਂ ?"

ਅਸਲਮ ਨੇ ਸੁਣ ਕੇ ਇੱਕ ਵਾਰ ਉਸ ਵੱਲ਼ ਦੇਖਿਆ ਤੇ ਫਿਰ ਉਹ ਵੀ ਪੱਥਰ ਜਿਹਾ ਹੋ ਗਿਆ।ਉਸਨੇ ਆਪਾ ਬਚਾਉਣ ਲਈ ਜੀਪ ਹਸਪਤਾਲ਼ ਜਾਂ ਥਾਣੇ ਲੈ ਜਾਣ ਦੀ ਬਜਾਇ ਘਰ ਲਿਆ ਖੜ੍ਹੀ ਕੀਤੀ।ਥੋੜ੍ਹੇ ਸਮੇਂ ਵਿੱਚ ਹੀ ਉਸਨੇ ਕਿਸੇ ਪ੍ਰਾਈਵੇਟ ਡਾਕਟਰ ਦੇ ਇਮਾਨ ਨੂੰ ਖਰੀਦ ਲਿਆ ਤੇ ਅਪਣੀ ਧੀ ਦੇ ਇਲਾਜ਼ ਲਈ ਉਸਨੂੰ ਆਪਣੇ ਘਰ ਲੈ ਆਇਆ।

ਹੁਣ ਸਲਮਾ ਸੌਂ ਰਹੀ ਸੀ ਪਰ ਅਸਲਮ ਨੂੰ ਹੁਣ ਨੀਂਦ ਦੀ ਬਜਾਇ ਪਲਕ ਝਪਕਦਿਆਂ ਵੀ ਪਲਕਾਂ ਅੰਦਰ ਵਿਸਫ਼ੋਟ ਹੁੰਦਾ ਮਹਿਸੂਸ ਹੋ ਰਿਹਾ ਸੀ।ਘੜੀ ਦੀਆਂ ਸੂਈਆਂ ਦੀ ਠਕ-ਠਕ ਉਸਦੇ ਦਿਮਾਗ ਨੂੰ ਚੜ੍ਹ ਰਹੀ ਸੀ।ਸਲਮਾ ਨੂੰ ਆਪਣੇ ਅੱਬੂ ਨੂੰ ਜਲਦੀ ਮਿਲਣ ਦੀ ਤਾਂਘ ਨੇ ਝਟਕਾ ਕੇ ਰੱਖ ਦਿੱਤਾ ਸੀ।

ਦੂਜੇ ਦਿਨ ਵੀ ਉਹ ਆਪਣੀ ਧੀ ਦੀ ਸੰਭਾਲ਼ ਕਰਦਾ ਘਰੋਂ ਬਾਹਰ ਨਾ ਗਿਆ।ਵੈਸੇ ਵੀ ਉਹ ਹੁਣ ਖ਼ੁਦ ਨੂੰ ਬਹੁਤ ਅਭਾਗਾ ਮਹਿਸੂਸ ਕਰ ਰਿਹਾ ਸੀ।ਕਦੇ ਉਸਦੇ ਮਨ ਵਿੱਚ ਆਉਂਦਾ ਕਿ ਉਹ ਆਪਣੇ ਸਮੇਤ ਸਭ ਨੂੰ ਪੁਲਿਸ ਥਾਣੇ ਪਹੁੰਚਾ ਦੇਵੇ ਪਰ ਉਸਦੀ ਬੇਗੈਰਤ ਜ਼ਮੀਰ ਅਜਿਹਾ ਕੋਈ ਕਦਮ ਨਾ ਚੁੱਕ ਸਕੀ।ਜਿਸ ਨਾਲ਼ ਉਸਦੀ ਧੀ ਨੂੰ ਇਨਸਾਫ਼ ਮਿਲ਼ ਸਕੇ।ਉਹ ਇਹ ਵੀ ਸੋਚਦਾ ਸੀ ਕਿ ਅਜੇ ਇਹ ਗੱਲ ਉਸਦੇ ਤੇ ਸਲਮਾ ਤੱਕ ਹੀ ਸੀਮਤ ਹੈ ਜੇ ਇਸ ਬਾਰੇ ਸ਼ਹਿਰ ਨੂੰ ਪਤਾ ਲੱਗ ਗਿਆ ਤਾਂ ਉਸਦੀ ਧੀ ਦਾ ਸਮਾਜਿਕ ਜੀਵਨ ਵੀ ਪੂਰੀ ਤਰ੍ਹਾਂ ਖ਼ਰਾਬ ਹੋ ਜਾਣਾ।ਇਹ ਸੋਚਦਾ ਉਹ ਸਲਮਾ ਦੇ ਅੰਤਰ ਮਨ 'ਚ ਲੱਗੀ ਜਵਾਲਾ ਦੇ ਸੇਕ ਨੂੰ ਇੱਕ ਵਾਰ ਵੀ ਮਹਿਸੂਸ ਨਾ ਕਰ ਸਕਿਆ।ਉਹ ਆਪਣੇ ਅੱਬੂ ਨੂੰ ਬਚਾਉਣ ਖਾਤਰ ਇਸ ਜਵਾਲਾ ਦੇ ਸੇਕ ਨੂੰ ਖ਼ੁਦ ਹੀ ਸਹਿਨ ਕਰ ਰਹੀ ਸੀ।

ਉਸਨੇ ਸਾਬਤ ਕਰ ਦਿੱਤਾ ਸੀ ਕਿ ਧੀਆਂ ਰੁੱਖ ਹੁੰਦੀਆਂ ਹਨ ਪਰ ਰੁੱਖਾਂ ਨੂੰ ਸਵਾਰਥ ਖ਼ਾਤਰ ਆਪਣੇ ਹੀ ਵੱਢ ਲੈਂਦੇ ਨੇ।ਰੁੱਖ ਕਦੇ ਵੀ ਆਪਣਿਆ ਤੋਂ ਬੇ-ਮੁੱਖ ਨਹੀਂ ਹੁੰਦੇ ਸਗੋਂ ਆਪਣਿਆਂ ਲਈ ਆਪਾ ਵਾਰ ਦਿੰਦੇ ਨੇ।ਸਲਮਾ ਰੂਪੀ ਇਹ ਨੰਨ੍ਹੀ ਛਾਂ ਵੀ ਆਪਣੇ ਅੱਬੂ ਨੂੰ ਬਚਾਉਣ ਲਈ ਬੋਹੜ ਦਾ ਰੂਪ ਧਾਰਨ ਕਰਕੇ ਚੁੱਪ ਹੋ ਗਈ ਸੀ।

ਅਸਲਮ ਦੀ ਦੁਵੱਲੀ ਸੋਚ ਕਦੇ ਆਪਣੀ ਧੀ ਦੇ ਦੁੱਖ ਵਿੱਚ ਸ਼ਰੀਕ ਹੁੰਦੀ ਤੇ ਕਦੀ ਆਪਣੇ ਹੀ ਬਚਾ ਬਾਰੇ ਸੋਚਦੀ।ਕਦੇ ਉਹ ਸ਼ਿਵਚਰਨ ਤੇ ਗਗਨ ਨੂੰ ਹੀ ਇਸਦਾ ਅਸਲੀ ਜ਼ਿੰਮੇਵਾਰ ਸਮਝਣ ਲੱਗਦਾ ਅਤੇ ਉਨ੍ਹਾਂ ’ਤੇ ਉਸਨੂੰ ਰਹਿ-ਰਹਿ ਕੇ ਗੁੱਸਾ ਆਉਂਦਾ।ਕਦੇ-ਕਦੇ ਗਗਨ ਦੀ ਪੱਤ ਨੂੰ ਲੀਰਾਂ-ਲੀਰਾਂ ਕਰਨ ਦੀ ਸੋਚ ਵੀ ਬਹੁਤ ਤੀਬਰ ਹੋ ਜਾਂਦੀ ਪਰ ਸਲਮਾ ਦਾ ਦੁੱਖ ਉਸਨੂੰ ਸਭ ਗੱਲਾਂ ਤੋਂ ਭਾਰੀ ਮਹਿਸੂਸ ਹੋ ਰਿਹਾ ਸੀ।ਉਸਨੇ ਆਪਣੀ ਪਤਨੀ ਤੇ ਦੂਜੀ ਬੇਟੀ ਨੂੰ ਐਕਸੀਡੈਂਟ ਆਖ ਕੇ ਮੌਕਾ ਸੰਭਾਲ਼ ਲਿਆ ਸੀ।ਸਲਮਾ ਵੀ ਦੁੱਖਾਂ ਨੂੰ ਸਹਾਰਦੀ ਹੋਈ ਆਪਣੇ ਅੱਬੂ ਦਾ ਪੱਖ ਪੂਰ ਰਹੀ ਸੀ।ਉਸਨੂੰ ਆਪਣੇ ਅੱਬੂ ਦੀਆਂ ਅੱਖਾਂ ਦੀ ਉਦਾਸੀ ਤੇ ਬੇਅਰਾਮੀ ਆਪਣੇ ਦੁੱਖ ਤੋਂ ਵੀ ਡਾਢੀ ਲੱਗ ਰਹੀ ਸੀ।

ਅੱਜ ਤਿੰਨ ਕੁ ਵਜੇ ਨਾਲ਼ ਹੀ ਚਾਰੇ ਪਾਸੇ ਧੁੰਦ ਪਸਰ ਚੁੱਕੀ ਸੀ।ਟਾਵੀਆਂ-ਟਾਵੀਆਂ ਬੱਤੀਆਂ ਪੰਜ ਕੁ ਵਜੇ ਨੂੰ ਹੀ ਜਗਣ ਲੱਗ ਪਈਆਂ ਸਨ।ਅਸਲਮ ਘਰੋਂ ਬਾਹਰ ਭਟਕਣਾ ਵਿੱਚ ਭਟਕਦਾ ਗ਼ਲੀਆਂ,ਸੜਕਾਂ ਨੂੰ ਗਾਹੁੰਦਾ ਫਿਰ ਰਿਹਾ ਸੀ।ਉਸਦੇ ਅੰਦਰਲੇ ਡਰ ਤੇ ਦੁੱਖ ਨੇ ਉਸਨੂੰ ਜਕੜ ਰੱਖਿਆ ਸੀ।ਉਸਨੂੰ ਹੁਣ ਕੋਈ ਵੀ ਦਰਦ ਵੰਡਾਉਣ ਵਾਲ਼ਾ ਨਹੀਂ ਸੀ ਦਿਸ ਰਿਹਾ।ਧੁੰਦ ਤੇ ਹਨ੍ਹੇਰੇ ਨੇ ਹੁਣ ਸੜਕਾਂ ਨੂੰ ਅਸਲਮ ਦੇ ਅੰਤਰਮਨ ਵਾਂਗ ਸੁੰਨਾ ਕਰ ਛੱਡਿਆ ਸੀ।ਉਹ ਘੁੰਮਦਾ ਘੁਮਾਉਂਦਾ ਫਰਵਾਹੀ ਬਜ਼ਾਰ ਵੱਲ ਨੂੰ ਆ ਗਿਆ।ਉਹ ਸੋਚਦਾ ..ਰੁਕਦਾ ਤੇ ਫਿਰ ਤੁਰ ਪੈਂਦਾ।ਅਖ਼ੀਰ ਉਹ ਕੁਲਵੀਰ ਮੈਡਮ ਦੇ ਘਰ ਮੂਹਰੇ ਪਹੁੰਚ ਗਿਆ।ਹੁਣ ਉਹ ਖੜ੍ਹਾ ਕੁਲਵੀਰ ਦੀ ਖ਼ਰਾਬ ਕੀਤੀ ਜ਼ਿੰਦਗੀ ਬਾਰੇ ਹੀ ਸੋਚ ਰਿਹਾ ਸੀ।

ਕੁਲਵੀਰ ਦੀਆਂ ਚੀਕਾਂ,ਅੱਥਰੂ ਤੇ ਉਸਦੇ ਪਾਏ ਹੋਏ ਵਾਸਤੇ ਉਸਨੂੰ ਚੱਕਰਵਿਊ ਵਿੱਚ ਘੇਰੀ ਖੜ੍ਹੇ ਸਨ।ਉਹ ਫਿਰ ਦਰਵਾਜ਼ੇ ਵੱਲ ਵਧਿਆ ਤੇ ਉਸਨੇ ਕਿੰਨਾ ਸਮਾਂ ਰੁਕਣ ਮਗਰੋਂ ਉਂਗਲ਼ ਨੂੰ ਬੈੱਲ ’ਤੇ ਰੱਖਿਆ।ਦਰਵਾਜ਼ਾ ਖੁੱਲ੍ਹਣ ਤੱਕ ਦੇ ਸਮੇਂ ਵਿੱਚ ਉਸਦਾ ਸਾਹ,ਸਾਹ ਨਲ਼ੀ ਵਿੱਚ ਹੀ ਅਟਕ ਗਿਆ ਸੀ।ਉਸਨੂੰ ਇੰਝ ਲੱਗਦਾ ਸੀ ਜਿਵੇ ਉਸਦੇ ਉੱਖੜੇ ਸਾਹਾਂ ਦਾ ਜਵਾਰਭਾਟਾ ਉਸਨੂੰ ਨਿਗਲ਼ ਹੀ ਲਵੇਗਾ।ਦਰਵਾਜ਼ਾ ਖੁੱਲ੍ਹਿਆ ਤਾਂ ਅਸਲਮ ਨੂੰ ਲੱਗਿਆ ਜਿਵੇਂ ਉਸਦੀ ਜਾਨ ਹੀ ਨਿੱਕਲ਼ ਗਈ ਹੋਵੇ ਤੇ ਕੁਲਵੀਰ ਨੇ ਉਸਨੂੰ ਦੇਖ ਕੇ ਦਰਵਾਜ਼ਾ ਇੱਕਦਮ ਬੰਦ ਕਰ ਦਿੱਤਾ।ਉਹ ਪਲ ਭਰ ਲਈ ਰੁਕੀ,ਜਦੋਂ ਉਸਨੂੰ ਲੱਗਿਆ ਕਿ ਉਹ ਚਲਿਆ ਗਿਆ ਹੋਵੇਗਾ ਤਾਂ ਦਰਵਾਜ਼ਾ ਖੋਲ੍ਹ ਦਿੱਤਾ ਪਰ ਉਹ ਬੁੱਤ ਬਣਿਆ ਅਜੇ ਵੀ ਉੱਥੇ ਹੀ ਖੜ੍ਹਾ ਸੀ।

ਕੁਲਵੀਰ ਦਰਵਾਜ਼ਾ ਖੁੱਲ੍ਹਾ ਛੱਡ ਕੇ ਹੀ ਡਰਾਇੰਗ ਰੂਮ ਵਿੱਚ ਆ ਗਈ।ਇਹ ਅਸਲਮ ਲਈ ਅੰਦਰ ਆਉਣ ਦਾ ਸੰਕੇਤ ਸੀ।ਉਹ ਮੂੰਹ ਭੂੰਆ ਕੇ ਖੜ੍ਹ ਗਈ ਤੇ ਬੋਲੀ,“ਹਾਂ ਦੱਸੋ?”

ਅੱਗਿਓਂ ਕੋਈ ਜਵਾਬ ਨਾ ਆਇਆ ਪਰ ਉਸਦੇ ਪੈਰਾਂ ਵਿੱਚ ਹੋਈ ਹਲਚਲ ਨਾਲ਼ ਉਹ ਤ੍ਰਭਕ ਜਿਹੇ ਗਈ ਕਿਉਂਕਿ ਅਸਲਮ ਉਸਦੇ ਪੈਰਾਂ ਵਿੱਚ ਬੈਠਾ ਧਾਹਾਂ ਮਾਰ ਰਿਹਾ ਸੀ।ਉਹ ਪਸੀਜੀ ਗਈ।ਉਸਨੇ ਉਸਨੂੰ ਮੋਢੇ ਤੋਂ ਫੜ ਕੇ ਸੋਫ਼ੇ ’ਤੇ ਬਿਠਾਉਂਦਿਆਂ ਪਾਣੀ ਦਿੱਤਾ ਤੇ ਕਹਿਣ ਲੱਗੀ,“ਤੇਰੇ ਕੋਲ਼ ਅੱਥਰੂਆਂ ਦਾ ਬਹੁਤ ਵੱਡਾ ਖ਼ਜ਼ਾਨਾ ਏ,ਤੂੰ ਬਹੁਤ ਮਾਸੂਮਾਂ ਦੇ ਅੱਥਰੂਆਂ ਨੂੰ ਇਕੱਠਾ ਕਰ ਰੱਖਿਆ……ਉਨ੍ਹਾਂ ਦੀਆਂ ਆਹਾਂ ਤੇ ਬਦ-ਦੁਆਵਾਂ ਵੀ ਤੇਰੇ ਕੋਲ਼ ਜਮ੍ਹਾ ਨੇ ਅਜੇ ਤਾਂ।”

“ਬਸ ਕਰ ਕੁਲਵੀਰ…ਉਹ ਖ਼ਜ਼ਾਨਾ ਇੱਕੋ ਝਟਕੇ ਵਿੱਚ ਖਾਲੀ ਹੋ ਗਿਆ ਏ…ਉਨ੍ਹਾਂ ਦੀਆਂ ਆਹਾਂ,ਬਦ-ਦੁਆਵਾਂ,ਮਾਸੂਮਾਂ ਦੀਆਂ ਮਜਬੂਰੀਆਂ,ਧਰਮ ਦੀ ਆੜ ਵਿੱਚ ਕੀਤੇ ਗ਼ੈਰ-ਇਖ਼ਲਾਕੀ ਕੰਮ… ਹੁਣ ਮੈਨੂੰ ਕੋਹ ਰਹੇ ਨੇ…ਮੈਂ ਹੁਣ ਨਾ ਜਿਉਂ ਸਕਦਾਂ… ਨਾ ਮਰ ਸਕਦਾਂ….ਨਾ ਹੀ ਕਿਸੇ ਨੂੰ ਦੱਸ ਸਕਦਾਂ।”

"ਕੀ ਨੀ ਦੱਸ ਸਕਦਾ,ਤੇਰੇ ਵਰਗੇ ਦੱਲਿਆਂ ਦੇ ਇਹੋ ਜਿਹੇ ਅੱਥਰੂ ਹੀ ਆਬਰੂਆਂ ਨੂੰ ਖ਼ਾਕ ਕਰ ਦਿੰਦੇ ਨੇ...ਮੈਂ ਵੀ ਇੰਝ ਹੀ ਖ਼ਾਕ ਹੋਈ ਹਾਂ....ਪਲੀਜ਼ ਤੁਸੀਂ ਜਾ ਸਕਦੇ ਹੋ..।"

"ਕੁਲਵੀਰ!....ਮੈਂ ਆਪਣੀ ਧੀ ਦੀ ਵੀ ਦਲਾਲੀ ਕਰ ਦਿੱਤੀ।"

ਕੁਲਵੀਰ ਨੂੰ ਸੁਣ ਕੇ ਧੱਕਾ ਜਿਹਾ ਵੱਜਿਆ ਤੇ ਉਹ ਅਸਲੀਅਤ ਜਾਣਨ ਲਈ ਉਸਦੇ ਕੋਲ਼ ਹੀ ਬੈਠ ਗਈ।ਉਹ ਇਹ ਗੱਲ ਉਸ ਨਾਲ਼ ਸਾਂਝੀ ਨਹੀਂ ਸੀ ਕਰਨ ਆਇਆ ਪਰ ਕੁਲਵੀਰ ਦੀ ਬੇ-ਭਰੋਸਗੀ ਨੇ ਉਸਨੂੰ ਮਜਬੂਰ ਕਰ ਦਿੱਤਾ ਸੀ।

ਉਹ ਉਸਦੀਆਂ ਗੱਲਾਂ ਸੁਣ ਕੇ ਹੁਣ ਤੈਸ਼ ਵਿੱਚ ਆ ਗਈ ਸੀ ਜੋ ਥੋੜ੍ਹਾ ਸਮਾਂ ਪਹਿਲਾਂ ਉਸਦੇ ਅੱਥਰੂਆਂ ਨੇ ਪਸੀਜ ਦਿੱਤੀ ਸੀ। ਹੁਣ ਉਸਨੇ ਉਸਦੇ ਥੱਪੜਾਂ ਦਾ ਮੀਂਹ ਵਰ੍ਹਾ ਦਿੱਤਾ ।ਉਸਦੇ ਮਨ ਵਿੱਚ ਬਚੀਆਂ ਉਸਦੀ ਮੁਹੱਬਤ ਦੀਆਂ ਯਾਦਾਂ ਵੀ ਭਾਂਬੜ ਬਣ ਕੇ ਮੱਚ ਚੁੱਕੀਆਂ ਸਨ।ਗਗਨ ਦਾ ਭੋਲ਼ਾ ਚਿਹਰਾ ਉਸਦੀਆਂ ਅੱਖਾਂ ਅੱਗੇ ਘੁੰਮਣ ਲੱਗਿਆ ਤੇ ਸਲਮਾ ਦੀਆਂ ਦਰਦ ਭਰੀਆਂ ਚੀਕਾਂ ਉਸਦੇ ਕੰਨਾਂ ਦੇ ਪਰਦੇ ਪਾੜਨ ਲੱਗੀਆਂ।ਉਹ ਸਵੈ-ਕਾਬੂ ਤੋਂ ਬਾਹਰ ਹੋ ਚੁੱਕੀ ਸੀ ਪਰ ਅਸਲਮ ਆਪਣੇ ਦਰਦਾਂ ਦੀ ਪੋਟਲ਼ੀ ਉਸ ਕੋਲ਼ ਛੱਡ ਕੇ ਜਾ ਚੁੱਕਿਆ ਸੀ।

ਉਹ ਹੁਣ ਮਨ ਦੇ ਭਾਰ ਨੂੰ ਕੁਲਵੀਰ ਕੋਲ਼ ਹਲਕਾ ਕਰ ਕੇ ਹੋਣ ਵਾਲ਼ੇ ਵਿਸਫ਼ੋਟ ਦੇ ਇੰਤਜ਼ਾਰ ਵਿੱਚ ਘਰ ਨੂੰ ਪਰਤ ਰਿਹਾ ਸੀ।ਉਹ ਸੋਚ ਰਿਹਾ ਸੀ ਕਿ ਸ਼ਾਇਦ ਉਸਦੀ ਧੀ ਸਲਮਾ ਇਸ ਕਾਬਲ ਹੋ ਜਾਏ ਜੋ ਸੁਆਹ ਕਰ ਦੇਵੇ ਉਸਨੂੰ ਤੇ ਉਸਦੇ ਫੈਲਾਏ ਹੋਏ ਜਿਸਮਾਂ ਦੇ ਵਪਾਰ ਨੂੰ ਪਰ ਅਸਲੀਅਤ ਵਿੱਚ ਉਹ ਆਪਣੇ ਆਪ ਨੂੰ ਬਚਾਉਣ ਦੀ ਹੀ ਕੋਸ਼ਿਸ਼ ਕਰਦਾ ਰਿਹਾ ਸੀ।

ਦੂਜੇ ਦਿਨ ਕਿੰਨਾ ਹੀ ਸਮਾਂ ਕੁਲਵੀਰ,ਗਗਨ ਤੇ ਸ਼ਿਵਚਰਨ ਲਾਇਬ੍ਰੇਰੀ ਵਿੱਚ ਹੀ ਬੈਠੇ ਰਹੇ।ਜਦੋਂ ਕੁਲਵੀਰ ਨੇ ਆਪਣੀ ਤੇ ਅਸਲਮ ਦੀ ਕਹਾਣੀ ਨੂੰ ਛੁਪਾਉਂਦੀ ਨੇ ਸਲਮਾ ਨਾਲ ਹੋਈ ਘਟਨਾ ਬਾਰੇ ਉਨ੍ਹਾਂ ਨੂੰ ਵਿਸਥਾਰ ਨਾਲ਼ ਦੱਸਿਆ ਤਾਂ ਦੱਸਦੀ ਦੀਆਂ ਉਸਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਪਰ ਗਗਨ ਤੇ ਸ਼ਿਵਚਰਨ ਜ਼ਾਰੋ-ਜ਼ਾਰ ਰੋ ਰਹੇ ਸਨ।ਸ਼ਿਵਚਰਨ ਅੱਖਾਂ ਪੂੰਝਦਾ ਬੋਲਿਆ,"ਜੀਹਨੇ ਤੁਹਾਡੇ ਅੱਥਰੂ ਵਹਾਏ ਹੋਣ,ਉਹ ਇਸ ਮਾਰ ਤੋਂ ਕਿਵੇਂ ਬਚ ਸਕਦਾ ਸੀ...ਪਰ ਵਿਚਾਰੀ ਸਲਮਾ...।"

"ਤੁਹਾਨੂੰ ਸਾਡੇ ਬਾਰੇ ਪਤੈ ?" ਕੁਲਵੀਰ ਹੈਰਾਨ ਜਿਹਾ ਹੋਈ।

ਸ਼ਿਵਚਰਨ ਸਿਰਫ਼ ਹਾਂ ਵਿੱਚ ਸਿਰ ਹੀ ਹਿਲਾ ਸਕਿਆ ਤੇ ਫਿਰ ਉਹ ਤਿੰਨੋ ਉਦਾਸੀ ਭਰੇ ਚਿਹਰੇ ਲੈ ਕੇ ਕਾਲਜ ਤੋਂ ਬਾਹਰ ਨੂੰ ਚਲੇ ਗਏ। ਅਸਲਮ ਉਨ੍ਹਾਂ ਨੂੰ ਜਾਂਦਿਆਂ ਦੇਖ ਕੇ ਡਰ ਨਾਲ਼ ਕੰਬ ਜਿਹੇ ਗਿਆ ਕਿਉਂਕਿ ਉਸਨੂੰ ਪਤਾ ਸੀ ਕਿ ਉਹ ਜ਼ਰੂਰ ਉਸਦੇ ਘਰ ਵੱਲ ਹੀ ਜਾ ਰਹੇ ਹਨ।ਉਹ ਸਾਰੇ ਸਿੱਧੇ ਹੀ ਅਸਲਮ ਦੇ ਘਰ ਚਲੇ ਗਏ ਤੇ ਉਨ੍ਹਾਂ ਨੇ ਦੱਸਿਆ ਕਿ ਉਹ ਸਾਰੇ ਸਲਮਾ ਦਾ ਹਾਲ-ਚਾਲ ਪੁੱਛਣ ਆਏ ਹਨ।ਅਸਲਮ ਦੀ ਵੱਡੀ ਧੀ ਤਾਂ ਘਰ ਨਹੀਂ ਸੀ ਤੇ ਉਸਦੀ ਪਤਨੀ ਰਸੋਈ ਦੇ ਕੰਮ ਵਿੱਚ ਹੀ ਰੁੱਝੀ ਰਹੀ।ਕੁਲਵੀਰ ਨੇ ਸਲਮਾ ਨਾਲ਼ ਸਾਰੀ ਗੱਲ ਬੇਝਿਜਕ ਜਿਹੇ ਕਰ ਲਈ ਸੀ ਪਰ ਸਲਮਾ ਬਿਨਾ ਪ੍ਰਤੀਕਰਮ ਕਰੇ ਸਭ ਕੁਛ ਸੁਣੀ ਗਈ।

ਉਸ 'ਤੇ ਕੋਈ ਬਹੁਤਾ ਅਸਰ ਨਾ ਹੋਇਆ ਦੇਖ ਕੇ ਸ਼ਿਵਚਰਨ ਬੋਲਿਆ,"ਸਲਮਾ!..ਕੁਲਵੀਰ ਮੈਡਮ ਤੇ ਹੋਰ ਪਤਾ ਨੀ ਕਿੰਨੀਆਂ ਮਾਸੂਮ ਜਿੰਦੜੀਆਂ ਤੇਰੇ ਅੱਬੂ ਦੀ ਦਲਾਲੀ ਦੀ ਭੇਂਟ ਚੜ੍ਹੀਆਂ ਨੇ,ਮੈਂ ਵਿਰੋਧ ਕਰਦਾ ਹੋਇਆ ਵੀ ਅਨੇਕਾਂ ਵਧੀਕੀਆਂ ਦਾ ਸ਼ਿਕਾਰ ਹੋਇਆ ਹਾਂ,ਅੱਜ ਤੇਰੀ ਥਾਂ ਗਗਨ ਨੇ ਹੋਣਾ ਸੀ....ਤੇਰਾ ਇਹ ਬਾਪ ਨਹੀਂ...ਸੰਤਾਪ ਏ...ਜੇ ਤੂੰ ਸਮਾਜ ਵਿੱਚ ਇੱਕ ਬਾਪ ਦੇ ਰੁਤਬੇ ਨੂੰ...ਇੱਕ ਅਧਿਆਪਕ ਦੇ ਰੁਤਬੇ ਨੂੰ ਕਾਇਮ ਰੱਖਣਾ ਚਾਹੁਨੀ ਏਂ....ਤਾਂ ਲਾਹ ਦੇ ਪਰਦੇ ਆਪਣੇ ਮਸਨੂਈ ਜਜ਼ਬਾਤਾਂ ਤੋਂ..ਕਰ ਦੇ ਬੇਪਰਦ ਇਨ੍ਹਾਂ ਗ਼ੈਰ ਇਖ਼ਲਾਕੀ ਸੋਚਾਂ ਨੂੰ...ਇਹ ਜੁੰਡਲ਼ੀਆਂ

ਸਮਾਜ ਲਈ ਨਾਸੂਰ ਨੇ...ਉੱਠ ਸਲਮਾ!...ਰਿਸ਼ਤਿਆਂ ਦੀ ਪੈਰਵੀ ਨੂੰ ਪਰ੍ਹਾਂ ਧਰ..ਜ਼ਮੀਰ ਨੂੰ ਜਿਉਂਦਾ ਕਰ..ਤੂੰ ਹੀ ਦੇ ਸਕਦੀ ਏਂ ਸ਼ਰਧਾਂਜਲੀ... ਬੇਆਬਰੂ ਹੋ ਚੁੱਕੀਆਂ ਮਾਸੂਮ ਜਿੰਦਾਂ ਨੂੰ......।" ਸ਼ਿਵਚਰਨ ਬੋਲਦਾ ਹੀ ਗਿਆ ਤਾਂ ਸਲਮਾ ਇੱਕਦਮ ਉੱਠੀ ਤੇ ਚਿਲਾਈ,

"ਨਹੀਂ......ਉਹ ਮੇਰਾ ਬਾਪ ਏ।"

ਸੰਨਾਟੇ 'ਚ ਸ਼ੂਕਦੇ ਉਸਦੇ ਇਸ ਬੋਲ ਨੇ ਸਭ ਨੂੰ ਸ਼ਾਂਤ ਕਰ ਦਿੱਤਾ ਸੀ।ਉਹ ਸਾਰੇ ਭੁੱਜੀਆਂ ਭਾਵਨਾਵਾਂ ਦੀ ਗਠੜੀ ਚੁੱਕੀ ਵਾਪਸ ਪਰਤ ਰਹੇ ਸਨ।ਉਨ੍ਹਾਂ ਨੂੰ ਕਾਲਜ ਵਾਪਸ ਪਰਤਦਿਆ ਦੇਖ ਕੇ ਅਸਲਮ ਸੁੰਨ ਜਿਹਾ ਹੋ ਗਿਆ ਸੀ।ਉਸਨੂੰ ਯਕੀਨ ਸੀ ਕਿ ਉਸਦੀ ਧੀ ਉਸਨੂੰ ਬੇ-ਗ਼ੈਰਤ ਨਹੀਂ ਕਰ ਸਕਦੀ ਜਦ ਕਿ ਉਹ ਆਪਣੀਆਂ ਨਜ਼ਰਾਂ ਵਿੱਚ ਸਿਵਾਇ ਬੈ-ਗ਼ੈਰਤ ਦੇ ਹੋਰ ਕੁਝ ਵੀ ਨਹੀਂ ਸੀ।ਉਹ ਚਾਹੁੰਦਾ ਤਾਂ ਸੀ ਕਿ ਬਲਾਤਕਾਰੀਆਂ ਨੂੰ ਸਜਾ ਮਿਲ਼ੇ ਪਰ ਉਹ ਆਪਣੇ ਆਪ ਨੂੰ ਬਚਾਉਣ ਲਈ ਅੰਦਰੋਂ ਚੁੱਪੀ ਵੱਟ ਲੈਣਾ ਚਾਹੁੰਦਾ ਸੀ।ਉਹ ਕੁਲਵੀਰ ਨੂੰ ਭਾਵਨਾਵਾਂ ਦੇ ਵਹਿਣ ਵਿੱਚ ਹੀ ਸਭ ਕੁਛ ਦੱਸ ਆਇਆ ਸੀ ਤੇ ਇਹ ਵੀ ਦਿਖਾ ਆਇਆ ਸੀ ਕਿ ਉਸਨੇ ਮਾੜੇ ਕੰਮਾਂ ਤੋਂ ਤੌਬਾ ਕਰ ਲਈ ਹੈ ਪਰ ਜਿਸਮ ਦੇ ਦਲਾਲਾਂ ਨੂੰ ਜਿਸਮ ਪਰੋਸਣ ਦੀ ਭਟਕਣਾ ਕਦੇ ਟਿਕਣ ਨਹੀਂ ਦਿੰਦੀ।

ਅੱਜ ਅਠਾਈ ਦਸੰਬਰ ਦਾ ਦਿਨ ਸੀ।ਘਟਨਾ ਦੇ ਕਈ ਦਿਨ ਗੁਜ਼ਰਨ ਤੋਂ ਬਾਅਦ ਵੀ ਪਸਰੀ ਸ਼ਾਂਤੀ ਨੇ ਯੁਵਰਾਜ,ਘੁੱਦਾ,ਪਠਾਨੀਆ ਤੇ ਯੂਥ ਪ੍ਰਧਾਨ ਨੂੰ ਆਪਣੇ-ਆਪਣੇ ਘਰਾਂ ਵੱਲ ਪਰਤਣ ਦਾ ਮਹੌਲ ਤੇ ਸੰਕੇਤ ਦੇ ਦਿੱਤਾ ਸੀ।ਉੱਥੇ ਸਲਮਾ ਦੀ ਚੁੱਪ ਨੇ ਅਸਲਮ ਦੇ ਵਰਤਾਰੇ ਨੂੰ ਵੀ ਸਧਾਰਨ ਅਵਸਥਾ ਵਿੱਚ ਲੈ ਆਂਦਾ ਸੀ।

ਘੁੱਦਾ ਤੇ ਪਠਾਨੀਆ ਹੁਣ ਫਿਰ ਆਪਣੇ ਮਾਲਕਾਂ ਲਈ ਨਵੇਂ ਸਾਲ ਦੀ ਆਮਦ 'ਤੇ ਨਵੇਂ ਸ਼ਿਕਾਰ ਦੀ ਭਾਲ਼ ਵਿੱਚ ਲੱਗ ਗਏ ਸਨ ਕਿਉਂਕਿ ਉਹ ਸਾਰੇ ਜਾਣਦੇ ਸਨ ਕਿ ਅਸਲਮ ਉਨ੍ਹਾਂ ਸਾਰਿਆਂ ਦੀ ਆਪਸੀ ਵਫ਼ਾਦਾਰੀ ਵਿੱਚ ਕਦੇ ਸੇਕ ਨਹੀਂ ਕਰੇਗਾ।

ਉੱਧਰ ਰਾਮਪੁਰੇ ਗਿਰਧਾਰੀ ਲਾਲ ਦੇ ਮਨ ਦੇ ਧਰਾਤਲ ਵਿੱਚੋਂ ਰਿਸ਼ਤਿਆਂ ਦੀਆਂ ਕਰੂੰਬਲ਼ਾਂ ਫੁੱਟ ਆਈਆਂ ਸਨ।ਉਹ ਹੁਣ ਸੋਚ ਰਿਹਾ ਸੀ ਕਿ ਕੁਦਰਤ ਨੇ ਸ਼ਿਵਚਰਨ ਨੂੰ ਚਿਰੰਜੀ ਦਾ ਰੂਪ ਦੇ ਕੇ ਉਸਨੂੰ ਝੂਠਾ ਤੇ ਜ਼ਿੰਦਗੀ ਦੇ ਸੱਚ ਨੂੰ ਸੱਚਾ ਕਰ ਵਿਖਾਇਆ ਹੈ।ਅੱਜ ਉਹ ਇਸੇ ਲਈ ਹੀ ਪ੍ਰਿੰਸ ਨੂੰ ਉਸਦੇ ਘਰ ਮਿਲਣ ਚਲਿਆ ਗਿਆ ਕਿਉਂਕਿ ਉਹ ਉਸ ਰਾਹੀਂ ਹੀ ਸ਼ਿਵਚਰਨ ਦੇ ਘਰ ਤੱਕ ਪੁੱਜ ਸਕਦਾ ਸੀ।

ਪ੍ਰਿੰਸ ਨੇ ਗੋਖੇ ਰਾਹੀਂ ਮਿਲ਼ ਕੇ ਸ਼ਿਵਚਰਨ ਤੇ ਉਸਦੇ ਦਾਦਾ-ਦਾਦੀ ਦੇ ਮਿਲਾਪ ਦਾ ਰਾਹ ਸੁਖਾਲ਼ਾ ਤੇ ਪੱਧਰਾ ਕਰ ਦਿੱਤਾ ਸੀ।ਗਿਰਧਾਰੀ ਹੁਣ ਮਨ ਦੀ ਦੁਬਿਧ ਅਵਸਥਾ ਨੂੰ ਵਿਰਾਮ ਦੇਣਾ ਚਾਹੁੰਦਾ ਸੀ।

ਵਕੀਲਾ,ਵਕੀਲਾਂ ਦੇ ਸੁਪਨੇ ਨੂੰ ਸਾਕਾਰ ਕਰਨ ਹਿਤ ਸ਼ਿਵਚਰਨ ਦੇ ਆਪਣੇ ਧਰਾਤਲ ਨਾਲ਼ ਜੁੜਨ ਲਈ ਹਮੇਸ਼ਾ ਕਾਮਨਾ ਕਰਦਾ ਰਹਿੰਦਾ ਸੀ ਕਿਉਂਕਿ ਵਕੀਲਾਂ ਦੀਆਂ ਤਰਲੇ ਪਾਉਂਦੀਆਂ ਅੱਖਾਂ ਅਜੇ ਵੀ ਵਕੀਲੇ ਨੂੰ ਸੋਚਣ ਲਾ ਦਿੰਦੀਆਂ ਸਨ ਪਰ ਅੱਜਕੱਲ੍ਹ ਸ਼ਿਵਚਰਨ ਦੇ ਮਨ ਉੱਪਰ ਦਾਦਾ-ਦਾਦੀ ਦੇ ਵਿਛੋੜੇ ਦਾ ਓਨਾ ਪ੍ਰਭਾਵ ਨਹੀਂ ਸੀ ਰਿਹਾ, ਕਿਉਂਕਿ ਸਲਮਾ ਦੀ ਹਾਲਤ ਉਸਦੇ ਅੰਦਰਲੇ ਮਨ ਨੂੰ ਕੋਹ ਰਹੀ ਸੀ।ਉਸਦੇ ਅੰਤਰਮਨ ਵਿੱਚੋਂ ਸਲਮਾ ਦੇ ਨਾਲ਼-ਨਾਲ਼ ਰਾਣੋ ਦੇ ਵਿਆਹ ਵਾਲ਼ੇ ਦਿਨ,ਉਸਨੂੰ ਆਏ ਸੁਪਨੇ ਵਿੱਚ ਸੁਣੀਆਂ ਗਗਨ ਦੀਆਂ ਅਸਮਾਨ ਪਾੜਦੀਆਂ ਚੀਕਾਂ,ਹੁਣ ਜਵਾਲਾਮੁਖੀ ਬਣ ਕੇ ਫੁੱਟ ਰਹੀਆਂ ਸਨ।ਉਹ ਸੋਚ ਰਿਹਾ ਸੀ ਕਿ ਜੇ ਸਲਮਾ ਉਸ ਦਿਨ ਉਨ੍ਹਾਂ ਨੂੰ ਨਾ ਮਿਲ਼ਦੀ ਤਾਂ ਹੁਣ ਤੱਕ ਗਗਨ ਖ਼ੁਦ ਵਿੱਚੋਂ ਆਪਣੇ ਖ਼ੂਬਸੂਰਤ ਜਜ਼ਬਾਤਾਂ ਨੂੰ ਮਨਫ਼ੀ ਕਰ ਚੁੱਕੀ ਹੁੰਦੀ।

ਇਕੱਤੀ ਦਸੰਬਰ ਦੀ ਰਾਤ ਨੂੰ ਸ਼ਿਵਚਰਨ ਤੇ ਗਗਨ ਕੁਲਵੀਰ ਮੈਡਮ ਕੋਲ਼ੇ ਹੀ ਸਨ।ਉਨ੍ਹਾਂ ਨੇ ਉੱਥੇ ਹੀ ਸੰਤ ਕੁਮਾਰ ਜੀ ਤੇ ਸੁਲਤਾਨ ਨੂੰ ਵੀ ਬੁਲਾ ਲਿਆ।ਸਾਰੀ ਘਟਨਾ ਕੁਲਵੀਰ ਤੇ ਸ਼ਿਵਚਰਨ ਨੇ ਵਾਰਤਾਲਾਪੀ ਢੰਗ ਨਾਲ਼

ਉਨ੍ਹਾਂ ਅੱਗੇ ਰੱਖ ਦਿੱਤੀ।ਉਹ ਚਾਹੁੰਦੇ ਸਨ ਕਿ ਸਲਮਾ ਆਪਣੇ ਪਿਤਰੀ ਪ੍ਰਭਾਵ ਕਾਰਨ ਭਾਵੇਂ ਬਿਆਨ ਦੇਣ ਤੋਂ ਇਨਕਾਰੀ ਹੈ ਪਰ ਫਿਰ ਵੀ ਉਹ ਕਿਸੇ ਤਰੀਕੇ ਇਨ੍ਹਾਂ ਬਲਾਤਕਾਰੀਆਂ ਨੂੰ ਉਨ੍ਹਾਂ ਦੇ ਕੀਤੇ ਦੀ ਸਜਾ ਦਿਵਾਉਣ ਦੇ ਹੱਕ ਵਿੱਚ ਸਨ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਨਹੀਂ ਤਾਂ ਇਨ੍ਹਾਂ ਭੇੜੀਆਂ ਦੇ ਮੂੰਹ ਨੂੰ ਲਗਾਤਾਰ ਲੱਗ ਰਿਹਾ ਖ਼ੂਨ ਪੂਰੇ ਸਮਾਜ ਲਈ ਖ਼ਤਰਨਾਕ ਸਾਬਤ ਹੋ ਸਕਦਾ ਹੈ।

ਅੱਜ ਧੁੰਦ ਦਾ ਕਹਿਰ ਸੀ।ਤੇਜ ਹਵਾਵਾਂ ਚੱਲ ਰਹੀਆਂ ਸਨ।ਠੱਕੇ ਨਾਲ਼ ਸਲਮਾ ਦੇ ਹੱਡ ਚੀਰਵਾਂ ਦਰਦ ਹੋ ਰਿਹਾ ਸੀ ਪਰ ਉਹ ਕਚੀਚੀ ਜਿਹੀ ਵੱਟ ਕੇ ਇਸ ਦਰਦ ਨੂੰ ਸਹਿਣ ਕਰੀ ਜਾ ਰਹੀ ਸੀ।ਅਸਲਮ ਉਨ੍ਹਾਂ ਸਾਰਿਆਂ ਤੋਂ ਚੋਰੀ-ਚੋਰੀ ਪੈੱਗ ਲਗਾ ਕੇ ਆਪਣੀ ਠੰਢ ਨੂੰ ਹਟਾ ਰਿਹਾ ਸੀ।ਸਲਮਾ ਨੇ ਵੀ ਉਸਨੂੰ ਪੈੱਗ ਲਗਾਉਂਦੇ ਨੂੰ ਦੇਖ ਲਿਆ ਸੀ।ਰਾਤ ਕਾਫ਼ੀ ਹੋ ਚੁੱਕੀ ਸੀ।ਅਸਲਮ ਪੈੱਗ ਨਾਲ਼ ਠੰਢ ਹਟਾ ਕੇ ਕਦੋਂ ਦਾ ਸੌਂ ਚੁੱਕਾ ਸੀ।ਕੋਲ਼ ਪਈਆਂ ਮਾਵਾਂ ਧੀਆਂ ਵੀ ਰਜਾਈ ਲਪੇਟ ਕੇ ਠੰਢ ਦਾ ਆਨੰਦ ਲੈ ਰਹੀਆਂ ਸਨ ਪਰ ਬਾਹਰ ਸ਼ੂਕਦੀ ਹਵਾ ਵਿੱਚੋਂ ਸਲਮਾ ਨੂੰ ਸਵੈ ਦੀਆਂ ਚੀਕਾਂ ਸੁਣ ਰਹੀਆਂ ਸਨ।

ਬਾਹਰ ਖਿੜਕੀ ਵਿੱਚ ਤ੍ਰੇਲ਼ ਦੇ ਤੁਪਕੇ ਟਪਕ ਰਹੇ ਸਨ।ਉਨ੍ਹਾਂ ਦੇ ਟਪਕਣ ਦੀ ਅਵਾਜ਼ ਸੁਣ ਕੇ ਸਲਮਾ ਨੂੰ ਆਪਣੇ ਅੰਦਰੋਂ ਆਪਣਾ ਆਪਾ ਰਿਸਦਾ ਹੋਇਆ ਮਹਿਸੂਸ ਹੋ ਰਿਹਾ ਸੀ।ਉਸਦੇ ਇਸ ਤਰ੍ਹਾਂ ਦੇ ਅਨੁਭਵ ਨੇ ਉਸਦੇ ਅੰਦਰਲੇ ਦਰਦ ਨੂੰ ਦੁੱਗਣਾ ਕਰ ਦਿੱਤਾ ਸੀ।ਉਹ ਰਜਾਈ ਵਿੱਚ ਮੂੰਹ ਕਰਕੇ ਆਪਣੇ ਕਰਾਹੁਣ ਦੀ ਅਵਾਜ਼ ਆਪ ਹੀ ਸੁਣਨ ਦਾ ਯਤਨ ਕਰ ਰਹੀ ਸੀ ਤਾਂ ਕਿ ਕੋਲ਼ ਪਏ ਕਿਸੇ ਹੋਰ ਨੂੰ ਇਸਦੀ ਭਿਣਕ ਨਾ ਪੈ ਸਕੇ।

ਸੰਤ ਕੁਮਾਰ,ਸ਼ਿਵਚਰਨ,ਗਗਨ,ਕੁਲਵੀਰ ਤੇ ਸੁਲਤਾਨ ਸਾਰੇ ਇਸ ਮਤੇ ਨਾਲ਼ ਸਹਿਮਤ ਹੋ ਗਏ ਸਨ ਕਿ ਨਵੇਂ ਵਰ੍ਹੇ ਦੀ ਸੱਜਰੀ ਸਵੇਰ,ਸੰਘਰਸ਼ਮਈ ਪਹੁ-ਫੁਟਾਲ਼ੇ ਨਾਲ਼ ਹੋਵੇਗੀ ਤੇ ਸੰਘਰਸ਼ ਦਾ ਵਿਗੁਲ ਬਗੈਰ ਸਲਮਾ ਦੇ ਹੀ,ਸੂਰਜ ਦੀ ਪਹਿਲੀ ਕਿਰਨ ਨਾਲ਼ ਹੀ ਵਜਾ ਦਿੱਤਾ ਜਾਵੇਗਾ।ਹਵਾ ਹੁਣ ਥੰਮ੍ਹ ਚੁੱਕੀ ਸੀ ਅਤੇ ਸੰਤ ਕੁਮਾਰ ਤੇ ਸੁਲਤਾਨ ਸਵੱਖਤੇ ਮਿਲਣ ਦੇ ਵਾਅਦੇ ਨਾਲ਼ ਆਪਣੇ ਘਰਾਂ ਨੂੰ ਪਰਤ ਗਏ ਸਨ।

ਹਵਾ ਦੇ ਥੰਮ੍ਹਣ ਤੱਕ ਦਰਦਾਂ ਨਾਲ਼ ਦੋ-ਚਾਰ ਹੁੰਦੀ ਸਲਮਾ ਵੀ ਹੁਣ ਸੌਂ ਚੁੱਕੀ ਸੀ।ਨੀਂਦ ਨੇ ਉਸਦੇ ਖ਼ਿਆਲੀ ਦਰਦ ਨੂੰ ਹੁਣ ਕਾਬੂ ਵਿੱਚ ਕਰ ਲਿਆ ਸੀ ਪਰ ਉਸਦੀ ਪਿਤਰੀ ਸੋਚ ਦੇ ਅੰਡਿਆਂ ਦਾ ਖੋਲ ਹੁਣ ਪੇਤਲਾ ਪੈ ਚੁੱਕਿਆ ਸੀ।ਇਨ੍ਹਾਂ ਵਿੱਚੋਂ ਹੁਣ ਵਿਰੋਧੀ ਭਾਵਨਾਵਾਂ ਜਨਮ ਲੈ ਰਹੀਆਂ ਸਨ।ਰਾਤ ਦੇ ਸੰਨਾਟੇ ਨੇ ਉਸਨੂੰ ਸੁਪਨਮਈ ਅਵਸਥਾ ਵਿੱਚ ਹੀ ਅਤੀਤ ਨਾਲ਼ ਜੋੜ ਦਿੱਤਾ ਸੀ।ਸੁਪਨਮਈ ਅਤੀਤ ਦੀ ਚੁਭਨ ਨੇ ਉਸਦੀ ਬੇਚੈਨੀ ਬਹੁਤ ਵਧਾ ਦਿੱਤੀ ਸੀ।ਜਦੋਂ ਉਸਦੀ ਅੱਖ ਖੁੱਲ੍ਹੀ ਤਾਂ ਪਹੁ ਫ਼ੁੱਟਣ ਹੀ ਵਾਲ਼ੀ ਸੀ।ਉਹ ਹੌਲੀ-ਹੌਲੀ ਉੱਠੀ ਤੇ ਉੱਠ ਕੇ ਕਮਰੇ ਵਿੱਚੋਂ ਬਾਹਰ ਚਲੀ ਗਈ।ਸਾਫ਼ ਅਕਾਸ਼ 'ਤੇ ਚਮਕਦੇ ਤਾਰੇ ਉਸਨੂੰ ਬੇਹੱਦ ਖ਼ੂਬਸੂਰਤ ਲੱਗੇ ਪਰ ਉਸਨੂੰ ਇੰਝ ਲੱਗਿਆ ਜਿਵੇਂ ਉਸਨੂੰ ਉਹ ਚਿੜ੍ਹਾ ਰਹੇ ਹੋਣ।ਉਸਨੂੰ ਅੱਜ ਪਹਿਲੀ ਵਾਰੀ ਆਪਣੀ ਚਮਕ ਤਾਰਿਆਂ ਦੀ ਲੋਅ ਵਿੱਚ ਫ਼ਿਕੀ-ਫ਼ਿਕੀ ਲੱਗੀ।ਜਿਨ੍ਹਾਂ ਅੱਗੇ ਉਹ ਹਮੇਸ਼ਾ ਹੀ ਆਪਣੇ ਆਪ ਨੂੰ ਖ਼ੂਬਸੂਰਤ ਮੰਨਦੀ ਹੁੰਦੀ ਸੀ।ਉਸਨੇ ਹੌਲ਼ੀ ਜਿਹੀ ਬਾਹਰਲ਼ਾ ਦਰਵਾਜ਼ਾ ਖੋਲ੍ਹਿਆ ਤੇ ਉਹ ਪੋਲੇ-ਪੋਲੇ ਕਦਮੀਂ ਗੱਡਾਖ਼ਾਨਾ ਚੌਂਕ ਵੱਲ ਨੂੰ ਚੱਲ ਪਈ ਤੇ ਉਸ ਤੋਂ ਬਾਅਦ ਉਹ ਬਜ਼ਾਰ ਨੂੰ ਮੁੜ ਗਈ।

ਉਸਨੂੰ ਹੁਣ ਖ਼ਿਆਲ ਆ ਚੁੱਕਿਆ ਸੀ ਕਿ ਉਸਦੀ ਜ਼ਮੀਰ ਉਸਦੇ ਕਦਮਾਂ ਨੂੰ ਰਿਸ਼ਤਿਆਂ ਦੀਆਂ ਬੇੜੀਆਂ ਵਿੱਚੋਂ ਅਜ਼ਾਦ ਕਰਵਾ ਕੇ ਉਸਨੂੰ ਸੱਚ ਤੇ ਸੰਘਰਸ਼ ਦੇ ਰਾਹ ਉੱਪਰ ਲੈ ਜਾ ਰਹੀ ਹੈ।ਜਦੋਂ ਉਹ ਸਦਰ ਥਾਣੇ ਵਿੱਚ ਦਾਖ਼ਲ ਹੋਈ ਤਾਂ ਉਸਨੇ ਸਾਹਮਣੇ ਬੈਠੇ ਸਿਵਚਰਨ,ਗਗਨ ਤੇ ਕੁਲਵੀਰ ਦੇ ਹੌਸਲਿਆਂ ਨੂੰ ਹੋਰ ਵੀ ਬੁਲੰਦ ਕਰ ਦਿੱਤਾ ।ਸਲਮਾ ਵੀ ਦੇਖ ਕੇ ਹੋਰ ਜੋਸ਼ ਫੜ ਗਈ ਤੇ ਉਸੇ ਵਕਤ ਸੰਤ ਕੁਮਾਰ ਤੇ ਸੁਲਤਾਨ ਵੀ ਪਹੁੰਚ ਗਏ।ਉਨ੍ਹਾਂ ਨੇ ਹੁਣ ਥਾਣੇ ਵਿੱਚ ਬਲਾਤਕਾਰ ਦਾ ਕੇਸ ਦਰਜ ਕਰਵਾ ਕੇ ਸੰਘਰਸ਼ ਦਾ ਪਹੁ-ਫੁਟਾਲ਼ਾ ਕਰ ਦਿੱਤਾ ਸੀ।ਨਵੇਂ ਵਰ੍ਹੇ ਦੀ ਪਹਿਲੀ ਕਿਰਨ ਨਾਲ਼,ਪੁਲਿਸ ਦੋਸ਼ੀਆਂ ਦੀ ਭਾਲ ਵਿੱਚ ਰਵਾਨਾ ਹੋ ਚੁੱਕੀ ਸੀ।ਅਸਲਮ ਇਸ ਸੰਘਰਸ਼ ਦੇ ਪਹੁ-ਫ਼ੁਟਾਲੇ ਦਾ ਪਹਿਲਾ ਸ਼ਿਕਾਰ ਸੀ।ਉਹ ਗ੍ਰਿਫ਼ਤਾਰ ਹੋ ਚੁੱਕਿਆ ਸੀ।ਸਲਮਾ ਹੁਣ ਕੁਲਵੀਰ,ਗਗਨ ਤੇ ਸ਼ਿਵਚਰਨ ਸਮੇਤ ਕੁਲਵੀਰ

ਦੇ ਘਰ ਨੂੰ ਜਾ ਰਹੀ ਸੀ।ਉਹ ਅਜੇ ਥਾਣੇ 'ਚੋਂ ਬਾਹਰ ਹੀ ਨਿੱਕਲ਼ੇ ਸਨ ਕਿ ਗੋਖੇ ਨੇ ਪਿੱਛਿਓਂ ਗੱਡੀ ਲਿਆ ਕੇ ਉਨ੍ਹਾਂ ਦੇ ਕੋਲ਼ ਖੜ੍ਹੀ ਕਰ ਦਿੱਤੀ ਤਾਂ ਉਸਨੂੰ ਦੇਖ ਕੇ ਸ਼ਿਵਚਰਨ ਬੋਲਿਆ, "ਤੂੰ ਏਨੇ ਸਵੱਖਤੇ ?"

"ਕਿਉਂ ਮੈਂ ਆ ਨੀ ਸਕਦਾ,ਜੇ ਤੂੰ ਘਰ ਨੀ ਵੜੇਂਗਾ ਤਾਂ ਮੈਨੂੰ ਤਾਂ ਆਉਣਾ ਹੀ ਪੈਣਾ......ਮੰਡੀ ਵਿੱਚ ਵੀ ਹਾਲ ਦੇਖਿਆ ?"

ਗੋਖੇ ਦੀ ਚਿੰਤਾ ਦੇਖ ਕੇ ਉਸ ਨੂੰ ਹੌਲ ਜਿਹਾ ਪੈ ਗਿਆ।ਹੁਣ ਸੂਰਜ ਦੀਆਂ ਕੋਸੀਆਂ-ਕੋਸੀਆਂ ਕਿਰਨਾਂ ਜੋ ਉਸਨੂੰ ਅਰਾਮ ਦੇ ਰਹੀਆਂ ਸਨ,ਤੇਜ਼ ਚੁਭਣ ਵਾਂਗ ਲੱਗੀਆਂ ਤੇ ਉੱਭੜਵਾਹੇ ਹੀ ਬੋਲ ਉੱਠਿਆ,"ਕਿਉਂ...ਕੀ ਹੋਇਆ ਮੰਡੀ ਵਿੱਚ ?"

ਗੋਖੇ ਦੇ ਕਹਿਣ ਤੇ ਸਾਰੇ ਹੀ ਗੱਡੀ ਵਿੱਚ ਬੈਠ ਕੇ ਮੰਡੀ ਵੱਲ ਨੂੰ ਰਵਾਨਾ ਹੋ ਗਏ।ਸਾਰੇ ਰਾਹ ਸਾਰਿਆਂ ਨੂੰ ਇੱਕ ਅੱਚਵੀ ਜਿਹੀ ਲੱਗੀ ਰਹੀ।ਉਹ ਜਲਦੀ ਹੀ ਮੰਡੀ ਵਿੱਚ ਪਹੁੰਚ ਗਏ। ਸ਼ਿਵਚਰਨ ਤੇ ਗਗਨ ਸਭ ਤੋਂ ਪਹਿਲਾਂ ਝੁੱਗੀਆਂ ਵੱਲ ਨੂੰ ਚੱਲ ਪਏ।

ਸਾਹਮਣੇ ਵਕੀਲੇ ਨਾਲ਼ ਖੜ੍ਹੇ ਦਾਦਾ-ਦਾਦੀ ਨੂੰ ਦੇਖ ਕੇ ਸ਼ਿਵਚਰਨ ਦੀਆਂ ਅੱਖਾਂ ਵਿੱਚ ਚਮਕ ਆ ਗਈ।ਉਹ ਸ਼ਬਦ ਦੇ ਦੁਆਰ 'ਤੇ,ਦਾਦਾ-ਦਾਦੀ ਰੂਪੀ ਰਿਸ਼ਤਿਆਂ ਦੇ ਧਰਾਤਲ 'ਤੇ,ਵਕੀਲੇ ਰੂਪੀ ਰੱਬ ਦੀ ਹੋਂਦ ਅਤੇ ਦੋਸਤਾਂ ਦੇ ਸਾਥ ਸਦਕਾ ਹੁਣ ਸਵੈ ਨੂੰ ਸੰਪੂਰਨ ਮਹਿਸੂਸ ਕਰ ਰਿਹਾ ਸੀ।ਉਹ ਕੋਸੀਆਂ-ਕੋਸੀਆਂ ਕਿਰਨਾਂ ਵਿੱਚੋਂ ਵੀ ਹੁਣ ਰਿਸ਼ਤਿਆਂ ਦਾ ਨਿੱਘ ਮਾਣ ਰਿਹਾ ਸੀ।

ਉਸਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਸੀ ਕਿ ਇਹ ਚਮਤਕਾਰ ਕਿਸ ਤਰ੍ਹਾਂ ਹੋ ਗਿਆ।ਉਹ ਜਦੋਂ ਦਾਦਾ-ਦਾਦੀ ਦੇ ਗਲ਼ ਲੱਗ ਕੇ ਮਿਲਿਆ ਤਾਂ ਕੋਲ਼ ਖੜ੍ਹੇ ਗਿਰਧਾਰੀ ਲਾਲ ਦੀਆਂ ਅੱਖਾਂ ਦੇ ਅੱਥਰੂ ਵਹਿ ਤੁਰੇ।ਉਹ ਹੁਣ ਸੋਚ ਰਿਹਾ ਸੀ ਕਿ ਮਨੁੱਖ ਗ਼ਰਜ਼ਾਂ ਦਾ ਮਾਰਾ ਕਿੰਨੇ ਕੋਮਲ ਰਿਸ਼ਤਿਆਂ ਦੀ ਬਲੀ ਦੇ ਦਿੰਦਾ ਹੈ।ਜਦੋਂ ਸ਼ਿਵਚਰਨ ਉਸਦੇ ਕੋਲ਼ ਆਉਂਦਾ ਤਾਂ ਉਹ ਧਾਹ ਗਲ਼ਵੱਕੜੀ ਪਾ ਲੈਂਦਾ ਤੇ ਆਖਦਾ,"ਪੁੱਤਰਾ! ਮੈਨੂੰ ਮਾਫ਼ ਕਰੀਂ।"

ਉਸੇ ਵਕਤ ਵਕੀਲੇ ਨੇ ਉਨ੍ਹਾਂ ਦੋਹਾਂ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਲਿਆ।ਵਕੀਲਾ ਹੁਣ ਸ਼ਿਵਚਰਨ ਦੇ ਧਰਾਤਲ ਨਾਲ਼ ਜੁੜ ਕੇ ਖ਼ੁਦ ਨੂੰ ਵੀ ਖ਼ੁਸ਼ਕਿਸਮਤ ਸਮਝ ਰਿਹਾ ਸੀ ਕਿਉਂਕਿ ਉਸਨੇ ਗੁਲਜ਼ਾਰੀ ਬਣੇ ਸ਼ਿਵਚਰਨ 'ਚੋਂ ਕਦੇ ਅਤੀਤ ਨੂੰ ਮਨਫ਼ੀ ਨਹੀਂ ਸੀ ਹੋਣ ਦਿੱਤਾ।ਉਹ ਅੱਖਾਂ ਮੀਚੀ ਖੜ੍ਹਾ ਵਕੀਲਾਂ ਦੇ ਸਾਰਥਕ ਹੁੰਦੇ ਖ਼ਾਬ ਨੂੰ ਮਾਣ ਰਿਹਾ ਸੀ।

ਸ਼ਿਵਚਰਨ...ਗੋਖੇ ਤੇ ਸਿਕੰਦਰ ਤੋਂ ਵਾਰੇ-ਵਾਰੇ ਜਾ ਰਿਹਾ ਸੀ ।ਉਸਨੂੰ ਸਾਰਿਆਂ ਦੇ ਮਗਰ ਖੜ੍ਹੇ ਪ੍ਰਿੰਸ ਨੂੰ ਦੇਖ ਕੇ ਦੋਸਤੀ 'ਤੇ ਮਣਾ ਮੂੰਹੀਂ ਨਾਜ਼ ਹੋਇਆ ਤੇ ਉਹ ਸੋਚਣ ਲੱਗਿਆ "ਪਵਿੱਤਰ ਰਿਸ਼ਤੇ ਜ਼ਰੂਰੀ ਨਹੀਂ ਖ਼ੂਨ ਵਿੱਚੋਂ ਹੀ ਉਪਜਣ ਇਹ ਦੋਸਤੀ ਦੀ ਧਾਰ ਵਿੱਚੋਂ ਵੀ ਵਗਣ ਲੱਗਦੇ ਨੇ,ਬਸ਼ਰਤੇ......ਇਨ੍ਹਾਂ ਨੂੰ ਰੂਹ ਵਾਲ਼ੇ ਭਾਂਡੇ ਵਿੱਚ ਸਾਂਭਿਆ ਜਾਵੇ।"

ਪ੍ਰਿੰਸ ਅਜਿਹੀ ਦੋਸਤੀ ਦੀ ਮੂੰਹ ਬੋਲਦੀ ਤਸਵੀਰ ਸੀ ਜਿਸਨੇ ਮਿੱਟੀ ਨੂੰ ਉਸਦੀ ਖ਼ੁਸ਼ਬੂ ਦੇ ਅੰਗ ਸੰਗ ਕਰ ਦਿੱਤਾ ਸੀ। ਕਾਰਾ ਝੁੱਗੀਆਂ ਵਾਲ਼ੇ ਬੱਚਿਆਂ ਸਮੇਤ ਭੰਗੜਾ ਪਾ ਰਿਹਾ ਸੀ ਕਿਉਂਕਿ ਉਸਨੂੰ ਹੁਣ ਨਸ਼ੇ ਦੀ ਬਜਾਇ ਰਿਸ਼ਤਿਆਂ ਦਾ ਆਨੰਦ ਆਉਣ ਲੱਗ ਗਿਆ ਸੀ।ਬੱਚੇ ਤੇ ਉਨ੍ਹਾਂ ਦੇ ਮਾਪੇ ਵੀ ਹੁਣ ਸੁਨਹਿਰੀ ਭਵਿੱਖ ਦੀ ਕਾਮਨਾ ਕਰਦੇ ਖ਼ੁਸ਼ ਹੋ ਰਹੇ ਸਨ।

ਇਸ ਮਿਲਣੀ ਵਿੱਚ ਸ਼ਿਵਚਰਨ ਏਨਾ ਮਸਤ ਹੋ ਗਿਆ ਸੀ ਕਿ ਉਸਨੂੰ ਗਗਨ ਦਾ ਖ਼ਿਆਲ ਮਨ ਚੋਂ ਹੀ ਵਿੱਸਰ ਗਿਆ ਸੀ।ਸਾਇਦ ਗਗਨ ਨੇ ਵੀ ਖ਼ੁਦ ਨੂੰ ਇਸ ਮਿਲਾਪ 'ਚ ਓਪਰੀ ਜਿਹੀ ਮਹਿਸੂਸ ਕੀਤਾ ਹੋਵੇ।ਇਸੇ ਲਈ ਉਹ ਤੁਰ ਗਈ ਸੀ।ਪਰ ਜਦੋਂ ਸ਼ਿਵਚਰਨ ਨੂੰ ਗਗਨ ਨਾ ਦਿਸੀ ਤਾਂ ਉਹ ਆਪਣੇ ਆਪ ਨੂੰ ਫਿਰ ਅਧੂਰਾ ਜਿਹਾ ਮਹਿਸੂਸ ਕਰਨ ਲੱਗਿਆ।ਬਾਕੀਆਂ ਨੂੰ ਵੀ ਗਗਨ ਦੀ ਗ਼ੈਰਹਾਜ਼ਰੀ ਨੇ ਅਚੰਭਿਤ ਕਰ ਦਿੱਤਾ ਸੀ ਤੇ ਸਾਰਿਆਂ ਨੂੰ ਹੁਣ ਕੋਈ ਕੀਮਤੀ ਸ਼ੈਅ ਗਵਾਚੀ-ਗਵਾਚੀ ਮਹਿਸੂਸ ਹੋ ਰਹੀ ਸੀ।ਜਦੋਂ ਸ਼ਿਵਚਰਨ ਨੇ ਦੇਖਿਆ ਤਾਂ ਉਹ ਝੁੱਗੀਆਂ ਤੋਂ ਦੂਰ ਜਾ ਰਹੀ ਸੀ।ਉਹ ਸਾਰਿਆਂ ਨੂੰ ਛੱਡ ਕੇ ਉਸ ਵੱਲ ਦੌੜ ਪਿਆ ਅਤੇ ਜਾਂਦੇ ਨੇ ਹੀ ਉਸਨੇ ਆਪਣੇ ਸ਼ੱਜੇ ਹੱਥ ਨਾਲ਼ ਉਸਦੇ ਖੱਬੇ ਹੱਥ ਦੀਆਂ ਉਂਗਲ਼ਾਂ ਵਿੱਚ ਉਂਗਲਾਂ ਪਾ ਕੇ ਉਸਨੂੰ ਮੁਹੱਬਤ ਨਾਲ਼ ਜਕੜ ਲਿਆ।

ਉਹ ਕੋਸੀ-ਕੋਸੀ ਧੁੱਪ ਵਿੱਚ ਮੁਹੱਬਤੀ ਨਿਘਾਸ ਮਹਿਸੂਸ ਕਰਦੇ ਜ਼ਿੰਦਗੀ ਦੇ ਸੁਨਹਿਰੀ ਸਫ਼ਰ ਵੱਲ ਤੁਰੇ ਜਾ ਰਹੇ ਸਨ।

**ਖ਼ਤਮ**

---

# ਲੇਖਕ ਬਾਰੇ

**ਨਾਮ:- ਬਲਵੰਤ ਫ਼ਰਵਾ਼ਲੀ**

**ਜਨਮ ਮਿਤੀ- 5 ਜੂਨ 1977**

**ਪਿਤਾ ਦਾ ਨਾਂ:- ਸ.ਨਾਹਰ ਸਿੰਘ**

**ਮਾਤਾ ਦਾ ਨਾਂ:-ਸ੍ਰੀਮਤੀ ਮਨਜੀਤ ਕੌਰ**

**ਪਤਾ:- ਪਿੰਡ ਫ਼ਰਵਾ਼ਲੀ,ਡਾਕਖ਼ਾਨਾ ਕਲਿਆਣ,ਤਹਿਸੀਲ ਮਾਲੇਰਕੋਟਲਾ,ਜ਼ਿਲ੍ਹਾ ਸੰਗਰੂਰ।**

ਹਾਲ-ਅਬਾਦ:-ਨੇੜੇ ਸਰਕਾਰੀ ਡਿਸਪੈਂਸਰੀ,ਝੁਨੇਰ ਰੋਡ, ਪਿੰਡ ਤੇ ਡਾਕਖ਼ਾਨਾ ਸੰਦੌੜ

ਤਹਿਸੀਲ ਮਾਲੇਰਕੋਟਲਾ,ਜ਼ਿਲ੍ਹਾ ਸੰਗਰੂਰ।

ਯੋਗਤਾ:-ਐੱਮ.ਏ (ਪੰਜਾਬੀ,ਰਾਜਨੀਤੀ ਸ਼ਾਸ਼ਤਰ,ਇਤਿਹਾਸ), ਬੀ.ਐੱਡ।

ਕਿੱਤਾ:-ਪੰਜਾਬੀ ਮਾਸਟਰ,ਪੰਜਾਬ ਸਕੂਲ ਸਿੱਖਿਆ ਵਿਭਾਗ,ਪੰਜਾਬ

ਕਿਤਾਬਾਂ:- ਅਣਗੌਲ਼ੇ-ਰਾਹ(ਕਾਵਿ-ਸੰਗ੍ਰਹਿ 2008),

ਚਹੁ-ਮੁਖੀਏ ਦੀਵੇ (ਕਾਵਿ-ਸੰਗ੍ਰਹਿ 2016)



ਬਲਵੰਤ ਫ਼ਰਵਾਲ਼ੀ